## Reo-Bankowned Properties

From San Jose to Sacramento
JASSI GILL Broker/Owner
510-304-9292
Refinance Now
@ZERO COST
Call Sukhi Gill:510-207-9067
CA DRE Lic.#01180969


Jassi Gill
CA DRE# 00966763

## Hardeep S.Rai
ਇੰਮੇਗਰੇਸ਼ਨ ਵਕੀਲ
Attorney-at-Law
• ਨੌਂਵੀਂ ਸਰਕਟ ਕੋਰਟ • ਬੋਰਡ ਆਫ ਇੰਮੀਗ੍ਰੇਸ਼ਨ ਅਪੀਲਾਂ
• ਇੰਮੀਗ੍ਰੇਸ਼ਨ ਕੋਰਟ ਦੇ ਕੇਸ • ਫੈਮਿਲੀ ਪਟੀਸ਼ਨਾ
• ਲੇਬਰ ਦੇ ਕੇਸ • ਡਿਪੋਰਟੇਸ਼ਨ ਦੇ ਕੇਸ • ਅਮੈਰਿਕਨ ਅੰਬੈਸੀ ਦੇ ਕੇਸ • ਬੈਂਕਰਪਸੀ
SAN FRANCISCO
TEL: 415.693.9131
FAX. 415.693.9135
rai@hsrai.com
www.hsrai.com
SAN JOSE
TEL: 408.280.1111
FAX. 408.280.1212

## Kuldip Singh Dhariwal
Attorney At Law
ਇਮੀਗਰੇਸ਼ਨ ਸੇਵਾਵਾਂ
ਫੈਮਿਲੀ ਲਾਅ
Tel : (510) 744-1280
Fax: (510) 744-4192


ਕੁਲਦੀਪ ਸਿੰਘ ਧਾਰੀਵਾਲ
3100 Mowry Ave. #303, Fremont, CA 94538
E-mail: kuldipdhariwal@yahoo.com



Twelfth Year in Publication
ਕੈਲੇਫੋਰਨੀਆ ਐਡੀਸ਼ਨ Price 50¢
Email:punjabtimes1@sbcglobal.net
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

# ਪੰਜਾਬ ਟਾਈਮਜ਼

Punjab Times, Vol 12, Issue 21, May 21, 2011
20451 N Plum Grove Rd. Palatine, IL 60074
Ph:847-359-0746, Fax:847-705-9388


# ਕੇਰਲ ਅਤੇ ਬੰਗਾਲ 'ਚ ਕਾਮਰੇਡਾਂ ਕੋਲੋਂ ਸੱਤਾ ਖੁੱਸੀ

## *ਮਮਤਾ ਵੱਲੋਂ ਕਾਮਰੇਡਾਂ ਦਾ ਕਿਲਾ ਫ਼ਤਿਹ *ਤਾਮਿਨਾਡੂ 'ਚ 'ਅੰਮਾ' ਨੇ 'ਅੱਪਾ' ਨੂੰ ਦਿੱਤੀ ਮਾਤ *ਆਸਾਮ ਵਿਚ ਕਾਂਗਰਸ ਦੀ ਤੀਜੀ ਜਿੱਤ

**ਨਵੀਂ ਦਿੱਲੀ:** ਤ੍ਰਿਣਮੂਲ ਕਾਂਗਰਸ ਦੀ ਤੇਜ਼-ਤਰਾਰ ਆਗੂ ਮਮਤਾ ਬੈਨਰਜੀ ਨੇ ਪੱਛਮੀ ਬੰਗਾਲ ਵਿਚ ਖੱਬੇ ਮੋਰਚੇ ਦੇ 34 ਸਾਲ ਪੁਰਾਣੇ 'ਲਾਲ ਕਿਲੇ' ਨੂੰ ਢਹਿ-ਢੇਰੀ ਕਰਕੇ ਆਪਣੀ


*ਮਮਤਾ ਬੈਨਰਜੀ*

ਮਿਸਾਲੀ ਜਿੱਤ ਨਾਲ ਸੂਬੇ ਦੇ ਇਤਿਹਾਸ ਵਿਚ ਨਵਾਂ ਅਧਿਆਇ ਜੋੜ ਦਿੱਤਾ ਹੈ। ਸੂਬੇ ਦੀ ਸਿਆਸਤ ਵਿਚ 'ਦੀਦੀ' ਵਜੋਂ ਮਸ਼ਹੂਰ ਮਮਤਾ ਨੇ ਇਸ ਜਿੱਤ ਨੂੰ ਦੂਜੀ ਆਜ਼ਾਦੀ ਦਾ ਨਾਂ ਦਿੱਤਾ ਹੈ। ਐਤਕੀਂ ਉਸ ਦੀ ਹਨੇਰੀ ਇੰਨੀ ਮੂੰਹ-ਜ਼ੋਰ ਸੀ ਕਿ ਖੱਬੇਪੱਖੀਆਂ ਦੇ 34 ਵਿਚੋਂ 26 ਮੰਤਰੀ ਹਾਰ ਗਏ। ਹੋਰ ਤਾਂ ਹੋਰ, ਮੁੱਖ ਮੰਤਰੀ ਬੁਧਦੇਵ ਭੱਟਾਚਾਰੀਆ ਵੀ ਆਪਣੇ ਜਾਦਵਪੁਰ ਹਲਕੇ ਤੋਂ 16000 ਤੋਂ ਵੀ ਵੱਧ ਵੋਟਾਂ ਦੇ ਫਰਕ ਨਾਲ ਹਾਰ ਗਏ। ਪਿਛਲੀ ਵਾਰ 235 ਸੀਟਾਂ ਉਤੇ ਜਿੱਤ ਹਾਸਲ ਕਰਨ ਵਾਲੇ ਖੱਬੇ ਮੋਰਚੇ ਨੂੰ ਸਿਰਫ 63 ਸੀਟਾਂ ਨਾਲ ਸਬਰ ਕਰਨਾ ਪਿਆ।

ਦੇਸ਼ ਦੇ ਚਾਰ ਸੂਬਿਆਂ (ਪੱਛਮੀ ਬੰਗਾਲ, ਕੇਰਲ, ਤਾਮਿਲਨਾਡੂ ਤੇ ਆਸਾਮ) ਅਤੇ ਇਕ ਕੇਂਦਰ ਸ਼ਾਸਤ ਪ੍ਰਦੇਸ਼ (ਪੁੱਡੂਚੇਰੀ) ਵਿਚ ਇਕੋ ਵੇਲੇ ਚੋਣਾਂ ਹੋਈਆਂ ਪਰ ਐਤਕੀਂ ਸਭ ਦਾ ਧਿਆਨ ਪੱਛਮੀ ਬੰਗਾਲ ਵੱਲ ਹੀ ਸੀ ਕਿਉਂਕਿ ਉਥੇ ਪਿਛਲੇ 34 ਸਾਲ ਤੋਂ ਸੱਤਾ ਉਤੇ ਕਾਬਜ਼ ਖੱਬਾ ਮੋਰਚਾ ਲਗਾਤਾਰ ਨਿਘਾਰ ਵੱਲ ਜਾ ਰਿਹਾ ਸੀ ਅਤੇ ਪਹਿਲਾਂ ਹੀ ਰਿਪੋਰਟਾਂ ਮਿਲ ਰਹੀਆਂ ਸਨ ਕਿ ਉਥੇ ਸੱਤਾ ਤਬਦੀਲੀ ਹੁਣ ਲਾਜ਼ਮੀ ਹੋ ਜਾਣੀ ਹੈ।

ਕੇਰਲਾ 'ਚ ਵੀ ਕਾਮਰੇਡਾਂ ਨੂੰ ਪਛਾੜ ਪੈ ਗਈ ਹੈ। ਸੂਬੇ ਵਿਚ ਕਾਂਗਰਸ ਬੜੇ ਥੋੜ੍ਹੇ ਫਰਕ ਨਾਲ ਸੀ.ਪੀ.ਐਮ. ਦੀ ਅਗਵਾਈ ਹੇਠਲੇ ਐਲ.ਡੀ.ਐਫ. ਕੋਲੋਂ ਸੱਤਾ ਖੋਹ ਕੇ ਲੈ ਗਈ ਹੈ। ਕੁੱਲ 140 ਸੀਟਾਂ ਵਿਚੋਂ ਐਲ.ਡੀ.ਐਫ. ਨੂੰ 68 ਅਤੇ ਕਾਂਗਰਸ ਦੀ ਅਗਵਾਈ ਹੇਠਲੇ ਯੂ.ਡੀ.ਐਫ. ਨੂੰ 72 ਸੀਟਾਂ ਮਿਲੀਆਂ ਹਨ। ਤਾਮਿਲਨਾਡੂ ਵਿਚ ਅੰਨਾ ਡੀ.ਐਮ. ਕੇ. ਦੀ ਆਗੂ ਜੇ. ਜੈ ਲਲਿਤਾ ਜੋ


*ਜੈਲਲਿਤਾ*

ਅੰਮਾ ਵਜੋਂ ਮਸ਼ਹੂਰ ਹਨ, ਨੇ 2ਜੀ ਸਪੈਕਟ੍ਰਮ ਘੁਟਾਲੇ ਵਿਚ ਬੁਰੀ ਤਰ੍ਹਾਂ ਫਸੀ ਡੀ.ਐਮ. ਕੇ. ਦੇ ਆਗੂ ਐਮ. ਕਰੁਣਾਨਿਧੀ (ਅੱਪਾ) ਨੂੰ ਸੱਤਾ ਤੋਂ ਬਾਹਰ ਕਰ ਦਿੱਤਾ। ਕੁੱਲ 234 ਸੀਟਾਂ 'ਚੋਂ ਜੈ ਲਲਿਤਾ ਦੇ ਅੰਨਾ ਡੀ.ਐਮ. ਕੇ. ਗੱਠਜੋੜ ਨੂੰ 204 ਅਤੇ ਡੀ.ਐਮ.ਕੇ. ਗੱਠਜੋੜ ਨੂੰ 30 ਸੀਟਾਂ ਮਿਲੀਆਂ।

ਅਸਾਮ 'ਚ ਕਾਂਗਰਸ ਤੀਜੀ ਵਾਰ ਵੀ ਜਿੱਤ ਗਈ ਹੈ। ਉਥੇ ਸ੍ਰੀ ਤਰੁਣ ਗੋਗੋਈ ਜਿਸ ਨੇ 'ਉਲਫਾ' ਨਾਲ ਗੱਲਬਾਤ ਦਾ ਰਾਹ ਖੋਲ੍ਹਿਆ ਸੀ, ਦੀ ਅਗਵਾਈ ਵਿਚ ਕਾਂਗਰਸ ਨੂੰ ਕੁੱਲ 126 ਸੀਟਾਂ ਵਿਚੋਂ 76 ਸੀਟਾਂ ਮਿਲੀਆਂ। ਪੁੱਡੂਚੇਰੀ 'ਚ ਕਾਂਗਰਸ ਨੂੰ ਬਗਾਵਤ ਲੈ ਬੈਠੀ। ਸੂਬੇ ਦੀਆਂ ਕੁੱਲ 30 ਸੀਟਾਂ ਵਿਚੋਂ ਐਨ.ਆਰ.ਸੀ. ਗਠਜੋੜ ਨੂੰ 20, ਕਾਂਗਰਸ ਗਠਜੋੜ ਨੂੰ 9 ਅਤੇ ਹੋਰ ਨੂੰ ਇਕ ਸੀਟ ਮਿਲੀ ਹੈ।

ਸਿਆਸੀ ਮਾਹਿਰਾਂ ਦੀ ਰਾਇ ਮੁਤਾਬਕ ਜਿਨ੍ਹਾਂ ਭੂਮੀ ਸੁਧਾਰਾਂ ਕਰਕੇ ਪੱਛਮੀ ਬੰਗਾਲ ਵਿਚ ਖੱਬੇਪੱਖੀਆਂ ਦੇ ਪੈਰ ਲੱਗੇ ਸਨ ਅਤੇ ਦੇਸ਼ ਵਿਚ ਹੀ ਨਹੀਂ, ਸੰਸਾਰ ਭਰ ਵਿਚ ਇਸ ਬਾਰੇ ਚਰਚਾ ਹੋਈ ਸੀ, ਉਨ੍ਹਾਂ ਤੋਂ ਪਿਛਾਂਹ ਹਟਣ ਕਰਕੇ ਹੀ ਇਸ ਨੂੰ ਇੰਨੀ ਵੱਡੀ ਹਾਰ ਦਾ ਮੂੰਹ ਦੇਖਣਾ ਪਿਆ। ਕੁਝ ਸਿਆਸੀ ਚਿੰਤਕ ਤਾਂ ਇਸ ਹਾਰ ਨੂੰ ਖੱਬੇ ਪੱਖ ਦੀ ਅੰਤਿਮ ਸ਼ਰਧਾਂਜਲੀ ਵਜੋਂ ਵੀ ਲੈ ਰਹੇ ਹਨ, ਹਾਲਾਂਕਿ ਖੱਬੇ ਮੋਰਚੇ ਦੀ ਮੁੱਖ ਭਾਈਵਾਲ ਸੀ.ਪੀ.ਐਮ. ਦੇ ਜਨਰਲ ਸਕੱਤਰ ਪ੍ਰਕਾਸ਼ ਕਰਤ ਨੇ ਕਿਹਾ ਹੈ ਕਿ ਹਾਰ ਦਾ ਮਤਲਬ ਖੱਬੇਪੱਖ ਦਾ

*(ਬਾਕੀ ਸਫਾ 6 'ਤੇ)*

# ਭ੍ਰਿਸ਼ਟਾਚਾਰ ਦੇ ਜਿੰਨ ਨੇ ਪੰਜਾਬ ਭਾਜਪਾ ਦੀਆਂ ਚੂਲਾਂ ਹਿਲਾਈਆਂ

## ਛਾਂਟੇ ਗਏ ਮੰਤਰੀ ਬਗਾਵਤ ਦੇ ਰੌਂਅ 'ਚ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਭ੍ਰਿਸ਼ਟਾਚਾਰ ਦਾ ਵਾਵਰੋਲਾ ਉਠਣ ਤੋਂ ਬਾਅਦ ਪੰਜਾਬ ਭਾਜਪਾ ਦੇ ਅੰਦਰ ਟਕਰਾਅ ਸ਼ੁਰੂ ਹੋ ਗਿਆ ਹੈ। ਭਾਜਪਾ ਵੱਲੋਂ ਭ੍ਰਿਸ਼ਟਾਚਾਰ ਦੇ ਦਾਗ ਧੋਣ ਲਈ ਆਪਣੇ ਮੰਤਰੀਆਂ 'ਚ ਕੀਤੇ ਫੇਰ ਬਦਲ ਪਿਛੋਂ ਕਈ ਆਗੂਆਂ ਨੇ ਆਪਣੀ ਨਰਾਜ਼ਗੀ ਸਪਸ਼ਟ ਰੂਪ 'ਚ ਜ਼ਾਹਿਰ ਕਰਨੀ ਸ਼ੁਰੂ ਕਰ ਦਿੱਤੀ ਹੈ।

ਪੰਜਾਬ ਭਾਜਪਾ ਲਈ ਇਹ ਸਿਆਸੀ ਸੰਕਟ ਸਾਬਕਾ ਪਾਰਲੀਮਾਨੀ ਸਕੱਤਰ ਰਾਜ ਕੁਮਾਰ ਖੁਰਾਣਾ ਦੇ ਸੀ.ਬੀ. ਆਈ. ਦੇ ਜਾਲ ਵਿਚ ਫਸਣ ਪਿੱਛੋਂ ਸ਼ੁਰੂ ਹੋਇਆ ਸੀ। ਸੀ.ਬੀ.ਆਈ. ਨੇ ਰਾਜ ਖੁਰਾਣਾ ਨੂੰ ਇਕ ਸਹਿਕਾਰੀ ਸੁਸਾਇਟੀ ਤੋਂ 1.35 ਕਰੋੜ ਰੁਪਏ ਰਿਸ਼ਵਤ ਲੈਣ ਦੇ ਦੋਸ਼ 'ਚ ਗ੍ਰਿਫ਼ਤਾਰ ਕੀਤਾ ਹੋਇਆ ਹੈ। ਉਸ ਵਿਰੁਧ ਦਰਜ

*(ਬਾਕੀ ਸਫਾ 17 'ਤੇ)*

## ਮਨਪ੍ਰੀਤ ਦੀ ਸ਼ਿਕਾਗੋ ਫੇਰੀ 12 ਅਗਸਤ ਨੂੰ

**ਸ਼ਿਕਾਗੋ (ਸੁਰਿੰਦਰ ਸਿੰਘ ਭਾਟੀਆ):** ਨਵੀਂ ਬਣੀ ਪਰ ਪਿਛਲੇ ਕੁਝ ਹੀ ਸਮੇਂ ਵਿਚ ਪੰਜਾਬ ਵਿਚ ਆਪਣੀ ਵੱਖਰੀ ਪਹਿਚਾਣ ਬਣਾ ਚੁਕੀ ਪੀਪਲਜ਼ ਪਾਰਟੀ ਆਫ ਪੰਜਾਬ ਦੇ ਕਾਰਜਕਾਰੀ ਪ੍ਰਧਾਨ ਸ. ਮਨਪ੍ਰੀਤ ਸਿੰਘ ਬਾਦਲ 12 ਅਗਸਤ ਨੂੰ ਸ਼ਿਕਾਗੋ ਆਉਣਗੇ। ਇਹ ਐਲਾਨ ਪਾਰਟੀ ਦੇ ਇਕ ਸਿਰਕੱਢ ਆਗੂ ਭਗਵੰਤ ਮਾਨ ਨੇ ਇਥੇ


*ਭਗਵੰਤ ਮਾਨ*

ਮਿਡਵੈਸਟ ਵਿਚ ਪਾਰਟੀ ਦੀ ਪਹਿਲੀ ਮੀਟਿੰਗ ਨੂੰ ਸੰਬੋਧਨ ਕਰਦਿਆਂ ਕੀਤਾ।

ਇਥੇ ਇੰਡੀਆ ਹਾਊਸ ਸ਼ਾਮਬਰਗ ਵਿਚ ਮਿਡਵੈਸਟ ਦੇ ਵੱਖ ਵੱਖ ਸ਼ਹਿਰਾਂ ਤੋਂ ਆਏ ਪੰਜਾਬੀਆਂ ਦੇ ਇਕ ਭਰਵੇਂ ਇਕੱਠ ਨੂੰ ਸੰਬੋਧਨ ਕਰਦਿਆਂ ਕਾਮੇਡੀਅਨ ਤੋਂ ਸਿਆਸਤਦਾਨ ਬਣੇ ਸ੍ਰੀ ਭਗਵੰਤ ਮਾਨ ਨੇ ਕਿਹਾ ਕਿ ਇਸ ਸਮੇਂ ਪੰਜਾਬ ਦਾ ਹਰ ਪੱਖੋਂ ਬੁਰਾ ਹਾਲ ਹੈ,

*(ਬਾਕੀ ਸਫਾ 7 'ਤੇ)*


## REAL ESTATE & HOME LOANS


ਮਨਟੀਕਾ, ਟਰੇਸੀ, ਲੈਥਰੋਪ, ਸਟਾਕਟਨ, ਲੋਡਾਈ, ਪੈਟਰਸਨ, ਲਵਿੰਗਸਟਨ, ਮਰਸਡ, ਮਡੇਰਾ, ਮੋਡੈਸਟੋ, ਟਰਲੱਕ ਆਦਿ ਸ਼ਹਿਰਾਂ 'ਚ ਬੈਂਕ ਨੂੰ ਮੁੜੇ ਘਰ ਖਰੀਦਣ ਲਈ ਕਾਲ ਕਰੋ।
- Low Interest Rate
- 3.5% Down Payment
- Free Credit Report
- Free Pre-Approval

ਸਾਡੀ ਆਪਣੀ ਮਾਰਗੇਜ ਕੰਪਨੀ ਹੈ।

ਜੇਕਰ ਤੁਸੀਂ ਆਪਣੇ ਘਰ ਦੀ ਕਿਸ਼ਤ ਨਹੀਂ ਦੇ ਪਾ ਰਹੇ ਤਾਂ ਵੀ ਫੋਰਕਲੋਜ਼ਰ ਤੋਂ ਬਚੋ। ਸਿਰਫ ਤੇ ਸਿਰਫ Shortsale Certified ਅਤੇ ਤਜਰਬੇਕਾਰ Realtor ਨਾਲ ਹੀ ਘਰ List ਕਰੋ, ਕਿਤੇ ਅਣਜਾਣ ਤੁਹਾਡਾ ਕੰਮ ਨਾ ਖਰਾਬ ਕਰ ਦੇਵੇ।
Successful Shortsale ਲਈ ਅੱਜ ਹੀ ਕਾਲ ਕਰੋ!
AMAN HUNDAL
Broker / Associate
MBA • SFR • CDPE
Century 21
M&M and Associates
209.918.6464
ahundal@c21mm.com
605 Standiford Ave, Ste D • Modesto, CA 95350

Fresh Sweets, Snacks & Food
Catering with portable Tandoor
for up to 10000 guests
Lunch - Dinner - Take Out - Banquets
Toll Free 1-866-FOR-RAJA
www.rajasweets.com
msbains@rajasweets.com
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ
Raja SWEETS & CATERING
follow us on:
AUTHORIZED CATERER FOR MAJOR 5-STAR HOTELS
Raja Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111
Raja Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345
ਹਰ ਮੌਕੇ ਜਿਵੇਂ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।


Call Makhan Bains or Ravinder Singh for your next Party 1-866-FOR RAJA www.RajaSweets.com

Law Offices Of
Manpreet S. Gahra
ਇਮੀਗਰੇਸ਼ਨ ਸੇਵਾਵਾਂ
ਫੈਮਿਲੀ ਲਾਅ
ਬਿਜ਼ਨਸ ਲਾਅ


Manpreet S.Gahra
Attorney At Law
Berkeley Office
2161 Shattuck Ave. #304, Berkeley
Ph. 510-841-4582, Fax: 510-217-6847
Sacramento Office
Call For Appointments
Ph. 916-924-1617
Email:manpreet@gahralaw.com

# RG CONSULTING GROUP INC.

## A Professional Services Provider

**Trucking Paper Work**



**USDOT, ICC MC, IFTA, IRP, MCP**
**EPN, NM, KY, OR, NY** Permits,
UCR, CA #, 48 States
Plates, Bit, Dispatch Brokerage
Corporations, LLC'S,
Business Licenses & Permits
Fuel Tax For 48 States

*For More Information Call: Paul Ghuman*

**Ph:916-335-3800 or 916-242-9070**

New Location:2142 W. Yosemite Ave. Manteca, CA 95337 - 6494 Florin Perkins Rd. Sacramento, CA 95828

# Imperial Truck & Trailer Repair

**2142 W. Yosemite Ave., Manteca, CA 95337**

**All Kinds of Welding Work & General Repair.**



We also install cement blower and PTO

Now Truck Parts Available

Oil Change **$189.99** Only

Brake **$89.00** With Labor
Wheel Seal **$89.00** With Labor

ਹਰ ਕਿਸਮ ਦਾ
ਵੈਲਡਿੰਗ ਵਰਕ
ਅਤੇ ਜਨਰਲ
ਰਿਪੇਅਰ
ਮਾਰਕੀਟ 'ਚ ਸਭ
ਤੋਂ ਵਧੀਆ ਕੰਮ
ਅਤੇ ਘੱਟ ਕੀਮਤ

**Wheel Balancing**

24 Hours Road Service & Towing

**Tire Service**

We carry all major brand tires-new and used at very attractive prices.

*Transmission
*Clutch
*Brakes
*Suspension
*Oil Change
*Rear End
*Wet Kit & PTO Pumps
*Alternators
*Starters
*Cement Blower
*AC Work
*Rediator Flush

**Call-Jasvir Singh, Ph:209-239-8111**
**Cell:916-470-5520, Fax: 209-239-4969**

ਦੇਗ ਤੇਗ ਫਤਿਹ

ੴ ਸਤਿਗੁਰ ਪ੍ਰਸਾਦਿ

ਸੰਗਤੇ ਅਬਾਦ ਰਹੈਂ, ਆਵਤੈ ਪ੍ਰਸ਼ਾਦਿ ਰਹੈਂ, ਬੁੰਗੇ ਝਲਾ ਝਲ ਰਹੈਂ ਪੂਰੇ ਉਤਸ਼ਾਹ ਕੇ॥
ਲਾਗਤੇ ਦੀਵਾਨ ਰਹੈਂ, ਗਾਵਤੇ ਸੁਜਾਨ ਰਹੈਂ, ਝੂਲਤੇ ਨਿਸ਼ਾਨ ਰਹੈਂ ਸਾਚੇ ਪਾਤਸ਼ਾਹ ਕੇ॥

ਪੰਥ ਕੀ ਜੀਤ

# ਗੁਰਦੁਆਰਾ ਸਾਹਿਬ ਸੈਨ ਹੋਜ਼ੇ (ਕੈਲੀਫੋਰਨੀਆ)

## ਜਿਨ੍ਹਾਂ ਲੋਕਾਂ ਨੂੰ ਗੁਰਦੁਆਰਾ ਸਾਹਿਬ ਵਲੋਂ ਸਿਰੋਪਾਓ ਜਾਂ ਅਹੁਦਾ ਨਹੀਂ ਮਿਲਦਾ ਉਹ ਆਪਣੇ ਆਪ ਨੂੰ ਗੁਰਦੁਆਰਾ ਸੁਧਾਰਕ ਸਮਝਣ ਲੱਗ ਜਾਂਦੇ ਹਨ! ਗੁਰਦੁਆਰਾ ਸਾਹਿਬ ਦਾ ਸੁਧਾਰ ਕਰਨ ਦੀ ਬਜਾਏ ਪਹਿਲਾਂ ਆਪਣਾ ਸੁਧਾਰ ਕਰਨ!




*ਖਾਲਸਾ ਸਕੂਲ ਲਈ 51,000 ਡਾਲਰ ਦੇਣ ਵਾਲੇ ਸ. ਮਹਿੰਗਾ ਸਿੰਘ ਸੈਣੀ ਅਤੇ ਪੰਥਕ ਸੇਵਾ ਲਈ ਸ. ਇੰਦਰਜੀਤ ਸਿੰਘ ਬਿੰਦ ਦਾ ਗੁਰੂ ਘਰ ਵਲੋਂ ਵਿਸ਼ੇਸ਼ ਸਨਮਾਨ ਕੀਤਾ ਗਿਆ*

**ਸੈਨ ਹੋਜ਼ੇ:** ਪਿਛਲੇ ਕੁਝ ਦਿਨਾਂ ਤੋਂ ਕੁਝ ਮੁੱਠੀ ਭਰ ਲੋਕ, ਜਿਨ੍ਹਾਂ ਦੀ ਸਿੱਖ ਸੰਗਤ ਵਿਚ ਕੋਈ ਬਹੁਤੀ ਹੋਂਦ ਜਾਂ ਪਛਾਣ ਨਹੀਂ ਹੈ, ਪੰਜਾਬੀ ਅਖਬਾਰਾਂ ਵਿਚ ਅਖੌਤੀ ਗੁਰਦੁਆਰਾ ਸੁਧਾਰ ਕਮੇਟੀ ਦੇ ਨਾਂ ਹੇਠ ਗੁਰਦੁਆਰਾ ਸੈਨ ਹੋਜ਼ੇ ਦੇ ਪ੍ਰਬੰਧਕਾਂ ਖਿਲਾਫ ਬਿਆਨਬਾਜ਼ੀ ਕਰੀ ਜਾ ਰਹੇ ਹਨ, ਭਾਵੇਂ ਅਖਬਾਰਾਂ ਵਿਚ ਸਸਤੀ ਸ਼ੋਹਰਤ ਖੱਟਣ ਦੇ ਚਾਹਵਾਨ ਇਨ੍ਹਾਂ ਲੋਕਾਂ ਨੂੰ ਸੰਗਤ ਚੰਗੀ ਤਰ੍ਹਾਂ ਸਮਝਦੀ ਹੈ ਕਿ ਇਨ੍ਹਾਂ ਦਾ ਕੀ ਮਕਸਦ ਹੈ ਅਤੇ ਇਹ ਕਿਸ ਦੇ ਇਸ਼ਾਰੇ 'ਤੇ ਕਠਪੁਤਲੀਆਂ ਵਾਂਗ ਨੱਚ ਰਹੇ ਹਨ? ਇਨ੍ਹਾਂ ਦਾ ਕਿਰਦਾਰ ਕੀ ਹੈ? ਸਿੱਖ ਪੰਥ ਦੀ ਤ੍ਰਾਸਦੀ ਇਹ ਹੈ ਕਿ ਜਿਸ ਕਿਸੇ ਨੂੰ ਗੁਰਦੁਆਰਾ ਪ੍ਰਬੰਧਕਾਂ ਵਲੋਂ ਸਿਰੋਪਾਓ ਜਾਂ ਅਹੁਦਾ ਨਹੀਂ ਦਿੱਤਾ ਜਾਂਦਾ ਤਾਂ ਉਹ ਗੁਰਦਆਰਾ ਸੁਧਾਰਕ ਬਣ ਕੇ ਬਹਿ ਜਾਂਦਾ ਹੈ ਜਾਂ ਫਿਰ ਦੂਸਰੇ ਧੜੇ ਦੀ ਛੱਤਰੀ 'ਤੇ ਜਾ ਬੈਠਦਾ ਹੈ। ਇਸ ਗੁਰੂ ਘਰ 'ਚ ਸਹਿਜਧਾਰੀ ਸਿੱਖਾਂ ਦੇ ਸਿਰ ਤੋਂ ਗੁਰੂ ਗ੍ਰੰਥ ਸਾਹਿਬ ਦਾ ਸਰੂਪ ਖੋਹ ਲੈਣਾ, ਲੰਗਰ ਵਿਚ ਅੰਗਹੀਣਾਂ ਅਤੇ ਗੈਰ ਸਿੱਖਾਂ ਦੇ ਲੰਗਰ ਛਕਣ 'ਤੇ ਨੁਕਤਾਚੀਨੀ, ਸਿੱਖਾਂ ਦੀ ਸਰਵਉਚ ਸੰਸਥਾ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਦਾ ਵਿਰੋਧ, ਗੁਰਦੁਆਰਾ ਸਾਹਿਬ ਅੰਦਰ ਸ਼ਾਮ ਦੇ ਦੀਵਾਨ "ਰਹਿਰਾਸ ਸਾਹਿਬ ਦੇ ਪਾਠ" ਪ੍ਰਤੀ ਅਸਹਿਮਤੀ ਅਤੇ ਅਲੱਗ ਥਾਂ ਬੈਠ ਕੇ ਆਪਣੀ ਬਣਾਈ ਮਰਿਯਾਦਾ ਅਨੁਸਾਰ ਰਹਿਰਾਸ ਅਤੇ ਹੋਰ ਪਾਠ ਕਰਨੇ, ਦਾੜੀ ਬੰਨੀ ਵਾਲੇ ਗੁਰਸਿੱਖ ਨੂੰ ਰੌਲ ਲਾਉਣ ਤੋਂ ਰੋਕਣਾ ਅਤੇ ਆਏ ਦਿਨ ਗੁਰਦੁਆਰਾ ਸਾਹਿਬ ਵਿਚ ਕੋਈ ਨਾ ਕੋਈ ਪੁਆੜਾ ਖੜ੍ਹਾ ਕਰਨ ਦਾ ਯਤਨ ਕਰਨਾ ਇਨ੍ਹਾਂ ਦਾ ਨਿਤਾਪ੍ਰਤੀ ਕਰਮ ਬਣ ਗਿਆ ਹੈ। ਸਾਨੂੰ ਤਾਂ ਇਨ੍ਹਾਂ ਦੀ ਇਸ ਤਰ੍ਹਾਂ ਦੀ ਡਾਵਾਂਡੋਲ ਸਥਿਤੀ 'ਤੇ ਕਈ ਵਾਰ ਤਰਸ ਆ ਜਾਂਦਾ ਹੈ ਕਿ ਸੰਗਤ ਇਨ੍ਹਾਂ ਨੂੰ ਉਕਾ ਹੀ ਹੁੰਗਾਰਾ ਨਹੀਂ ਦਿੰਦੀ ਅਤੇ ਇਨ੍ਹਾਂ ਤੋਂ ਪਾਸਾ ਵੱਟ ਕੇ ਪਰ੍ਹਾਂ ਲੰਘ ਜਾਂਦੀ ਹੈ। ਫਿਰ ਵੀ ਇਹ ਢਾਈ ਟੋਟਰੂ ਆਪਣੇ ਆਪ ਨੂੰ ਸੰਗਤ ਦਾ ਦਰਜਾ ਦੇਈ ਬੈਠੇ ਹਨ? ਭਾਵੇਂ ਗੁਰਦੁਆਰਾ ਪ੍ਰਬੰਧਕ ਕਮੇਟੀ ਵੀ ਇਨ੍ਹਾਂ ਨੂੰ ਕੋਈ ਅਹਿਮੀਅਤ ਨਹੀਂ ਦਿੰਦੀ, ਫਿਰ ਵੀ ਇਨ੍ਹਾਂ ਦੇ ਕੂੜ ਪ੍ਰਚਾਰ ਦਾ ਜਵਾਬ ਦੇਣਾ ਅਸੀਂ ਆਪਣਾ ਫਰਜ਼ ਸਮਝਦੇ ਹਾਂ।

17 ਅਪਰੈਲ ਨੂੰ ਹੋਈ ਜਨਰਲ ਬਾਡੀ ਮੀਟਿੰਗ 'ਚ ਦੋ ਤਿਹਾਈ ਤੋਂ ਵੱਧ ਸਿੱਖ ਸੰਗਤ ਨੇ ਜੈਕਾਰਿਆਂ ਦੀ ਗੂੰਜ ਵਿਚ ਸੰਵਿਧਾਨਕ ਸੋਧ ਦੇ ਮਤਿਆਂ ਨੂੰ ਹੱਥ ਖੜ੍ਹੇ ਕਰਕੇ ਪ੍ਰਵਾਨਗੀ ਦਿੱਤੀ ਹੈ ਅਤੇ ਸਾਰੀ ਹਾਜ਼ਰ ਸੰਗਤ ਨੇ ਦਸਤਖਤ ਕੀਤੇ ਹਨ। ਥੋੜ੍ਹੇ ਜਿਹੇ ਲੋਕ ਇਸ ਨੂੰ ਸੰਗਤ ਨਹੀਂ ਮੰਨਦੇ ਅਤੇ ਆਪਣੇ ਆਪ ਦੇ ਸੰਗਤ ਹੋਣ ਦਾ ਭਰਮ ਪਾਲੀ ਬੈਠੇ ਹਨ। ਅਸੀਂ ਗੁਰੂ ਘਰ ਦੀ ਸੰਗਤ ਨੂੰ ਚੇਤੇ ਕਰਾਉਣਾ ਚਾਹੁੰਦੇ ਹਾਂ ਕਿ ਜਦੋਂ ਗੁਰਦੁਆਰਾ ਸਾਹਿਬ ਦੀ ਨਵੀਂ ਇਮਾਰਤ ਬਣ ਰਹੀ ਸੀ ਤਾਂ ਇਨ੍ਹਾਂ ਲੋਕਾਂ ਨੇ ਇਸ ਵਿਚ ਕੋਈ ਖਾਸ ਯੋਗਦਾਨ ਨਹੀਂ ਪਾਇਆ, ਕਦੇ ਵੀ ਇਹ ਪ੍ਰਬੰਧਕਾਂ ਨਾਲ ਉਗਰਾਹੀ (ਢਾਲ) ਇਕੱਠੀ ਕਰਨ ਨਹੀਂ ਗਏ। ਸਗੋਂ ਆਪਣੇ ਵਲੋਂ ਹੀ ਬਣਾਈ ਮਰਿਯਾਦਾ ਦੀ ਆੜ ਹੇਠ ਆਏ ਦਿਨ ਚਲਦੇ ਕੰਮ ਵਿਚ ਕੋਈ ਨਾ ਕੋਈ ਅੜਿੱਚਣ ਪਾਉਣ ਅਤੇ ਸੰਗਤ ਨੂੰ ਡਰਾ ਕੇ ਗੁਰਦੁਆਰਾ ਸਾਹਿਬ ਨਾਲੋਂ ਤੋੜਨ ਦੀ ਕੋਸ਼ਿਸ਼ ਕਰਦੇ ਰਹੇ ਹਨ। ਪ੍ਰਬੰਧਕ ਫਿਰ ਵੀ ਗੁਰੂ ਬਖਸ਼ੀ ਸਿਆਣਪ ਤੋਂ ਕੰਮ ਲੈਂਦਿਆਂ ਇਨ੍ਹਾਂ ਨਾਲ ਨਰਮ ਰਵੱਈਆ ਅਪਨਾਉਂਦੇ ਆਏ ਹਨ।

ਸੰਗਤ ਜਾਣਦੀ ਹੈ ਕਿ ਗੁਰਦੁਆਰਾ ਸਾਹਿਬ ਦੀ ਤਿਆਰ ਹੋਈ ਖੂਬਸੂਰਤ ਇਮਾਰਤ ਨੂੰ ਬਣਾਉਣ ਲਈ ਕਿੰਨੀਆਂ ਔਕੜਾਂ ਦਾ ਸਾਹਮਣਾ ਕਰਨਾ ਪਿਆ ਹੈ। ਕਦੇ ਲੋਨ 'ਚ ਰੁਕਾਵਟ ਪਾਉਣ ਦੇ ਇਰਾਦੇ ਨਾਲ ਬੈਂਕ ਨੂੰ ਚਿੱਠੀ ਪਾਈ ਗਈ, ਕਦੇ ਲੇਬਰ ਨੂੰ ਭਜਾਉਣ ਲਈ ਯੂਨੀਅਨ ਤੱਕ ਪਹੁੰਚ ਕੀਤੀ ਗਈ, ਕਦੇ ਬਾਹਰਲੇ ਸ਼ਹਿਰਾਂ ਤੋਂ ਲੋਕ ਲਿਆ ਕੇ ਪ੍ਰਬੰਧਕਾਂ ਨੂੰ ਧਮਕੀਆਂ ਦਿੱਤੀਆਂ ਗਈਆਂ। ਗੁਰੂ ਘਰ ਦੇ ਇਨ੍ਹਾਂ ਵਿਰੋਧੀਆਂ ਨੇ ਹਰ ਹੀਲਾ ਵਰਤਿਆ ਕਿ ਕਿਵੇਂ ਨਾ ਕਿਵੇਂ ਬਿਲਡਿੰਗ ਨਾ ਬਣੇ ਪਰ ਜਦੋਂ ਹੁਣ ਅਕਾਲ ਪੁਰਖ ਦੀ ਕਿਰਪਾ ਨਾਲ ਗੁਰੂ ਘਰ ਦੀ ਇਹ ਆਲੀਸ਼ਾਨ ਇਮਾਰਤ ਬਣ ਕੇ ਤਿਆਰ ਹੋ ਗਈ ਹੈ ਤਾਂ ਇਹ ਲੋਕ ਗੁਰਦੁਆਰਾ ਪ੍ਰਬੰਧ 'ਤੇ ਕਬਜ਼ਾ ਕਰਨ ਲਈ ਖੁੰਭਾਂ ਵਾਂਗ ਪ੍ਰਗਟ ਹੋ ਰਹੇ ਹਨ ਪਰ ਇਹ ਇਨ੍ਹਾਂ ਦਾ ਭਰਮ ਭੁਲੇਖਾ ਹੈ, ਸੰਗਤ ਦੇ ਸਹਿਯੋਗ ਨਾਲ ਇਨ੍ਹਾਂ ਦੀ ਕਿਸੇ ਵੀ ਚਾਲ ਨੂੰ ਸਫਲ ਨਹੀਂ ਹੋਣ ਦਿੱਤਾ ਜਾਵੇਗਾ। ਅਸੀਂ ਗੁਰੂ ਘਰ ਦੀ ਸੰਗਤ ਅਤੇ ਗੁਰੂ ਨੂੰ ਜਵਾਬਦੇਹ ਹਾਂ। ਗੁਰੂ ਦੀ ਮਿਹਰ ਸਦਕਾ ਸੰਗਤ ਨੇ ਪ੍ਰਬੰਧਕਾਂ ਦੇ ਹਰ ਕੰਮ 'ਤੇ ਮੋਹਰ ਲਾਈ ਹੈ।

### ਕੁਝ ਗੁਰੂ ਘਰ ਦੇ ਸੰਵਿਧਾਨ 'ਚ ਸੋਧਾਂ ਬਾਰੇ

**17 ਅਪਰੈਲ ਨੂੰ ਜਨਰਲ ਬਾਡੀ ਦੀ ਮੀਟਿੰਗ 'ਚ ਸ਼ਾਮਲ ਸੰਗਤ ਨੇ ਸੰਵਿਧਾਨਕ ਸੋਧਾਂ ਨੂੰ ਹੇਠ ਲਿਖੇ ਅਨੁਸਾਰ ਪ੍ਰਵਾਨਗੀ ਦਿੱਤੀ ਹੈ:**

*ਸਾਰੀ ਪ੍ਰਬੰਧਕ ਕਮੇਟੀ ਇੱਕੋ ਵਾਰ ਬਦਲਣ ਦੀ ਬਜਾਏ ਹਰ ਸਾਲ 4, ਅਤੇ ਪੰਜਵੇਂ ਸਾਲ 5 ਮੈਂਬਰ ਸੇਵਾ ਮੁਕਤ ਹੋਇਆ ਕਰਨਗੇ ਅਤੇ ਜਨਰਲ ਬਾਡੀ ਉਸੇ ਹਿਸਾਬ ਨਾਲ ਨਵੇਂ ਮੈਂਬਰ ਸਿਲੈਕਟ/ਇਲੈਕਟ ਕਰਿਆ ਕਰੇਗੀ।

*ਹਰ ਸਾਲ ਪ੍ਰਬੰਧਕ ਕਮੇਟੀ ਸੰਗਤ ਵਿਚੋਂ ਤਿੰਨ ਮੈਂਬਰਾਂ ਦੀ ਇੱਕ ਤਲਾਸ਼/ਨਾਮੀਨੇਸ਼ਨ ਕਮੇਟੀ ਬਣਾਵੇਗੀ। ਇਸ ਤਲਾਸ਼ ਕਮੇਟੀ ਵਿਚ ਤਿੰਨ ਮੈਂਬਰਾਂ ਵਿਚੋਂ ਇੱਕ ਮੈਂਬਰ ਸੇਵਾ ਮੁਕਤ ਹੋ ਰਹੇ ਮੈਂਬਰਾਂ 'ਚੋਂ ਵੀ ਲਿਆ ਜਾ ਸਕਦਾ ਹੈ। ਇਹ ਤਿੰਨ ਮੈਂਬਰੀ ਤਲਾਸ਼ ਕਮੇਟੀ ਸੰਗਤ ਵਿਚੋਂ ਮੈਂਬਰਾਂ ਦੀ ਤਲਾਸ਼ ਕਰੇਗੀ ਜੋ ਗੁਰਦੁਆਰਾ ਸਾਹਿਬ ਦਾ ਪ੍ਰਬੰਧ ਚਲਾਉਣ ਲਈ ਵਧੀਆ ਤਰੀਕੇ ਨਾਲ ਸੇਵਾ ਨਿਭਾ ਸਕਦੇ ਹੋਣ। ਸੰਵਿਧਾਨ ਅਨੁਸਾਰ ਜਨਰਲ ਬਾਡੀ ਮੀਟਿੰਗ ਸੱਦੀ ਜਾਵੇਗੀ ਜਿਸ ਵਿਚ ਤਿੰਨ ਮੈਂਬਰੀ ਤਲਾਸ਼ ਕਮੇਟੀ ਤਲਾਸ਼ ਕੀਤੇ ਗਏ ਮੈਂਬਰਾਂ ਬਾਰੇ ਜਾਣਕਾਰੀ ਦੇਵੇਗੀ ਅਤੇ ਮੀਟਿੰਗ ਵਿਚ ਵੀ ਅਨਾਊਂਸਮੈਂਟ ਕਰੇਗੀ ਕਿ ਜੇ ਹੋਰ ਕੋਈ ਪ੍ਰਬੰਧਕ ਕਮੇਟੀ ਮੈਂਬਰ ਬਣਨਾ ਚਾਹੁੰਦਾ ਹੈ ਤਾਂ ਅੱਗੇ ਆ ਸਕਦਾ ਹੈ। ਜਨਰਲ ਬਾਡੀ ਹੀ ਨਵੇਂ ਪ੍ਰਬੰਧਕ ਕਮੇਟੀ ਮੈਂਬਰਾਂ ਨੂੰ ਨਿਯੁਕਤ ਕਰੇਗੀ।

### ਪ੍ਰਬੰਧਕ ਕਮੇਟੀ ਦੇ 21 ਮੈਂਬਰ ਹੇਠ ਲਿਖੇ ਅਨੁਸਾਰ ਸੇਵਾ ਮੁਕਤ ਹੋਣਗੇ

**ਸਾਲ 2011:** ਕੁਲਵੰਤ ਸਿੰਘ ਸਿੱਧੂ, ਮੁਹਿੰਦਰ ਸਿੰਘ ਤੱਖਰ, ਮਿਲਾਪ ਸਿੰਘ ਉਭੀ, ਮਹਿੰਗਾ ਸਿੰਘ ਰਾਜਾਸਾਂਸੀ।
**ਸਾਲ 2012:** ਭੁਪਿੰਦਰ ਸਿੰਘ ਢਿੱਲੋਂ, ਸੁਰਿੰਦਰ ਸਿੰਘ ਪੁਰੇਵਾਲ, ਸੁਰਜੀਤ ਸਿੰਘ ਬੈਂਸ, ਸੋਹਨ ਸਿੰਘ ਧਨੋਤਾ।
**ਸਾਲ 2013:** ਨੀਤੂ ਸਿੰਘ ਕਾਹਲੋਂ, ਹਰਦੇਵ ਸਿੰਘ ਤੱਖਰ, ਗੁਰਿੰਦਰਪਾਲ ਸਿੰਘ, ਹਰਭਜਨ ਸਿੰਘ ਜੌਹਲ।
**ਸਾਲ 2014:** ਪ੍ਰੀਤਮ ਸਿੰਘ ਗਰੇਵਾਲ, ਸਰਵਜੋਤ ਸਿੰਘ ਸਵੱਦੀ, ਰਜਿੰਦਰ ਸਿੰਘ ਮੰਘਰ, ਬਹਾਦਰ ਸਿੰਘ ਦਿਉਲ।
**ਸਾਲ 2015:** ਸੁਖਦੇਵ ਸਿੰਘ ਬੈਨੀਵਾਲ, ਨਰਿੰਦਰਪਾਲ ਸਿੰਘ, ਗੁਰਦੇਵ ਸਿੰਘ ਕਲਸੀ, ਕਿਰਪਾਲ ਸਿੰਘ ਅਟਵਾਲ, ਨਰਿੰਦਰ ਕੌਰ ਮਹੇੜੂ।

ਸੰਗਤ ਵਲੋਂ ਸੰਵਿਧਾਨ ਵਿਚ ਕੀਤੀਆਂ ਗਈਆਂ ਸੋਧਾਂ ਦੀ ਪੂਰਨ ਜਾਣਕਾਰੀ ਗੁਰਦੁਆਰਾ ਸਾਹਿਬ ਦੀ ਵੈਬ ਸਾਈਟ (www.sikhgurudwarasj.org) ਜਾਂ ਪ੍ਰਬੰਧਕ ਕਮੇਟੀ ਤੋਂ ਪ੍ਰਾਪਤ ਕੀਤੀ ਜਾ ਸਕਦੀ ਹੈ।

### ਗੁਰਦੁਆਰਾ ਸਾਹਿਬ 'ਤੇ ਨਵੇਂ ਕਰਜ਼ੇ ਅਤੇ ਕਿਸ਼ਤ ਬਾਰੇ ਜਾਣਕਾਰੀ

> ਸਾਰੇ ਨਵੇਂ ਪ੍ਰਾਜੈਕਟ 'ਤੇ ਤਕਰੀਬਨ 20 ਮਿਲੀਅਨ ਡਾਲਰ ਲੱਗ ਗਿਆ ਹੈ।
> ਗੁਰੂ ਘਰ ਵਲੋਂ ਸਾਢੇ 13 ਮਿਲੀਅਨ ਡਾਲਰ ਦਾ ਬੈਂਕ ਆਫ ਅਮੈਰਿਕਾ ਤੋਂ 20 ਸਾਲ ਦਾ ਲੋਨ ਲਿਆ ਗਿਆ ਹੈ।
> ਮਾਸਿਕ ਕਿਸ਼ਤ 65,800 ਡਾਲਰ ਹੈ, ਇਸ ਵਿਚ 30,800 ਡਾਲਰ ਵਿਆਜ ਹੈ ਅਤੇ 35,000 ਡਾਲਰ ਮੂਲ ਹੈ।
> ਵਿਆਜ ਦੀ ਦਰ ਪੌਣੇ ਤਿੰਨ ਪ੍ਰਤੀਸ਼ਤ (LIBOR + 2.5) ਹੈ।
> ਵਿਆਜ ਦੀ ਦਰ ਵਧਣ ਨਾਲ ਮਹੀਨਾਵਾਰ ਕਿਸ਼ਤ ਵਧ ਕੇ ਵੱਧ ਤੋਂ ਵੱਧ 85,000 ਡਾਲਰ ਹੋ ਸਕਦੀ ਹੈ।

### ਹੋਰ ਨਵੇਂ ਪ੍ਰਾਜੈਕਟ

*ਸੰਗਤ ਨੇ ਕਈ ਵਾਰ ਬੇਨਤੀ ਕੀਤੀ ਹੈ ਕਿ ਪਹਾੜੀ ਵਾਲੀ ਜ਼ਮੀਨ ਦੇ ਆਲੇ ਦੁਆਲੇ ਗੁਰੂ ਨਾਨਕ ਪਗਡੰਡੀ ਬਣਾਈ ਜਾਵੇ, ਜਿਸ 'ਤੇ ਥਾਂ-ਥਾਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੀਵਨ ਬਾਰੇ ਬਹੁਤ ਵਧੀਆ ਤਰੀਕੇ ਨਾਲ ਲਿਖਿਆ ਜਾਵੇ, ਆਰਾਮ ਕਰਨ ਲਈ ਜਗ੍ਹਾ ਬਣੀਆਂ ਹੋਣ ਅਤੇ ਪੀਣ ਵਾਲੇ ਪਾਣੀ ਦਾ ਇੰਤਜ਼ਾਮ ਹੋਵੇ।
*ਨੌਰਥ ਸਾਈਡ 'ਤੇ ਖਾਲੀ ਪਈ 7 ਏਕੜ ਜ਼ਮੀਨ (ਜਿੱਥੇ ਵੱਡੇ ਪ੍ਰੋਗਰਾਮਾਂ ਤੇ ਕਾਰਾਂ ਪਾਰਕ ਕੀਤੀਆ ਜਾਂਦੀਆਂ ਹਨ) ਨੂੰ ਠੀਕ ਤਰੀਕੇ ਨਾਲ ਵਰਤੋਂ 'ਚ ਲਿਆਂਦਾ ਜਾਵੇ, ਪਾਰਕਿੰਗ ਲਾਟ ਬਣ ਜਾਵੇ ਜਾਂ ਖੇਡਣ ਲਈ ਗਰਾਊਂਡ ਬਣ ਜਾਵੇ ਆਦਿ।
*ਪਹਾੜੀ ਵਾਲੀ ਨਾਵਰਤੋਂ ਵਾਲੀ ਜ਼ਮੀਨ 'ਚ ਸੋਲਰ ਸਿਸਟਮ ਲੱਗ ਜਾਵੇ ਤਾਂ ਬਿਜਲੀ ਕੰਪਨੀ ਨੂੰ ਬਿਜਲੀ ਵੇਚ ਕੇ ਗੁਰੂ ਘਰ ਨੂੰ 10,000 ਡਾਲਰ ਮਹੀਨਾ ਆਮਦਨ ਦੇ ਸਕਦਾ ਹੈ। ਉਸ 'ਤੇ ਗੁਰੂ ਘਰ ਦਾ ਕੋਈ ਖਰਚ ਵੀ ਨਹੀਂ ਆਉਣਾ।
*ਸੀਨੀਅਰ ਸਿਟੀਜ਼ਨਾਂ ਦੇ ਬਹਿਣ-ਉਠਣ, ਆਰਾਮ ਕਰਨ ਲਈ ਗੁਰਦੁਆਰਾ ਸਾਹਿਬ ਵਿਚ ਇਕ ਜਗ੍ਹਾ ਬਣਾਈ ਜਾਵੇ।
*ਗੁਰਦੁਆਰਾ ਸਾਹਿਬ ਅੰਦਰ ਅਜਾਇਬ ਘਰ ਬਣਾਇਆ ਜਾਵੇ।

### ਸੰਗਤ ਨੂੰ ਅਪੀਲ

**ਗੁਰਦੁਆਰਾ ਸਾਹਿਬ ਸੈਨ ਹੋਜ਼ੇ ਦੀ ਮੌਜੂਦਾ ਪ੍ਰਬੰਧਕੀ ਕਮੇਟੀ ਹਮੇਸ਼ਾ ਹੀ ਗੁਰਦੁਆਰਾ ਸਾਹਿਬ ਦੀ ਤਰੱਕੀ ਅਤੇ ਉਸਾਰੀ ਵਾਲਾ ਕਾਰਜ ਕਰਦੀ ਆ ਰਹੀ ਹੈ, ਜਿਸ ਦਾ ਇਲਾਕੇ ਦੀ ਸਾਰੀ ਸੰਗਤ ਨੂੰ ਭਲੀ ਭਾਂਤ ਪਤਾ ਹੈ। ਗੁਰਦੁਆਰਾ ਸਾਹਿਬ ਦੀ ਖੂਬਸੂਰਤ ਇਮਾਰਤ ਇਕ ਠੋਸ ਸਬੂਤ ਹੈ ਜਿਸ ਦੀ ਇਲਾਕੇ ਦੀ ਹੀ ਨਹੀਂ ਸਗੋਂ ਬਾਹਰੋਂ ਆਈ ਸਾਰੀ ਸਾਧ ਸੰਗਤ ਨੇ ਭਰਪੂਰ ਸ਼ਲਾਘਾ ਕੀਤੀ ਅਤੇ ਗੁਰੂ ਘਰ ਨੂੰ ਵੱਡੀਆਂ ਵੱਡੀਆਂ ਡੋਨੇਸ਼ਨਾਂ ਦਿੱਤੀਆਂ ਹਨ। ਸਿੱਖ ਪਰਿਵਾਰਾਂ ਨੇ ਖਾਲਸਾ ਸਕੂਲ ਦੇ ਸਾਰੇ 14 ਕਮਰਿਆਂ ਦੀ ਸੇਵਾ ਲੈ ਲਈ ਹੈ। ਪ੍ਰਬੰਧਕ ਕਮੇਟੀ ਮੈਂਬਰ ਇੱਕ ਹੋਰ ਸਿੱਖ ਪਰਿਵਾਰ ਨਾਲ ਗੁਰੂ ਘਰ 'ਚ ਅਜਾਇਬ ਘਰ ਬਣਾਉਣ ਦੀ ਸੇਵਾ ਲਈ ਗੱਲਬਾਤ ਕਰ ਰਹੇ ਹਨ। ਗੁਰੂ ਘਰ ਕਮੇਟੀ ਵਲੋਂ ਸਾਰੀ ਸੰਗਤ ਨੂੰ ਬੇਨਤੀ ਹੈ ਕਿ ਆਓ, ਸਾਰੇ ਰਲ ਮਿਲ ਕੇ ਨਵੇਂ ਬਣੇ ਗੁਰੂ ਘਰ ਦੀ ਵਧੀਆ ਤਰੀਕੇ ਨਾਲ ਸਾਂਭ ਸੰਭਾਲ ਕਰੀਏ, ਨਵੇਂ ਪ੍ਰਾਜੈਕਟਾਂ ਨੂੰ ਸ਼ੁਰੂ ਕਰੀਏ ਅਤੇ ਹਰ ਰੋਜ਼ ਗੁਰੂ ਦਰਬਾਰ ਅੰਦਰ ਹਾਜ਼ਰੀ ਲਾ ਕੇ ਗੁਰੂ ਕੀਆ ਖੁਸ਼ੀਆਂ ਪ੍ਰਾਪਤ ਕਰੀਏ।**

## ਜਾਰੀ ਕਰਤਾ: ਗੁਰਦੁਆਰਾ ਪ੍ਰਬੰਧਕ ਕਮੇਟੀ ਸੈਨ ਹੋਜ਼ੇ

3636 Murillo Ave, San Jose CA 95148, ਗੁਰਦੁਆਰਾ ਸਾਹਿਬ ਦੀ ਵੈਬ-ਸਾਈਟ: www.sikhgurudwarasj.org

# ਦਾਗ ਧੋਣ ਲਈ ਭਾਜਪਾ ਨੇ 'ਨਕਾਬ' ਬਦਲਿਆ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਭ੍ਰਿਸ਼ਟਾਚਾਰ ਦੇ ਦਾਗ ਧੋਣ ਲਈ ਭਾਜਪਾ ਨੇ ਆਪਣਾ 'ਨਕਾਬ' ਬਦਲਦਿਆਂ ਦਾਗੀ ਮੰਤਰੀਆਂ ਦੀ ਥਾਂ ਨਵੇਂ ਚਿਹਰੇ ਅੱਗੇ ਕੀਤੇ ਹਨ। ਚੋਣਾਂ ਤੋਂ

### ਦਾਗੀਆਂ ਦੀ ਥਾਂ ਨਵੇਂ ਚਿਹਰੇ ਅੱਗੇ ਕੀਤੇ

ਕੁਝ ਮਹੀਨੇ ਪਹਿਲਾਂ ਭਾਜਪਾ ਵੱਲੋਂ ਕੀਤਾ ਇਹ ਫੇਰ ਬਦਲ ਅਕਾਲੀ-ਭਾਜਪਾ ਸਰਕਾਰ ਨੂੰ ਉਲਟਾ ਵੀ ਪੈ ਸਕਦਾ ਹੈ। ਹੁਣ ਭਾਜਪਾ ਦੇ ਪੰਜ ਮੰਤਰੀਆਂ 'ਚ ਤੀਕਸ਼ਣ ਸੂਦ, ਬੀਬੀ ਲਕਸ਼ਮੀ ਕਾਂਤਾ ਚਾਵਲਾ, ਸਤਪਾਲ ਗੁਸਾਈਂ, ਸੁਰਜੀਤ ਕੁਮਾਰ ਜਿਆਣੀ ਤੇ ਅਰੁਨੇਸ਼ ਸ਼ਾਕਿਰ ਸ਼ਾਮਲ ਹਨ ਜਦੋਂਕਿ ਸੁਖਪਾਲ ਸਿੰਘ ਨੰਨੂ, ਕੇ.ਡੀ. ਭੰਡਾਰੀ, ਦਿਨੇਸ਼ ਸਿੰਘ ਠਾਕੁਰ, ਅਮਰਜੀਤ ਸਿੰਘ ਸ਼ਾਹੀ ਤੇ ਬਿਸ਼ੰਭਰ ਦਾਸ ਨੂੰ ਮੁੱਖ ਸੰਸਦੀ ਸਕੱਤਰ ਬਣਾਇਆ ਗਿਆ ਹੈ। ਪਹਿਲਾਂ ਭਾਜਪਾ ਦੇ ਚਾਰ ਮੁੱਖ ਸੰਸਦੀ ਸਕੱਤਰ ਸਨ ਪਰ ਹੁਣ ਇਨ੍ਹਾਂ ਦੀ ਗਿਣਤੀ ਪੰਜ ਹੋ ਗਈ ਹੈ। ਅਜਿਹਾ ਨੰਨੂ ਤੇ ਭੰਡਾਰੀ 'ਚੋਂ ਕਿਸੇ ਇਕ ਨੂੰ ਲਏ ਜਾਣ ਤੋਂ ਰੇੜਕਾ ਉਪਜਣ ਤੇ ਇਸ ਰੇੜਕੇ ਨੂੰ ਹੱਲ ਕਰਨ ਲਈ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਵੱਲੋਂ ਦਖਲ ਦਿੱਤੇ ਜਾਣ ਕਾਰਨ ਸੰਭਵ ਹੋਇਆ। ਨਵੇਂ ਬਣੇ ਮੰਤਰੀਆਂ 'ਚ ਤੀਕਸ਼ਣ ਸੂਦ ਨੂੰ ਸਥਾਨਕ ਸਵੈ-ਸ਼ਾਸਨ, ਸਨਅਤ, ਵਣਜ ਤੇ ਪਾਰਲੀਮਾਨੀ ਮਾਮਲੇ ਵਿਭਾਗ ਦਿੱਤਾ ਗਿਆ ਹੈ ਜੋ ਪਹਿਲਾਂ ਮਨੋਰੰਜਨ ਕਾਲੀਆ ਕੋਲ ਸੀ।



*ਰਾਜਪਾਲ ਸ਼ਿਵਰਾਜ ਪਾਟਿਲ ਭਾਜਪਾ ਦੇ ਨਵੇਂ ਮੰਤਰੀਆਂ ਨੂੰ ਸਹੁੰ ਚੁਕਾਉਂਦੇ ਹੋਏ।*

ਬੀਬੀ ਚਾਵਲਾ ਨੂੰ ਸਮਾਜਿਕ ਸੁਰੱਖਿਆ ਤੇ ਬਾਲ ਵਿਕਾਸ, ਸ੍ਰੀ ਗੁਸਾਈਂ ਨੂੰ ਸਿਹਤ ਤੇ ਪਰਿਵਾਰ ਭਲਾਈ, ਸੁਰਜੀਤ ਕੁਮਾਰ ਜਿਆਣੀ ਨੂੰ ਟਰਾਂਸਪੋਰਟ ਤੇ ਤਕਨੀਕੀ ਸਿੱਖਿਆ ਤੇ ਅਰੁਨੇਸ਼ ਸ਼ਾਕਿਰ ਨੂੰ ਮੈਡੀਕਲ ਸਿੱਖਿਆ ਤੇ ਜੰਗਲਾਤ ਦਿੱਤਾ ਗਿਆ ਹੈ। ਮੁੱਖ ਸੰਸਦੀ ਸਕੱਤਰਾਂ ਵਿਚੋਂ ਕੇ.ਡੀ. ਭੰਡਾਰੀ ਨੂੰ ਮੁੱਖ ਮੰਤਰੀ ਨਾਲ ਲਾਇਆ ਗਿਆ ਹੈ। ਅਮਰਜੀਤ ਸਿੰਘ ਸ਼ਾਹੀ ਨੂੰ ਵਿੱਤ ਵਿਭਾਗ, ਦਿਨੇਸ਼ ਸਿੰਘ ਨੂੰ ਫੂਡ ਸਪਲਾਈ, ਸੁਖਪਾਲ ਸਿੰਘ ਨੰਨੂੰ ਨੂੰ ਮਾਲ ਤੇ ਬਿਸੰਬਰ ਦਾਸ ਨੂੰ ਮੈਡੀਕਲ ਸਿੱਖਿਆ ਤੇ ਜੰਗਲਾਤ ਦੇ ਕੇ ਸਬੰਧਿਤ ਕੈਬਨਿਟ ਮੰਤਰੀਆਂ ਨਾਲ ਜੋੜ ਦਿੱਤਾ ਗਿਆ ਹੈ।

## ਬਾਦਲ ਪਰਿਵਾਰ ਦੇ ਕੇਸ ਵਿਜੀਲੈਂਸ ਕਮਿਸ਼ਨ ਹਵਾਲੇ ਹੋਣਗੇ: ਕੈਪਟਨ

**ਚੰਡੀਗੜ੍ਹ :** ਪੰਜਾਬ ਪ੍ਰਦੇਸ਼ ਕਾਂਗਰਸ ਦੇ ਪ੍ਰਧਾਨ ਤੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਐਲਾਨ ਕੀਤਾ ਹੈ ਕਿ ਕਾਂਗਰਸ ਸਰਕਾਰ ਆਉਣ 'ਤੇ ਪੰਜਾਬ 'ਚ ਵਿਜੀਲੈਂਸ ਕਮਿਸ਼ਨ ਕਾਇਮ ਕੀਤਾ ਜਾਵੇਗਾ। ਇਹ ਕਮਿਸ਼ਨ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੇ ਉਨ੍ਹਾਂ ਦੇ ਪਰਿਵਾਰ ਦੇ ਭ੍ਰਿਸ਼ਟਾਚਾਰ ਦੇ ਕੇਸ ਜਿਨ੍ਹਾਂ 'ਚ ਭਾਵੇਂ ਉਹ ਬਰੀ ਹੋ ਗਏ ਹਨ, ਨੂੰ ਮੁੜ ਦੇਖੇਗਾ। ਇਸ ਮੌਕੇ ਉਨ੍ਹਾਂ ਕਾਂਗਰਸ ਨੇ ਭ੍ਰਿਸ਼ਟਾਚਾਰ ਦੇ ਮਾਮਲੇ 'ਚ ਫਸੇ ਭਾਜਪਾ ਦੇ ਦੋ ਮੰਤਰੀਆਂ ਮਨੋਰੰਜਨ ਕਾਲੀਆ ਤੇ ਚੌਧਰੀ ਸਵਰਨਾ ਰਾਮ ਨੂੰ ਤੁਰੰਤ ਗ੍ਰਿਫ਼ਤਾਰ ਕਰਨ ਦੀ ਮੰਗ ਕੀਤੀ ਹੈ। ਉਨ੍ਹਾਂ ਕਿਹਾ ਕਿ ਉਹ ਜਲਦੀ ਹੀ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੂੰ ਮਿਲ ਕੇ ਸਾਰੀ ਹਾਲਤ ਤੋਂ ਜਾਣੂ ਕਰਵਾਉਣਗੇ। ਉਹ ਪ੍ਰਧਾਨ ਮੰਤਰੀ ਨੂੰ ਪੰਜਾਬ 'ਚ ਜਲਦੀ ਚੋਣਾਂ ਕਰਵਾਉਣ ਲਈ ਕਹਿਣਗੇ ਕਿਉਂਕਿ ਸੂਬੇ 'ਚ ਭ੍ਰਿਸ਼ਟਾਚਾਰ ਤੇ ਅਮਨ ਕਾਨੂੰਨ ਦੀ ਹਾਲਤ ਬਹੁਤ ਹੀ ਗੰਭੀਰ ਬਣੀ ਹੋਈ ਹੈ। ਕੈਪਟਨ ਨੇ ਦੱਸਿਆ ਕਿ ਉਨ੍ਹਾਂ ਪ੍ਰਧਾਨ ਮੰਤਰੀ ਤੋਂ ਸਮਾਂ ਲੈਣ ਲਈ ਉਨ੍ਹਾਂ ਨੂੰ ਪੱਤਰ ਲਿਖਿਆ ਹੋਇਆ ਹੈ।

ਇਸ ਦੌਰਾਨ ਉਨ੍ਹਾਂ ਕਿਹਾ ਕਿ ਇਸ ਵਿਜੀਲੈਂਸ ਕਮਿਸ਼ਨ ਦਾ ਮੁਖੀ ਹਾਈ ਕੋਰਟ ਦਾ ਸੇਵਾ ਮੁਕਤ ਜੱਜ ਹੋਵੇਗਾ। ਇਹ ਕਮਿਸ਼ਨ ਅਕਾਲੀ-ਭਾਜਪਾ ਦੀ ਸਰਕਾਰ 'ਚ ਮੰਤਰੀ ਤੇ ਹੋਰ ਅਧਿਕਾਰੀਆਂ ਵੱਲੋਂ ਫੈਲਾਏ ਭ੍ਰਿਸ਼ਟਾਚਾਰ ਤੇ ਹੋਰ ਮਾਮਲਿਆਂ ਦੀ ਨਿਰਪੱਖ ਜਾਂਚ ਕਰੇਗਾ ਤੇ ਝੂਠੇ ਮੁਕੱਦਮੇ ਦਰਜ ਕਰਨ ਵਾਲੇ ਅਧਿਕਾਰੀ ਵੀ ਕਮਿਸ਼ਨ ਦੇ ਘੇਰੇ 'ਚ ਹੋਣਗੇ।


ਉਨ੍ਹਾਂ ਕਿਹਾ ਕਿ ਕਮਿਸ਼ਨ 'ਚ ਪੂਰੀ ਨਿਰਪੱਖਤਾ ਤੇ ਪਾਰਦਰਸ਼ਤਾ ਹੋਵੇਗੀ। ਇਹ ਕਮਿਸ਼ਨ ਅਕਾਲੀ-ਭਾਜਪਾ ਸਰਕਾਰ ਵੱਲੋਂ ਕੀਤੇ ਭ੍ਰਿਸ਼ਟਾਚਾਰ ਤੇ ਧੱਕੇਸ਼ਾਹੀ ਦੀ ਜਾਂਚ ਕਰੇਗਾ। ਕੈਪਟਨ ਨੇ ਕਿਹਾ ਕਿ ਭਾਜਪਾ ਦੇ ਵਜੀਰਾਂ ਤੇ ਸੰਸਦ ਮੈਂਬਰਾਂ ਨੇ ਅਸਤੀਫੇ ਦੇ ਕੇ ਨਾਟਕ ਕੀਤਾ ਹੈ ਪਰ ਇਸ ਨਾਲ ਉਨ੍ਹਾਂ ਆਪਣਾ ਕਸੂਰ ਮੰਨ ਲਿਆ ਹੈ।

# ਆਮ ਬੰਦੇ ਦੀ ਸ਼ਿਕਾਇਤ ਨੇ ਤਖ਼ਤ ਹਿਲਾਇਆ

**ਚੰਡੀਗੜ੍ਹ:** ਸਾਧਾਰਨ ਜਿਹੇ ਬੰਦੇ ਮਨਪ੍ਰੀਤ ਸਿੰਘ ਦੀ ਕੇਂਦਰੀ ਜਾਂਚ ਬਿਊਰੋ (ਸੀ.ਬੀ.ਆਈ.) ਨੂੰ ਹਿੰਦੀ 'ਚ ਪੌਣੇ ਤਿੰਨ ਸੌ ਸ਼ਬਦਾਂ 'ਚ ਲਿਖੀ ਟੁੱਟੀ-ਫੁੱਟੀ ਸ਼ਿਕਾਇਤ ਨੇ ਪੰਜਾਬ ਸਰਕਾਰ 'ਚ ਉਥਲ-ਪੁਥਲ ਮਚਾ ਦਿੱਤੀ। ਇਹ ਸਧਾਰਨ ਪੱਤਰ ਜਿਥੇ ਭਾਜਪਾ ਦੇ ਦੋ ਮੰਤਰੀਆਂ ਦੀਆਂ ਝੰਡੀਆਂ ਵਾਲੀਆਂ ਕਾਰਾਂ ਖੋਹਣ ਦਾ ਸਬੱਬ ਬਣਿਆ ਉਥੇ ਅਕਾਲੀ ਦਲ-ਭਾਜਪਾ ਸਰਕਾਰ ਦੌਰਾਨ ਲੰਮੇ ਸਮੇਂ ਤੋਂ ਗੈਰ-ਹਾਜ਼ਰ ਕਲਰਕ ਨੂੰ ਸੁਰੱਖਿਆ ਛਤਰੀ ਦੇਣ ਦਾ ਖੁਲਾਸਾ ਹੋਣ ਨਾਲ ਪੰਜਾਬ ਪੁਲੀਸ ਦੀ ਕਾਰਗੁਜ਼ਾਰੀ 'ਤੇ ਵੀ ਸਵਾਲੀਆ ਚਿੰਨ੍ਹ ਲੱਗ ਗਿਆ।

ਆਟੋ ਮੋਬਾਈਲ ਮਕੈਨਿਕ ਐਸੋਸੀਏਸ਼ਨ ਦੇ ਜਨਰਲ ਸਕੱਤਰ ਮਨਪ੍ਰੀਤ ਸਿੰਘ ਵੱਲੋਂ ਸੀ.ਬੀ.ਆਈ. ਚੰਡੀਗੜ੍ਹ ਦੇ ਪੁਲੀਸ ਕਪਤਾਨ (ਐਸ.ਪੀ.) ਨੂੰ ਲਿਖੀ ਸ਼ਿਕਾਇਤ 'ਚ ਕਿਹਾ ਗਿਆ ਹੈ ਕਿ ਉਹ ਦਵਿੰਦਰ ਸਿੰਘ ਨੂੰ ਐਸੋਸੀਏਸ਼ਨ ਦੇ ਕੰਮਾਂ ਕਾਰਾਂ ਕਰਕੇ ਪਿਛਲੇ ਚਾਰ ਸਾਲਾਂ ਤੋਂ ਜਾਣਦਾ ਸੀ ਤੇ ਉਹ 14 ਏਕੜ ਜ਼ਮੀਨ ਦੇ ਮਾਮਲੇ ਵਿਚ ਮਨਮੋਹਨ ਸਿੰਘ ਵੱਲੋਂ ਕੀਤੀ ਸ਼ਿਕਾਇਤ ਨੂੰ ਖੁਰਦ-ਬੁਰਦ ਕਰਨ ਲਈ ਡੇਢ ਕਰੋੜ ਰੁਪਏ ਰਿਸ਼ਵਤ ਮੰਗ ਰਿਹਾ ਹੈ। ਦਰਅਸਲ ਸੀ.ਬੀ.ਆਈ. ਲਈ ਇਹ ਸਾਧਾਰਨ ਸ਼ਿਕਾਇਤ ਉਸ ਵੇਲੇ ਵੱਡਾ ਦਸਤਾਵੇਜ਼ ਬਣ ਗਿਆ ਜਦੋਂ ਪੁਲੀਸ ਦੀ ਨਜ਼ਰ ਇਸ 'ਤੇ ਪਈ ਕਿ ਦਵਿੰਦਰ ਨੇ ਕਿਹਾ ਸੀ ਕਿ ਉਹ ਇਹ ਕੰਮ ਮੁੱਖ ਪਾਰਲੀਮਾਨੀ ਸਕੱਤਰ ਰਾਹੀਂ ਕੈਬਨਿਟ ਮੰਤਰੀ ਮਨੋਰੰਜਨ ਕਾਲੀਆ ਕੋਲੋਂ ਕਰਵਾਵੇਗਾ। ਸੂਤਰਾਂ ਅਨੁਸਾਰ ਸੀ.ਬੀ.ਆਈ. ਨੂੰ ਇਹ ਅਹਿਮ ਸ਼ਿਕਾਇਤ ਮਿਲਣ ਤੋਂ ਬਾਅਦ ਠੋਸ ਸਬੂਤਾਂ ਦੀ ਲੋੜ ਸੀ ਕਿਉਂਕਿ ਇਸ ਵਿਚ ਪੰਜਾਬ ਸਰਕਾਰ ਦੀਆਂ ਉੱਚ ਹਸਤੀਆਂ ਦਾ ਨਾਂ ਬੋਲਦਾ ਸੀ।


ਇਸ ਲਈ ਸੀ.ਬੀ.ਆਈ. ਨੇ ਇਸ ਮਾਮਲੇ ਦੇ ਤਫਤੀਸ਼ੀ ਅਫਸਰ ਨੂੰ ਮਕੈਨਿਕ ਐਸੋਸੀਏਸ਼ਨ ਦੇ ਮੈਂਬਰ ਦੇ ਰੂਪ 'ਚ ਸ਼ਿਕਾਇਤਕਰਤਾ ਮਨਪ੍ਰੀਤ ਸਿੰਘ ਨਾਲ ਜੋੜ ਕੇ ਦਵਿੰਦਰ ਨਾਲ ਸੰਪਰਕ ਰੱਖਣ ਦੀ ਯੋਜਨਾ ਬਣਾਈ ਤਾਂ ਜੋ ਸੀ.ਬੀ.ਆਈ. ਇਸ ਸਮੁੱਚੀ ਪ੍ਰਕ੍ਰਿਆ 'ਤੇ ਆਪਣੀ ਸਿੱਧੀ ਨਜ਼ਰ ਰੱਖ ਸਕੇ। ਇਸੇ ਯੋਜਨਾ ਤਹਿਤ ਹੀ ਪੁਲੀਸ ਦਾ ਇੰਸਪੈਕਟਰ ਸ਼ਿਕਾਇਤਕਰਤਾ ਮਨਪ੍ਰੀਤ ਨਾਲ ਦਵਿੰਦਰ ਨੂੰ ਚੰਡੀਗੜ੍ਹ ਦੇ ਸੈਕਟਰ-9 ਸਥਿਤ ਰੈਸਟੋਰੈਂਟ-ਕਮ-ਬਾਰ ''ਸਪਿਰਟ 'ਚ ਮਿਲਣ ਗਿਆ ਸੀਅਤੇ ਉਸ ਤੋਂ ਬਾਅਦ ਇਸ ਰੈਸਟੋਰੈਂਟ ਦੇ ਨਾਲ ਲਗਦੇ ਸ਼ੋਅਰੂਮ 'ਚ ਦਵਿੰਦਰ ਨਾਲ ਸੀ.ਬੀ.ਆਈ. ਦਾ ਅਧਿਕਾਰੀ ਸਿੱਧੇ ਤੌਰ 'ਤੇ ਰਿਸ਼ਵਤ ਦੀ ਗੱਲਬਾਤ ਕਰਨ ਵਿਚ ਕਾਮਯਾਬ ਰਿਹਾ ਸੀ। ਸੀ.ਬੀ.ਆਈ. ਦੇ ਇੰਸਪੈਕਟਰ ਨੇ ਜਦੋਂ ਦਵਿੰਦਰ ਵੱਲੋਂ ਰਿਸ਼ਵਤ ਮੰਗਣ ਦੀ ਗੱਲ ਕੰਨੀ ਸੁਣੀ ਤਾਂ ਉੱਚ ਅਧਿਕਾਰੀਆਂ ਨੇ ਤੁਰੰਤ ਦਵਿੰਦਰ ਵਿਰੁੱਧ ਭ੍ਰਿਸ਼ਟਾਚਾਰ ਵਿਰੋਧੀ ਐਕਟ-1988 ਦੀ ਧਾਰਾ 8 ਤਹਿਤ ਕੇਸ ਦਰਜ ਕਰਕੇ ਰਿਕਾਰਡਿੰਗ ਦੌਰਾਨ ਉਭਰੇ ਵਿਅਕਤੀਆਂ ਵਿਰੁੱਧ ਪੜਤਾਲ ਦੌਰਾਨ ਮਾਮਲਾ ਦਰਜ ਕਰਨ ਦਾ ਫੈਸਲਾ ਕਰ ਲਿਆ।



*ਮਨੋਰੰਜਨ ਕਾਲੀਆ*



*ਚੌਧਰੀ ਸਵਰਨਾ ਰਾਮ*



*ਰਾਜ ਖੁਰਾਣਾ*




## ਭ੍ਰਿਸ਼ਟਾਚਾਰ 'ਚ ਘਿਰੀ ਅਕਾਲੀ-ਭਾਜਪਾ ਸਰਕਾਰ ਲਾਂਭੇ ਹੋਵੇ: ਮਨਪ੍ਰੀਤ ਬਾਦਲ

**ਚੰਡੀਗੜ੍ਹ**: ਪੀਪਲਜ਼ ਪਾਰਟੀ ਆਫ਼ ਪੰਜਾਬ ਦੇ ਪ੍ਰਧਾਨ ਮਨਪ੍ਰੀਤ ਸਿੰਘ ਬਾਦਲ ਨੇ ਪੰਜਾਬ ਦੇ ਸਾਰੇ ਮੰਤਰੀਆਂ ਤੇ ਵਿਧਾਇਕਾਂ ਨੂੰ ਅਸਤੀਫ਼ੇ ਦੇ ਕੇ ਪੰਜਾਬ ਦੇ ਲੋਕਾਂ ਤੋਂ ਮੁੜ ਫ਼ਤਵਾ ਹਾਸਲ ਕਰਨ ਦੀ ਚੁਣੌਤੀ ਦਿੱਤੀ ਹੈ।

ਉਨ੍ਹਾਂ ਕਿਹਾ ਕਿ ਭਾਜਪਾ ਮੰਤਰੀਆਂ ਦੇ ਨਾਲ ਅਕਾਲੀ ਦਲ ਦੇ ਮੰਤਰੀਆਂ ਨੂੰ ਵੀ ਤੁਰੰਤ ਅਸਤੀਫ਼ਾ ਦੇ ਦੇਣਾ ਚਾਹੀਦਾ ਹੈ। ਸਾਬਕਾ ਵਿੱਤ ਮੰਤਰੀ ਨੇ ਕਿਹਾ ਕਿ ਪੰਜਾਬ ਦਾ ਅੰਦਰੂਨੀ ਪ੍ਰਸ਼ਾਸਕੀ ਢਾਂਚਾ ਗਰਕ ਹੋ ਚੁੱਕਿਆ ਹੈ। ਉਨ੍ਹਾਂ ਕਿਹਾ ਕਿ ਅਕਾਲੀ ਦਲ ਨੂੰ ਨੈਤਿਕਤਾ ਦੇ ਆਧਾਰ 'ਤੇ ਤੁਰੰਤ ਅਸਤੀਫਾ ਦੇ ਦੇਣਾ ਚਾਹੀਦਾ ਹੈ ਕਿਉਂਕਿ ਸਰਕਾਰ ਦੇ ਮੰਤਰੀ, ਪਾਰਲੀਮਨੀ ਸਕੱਤਰ ਤੇ ਵਿਧਾਇਕ ਆਦਿ ਘਪਲਿਆਂ ਵਿਚ ਘਿਰੇ ਹੋਣ ਕਰਕੇ ਹਰ ਰੋਜ਼ ਸੀ.ਬੀ.ਆਈ. ਦੀ ਗ੍ਰਿਫ਼ਤ 'ਚ ਆ ਰਹੇ ਹਨ।

ਉਨ੍ਹਾਂ ਕਿਹਾ ਕਿ ਉੱਚ ਅਹੁਦਿਆਂ 'ਤੇ ਬੈਠੇ ਅਕਾਲੀ ਆਗੂ ਜੋ ਘਪਲਿਆਂ 'ਚ ਘਿਰੇ ਹੋਏ ਹਨ, ਇਸ ਕਰਕੇ ਬਚ ਰਹੇ ਹਨ ਕਿਉਂਕਿ ਮੌਜੂਦਾ ਸਰਕਾਰ ਉਨ੍ਹਾਂ ਖਿਲਾਫ਼ ਕਾਰਵਾਈ ਕਰਨ ਦੀ ਇਜਾਜ਼ਤ ਨਹੀਂ ਦਿੰਦੀ।

# ਸੀ.ਬੀ.ਆਈ. ਨੇ ਲਕਸ਼ਮੀ ਕਾਂਤਾ ਚਾਵਲਾ ਦੁਆਲੇ ਸ਼ਿਕੰਜਾ ਕੱਸਿਆ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਭਾਜਪਾ ਲਈ ਹੁਣ ਨਵਾਂ ਸੰਕਟ ਖੜ੍ਹਾ ਹੋ ਰਿਹਾ ਹੈ। ਭਾਵੇਂ ਭਾਜਪਾ ਨੇ ਭ੍ਰਿਸ਼ਟਾਚਾਰ ਦੇ ਕੇਸ 'ਚ ਫਸੇ ਆਪਣੇ ਮੰਤਰੀਆਂ ਨੂੰ ਲਾਂਭੇ ਕਰ ਦਿੱਤਾ ਹੈ ਪਰ ਲਸ਼ਕਮੀ ਕਾਂਤਾ ਚਾਵਲਾ ਦਾ ਮੰਤਰਾਲਾ ਬਦਲ ਕੇ ਉਸ ਨੂੰ ਬਖਸ਼ ਦਿੱਤਾ ਗਿਆ। ਹੁਣ ਇਹੀ ਬੀਬੀ ਚਾਵਲਾ ਭਾਜਪਾ ਲਈ ਸਿਰ ਦਰਦੀ ਬਣ ਸਕਦੀ ਹੈ ਕਿਉਂਕਿ ਸੀ.ਬੀ.ਆਈ. ਨੇ ਬੀਬੀ ਚਾਵਲਾ ਦੁਆਲੇ ਸ਼ਿਕੰਜ਼ਾ ਕਸ ਦਿੱਤਾ ਹੈ। ਉਧਰ ਭਾਜਪਾ ਵਿਧਾਇਕ ਜਗਦੀਸ਼ ਸਾਹਨੀ ਨੇ ਇਸ ਮਾਮਲੇ ਬਾਰੇ ਕਿਹਾ ਕਿ ਭ੍ਰਿਸ਼ਟਾਚਾਰ ਦੇ ਦੋਸ਼ਾਂ 'ਚ ਫਸੀ ਮੰਤਰੀ ਨੂੰ ਮੁੜ ਮੰਤਰੀ ਦਾ ਅਹੁਦਾ ਦੇਣ ਤੋਂ ਪਹਿਲਾਂ ਪਾਰਟੀ ਨੂੰ ਸੋਚਣਾ ਚਾਹੀਦਾ ਸੀ ਕਿਉਂਕਿ ਪਾਰਟੀ ਭ੍ਰਿਸ਼ਟਾਚਾਰ ਰਹਿਤ ਪ੍ਰਸ਼ਾਸਨ ਦੇਣ ਲਈ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਲਕਸ਼ਮੀ ਕਾਂਤਾ ਚਾਵਲਾ ਬਾਰੇ ਉਹ ਸੌਂਹ ਖਾ ਕੇ ਹਲਫਨਾਮਾ ਦੇ ਸਕਦੇ ਹਨ ਕਿ ਉਹ ਭ੍ਰਿਸ਼ਟਾਚਾਰ ਵਿਚ ਲਿਪਤ ਹੈ।

ਬੀਬੀ ਚਾਵਲਾ ਵਿਰੁੱਧ ਅਫੀਮ ਕੋਟਾ ਘਪਲੇ ਤੇ ਮੈਡੀਸਨ ਪਲਾਂਟ ਸਬਸਿਡੀ ਘਪਲੇ 'ਚ ਕੀਤੀ ਜਾ ਰਹੀ ਮੁੱਢਲੀ ਜਾਂਚ ਉਪਰੰਤ ਸੀ.ਬੀ.ਆਈ. ਨੇ ਜਾਂਚ ਦਾ ਘੇਰਾ ਵਧਾ ਦਿੱਤਾ ਹੈ। ਦਿੱਲੀ ਸੀ.ਬੀ.ਆਈ. ਨੇ ਡਰੱਗ ਕੰਟਰੋਲਰ ਆਫ਼ ਇੰਡੀਆ ਤੋਂ ਵੇਰਵੇ ਮੰਗੇ ਹਨ ਕਿ ਪੰਜਾਬ ਨੂੰ ਕਿਹੜੇ-ਕਿਹੜੇ ਸਾਲ ਵਿਚ ਕਿੰਨਾਂ ਕਿੰਨਾਂ ਕੋਟਾ ਅਫੀਮ ਦਾ ਦਿੱਤਾ ਗਿਆ ਤੇ ਇਹ ਕੋਟਾ ਕਿਸ ਅਧਾਰ 'ਤੇ ਤੇ ਕਿਸ ਦੀ ਸਿਫਾਰਸ਼ 'ਤੇ ਵਧਾਇਆ ਗਿਆ। ਮੈਡੀਸਨ ਪਲਾਂਟ ਘਪਲਾ ਜਿਸ ਵਿਚ ਕਿ 83 ਲੱਖ ਰੁਪਏ ਫਰਜ਼ੀ ਕਿਸਾਨਾਂ ਨੂੰ ਸਬਸਿਡੀ ਦਿੱਤੇ ਜਾਣ ਦੇ ਦੋਸ਼ ਲੱਗੇ ਸਨ, 'ਚ ਸੀ.ਬੀ.ਆਈ. ਨੇ ਸਿਹਤ ਵਿਭਾਗ ਤੋਂ ਸਾਰਾ ਰਿਕਾਰਡ ਆਪਣੇ ਕਬਜ਼ੇ 'ਚ ਲੈ ਲਿਆ ਹੈ। ਜਦਕਿ ਅਫੀਮ ਕੋਟਾ ਮਾਮਲੇ 'ਚ ਸਾਲ 2011 ਦਾ ਰਿਕਾਰਡ ਕਬਜ਼ੇ 'ਚ ਲਿਆ ਗਿਆ ਹੈ।

ਮੰਤਰੀ ਵੱਲੋਂ ਸੀ.ਬੀ.ਆਈ. ਤੋਂ ਮਾਮਲੇ ਦੀ ਕਲੋਜ਼ਰ ਰਿਪੋਰਟ ਵੀ ਮੰਗੀ ਜਾ ਚੁੱਕੀ ਹੈ। ਮੈਡੀਸਨ ਪਲਾਂਟ ਸਬਸਿਡੀ ਮਾਮਲੇ 'ਚ ਆਯੁਰਵੈਦਿਕ ਬੋਰਡ ਦੇ ਨਿਰਦੇਸ਼ਕ ਰਾਕੇਸ਼ ਸ਼ਰਮਾ ਨੇ ਦੱਸਿਆ ਕਿ ਜੋ 83 ਲੱਖ ਰੁਪਏ ਦੀ ਰਕਮ ਸਬਸਿਡੀ ਵਜੋਂ ਗਲਤ ਕਿਸਾਨਾਂ ਨੂੰ ਵੰਡੀ ਗਈ ਸੀ, ਉਹ ਸਮੇਤ ਵਿਆਜ਼ ਵਿਭਾਗ ਕੋਲ ਜਮ੍ਹਾਂ ਕਰਵਾ ਦਿੱਤੀ ਗਈ ਹੈ ਜਦਕਿ ਇਸ ਮਾਮਲੇ ਵਿਚ ਦੋਸ਼ ਇਹ ਲੱਗ ਰਹੇ ਹਨ ਕਿ ਕੋਈ ਕਿਸਾਨ ਹੈ ਹੀ ਨਹੀਂ ਸਨ। ਇਕ ਗੈਰ ਸਰਕਾਰੀ ਸੰਸਥਾ ਬਣਾ ਕੇ ਫਰਜ਼ੀ ਕਿਸਾਨਾਂ ਦੇ ਨਾਂ ਸਿੱਧੇ ਹੀ ਸਬਸਿਡੀ ਦੇ ਡਰਾਫਟ ਬਣਾ ਦਿੱਤੇ ਗਏ ਸਨ ਤੇ ਹੁਣ ਸੀ.ਬੀ.ਆਈ. ਜਾਂਚ ਖੁੱਲਣ 'ਤੇ ਖੁਦ ਹੀ ਪੈਸੇ ਜਮਾ ਕਰਵਾ ਦਿੱਤੇ। ਕੇਂਦਰ ਸਰਕਾਰ ਤੋਂ ਪੰਜਾਬ ਨੂੰ ਦਵਾਈਆਂ 'ਚ ਵਰਤਣ ਲਈ ਦਿੱਤੀ ਗਈ ਦੋ ਕੁਇੰਟਲ ਅਫੀਮ 'ਚੋਂ ਇਕ ਕੁਇੰਟਲ 5 ਕਿਲੋ ਅਫੀਮ ਦਾ ਕੋਟਾ ਮੰਤਰੀ ਦੇ ਗ੍ਰਹਿ ਨਗਰ ਅੰਮ੍ਰਿਤਸਰ ਦੀ ਕੰਪਨੀ ਧੰਨਵਤਰੀ ਹਰਬਲਸ ਆਯੁਰਵੈਦਿਕ ਫਾਰਮੇਸੀ ਨੂੰ ਹੀ ਜਾਰੀ ਕਰ ਦਿੱਤਾ ਗਿਆ। ਜਦਕਿ ਇਸ ਤੋਂ ਪਹਿਲਾਂ ਉਸ ਦਾ ਕੋਟਾ 40 ਕਿਲੋ ਸੀ ਤੇ ਉਸ ਦੀ ਕੁਲ ਸਾਲਾਨਾ ਖਪਤ 70 ਕਿਲੋ ਹੈ। ਇਸੇ ਤਰ੍ਹਾਂ ਕੇਂਦਰ ਸਰਕਾਰ ਵੱਲੋਂ ਔਸ਼ਧੀ ਗੁਣਾਂ ਵਾਲੇ ਪੌਦੇ ਉਗਾਉਣ ਉਪਰ ਕਰੋੜਾਂ ਰੁਪਏ ਦੀ ਸਬਸਿਡੀ ਹਰ ਸਾਲ ਦਿੱਤੀ ਜਾਂਦੀ ਹੈ। ਬੀਬੀ ਚਾਵਲਾ ਦੇ ਕਾਰਜਕਾਲ ਦੌਰਾਨ ਫਰਜ਼ੀ ਕਿਸਾਨਾਂ ਦੇ ਨਾਂ 'ਤੇ ਇਹ ਸਬਸਿਡੀ ਜਾਰੀ ਕਰਨ ਦੇ ਦੋਸ਼ ਲੱਗੇ ਹਨ। ਇਸ ਮਾਮਲੇ 'ਚ ਸਾਢੇ ਚਾਰ ਕਰੋੜ ਰੁਪਏ ਦੀ ਵੰਡੀ ਗਈ ਸਬਸਿਡੀ ਬਾਰੇ ਸੀ.ਬੀ.ਆਈ. ਜਾਂਚ ਕਰ ਰਹੀ ਹੈ।


ਇਹ ਵੀ ਪਤਾ ਲੱਗਾ ਹੈ ਕਿ ਇਨ੍ਹਾਂ ਦੋਵਾਂ ਮਾਮਲਿਆਂ ਬਾਰੇ ਭਾਜਪਾ ਵਿਧਾਇਕ ਜਗਦੀਸ਼ ਸਾਹਨੀ ਵੱਲੋਂ ਵਿਧਾਨ ਸਭਾ ਸਪੀਕਰ ਕੋਲ ਮਾਮਲਾ ਉਠਾਏ ਜਾਣ 'ਤੇ ਸਪੀਕਰ ਵੱਲੋਂ ਵੀ ਇਨ੍ਹਾਂ ਮਾਮਲਿਆਂ ਦੀ ਜਾਂਚ ਲਈ ਵਿਧਾਨਕਾਰਾਂ ਦੀਆਂ ਦੋ ਵੱਖ-ਵੱਖ ਕਮੇਟੀਆਂ ਗਠਿਤ ਕੀਤੀਆਂ ਗਈਆਂ ਸਨ ਜਿਨ੍ਹਾਂ ਵੱਲੋਂ ਕਿ ਅੱਜੇ ਰਿਪੋਰਟ ਦੇਣੀ ਬਾਕੀ ਹੈ। ਦੋਸ਼ ਇਹ ਵੀ ਲੱਗ ਰਹੇ ਹਨ ਕਿ ਮਾਮਲਾ 85 ਲੱਖ ਦਾ ਨਹੀਂ ਬਲਕਿ ਸਾਢੇ 4 ਕਰੋੜ ਰੁਪਏ ਦੀ ਸਬਸਿਡੀ ਦਾ ਹੈ। ਇਸ ਤੋਂ ਇਲਾਵਾ ਅਫੀਮ ਕੋਟਾ ਮਾਮਲੇ ਵਿਚ ਬੀਬੀ ਚਾਵਲਾ ਦੇ ਕਾਰਜਕਾਲ ਵਿਚ ਦਵਾਈ ਕੰਪਨੀਆਂ ਨੂੰ ਜਾਰੀ ਕੀਤੀ ਗਈ ਕੁੱਲ 3 ਕੁਇੰਟਲ 85 ਕਿਲੋ ਅਫੀਮ ਬਾਰੇ ਸੀ.ਬੀ.ਆਈ. ਰਿਕਾਰਡ ਜਾਂਚ ਰਹੀ ਹੈ। ਇਕ ਪਾਸੇ ਭਾਜਪਾ ਹਾਈਕਮਾਂਡ ਵੱਲੋਂ ਸਿਰਫ ਸੀ.ਬੀ.ਆਈ ਵੱਲੋਂ ਬੁਲਾਏ ਜਾਣ 'ਤੇ ਮੰਤਰੀਆਂ ਤੋਂ ਅਸਤੀਫੇ ਲੈ ਲਏ ਗਏ। ਦੂਜੇ ਪਾਸੇ ਦੋ ਮਾਮਲਿਆਂ ਵਿਚ ਸੀ.ਬੀ.ਆਈ. ਜਾਂਚ ਦਾ ਸਾਹਮਣਾ ਕਰ ਰਹੀ ਬੀਬੀ ਚਾਵਲਾ ਨੂੰ ਮੁੜ ਤੋਂ ਮੁੜ ਮੰਤਰੀ ਦਿੱਤਾ ਗਿਆ।

### ਅਫੀਮ ਕੋਟਾ ਤੇ ਮੈਡੀਸਨ ਪਲਾਂਟ ਸਬਸਿਡੀ ਘੁਟਾਲਾ



# ਭਗਵੰਤ ਮਾਨ ਨੂੰ ਸਦਮਾ, ਪਿਤਾ ਸੁਰਗਵਾਸ

ਲੁਧਿਆਣਾ: ਪੰਜਾਬੀ ਕਾਮੇਡੀਅਨ ਅਤੇ ਪੰਜਾਬ ਪੀਪਲਜ਼ ਪਾਰਟੀ ਦੇ ਉਘੇ ਆਗੂ ਸ੍ਰੀ ਭਗਵੰਤ ਮਾਨ ਨੂੰ ਉਸ ਸਮੇਂ ਡੂੰਘਾ ਸਦਮਾ ਪੁੱਜਾ



ਜਦੋਂ ਉਨ੍ਹਾਂ ਦੇ ਪਿਤਾ ਮਾਸਟਰ ਮਹਿੰਦਰ ਸਿੰਘ 14 ਮਈ ਸ਼ਾਮੀ ਸਦੀਵੀ ਵਿਛੋੜਾ ਦੇ ਗਏ। ਉਹ ਪਿਛਲੇ ਕੁਝ ਸਮੇਂ ਤੋਂ ਹੈਪੇਟਾਈਟਸ-ਸੀ ਕਰਕੇ ਬਿਮਾਰ ਚਲੇ ਆ ਰਹੇ ਸਨ ਅਤੇ ਇਥੇ ਡੀ ਐਮ ਸੀ ਹਸਪਤਾਲ ਵਿਚ ਦਾਖਲ ਸਨ। ਮਾਸਟਰ ਮਹਿੰਦਰ ਸਿੰਘ ਕਰੀਬ 61 ਸਾਲ ਦੇ ਸਨ ਅਤੇ ਆਪਣੇ ਪਿਛੇ ਪਤਨੀ ਹਰਪਾਲ ਕੌਰ, ਪੁੱਤਰ ਭਗਵੰਤ ਮਾਨ ਅਤੇ ਇਕ ਧੀ ਤੋਂ ਇਲਾਵਾ ਦੋਹਤਰਿਆਂ-ਪੋਤਰਿਆਂ ਦਾ ਭਰਿਆ ਪਰਿਵਾਰ ਛੱਡ ਗਏ ਹਨ।

15 ਅਕਤੂਬਰ 1950 ਨੂੰ ਜਨਮੇ ਮਾਸਟਰ ਮਹਿੰਦਰ ਸਿੰਘ ਐਮ ਏ, ਬੀ ਐਸ ਸੀ ਅਤੇ ਬੀ ਐਡ ਸਨ। ਉਹ ਅਜੇ ਦੋ ਸਾਲ ਪਹਿਲਾਂ ਹੀ ਸਕੂਲ ਅਧਿਆਪਕ ਵਜੋਂ ਰਿਟਾਇਰ ਹੋਏ ਸਨ। ਮਾਸਟਰ ਮਹਿੰਦਰ ਸਿੰਘ ਦਾ ਸਸਕਾਰ 18 ਮਈ ਨੂੰ ਉਨ੍ਹਾਂ ਦੇ ਜੱਦੀ ਪਿੰਡ ਸਤੌਜ, ਜਿਲਾ ਸੰਗਰੂਰ ਵਿਖੇ ਕੀਤਾ ਜਾਏਗਾ। ਅੰਤਿਮ ਅਰਦਾਸ ਅਤੇ ਭੋਗ ਦੀ ਰਸਮ 22 ਮਈ ਨੂੰ ਹੋਵੇਗੀ।

ਸਨਿਚਰਵਾਰ ਜਦੋਂ ਇਹ ਮਾੜੀ ਖਬਰ ਆਈ ਸ੍ਰੀ ਭਗਵੰਤ ਮਾਨ ਆਪਣੇ ਅਮਰੀਕਾ ਦੌਰੇ ਦੌਰਾਨ ਸ਼ਿਕਾਗੋ ਵਿਚ ਸਨ ਜਿਥੇ ਉਹ ਪੀਪਲਜ਼ ਪਾਰਟੀ ਦੀ ਮਿਡਵੈਸਟ ਇਕਾਈ ਦੀ ਸਥਾਪਨਾ ਦੇ ਸਿਲਸਿਲੇ ਵਿਚ ਪਹੁੰਚੇ ਹੋਏ ਸਨ। ਸ੍ਰੀ ਮਾਨ ਨੂੰ ਪਿਤਾ ਦੇ ਕਾਫੀ ਢਿੱਲੇ ਹੋਣ ਦੀ ਖਬਰ ਮਿਲ ਗਈ ਸੀ ਪਰ ਉਨ੍ਹਾਂ ਪਾਰਟੀ ਪ੍ਰੋਗਰਾਮ ਨੂੰ ਵਿਚੇ ਛੱਡ ਕੇ ਜਾਣਾ ਸਹੀ ਨਹੀਂ ਸਮਝਿਆ। ਉਹ ਸੋਮਵਾਰ ਵਾਪਸ ਪਰਤ ਗਏ। ਸ੍ਰੀ ਮਾਨ ਨਾਲ ਸੰਪਰਕ 91-98885-86986 ਉਤੇ ਕੀਤਾ ਜਾ ਸਕਦਾ ਹੈ।

ਅਦਾਰਾ ਪੰਜਾਬ ਟਾਈਮਜ਼ ਅਤੇ ਇਸ ਦੇ ਪਾਠਕ ਦੁੱਖ ਦੀ ਇਸ ਘੜੀ ਸ੍ਰੀ ਮਾਨ ਦੇ ਨਾਲ ਹਨ। ਵਾਹਿਗੁਰੂ ਵਿਛੜੀ ਆਤਮਾ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖਸ਼ੇ।

## ਡਾ. ਸਰਦਾਰਾ ਸਿੰਘ ਜੌਹਲ ਨੂੰ ਸਦਮਾ

**ਲੁਧਿਆਣਾ:** ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦੇ ਸਾਬਕਾ ਵਾਈਸ ਚਾਂਸਲਰ ਅਤੇ ਉਘੇ ਖੇਤੀ ਵਿਗਿਆਨੀ ਡਾ. ਸਰਦਾਰਾ ਸਿੰਘ ਜੌਹਲ ਨੂੰ ਉਸ ਸਮੇਂ ਡੂੰਘਾ ਸਦਮਾ ਪਹੁੰਚਿਆ ਜਦੋਂ ਉਨ੍ਹਾਂ ਦੇ ਦਾਮਾਦ 54 ਸਾਲਾ ਸ. ਬੀਰਇੰਦਰ ਸਿੰਘ ਸਰਾਂ ਆਪਣੇ ਪਿੰਡ ਮਸ਼ਿਆਣਾ (ਜਿਲਾ ਬਠਿੰਡਾ) ਵਿਚ 11 ਮਈ ਨੂੰ ਅਚਾਨਕ ਚਾਲਾਣਾ ਕਰ ਗਏ। ਉਨ੍ਹਾਂ ਨੂੰ ਪੇਟ ਦੀ ਤਕਲੀਫ ਹੋਈ ਜੋ ਉਨ੍ਹਾਂ ਲਈ ਜਾਨਲੇਵਾ ਸਾਬਤ ਹੋਈ। ਉਨ੍ਹਾਂ ਦਾ ਸਸਕਾਰ ਅਗਲੇ ਦਿਨ ਪਿੰਡ ਮਸ਼ਿਆਣਾ ਹੀ ਕਰ ਦਿੱਤਾ ਗਿਆ।

ਮਰਹੂਮ ਸ. ਬੀਰਇੰਦਰ ਸਿੰਘ ਉਘੇ ਫੋਟੋਗ੍ਰਾਫਰ ਅਤੇ ਪੱਤਰਕਾਰ ਸ. ਜਨਮੇਜਾ ਸਿੰਘ ਜੌਹਲ ਦੇ ਬਹਿਨੋਈ ਸਨ। ਸ. ਜਨਮੇਜਾ ਸਿੰਘ ਜੌਹਲ ਨਾਲ ਸੰਪਰਕ ਫੋਨ 91-98159-45018 'ਤੇ ਕੀਤਾ ਜਾ ਸਕਦਾ ਹੈ।



*ਬੀਰਇੰਦਰ ਸਿੰਘ ਸਰਾਂ*

## ਇੰਡੋ-ਯੂ.ਐਸ. ਹੈਰੀਟੇਜ ਗਦਰੀ ਮੇਲਾ 28 ਅਗਸਤ ਨੂੰ

**ਫਰਿਜਨੋ (ਬਿਊਰੋ):** ਇੰਡੋ-ਯੂ.ਐਸ. ਹੈਰੀਟੇਜ ਐਸੋਸੀਏਸ਼ਨ ਵਲੋਂ ਗਦਰੀ ਬਾਬਿਆਂ ਦੀ ਯਾਦ ਨੂੰ ਸਮਰਪਿਤ ਸਾਲਾਨਾ ਗਦਰੀ ਮੇਲਾ ਇਸ ਵਾਰ ਐਤਵਾਰ 28 ਅਗਸਤ ਨੂੰ ਫਰਿਜਨੋ ਫੇਅਰ ਗਰਾਊਂਡ ਦੇ ਵੱਡੇ ਹਾਲ ਵਿਚ ਕਰਾਇਆ ਜਾਵੇਗਾ। ਮੇਲਾ ਬੱਬਰ ਲਹਿਰ ਦੇ ਸ਼ਹੀਦ ਕਿਸ਼ਨ ਸਿੰਘ ਗੜਗਜ, ਕਕੋਰੀ ਕਾਂਡ ਦੇ ਸ਼ਹੀਦ ਰਾਮ ਪ੍ਰਸਾਦ ਬਿਸਮਿਲ ਅਤੇ ਗਦਰੀ ਬਾਬਾ ਜਵਾਲਾ ਸਿੰਘ ਠੱਠੀਆਂ ਨੂੰ ਸਮਰਪਿਤ ਹੋਵੇਗਾ।

ਇਹ ਜਾਣਕਾਰੀ ਦਿੰਦਿਆਂ ਸੰਸਥਾ ਦੇ ਇਕ ਬੁਲਾਰੇ ਸੰਤੋਖ ਸਿੰਘ ਮਿਨਹਾਸ ਨੇ ਦੱਸਿਆ ਕਿ ਇਸ ਮੌਕੇ ਸ਼ਹੀਦਾਂ ਦੀਆਂ ਕੁਰਬਾਨੀਆਂ ਦੇ ਇਤਿਹਾਸ ਨੂੰ ਦਰਸਾਉਂਦੀ ਇਕ ਫੋਟੋ ਪ੍ਰਦਰਸ਼ਨੀ ਲਾਈ ਜਾਏਗੀ। ਇਸ ਤੋਂ ਇਲਾਵਾ ਕੈਨੇਡਾ ਅਤੇ ਭਾਰਤ ਤੋਂ ਆਏ ਵਿਸ਼ੇਸ਼ ਬੁਲਾਰੇ ਮਹਾਨ ਸ਼ਹੀਦਾਂ ਦੇ ਜੀਵਨ ਬਾਰੇ ਆਪਣੇ ਵਿਚਾਰ ਰੱਖਣਗੇ। ਹਰ ਸਾਲ ਦੀ ਤਰ੍ਹਾਂ ਵੱਖ-ਵੱਖ ਖੇਤਰਾਂ ਵਿਚ ਨਾਮਣਾ ਖੱਟਣ ਅਤੇ ਸੇਵਾ ਕਰਨ ਵਾਲੀਆਂ ਤਿੰਨ ਸਖਸ਼ੀਅਤਾਂ ਤੋਂ ਇਲਾਵਾ ਹਾਈ ਸਕੂਲ ਅਤੇ ਉਪਰਲੀਆਂ ਕਲਾਸਾਂ ਵਿਚ 4.0 ਗਰੇਡ ਪ੍ਰਾਪਤ ਕਰਨ ਵਾਲੇ ਬੱਚਿਆਂ ਦਾ ਵਿਸ਼ੇਸ਼ ਸਨਮਾਨ ਕੀਤਾ ਜਾਵੇਗਾ। ਇਸ ਤੋਂ ਇਲਾਵਾ ਗੀਤ-ਸੰਗੀਤ, ਨਾਟਕ, ਕੋਰੀਓਗ੍ਰਾਫੀ ਅਤੇ ਮਨੋਰੰਜਨ ਦੀਆਂ ਹੋਰ ਬਹੁਤ ਸਾਰੀਆਂ ਆਈਟਮਾਂ ਪੇਸ਼ ਕੀਤੀਆਂ ਜਾਣਗੀਆਂ। ਇਸ ਸਬੰਧੀ ਫੈਸਲਾ ਬੀਤੇ ਐਤਵਾਰ ਨੂੰ ਸੰਸਥਾ ਦੀ ਪ੍ਰਿੰ. ਪ੍ਰੀਤਮ ਸਿੰਘ ਨਾਹਲ ਦੀ ਪ੍ਰਧਾਨਗੀ ਹੇਠ ਹੋਈ ਇੱਕ ਮੀਟਿੰਗ ਵਿਚ ਲਿਆ ਗਿਆ। ਮੀਟਿੰਗ ਵਿਚ ਗੁਰਦੀਪ ਸਿੰਘ ਨਿੱਝਰ, ਨਿਰਮਲ ਸਿੰਘ ਗਿੱਲ, ਆਤਮਾ ਸਿੰਘ ਚਾਹਲ, ਰਣਜੀਤ ਗਿੱਲ, ਪਾਲ ਧਾਲੀਵਾਲ, ਰਜਿੰਦਰ ਬਰਾੜ ਵੈਰੋਕੇ, ਮਨਜੀਤ ਕੁਲਾਰ, ਸੰਤੋਖ ਸਿੰਘ ਢਿਲੋਂ, ਹੈਰੀ ਮਾਨ, ਸਤਵੰਤ ਸਿੰਘ ਵਿਰਕ, ਸੁਲੱਖਣ ਗਿੱਲ, ਬਿਕਰਮਜੀਤ ਕਾਹਲੋਂ ਅਤੇ ਸੰਸਥਾ ਦੇ ਸਕੱਤਰ ਸੰਤੋਖ ਸਿੰਘ ਮਿਨਹਾਸ ਨੇ ਭਾਗ ਲਿਆ। ਹੋਰ ਜਾਣਕਾਰੀ ਫੋਨ 559-283-6376 ਤੋਂ ਹਾਸਲ ਕੀਤੀ ਜਾ ਸਕਦੀ ਹੈ।


# ਸ਼ੈਲ ਗੈਸ ਸਟੇਸ਼ਨ ਵਿਕਾਊ

**ਵਾਸ਼ਿੰਗਟਨ ਸਟੇਟ ਵਿਚ ਬਹੁਤ ਚੰਗਾ ਚਲਦਾ ਸ਼ੈਲ ਗੈਸ ਸਟੇਸ਼ਨ ਜਿਸ ਵਿਚ ਹਾਟ ਫੂਡ, ਡੈਲੀ ਅਤੇ ਬੀਅਰ/ ਵਾਈਨ ਵੀ ਨਾਲ ਹੈ, ਪ੍ਰਾਪਰਟੀ ਸਮੇਤ ਵਿਕਾਊ ਹੈ**

# Shell Gas Station For Sale

**With Property**
**Golden Turn Key Business Opportunity in Pacific Northwest, Beautiful Town Cathlamet, On Scenic Highway Alongwith Columbia River**
**High Volume Traffic**
**With Hot Food, Deli and Beer/Wine.**
**Also Have A Good Rental Income**

***Please Serious Buyer Only***

***Call: 360-413-9277***





# Guaranteed Save $5,000!

**On Your Home Purchase or I will Pay You $1,000 Cash**

Call 24hr for free information 1-888-450-6603, ID 4008

Priority Access to Hot New Listing. Visit www.FreeHotListings.net

**Amardeep Singh, Realtor/Loan Broker (DRE # 01357217) Ph:(916) 712-2735**



**$169,000**
**ANATOLIA - $645 Payment**
Quite street!. Bright living & family room. Perfect home. Private Shaded backyard. Cozy fireplace. Beautiful
**FREE INFO: 1-888-450-6603**
ID # 4230



**$165,000**
**NATOMAS - $630 Payment**
Why Rent? Starter Home. Open Floor Plan.Bright Living Rooms. Cozy Den, Comfortable. Eat in Kitchen.
**FREE INFO: 1-888-450-6603**
ID # 4231



**$148,000**
**ANTELOPE - $562 Payment**
Great Investment! Wonderful Area. Best schools. Walking distance to parks. Family home. Private back yard.
**FREE INFO: 1-888-450-6603**
ID # 4232



**$109,000**
**CALVINE - $416 Payment**
Location–Lively. Comfortable. Safe Neighborhood. Don't Miss. What A Deal.Easy access to Hwy 99 and College
**FREE INFO: 1-888-450-6603,**
ID # 4233




**$155,000**
**VINTAGE - $591 Payment**
Great Opportunity. First time home buyer. Walking distance to school, park, and shopping. Clean. Safe Area.
**FREE INFO: 1-888-450-6603**
ID # 4234



**$189,900**
**Natomas - $721 Payment**
Bank Owned. New Home. Excellent School District. Family room. Bright living room. Cozy den. Granite Counters
**FREE INFO: 1-888-450-6603**
ID # 4235



**$119,000**
**SACRAMENTO - $454 Payment**
Safe Neighborhood. Desirable Location. Private Yard. Open Layout. Family Beautiful Home
**FREE INFO: 1-888-450-6603,**
ID # 4236



**$229,000**
**ANATOLIA - $874 Payment**
New community. Good Schools. Walking distance to park. One Bed and one bath down stairs. Fire Place. Shaded Backyard.
**FREE INFO: 1-888-450-6603**
ID # 4237



**$240,000**
**ELK GROVE - $916 Payment**
Great School District. Cul de sac Location. Wooden and Tile Floor. Maintained landscaped. Upgrade kitchen. 4 Bed.
**FREE INFO: 1-888-450-6603**
ID # 4238



**$229,000**
**ROCKLIN - $874 Payment**
Beautiful home on a corner lot. Open floor plan with large family room. Upgraded kitchen. First time buyer delight.
**FREE INFO: 1-888-450-6603**
ID # 4239



**$210,000**
**ELK GROVE - $802 Payment**
Lovely home. 4 bedroom. Great schools. Private yard. Perfect for family. Quite Street.Wonderful Area. Desirable.
**FREE INFO: 1-888-450-6603**
ID #4240




**For Short Sale I received over $4,500**
**FREE** cash back money when we did our short sale. Both my first, second loans, utility bills and property taxes were forgiven by the lenders. Mike and family

**Get Free list of Homes at www.statewideteam.net**

**Punjab Times**

**Established in 2000**
**11th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**

**Editor:**
Amolak Singh Jammu
**Astt. Editor:**
Jaspreet Kaur
Kuljeet Singh
**Graphics:**
Mandeep Singh

**Our Columnists**
Ashok Bhaura
Tarlochan Singh Dupalpur
Baljit Basi
Prof. Kulwant S. Romana

**California Bureau:**
Mann Mandeep
Bureau Chief
661-889-1927
Shiara Dhindsa
Photographer
661-703-6664
Charanjit Singh Pannu
408-608-4961

**Honorary Directors**
**Community Relations:**
Pritam S. Grewal
408-406-0703
Kuljeet Singh
510-284-9580

**Distributed in:**
California, Illinois, Indiana, Michigan, Wisconsin, Ohio, Iowa, Missisipi, Arkansas, Texas, Nevada, Virginia, Oregon, Arizona, Georgia, Florida, Massachusettes, Washington, New York, Missouri

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 85 ਡਾਲਰ,**
**ਪੰਜ ਸਾਲ ਲਈ: 400 ਡਾਲਰ**

ਨੋਟ: ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਕੇਰਲ ਅਤੇ ਬੰਗਾਲ 'ਚ ਕਾਮਰੇਡਾਂ ਕੋਲੋਂ ਸੱਤਾ ਖੁੱਸੀ

ਅੰਤ ਨਹੀਂ ਕਿਉਂਕਿ ਦੇਸ਼ ਦੇ ਜਿਸ ਤਰ੍ਹਾਂ ਦੇ ਹਾਲਾਤ ਹਨ, ਇਸ ਨੂੰ ਅਜੇ ਖੱਬੇਪੱਖੀ ਸਿਆਸਤ ਦੀ ਲੋੜ ਹੈ।

ਉਂਜ ਇਨ੍ਹਾਂ ਚੋਣਾਂ ਨਾਲ ਅਤੇ ਖੱਬੇਪੱਬੀਆਂ ਦੀਆਂ ਪਿਛਲੇ ਸਾਲਾਂ ਦੀਆਂ ਸਰਗਰਮੀਆਂ ਤੋਂ ਸਾਫ ਹੋ ਗਿਆ ਸੀ ਕਿ ਉਹ ਕਹਿਣ ਦੇ ਹੀ ਖੱਬੇਪੱਖੀ ਜਾਂ ਕਮਿਊਨਿਸਟ ਹਨ; ਉਹ ਉਨ੍ਹਾਂ ਸਭ ਅਲਾਮਤਾਂ ਦਾ ਸ਼ਿਕਾਰ ਹੋ ਚੁੱਕੇ ਹਨ, ਜਿਸ ਵਿਚ ਮੁੱਖ ਧਾਰਾ ਵਾਲੀਆਂ ਪਾਰਟੀਆਂ ਗਲ-ਗਲ ਤੱਕ ਫਸ ਚੁੱਕੀਆਂ ਹਨ। ਉਨ੍ਹਾਂ ਦੇ ਰਸਮੀ ਜਾਂ ਰਵਾਇਤੀ ਕਮਿਊਨਿਸਟ ਤੱਕ ਹੋਏ ਘਟਾਓ ਕਾਰਨ ਹੀ ਸੂਬੇ ਵਿਚ ਮਾਓਵਾਦੀ ਇੰਨੀ ਵੱਡੀ ਪੱਧਰ 'ਤੇ ਲੋਕਾਂ ਨੂੰ ਲਾਮਬੰਦ ਕਰਨ ਵਿਚ ਸਫਲ ਰਹੇ। ਲਾਲਗੜ੍ਹ ਦੇ ਖੇਤਰ ਵਿਚ ਉਨ੍ਹਾਂ ਨੇ ਜਿਸ ਢੰਗ ਨਾਲ ਇਨ੍ਹਾਂ ਸੱਤਾਧਾਰੀ ਰਵਾਇਤੀ ਕਮਿਊਨਿਸਟਾਂ ਨੂੰ ਪਛਾੜਿਆ, ਉਸ ਨੇ ਮਮਤਾ ਦੀ ਮਿਸਾਲੀ ਜਿੱਤ ਨੂੰ ਯਕੀਨੀ ਬਣਾ ਦਿੱਤਾ। ਅਸਲ ਵਿਚ ਤਿੰਨ ਸਾਲ ਪਹਿਲਾਂ ਜਦੋਂ ਬੁਧਦੇਵ ਭੱਟਾਚਾਰੀਆ ਦੀ ਸਰਕਾਰ ਨੇ ਕਿਸਾਨੀ ਮਸਲਿਆਂ ਨੂੰ ਦਰਕਿਨਾਰ ਕਰਕੇ ਨਿਰੋਲ ਸਨਅਤੀਕਰਨ ਨੂੰ ਪਹਿਲ ਦੇਣੀ ਸ਼ੁਰੂ ਕਰ ਦਿੱਤੀ ਤਾਂ ਮਾਓਵਾਦੀਆਂ ਅਤੇ ਮਮਤਾ ਬੈਨਰਜੀ ਵੱਲੋਂ ਨੰਦੀਗਰਾਮ ਅਤੇ ਸਿੰਗੂਰ ਵਿਚ ਕੀਤੀ ਤਿੱਖੀ ਸਰਗਰਮੀ ਨਾਲ ਇਨ੍ਹਾਂ ਰਵਾਇਤੀ ਕਮਿਊਨਿਸਟਾਂ ਦੇ ਪੈਰ ਅਜਿਹੇ ਉਖੜੇ ਕਿ ਮੁੜ ਕੇ ਸੰਭਲਣ ਦਾ ਵੀ ਮੌਕਾ ਨਾ ਮਿਲਿਆ।

ਮਾਓਵਾਦੀਆਂ ਨੇ ਆਪਣੀ ਸਿਆਸਤ ਰਾਹੀਂ ਅਵਾਮ ਨੂੰ ਇਹ ਜਚਾ ਦਿੱਤਾ ਕਿ ਮਾਰਕਸ ਦੀ ਵਿਚਾਰਧਾਰਾ ਦੇ ਅਸਲੀ ਵਾਰਸ ਉਹ ਹਨ ਅਤੇ ਲੋਕਾਂ ਨੂੰ ਨਕਲੀ ਕਾਮਰੇਡਾਂ ਦੇ ਕਹਿਰ ਤੋਂ ਬਚਾਉਣ ਦਾ ਨੁਸਖਾ ਉਨ੍ਹਾਂ ਕੋਲ ਹੈ। ਉਨ੍ਹਾਂ ਨੇ ਖੱਬੇਪੱਖੀਆਂ ਵੱਲੋਂ ਆਪਣੀ ਪ੍ਰਾਈਵੇਟ ਗੁੰਡਾ ਬ੍ਰਿਗੇਡ 'ਹਰਮਦ ਵਾਹਿਨੀ' ਰਾਹੀਂ ਫੈਲਾਏ ਡਰ ਅਤੇ ਭੈਅ ਨੂੰ ਖਤਮ ਕਰ ਦਿੱਤਾ, ਲੋਕਾਂ ਵਿਚ ਸਵੈ-ਵਿਸ਼ਵਾਸ ਦੀ ਜਾਗ ਲਾ ਦਿੱਤੀ। ਇਸੇ ਲਈ ਕੁਝ ਸਿਆਸੀ ਮਾਹਿਰ ਪੱਛਮੀ ਬੰਗਾਲ ਦੀ ਤਬਦੀਲੀ ਨੂੰ ਕਮਿਊਨਿਸਟਾਂ ਦੀ ਹਾਰ ਦੀ ਥਾਂ ਅਸਲੀ ਕਮਿਊਨਿਸਟਾਂ ਦੀ ਆਮਦ ਨਾਲ ਜੋੜ ਰਹੇ ਹਨ।

ਸੂਬੇ ਵਿਚ ਇਕ ਹੋਰ ਕਮਿਊਨਿਸਟ ਪਾਰਟੀ 'ਸੋਸ਼ਲਿਸਟ ਯੂਨਿਟੀ ਸੈਂਟਰ ਆਫ ਇੰਡੀਆ' (ਐਸ.ਯੂ.ਸੀ.ਆਈ.) ਨੂੰ ਇਕ ਸੀਟ ਮਿਲੀ ਹੈ। ਇਉਂ ਕੁੱਲ 294 ਸੀਟਾਂ ਵਾਲੀ ਵਿਧਾਨ ਸਭਾ ਵਿਚ ਤ੍ਰਿਣਮੂਲ ਕਾਂਗਰਸ ਗੱਠਜੋੜ ਨੂੰ 227 ਸੀਟਾਂ ਅਤੇ ਸੀ.ਪੀ.ਐਮ. ਦੀ ਅਗਵਾਈ ਵਾਲੇ ਗੱਠਜੋੜ ਨੂੰ ਸਿਰਫ 63 ਸੀਟਾਂ ਮਿਲੀਆਂ ਹਨ।

## ਕਰੁਨਾਨਿਧੀ ਨੂੰ ਮਾਤ

ਜੈਲਲਿਤਾ ਦੀ ਅੰਨਾ ਡੀ.ਐਮ. ਕੇ. ਨੇ ਤਾਮਿਲਨਾਡੂ ਵਿਚ ਭ੍ਰਿਸ਼ਟਾਚਾਰ ਦੇ ਜਿੰਨ ਦੀ ਮਾਰ ਸਹਿ ਰਹੀ ਡੀ.ਐਮ. ਕੇ. ਨੂੰ ਹਰਾ ਦਿੱਤਾ ਹੈ। ਤਾਮਿਲਨਾਡੂ ਵਿਚ ਆਮ ਤੌਰ 'ਤੇ ਹਰ ਵਾਰ ਹੀ ਇਕ ਪਾਸੜ ਹਵਾ ਚੱਲਦੀ ਹੈ, ਤੇ ਐਤਕੀਂ ਇਸ ਨੇ ਮੁੱਖ ਮੰਤਰੀ ਐਮ. ਕਰੁਨਾਨਿਧੀ ਦੇ ਡੀ.ਐਮ.ਕੇ. ਗੱਠਜੋੜ ਨੂੰ ਉਡਾ ਦਿੱਤਾ। ਕੁੱਲ 234 ਸੀਟਾਂ 'ਚੋਂ ਜੈਲਲਿਤਾ ਦੇ ਗੱਠਜੋੜ ਨੂੰ 204 ਅਤੇ ਡੀ.ਐਮ.ਕੇ. ਗੱਠਜੋੜ ਨੂੰ 30 ਸੀਟਾਂ ਮਿਲੀਆਂ। 2006 ਵਿਚ ਤਾਮਿਲਨਾਡੂ ਵਿਚ ਕਿਸੇ ਪਾਰਟੀ ਨੂੰ ਬਹੁਮਤ ਨਹੀਂ ਸੀ ਮਿਲਿਆ। ਉਦੋਂ ਡੀ.ਐਮ.ਕੇ. ਨੂੰ 96 ਸੀਟਾਂ ਮਿਲੀਆਂ ਸਨ ਤੇ ਕਾਂਗਰਸ ਤੇ ਹੋਰਾਂ ਨੇ ਬਾਹਰੋਂ ਹਮਾਇਤ ਦੇ ਕੇ ਸਰਕਾਰ ਬਣਾਈ ਸੀ। ਅੰਮਾ ਦੀ ਪਾਰਟੀ ਨੂੰ 61 ਸੀਟਾਂ ਮਿਲੀਆਂ ਸਨ। ਜੈਲਲਿਤਾ ਤੇ ਕਰੁਨਾਨਿਧੀ ਕ੍ਰਮਵਾਰ ਸ੍ਰੀਰੰਗਮ ਤੇ ਤਿਰੂਵਰੂ ਤੋਂ ਜਿੱਤੇ ਹਨ।

## ਲੋਕਾਂ ਆਰਾਮ ਕਰਨ ਦਾ ਮੌਕਾ ਦਿੱਤਾ: ਕਰੁਣਾਨਿਧੀ

ਚੋਣਾਂ ਵਿਚ ਬੁਰੀ ਤਰ੍ਹਾਂ ਮਾਤ ਖਾਣ ਮਗਰੋਂ ਡੀ.ਐਮ.ਕੇ ਮੁਖੀ ਐਮ. ਕਰੁਣਾਨਿਧੀ ਨੇ ਕਿਹਾ ਕਿ ਤਾਮਿਲਨਾਡੂ ਦੇ ਲੋਕਾਂ ਨੇ ਉਸ ਨੂੰ 'ਪੂਰੀ ਤਰ੍ਹਾਂ ਆਰਾਮ' ਕਰਨ ਦਾ ਮੌਕਾ ਦਿੱਤਾ ਹੈ ਕਿਉਂਕਿ ਉਸ ਦੇ ਬੁੱਢੇ ਮੋਢਿਆਂ 'ਤੇ ਕੰਮ ਦਾ ਬੋਝ ਜ਼ਿਆਦਾ ਵਧ ਗਿਆ ਸੀ। ਲੋਕ ਉਸ ਨੂੰ ਦਫ਼ਤਰੀ ਕੰਮ ਦੇ ਭਾਰ ਤੋਂ ਮੁਕਤ ਕਰਨਾ ਚਾਹੁੰਦੇ ਸਨ। 87 ਸਾਲਾ ਕਰੁਣਾਨਿਧੀ ਦੀ ਰਵਾਇਤੀ ਟਿੱਪਣੀ ਨੇ ਸਿਆਸੀ ਖੇਮੇ ਵਿਚ ਕੋਈ ਹੈਰਾਨੀ ਪੈਦਾ ਨਹੀਂ ਕੀਤੀ। ਕੁਝ ਸਾਲਾਂ ਤੋਂ ਸੱਤਾ ਹਥਿਆਉਣ ਦੀ ਜੰਗ ਡੀ.ਐਮ.ਕੇ. ਪਰਿਵਾਰ ਵਿਚ ਚੱਲ ਰਹੀ ਹੈ। ਉਸ ਦੇ ਦੋਵੇਂ ਪੁੱਤਰ ਐਮ.ਕੇ.ਅਲਾਗਿਰੀ ਤੇ ਐਮ.ਕੇ. ਸਟਾਲਿਨ ਉਸ ਦਾ ਵਾਰਸ ਬਣਨ ਲਈ ਤਰਲੋਮੱਛੀ ਹੋ ਰਹੇ ਹਨ।

## ਕਾਂਗਰਸ ਦੀ ਤੀਜੀ ਜਿੱਤ

ਅਸਾਮ ਵਿਚ ਕਾਂਗਰਸ ਲਗਾਤਾਰ ਤੀਜੀ ਵਾਰ ਤਰੁਣ ਗੋਗੋਈ ਦੀ ਅਗਵਾਈ ਵਿਚ ਸਰਕਾਰ ਬਣੀ ਹੈ। ਇੱਥੇ ਉਸ ਨੂੰ ਕੁੱਲ 126 ਸੀਟਾਂ ਵਿਚੋਂ 76 ਸੀਟਾਂ ਮਿਲੀਆਂ ਜਦਕਿ ਵਿਰੋਧੀ ਅਸਮ ਗਣ ਪ੍ਰੀਸ਼ਦ ਸਿਰਫ 10 ਸੀਟਾਂ ਤਕ ਸਿਮਟ ਗਈ। ਇਸ ਤੋਂ ਇਲਾਵਾ ਖਿੰਡੇ ਹੋਰ ਵਿਰੋਧੀ ਦਲਾਂ ਨੂੰ 40 ਸੀਟਾਂ ਮਿਲੀਆਂ। ਮਿਲੀ। ਅਸਾਮ ਵਿਚ ਕਾਂਗਰਸ ਦੀ ਹਾਲਤ ਪਿਛਲੀ ਵਾਰ ਨਾਲੋਂ ਬਿਹਤਰ ਹੈ। 2006 ਵਿਚ ਕਾਂਗਰਸ ਨੂੰ 126 ਮੈਂਬਰੀ ਵਿਧਾਨ ਸਭਾ ਵਿਚ 53 ਸੀਟਾਂ ਮਿਲੀਆਂ ਸਨ। ਇਸ ਵਾਰ ਉਸ ਨੂੰ 76 ਸੀਟਾਂ ਮਿਲੀਆਂ। ਪਿਛਲੀ ਵਾਰ 24 ਸੀਟਾਂ ਜਿੱਤਣ ਵਾਲੀ ਅਸਾਮਗਣ ਪ੍ਰੀਸ਼ਦ ਨੂੰ ਇਸ ਵਾਰ 10 ਸੀਟਾਂ ਮਿਲੀਆਂ ਹਨ।

## ਕੇਰਲ 'ਚ ਵੀ ਕਾਮਰੇਡਾਂ ਨੂੰ ਮਾਤ

ਕੇਰਲ ਵਿਚ ਖੱਬੇ ਮੋਰਚੇ ਦਾ ਪੱਛਮੀ ਬੰਗਾਲ ਜਿੰਨਾ ਮਾੜਾ ਹਾਲ ਹੋਣ ਤੋਂ ਬਚਾਅ ਰਿਹਾ ਹੈ। ਪਾਰਟੀ ਦੀ ਅੰਦਰੂਨੀ ਖਿਚੋਤਾਣ ਨੇ ਵੀ ਕਾਫੀ ਢਾਹ ਲਾਈ ਹੈ। ਰਾਜ ਦੀਆਂ ਕੁੱਲ 140 ਸੀਟਾਂ ਵਿਚੋਂ ਯੂ.ਡੀ.ਐਫ. 72 ਸੀਟਾਂ ਲੈ ਗਿਆ ਜਦਕਿ ਐਲ.ਡੀ.ਐਫ. 68 ਸੀਟਾਂ ਤੱਕ ਜਾ ਕੇ ਹਫ਼ ਗਿਆ।

## ਪੁੱਡੂਚੇਰੀ 'ਚ ਕਾਂਗਰਸ ਨੂੰ ਬਗਾਵਤ ਲੈ ਬੈਠੀ

ਪੁੱਡੂਚੇਰੀ ਵਿਚ ਕਾਂਗਰਸ ਨੂੰ ਬਾਗੀਆਂ ਕਾਰਨ ਸੱਤਾ ਗੁਆਉਣੀ ਪਈ। ਇੱਥੇ ਕੁੱਲ 30 ਸੀਟਾਂ ਵਿਚੋਂ ਐਨ.ਆਰ.ਸੀ. ਗਠਜੋੜ ਨੂੰ 20, ਕਾਂਗਰਸ ਗਠਜੋੜ ਨੂੰ 9 ਤੇ ਹੋਰ ਨੂੰ ਇਕ ਸੀਟ ਮਿਲੀ ਹੈ।

ਪੁੱਡੂਚੇਰੀ ਵਿਚ ਕਾਂਗਰਸ ਹੱਥੋਂ ਸਰਕਾਰ ਉਦੋਂ ਖਿਸਕ ਗਈ ਜਦੋਂ ਜਨਤਾ ਨੇ ਐਨ. ਰੰਗਾਸਾਮੀ ਕਾਂਗਰਸ ਤੇ ਅੰਨਾ.ਡੀ.ਐਮ.ਕੇ. ਗਠਜੋੜ ਨੂੰ ਸੱਤਾ ਸੌਂਪ ਦਿੱਤੀ। ਇੱਥੇ ਕੁੱਲ 30 ਸੀਟਾਂ ਵਿਚੋਂ ਐਨ.ਆਰ. ਸੀ. ਗਠਜੋੜ ਨੂੰ 20 ਤੇ ਕਾਂਗਰਸ ਨੂੰ 9 ਤੇ ਹੋਰਾਂ ਨੂੰ ਇਕ ਸੀਟ ਮਿਲੀ। ਕੁਝ ਸਮਾਂ ਪਹਿਲਾਂ ਕਾਂਗਰਸ ਦਾ ਪੱਲਾ ਛੱਡਣ ਵਾਲੇ ਐਨ. ਰੰਗਾਸਾਮੀ ਦੀ ਅਗਵਾਈ ਵਾਲੇ ਐਨ.ਆਰ.ਸੀ. ਨੂੰ 15 ਤੇ ਅੰਨਾ.ਡੀ.ਐਮ.ਕੇ. ਨੂੰ 5 ਸੀਟਾਂ ਮਿਲੀਆਂ। ਕਾਂਗਰਸ ਨੂੰ 7 ਤੇ ਉਸ ਦੀ ਸਹਿਯੋਗੀ ਡੀ.ਐਮ.ਕੇ. ਨੂੰ 2 ਸੀਟਾਂ ਮਿਲੀਆਂ। ਇਕ ਸੀਟ ਆਜ਼ਾਦ ਉਮੀਦਵਾਰ ਨੇ ਜਿੱਤੀ।

# ਘਪਲਿਆਂ ਦੇ ਜਾਲ 'ਚ ਘਿਰੀ ਕਾਂਗਰਸ ਨੂੰ ਮਿਲੀ ਰਾਹਤ

**ਨਵੀਂ ਦਿੱਲੀ:** ਕੁਝ ਮਹੀਨਿਆਂ ਤੋਂ ਘਪਲਿਆਂ ਕਾਰਨ ਆਪਣੇ ਅਕਸ 'ਤੇ ਕਈ ਫੱਟ ਖਾ ਚੁੱਕੀ ਕਾਂਗਰਸ ਲਈ ਅਸਾਮ, ਕੇਰਲ ਅਤੇ ਪੱਛਮੀ ਬੰਗਾਲ ਦੇ ਚੋਣ ਨਤੀਜਿਆਂ ਨੇ ਮੱਲ੍ਹਮ ਦਾ ਕੰਮ ਕੀਤਾ ਹੈ। 22 ਮਈ ਨੂੰ ਯੂ.ਪੀ.ਏ.-2 ਦਾ 'ਦੂਜਾ ਜਨਮ ਦਿਨ' ਹੈ ਤੇ ਇਨ੍ਹਾਂ ਰਾਜਾਂ ਵਿਚ ਜਿੱਤ ਨਾਲ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਤੇ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਲਈ ਜਸ਼ਨ ਮਨਾਉਣ ਜੋਗੀ ਸਮੱਗਰੀ ਦਾ ਜੁਗਾੜ ਹੋ ਗਿਆ ਹੈ। ਪਿਛਲੇ ਕੁਝ ਮਹੀਨਿਆਂ ਤੋਂ ਕਾਂਗਰਸ ਤੇ ਯੂ.ਪੀ.ਏ. ਸਰਕਾਰ ਘਪਲਿਆਂ ਤੇ ਵਿਵਾਦਾਂ ਵਿਚ ਘਿਰੇ ਹੋਏ ਸਨ। ਦੋਵਾਂ ਵਿਚ ਮਾਯੂਸੀ ਦਾ ਆਲਮ ਸੀ ਤੇ ਇਹ ਚੋਣ ਨਤੀਜੇ ਗਰਮੀ ਦੇ ਇਸ ਮੌਸਮ ਵਿਚ ਖੁਸ਼ੀ ਦੇ ਠੰਢੇ ਬੁੱਲੇ ਲੈ ਕੇ ਆਏ ਹਨ। ਇਸ ਖੁਸ਼ੀ ਵਿਚ ਤਾਮਿਲਨਾਡੂ ਵਿਚਲੀ ਡੀ.ਐਮ.ਕੇ. ਅਤੇ ਕਾਂਗਰਸ ਦੇ ਗਠਜੋੜ ਦੀ ਹਾਰ ਨਾਲ ਵੱਡਾ ਝਟਕਾ ਵੀ ਸਰਕਾਰ ਨੂੰ ਲੱਗਾ ਹੈ। ਯੂ.ਪੀ.ਏ. ਵਿਚ ਕਾਂਗਰਸ, ਤ੍ਰਿਣਮੂਲ ਕਾਂਗਰਸ ਮਗਰੋਂ ਡੀ.ਐਮ.ਕੇ. ਤੀਜੀ ਵੱਡੀ ਭਾਈਵਾਲ ਪਾਰਟੀ ਹੈ।

ਪੱਛਮੀ ਬੰਗਾਲ ਵਿਚ ਤ੍ਰਿਣਮੂਲ ਕਾਂਗਰਸ ਤੇ ਕਾਂਗਰਸ ਗਠਜੋੜ ਨੇ 34 ਸਾਲਾ ਖੱਬੇ ਫਰੰਟ ਦੀ ਸਰਕਾਰ ਨੂੰ ਉਖਾੜ ਕੇ ਨਵਾਂ ਇਤਿਹਾਸ ਰਚ ਦਿੱਤਾ ਹੈ। ਅਸਾਮ 'ਚ ਕਾਂਗਰਸ ਲਗਾਤਾਰ ਤੀਜੀ ਵਾਰ ਸੱਤਾ 'ਚ ਆਈ ਹੈ। ਕੇਰਲ ਵਿਚਲੀ ਪ੍ਰਾਪਤੀ ਪਾਰਟੀ ਦਾ ਹੌਸਲਾ ਵਧਾਉਣ ਲਈ ਵਾਧੂ ਹੈ। ਤਾਮਿਲਨਾਡੂ ਦੇ ਨਾਲ ਲੱਗਦੇ ਪੁੱਡੂਚੇਰੀ ਜਿੱਥੇ ਕਾਂਗਰਸ ਪਿਛਲੇ ਦਸ ਸਾਲਾਂ ਤੋਂ ਸੱਤਾ ਵਿਚ ਸੀ, ਦਾ ਪੱਤਾ ਐਨ.ਆਰ.ਸੀ. ਨੇ ਸਾਫ ਕਰ ਦਿੱਤਾ। ਸਿਆਸੀ ਮਾਹਰਾਂ ਮੁਤਾਬਕ ਕਾਂਗਰਸ ਤੇ ਉਸ ਦੇ ਸਹਿਯੋਗੀਆਂ ਦੀ ਜੇਬ 'ਚ ਹੁਣ ਅਗਲੇ ਸਾਲ ਉਤਰ ਪ੍ਰਦੇਸ਼ ਸਣੇ ਹੋਰ ਰਾਜਾਂ ਵਿਚ ਹੋ ਰਹੀਆਂ ਵਿਧਾਨ ਸਭਾ ਚੋਣਾਂ ਵਿਚ ਇਨ੍ਹਾਂ ਚੋਣਾਂ ਵਿਚ ਕੀਤੀ ਪ੍ਰਾਪਤੀ ਨੂੰ ਖਰਚ ਕਰ ਸਕਣਗੀਆਂ।

# ਗੁਰਦੁਆਰਾ ਅੰਗਦ ਦਰਬਾਰ ਵਿਖੇ ਪੰਜਾਬੀ ਕਲਾਸਾਂ ਸ਼ੁਰੂ

**ਬੇਕਰਜ਼ਫੀਲਡ (ਮਾਨ ਮਨਦੀਪ):** ਸਥਾਨਕ ਗੁਰਦੁਆਰਾ ਅੰਗਦ ਦਰਬਾਰ ਵਿਚ ਇਥੇ ਜੰਮੇ ਪਲੇ ਬੱਚਿਆਂ ਨੂੰ ਪੰਜਾਬੀ ਮਾਂ ਬੋਲੀ ਨਾਲ ਜੋੜਨ ਦੇ ਮਨੋਰਥ ਨਾਲ ਗਿਆਨੀ ਸਵਰਨ ਸਿੰਘ ਅਤੇ ਬੀਬੀ ਮਹਿੰਦਰ ਕੌਰ ਵਲੋਂ ਹਰ ਰੋਜ਼ ਸ਼ਾਮੀ 5 ਵਜੇ ਤੋਂ ਸ਼ਾਮੀਂ 7 ਵਜੇ ਤੱਕ ਪੰਜਾਬੀ ਬੋਲਣਾ ਅਤੇ ਲਿਖਣਾ ਸਿਖਾਉਣ ਲਈ ਕਲਾਸਾਂ ਸ਼ੁਰੂ ਕੀਤੀਆਂ ਗਈਆਂ ਹਨ।

ਗਿਆਨੀ ਸਵਰਨ ਸਿੰਘ ਨੇ ਦੱਸਿਆ ਕਿ ਪੰਜਾਹ ਦੇ ਕਰੀਬ ਬੱਚੇ ਇਨ੍ਹਾਂ ਕਲਾਸਾਂ ਵਿਚ ਦਾਖਲ ਹੋ ਚੁਕੇ ਹਨ ਅਤੇ ਉਨ੍ਹਾਂ ਨੂੰ ਗੁਰਬਾਣੀ ਅਤੇ ਸਿੱਖ ਇਤਿਹਾਸ ਬਾਰੇ ਵੀ ਜਾਣੂ ਕਰਵਾਇਆ ਜਾਵੇਗਾ। ਪੰਜਾਬੀ ਸਕੂਲ ਵਿਚ ਆਪਣੇ ਬੱਚੇ ਦਾਖਲ ਕਰਵਾਉਣ ਦੇ ਚਾਹਵਾਨ ਗੁਰੂ ਘਰ ਦੇ ਪ੍ਰਧਾਨ ਸ. ਸੁਖਬੀਰ ਸਿੰਘ ਸੰਧੂ ਨਾਲ ਫੋਨ 661-204-0096 ਉਤੇ ਸੰਪਰਕ ਕਰ ਸਕਦੇ ਹਨ।



*ਪੰਜਾਬੀ ਦੀ ਪੜ੍ਹਾਈ ਕਰ ਰਹੇ ਬੱਚੇ*

# ਬੱਬਰ ਖਾਲਸਾ ਦਾ ਕਾਰਕੁਨ ਬਲਵਿੰਦਰ ਡਿਪਟੀ ਕਾਬੂ

ਅੰਮ੍ਰਿਤਸਰ: ਪੰਜਾਬ ਪੁਲਿਸ ਨੇ ਬੱਬਰ ਖਾਲਸਾ ਦਾ ਕਾਰਕੁਨ ਬਲਵਿੰਦਰ ਡਿਪਟੀ ਕਾਬੂ ਕਰਨ ਦਾ ਦਾਅਵਾ ਕੀਤਾ ਹੈ। ਪੁਲਿਸ ਅਨੁਸਾਰ ਮਕਬੂਲਪੁਰਾ ਨਾਕੇ 'ਤੇ ਪੁਲਿਸ ਮੁਲਾਜ਼ਮ ਬਿਕਰਮਜੀਤ ਸਿੰਘ 'ਤੇ ਜਾਨਲੇਵਾ ਹਮਲਾ ਕਰਨ ਵਾਲਾ ਬਲਵਿੰਦਰ ਸਿੰਘ ਡਿਪਟੀ ਬੱਬਰ ਖਾਲਸਾ ਦਾ ਕਾਰਕੁਨ ਹੈ। ਬਲਵਿੰਦਰ ਸਿੰਘ ਸਾਲ 2004 ਤੋਂ ਤਰਨ ਤਾਰਨ ਦੇ ਇਕ ਡੇਰਾ ਮੁਖੀ ਦੇ ਕਤਲ ਦੇ ਮਾਮਲੇ ਵਿਚ ਲੋੜੀਂਦਾ ਸੀ। ਇਸ ਤੋਂ ਇਲਾਵਾ ਉਹ ਅਗਵਾ ਤੇ ਲੁੱਟਾਂ ਦੀਆਂ ਵਾਰਦਾਤਾਂ ਵਿਚ ਵੀ ਪੁਲਿਸ ਨੂੰ ਲੋੜੀਂਦਾ ਸੀ।

ਪੁਲਿਸ ਅਧਿਕਾਰੀਆਂ ਨੇ ਇਹ ਖੁਲਾਸਾ ਵੀ ਕੀਤਾ ਕਿ ਡਿਪਟੀ ਦੀ ਹਿਟ ਲਿਸਟ 'ਚ ਕਈ ਧਾਰਮਿਕ ਸੰਸਥਾਵਾਂ ਦੇ ਮੁਖੀਆਂ ਦੇ ਨਾਂ ਸ਼ਾਮਲ ਸਨ। ਡਿਪਟੀ ਕਮਿਸ਼ਨਰ ਏ.ਐਸ. ਚਾਹਲ ਅਨੁਸਾਰ ਉਸ ਕੋਲੋਂ ਚੀਨ ਦੀ ਬਣੀ ਹੋਈ ਪਿਸਤੌਲ ਬਰਾਮਦ ਹੋਈ ਹੈ। ਉਨ੍ਹਾਂ ਕਿਹਾ ਕਿ ਡਿਪਟੀ ਉਨ੍ਹਾਂ ਤਿੰਨਾਂ ਦੋਸ਼ੀਆਂ ਵਿਚ ਸ਼ਾਮਲ ਸੀ ਜਿਨ੍ਹਾਂ ਨੇ 15 ਅਪਰੈਲ 2004 ਵਿਚ ਤਰਨ ਤਾਰਨ ਦੇ ਡੇਰਾ ਅਕਾਲ ਦੇ ਮੁਖੀ ਬਾਬਾ ਜਗਤਾਰ ਸਿੰਘ ਤੇ ਉਸ ਦੇ ਸੇਵਕ ਮਨਜੀਤ ਸਿੰਘ ਦਾ ਕਤਲ ਕੀਤਾ ਸੀ। ਪੁਲਿਸ ਨੇ ਉਸ ਨੂੰ ਗ੍ਰਿਫ਼ਤਾਰ ਕਰ ਲਿਆ ਤੇ ਅਗਸਤ 2009 ਵਿਚ ਉਹ ਜ਼ਮਾਨਤ 'ਤੇ ਬਾਹਰ ਆ ਗਿਆ। ਪਿਛਲੇ ਦੋ ਸਾਲਾਂ ਤੋਂ ਉਹ ਪੁਲਿਸ ਨੂੰ ਲੋੜੀਂਦਾ ਸੀ। ਉਨ੍ਹਾਂ ਦੱਸਿਆ ਕਿ ਇਸ ਸਮੇਂ ਦੌਰਾਨ ਉਹ ਨਸ਼ਿਆਂ ਦਾ ਕਾਰੋਬਾਰ ਕਰਦਾ ਰਿਹਾ ਤੇ ਉਸ ਨੇ ਟਰੱਕ ਡਰਾਇਵਰ ਵਜੋਂ ਕੰਮ ਵੀ ਕੀਤਾ। ਇਸ ਦੌਰਾਨ ਹੀ ਉਸ ਨੇ ਅਹਿਮਦਾਬਾਦ ਵਿਚ ਇਕ ਵਿਅਕਤੀ ਦਾ ਕਤਲ ਵੀ ਕੀਤਾ। ਡੀ.ਸੀ.ਪੀ. ਨੇ ਦੱਸਿਆ ਕਿ 11 ਮਈ ਦੀ ਰਾਤ ਨੂੰ ਥਾਣਾ ਮਕਬੂਲਪੁਰਾ ਦੀ ਪੁਲਿਸ ਨੇ ਨਾਕਾ ਲਾਇਆ ਸੀ। ਜਦੋਂ ਬਲਵਿੰਦਰ ਸਿੰਘ ਡਿਪਟੀ ਨੂੰ ਰੋਕਣ ਦੀ ਕੋਸ਼ਿਸ਼ ਕੀਤੀ ਤਾਂ ਉਸ ਨੇ ਗੋਲੀ ਚਲਾ ਦਿੱਤੀ ਜਿਸ ਵਿਚ ਪੁਲਿਸ ਮੁਲਾਜ਼ਮ ਬਿਕਰਮਜੀਤ ਸਿੰਘ ਜ਼ਖ਼ਮੀ ਹੋ ਗਿਆ। ਬਾਅਦ ਵਿਚ ਪੁਲਿਸ ਨੇ ਡਿਪਟੀ ਨੂੰ ਗ੍ਰਿਫ਼ਤਾਰ ਕਰ ਲਿਆ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

ਬੀਬੀ ਨਵਦੀਪ ਕੌਰ (ਡਾ.)
ਸ੍ਰੀ ਸੰਨੀ ਧੂੜ (ਮਿਸ਼ੀਗਨ)
ਪ੍ਰੋ ਜੋਗਿੰਦਰ ਸਿੰਘ ਰਮਦੇਵ
ਸ. ਸਵਰਨਜੀਤ ਸਿੰਘ ਢਿਲੋਂ
ਸ. ਅਮੋਲਕ ਸਿੰਘ ਗਾਖਲ
ਸ. ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ

ਸ. ਬਲਵਿੰਦਰ ਸਿੰਘ ਸੰਧੂ
ਸ. ਹਰਜੀਤ ਸਿੰਘ ਸਾਹੀ
ਸ੍ਰੀ ਸਰਵਣ ਸਿੰਘ ਟਿਵਾਣਾ
ਸ. ਜੈਦੇਵ ਸਿੰਘ ਭੱਠਲ
ਸ. ਸ਼ਮਸ਼ੇਰ ਸਿੰਘ ਬੋਪਾਰਾਏ
ਸ. ਜਗਦੀਸ਼ਰ ਸਿੰਘ ਕਲੇਰ (ਮਿਲਵਾਕੀ)

ਸ. ਦਰਸ਼ਨ ਸਿੰਘ ਦਰੜ
ਸ. ਰਾਜਿੰਦਰ ਸਿੰਘ ਬੈਂਸ
ਸ. ਮਨਦੀਪ ਸਿੰਘ ਭੂਰਾ
ਸ੍ਰੀ ਗੁਰਿੰਦਰ ਸਿੰਘ ਗਿੱਲ
ਸ੍ਰੀ ਹੈਪੀ ਹੀਰ

# ਭਗਵੰਤ ਮਾਨ ਵਲੋਂ ਪੀਪਲਜ਼ ਪਾਰਟੀ ਆਫ ਪੰਜਾਬ ਦਾ ਸਾਥ ਦੇਣ ਦਾ ਸੱਦਾ

ਬੇਰੁਜਗਾਰੀ, ਗਰੀਬੀ ਅਤੇ ਮਹਿੰਗਾਈ ਨੇ ਲੋਕਾਂ ਦਾ ਨੱਕ ਵਿਚ ਦਮ ਕੀਤਾ ਹੋਇਆ ਹੈ, ਪੰਜਾਬ ਜੋ ਕਦੇ ਪੰਜਾਂ ਦਰਿਆਵਾਂ ਦੀ ਧਰਤੀ ਸੀ, ਹੁਣ ਨਸ਼ਿਆਂ ਦੇ ਦਰਿਆ ਦੀ ਮਾਰ ਹੇਠ ਹੈ ਅਤੇ ਪੰਜਾਬ ਦੇ ਵਡੇ ਹਿੱਸੇ ਵਿਚ ਕੈਂਸਰ, ਹੈਪਟਾਈਟਸ, ਦਿਮਾਗੀ ਅਤੇ ਹੋਰ ਅਨੇਕਾਂ ਕਿਸਮ ਦੀਆਂ ਬੀਮਾਰੀਆਂ ਘਰ ਕਰਦੀਆਂ ਜਾ ਰਹੀਆਂ ਹਨ। ਪਿਛਲੇ 64 ਸਾਲਾਂ ਵਿਚ ਪੰਜਾਬ ਦੇ ਲੋਕਾਂ ਨੂੰ ਰੰਗ ਰੰਗ ਦੀਆਂ ਪਾਰਟੀਆਂ ਨੇ ਸਿਰਫ ਲੁਟਿਆ ਹੀ ਹੈ। ਪਹਿਲੀ ਵਾਰ ਪੀਪਲਜ਼ ਪਾਰਟੀ ਆਫ ਪੰਜਾਬ ਨੇ ਲੋਕਾਂ ਲਈ ਇਕ ਆਸ ਦੀ ਕਿਰਨ ਜਗਾਈ ਹੈ। ਉਨ੍ਹਾਂ ਕਿਹਾ ਕਿ ਅਸੀਂ ਮਨਪ੍ਰੀਤ ਸਿੰਘ ਬਾਦਲ ਦਾ ਸਾਥ ਇਸ ਸ਼ਰਤ ਉਤੇ ਦੇਣਾ ਮੰਨਿਆ ਹੈ ਕਿ ਪੰਜਾਬ ਨੂੰ ਸ਼ਹੀਦ ਭਗਤ ਸਿੰਘ ਦੇ ਸੁਪਨਿਆਂ ਦਾ ਰਾਜ ਦੇਣ ਲਈ ਘਟੋ ਘਟ ਯਤਨ ਤਾਂ ਕਰ ਸਕੀਏ। ਉਨ੍ਹਾਂ ਕਿਹਾ ਕਿ ਪਾਰਟੀ ਵਿਚ ਸ਼ਾਮਲ ਹੋਣ ਸਮੇਂ ਮੈਂ ਸ. ਮਨਪ੍ਰੀਤ ਬਾਦਲ ਨੂੰ ਸਪਸ਼ਟ ਕਿਹਾ ਸੀ ਕਿ ਜੇ ਉਨ੍ਹਾਂ ਨੇ ਵੀ ਹੋਰ ਲੀਡਰਾਂ ਵਾਂਗ ਕੀਤੀ ਅਤੇ ਪਾਰਟੀ ਹੱਕ-ਸੱਚ ਤੇ ਨਾ ਰਹੀ ਤਾਂ ਸਭ ਤੋਂ ਪਹਿਲਾਂ ਮੈਂ ਹੀ ਉਨ੍ਹਾਂ ਦੇ ਖਿਲਾਫ ਹੋਵਾਂਗਾ।

ਸਿਆਸਤ ਵਿਚ ਆਉਣ ਦੇ ਆਪਣੇ ਕਾਰਨਾਂ ਦਾ ਜ਼ਿਕਰ ਕਰਦਿਆਂ ਸ੍ਰੀ ਮਾਨ ਨੇ ਆਖਿਆ ਕਿ ਲੋਕਾਂ ਦਾ ਦਰਦ ਉਸ ਦੇ ਹਮੇਸ਼ਾਂ ਹੀ ਦਿਲ ਵਿਚ ਰਿਹਾ ਹੈ ਇਸੇ ਕਰ ਕੇ ਉਹ ਆਪਣੀ ਕਾਮੇਡੀ ਵਿਚ ਸਿਆਸੀ ਤਾਣੇ-ਬਾਣੇ ਉਤੇ ਵਿਅੰਗ ਕਰਦੇ ਆਏ ਹਨ। ਪੰਜਾਬ ਦਾ ਬੁਰਾ ਹਾਲ ਵੇਖ ਕੇ ਮੇਰੇ ਮਨ ਵਿਚ ਕਈ ਵਾਰ ਸਿਆਸਤ ਵਿਚ ਦਾਖਲ ਹੋ ਕੇ ਲੋਕ ਸੇਵਾ ਕਰਨ ਦੀ ਭਾਵਨਾ ਉਠੀ ਪਰ ਸਮੇਂ ਦੀਆਂ ਸਿਆਸੀ ਪਾਰਟੀਆਂ ਵਲ ਜਦੋਂ ਵੀ ਮੈਂ ਦੇਖਿਆ ਤਾਂ ਮੈਨੂੰ ਇਹੋ ਲਗਿਆ ਕਿ ਇਨ੍ਹਾਂ ਹੀ ਪਾਰਟੀਆਂ ਦੀਆਂ ਨੀਤੀਆਂ ਤੇ ਮੈਂ ਹਮੇਸ਼ਾਂ ਤਿੱਖੀਆਂ ਚੋਭਾਂ ਲਾਉਂਦਾ ਆਇਆ ਹਾਂ, ਮੈਂ ਇਨ੍ਹਾਂ ਵਿਚੋਂ ਕਿਸੇ ਵਿਚ ਸ਼ਾਮਲ ਕਿਵੇਂ ਹੋ ਸਕਦਾ ਹਾਂ? ਪਹਿਲੀ ਵਾਰ ਮੈਨੂੰ ਮਨਪ੍ਰੀਤ ਸਿੰਘ ਬਾਦਲ ਵਲੋਂ ਸ਼ੁਰੂ ਕੀਤੀ ਗਈ ਪਾਰਟੀ ਵਿਚ ਲੋਕ ਦਰਦ ਨਜ਼ਰ ਆਇਆ ਅਤੇ ਇਸ ਪਾਰਟੀ ਵਿਚ ਸ਼ਾਮਲ ਹੋਣ ਦਾ ਫੈਸਲਾ ਕੀਤਾ। ਸ. ਮਨਪ੍ਰੀਤ ਬਾਦਲ ਇਕ ਦੂਰ ਅੰਦੇਸ਼ ਆਗੂ ਹਨ ਅਤੇ ਉਹ ਲੋਕ ਲੁਭਾਊ ਨਾਰਿਆਂ ਦੀ ਥਾਂ ਪੰਜਾਬ ਨੂੰ ਸਹੀ ਅਰਥਾਂ ਵਿਚ ਤਰੱਕੀ ਦੇ ਪੰਧ ਉਤੇ ਪਾਉਣਾ ਚਾਹੁੰਦੇ ਹਨ।

ਪ੍ਰਵਾਸੀ ਪੰਜਾਬੀਆਂ ਨੂੰ ਪੀਪਲਜ਼ ਪਾਰਟੀ ਆਫ ਪੰਜਾਬ ਦਾ ਸਾਥ ਦੇਣ ਦੀ ਅਪੀਲ ਕਰਦਿਆਂ ਕਿਹਾ ਕਿ ਮੈਂ ਵੋਟਾਂ ਜਾਂ ਪੈਸਾ ਮੰਗਣ ਲਈ ਨਹੀਂ ਆਇਆ, ਮੈਂ ਤਾਂ ਸਿਰਫ ਹੱਕ-ਸੱਚ ਦਾ ਸਾਥ ਦੇਣ ਦੀ ਅਪੀਲ ਕਰਨ ਦੇ ਮਨੋਰਥ ਨਾਲ ਤੁਹਾਡੇ ਵਿਹੜੇ ਆਇਆਂ ਹਾਂ।

ਇਸ ਤੋਂ ਪਹਿਲਾਂ ਭਗਵੰਤ ਮਾਨ ਨੂੰ ਜੀ ਆਇਆਂ ਆਖਦਿਆਂ ਇਸ ਪ੍ਰੋਗਰਾਮ ਦੇ ਮੁਖ ਆਯੋਜਕ ਸ. ਸਰਵਣ ਸਿੰਘ ਟਿਵਾਣਾ ਅਤੇ ਦਰਸ਼ਨ ਸਿੰਘ ਬਸਰਾਓ ਨੇ ਕਿਹਾ ਕਿ ਪੰਜਾਬ ਦੀ ਧਰਤੀ ਤੋਂ ਹਜਾਰਾਂ ਮੀਲ ਦੂਰ ਬੈਠਿਆਂ ਵੀ ਆਪਣੀ ਜੰਮਣ ਭੋਇੰ ਦਾ ਮੋਹ ਤੇ ਦਰਦ ਉਨ੍ਹਾਂ ਦੇ ਮਨਾਂ ਵਿਚ ਹੈ। ਪੰਜਾਬ ਨੂੰ ਗਰਕਦਿਆਂ ਵੇਖ ਦਿਲ ਨੂੰ ਡੋਬੂ ਪੈਂਦੇ ਹਨ। ਜੇ ਮਨਪ੍ਰੀਤ ਸਿੰਘ ਬਾਦਲ ਪੰਜਾਬ ਨੂੰ ਗਰਕੀ ਵਿਚੋਂ ਕੱਢਣ ਲਈ ਤੁਰੇ ਹਨ ਤਾਂ ਅਸੀਂ ਉਨ੍ਹਾਂ ਦਾ ਡਟ ਕੇ ਸਾਥ ਦਿਆਂਗੇ।

ਮੰਚ ਸੰਚਾਲਨ ਥਾਂ ਪੁਰ ਥਾਂ ਢੁਕਵੀਆਂ ਟਿੱਪਣੀਆਂ ਅਤੇ ਕਾਵਿ ਟੋਟਕੇ ਛਡਦਿਆਂ ਗੁਰਮੁਖ ਸਿੰਘ ਭੁਲਰ ਨੇ ਬਾਖੂਬੀ ਕੀਤਾ। ਇਸ ਪ੍ਰੋਗਰਾਮ ਸਬੰਧੀ ਹੋਰ ਜਾਣਕਾਰੀ ਲਈ ਸਰਵਣ ਸਿੰਘ ਟਿਵਾਣਾ ਫੋਨ 219-670-4579 ਜਾਂ ਦਰਸ਼ਨ ਸਿੰਘ ਬਸਰਾਓਂ ਫੋਨ 815-557-4991 ਨਾਲ ਸੰਪਰਕ ਕੀਤਾ ਜਾ ਸਕਦਾ ਹੈ।

## ਜੈਨਕੋ ਦਾ ਸਲਾਨਾ ਪ੍ਰੋਗਰਾਮ 20 ਨੂੰ

**ਸੈਨ ਹੋਜੇ (ਬਿਊਰੋ):** ਗੁਰੂ ਨਾਨਕ ਦੇਵ ਇੰਜੀਨੀਅਰਿੰਗ ਕਾਲਜ ਲੁਧਿਆਣਾ ਦੇ ਸਾਬਕਾ ਵਿਦਿਆਰਥੀਆਂ ਦੀ ਸੰਸਥਾ ਜੈਨਕੋ ਵਲੋਂ ਆਪਣਾ ਸਲਾਨਾ ਕਲਚਰਲ ਪ੍ਰੋਗਰਾਮ 20 ਮਈ ਨੂੰ ਸਨੇਹਾ ਰੈਸਟੋਰੈਂਟ ਸਨੀਵੇਲ 'ਚ ਕਰਵਾਇਆ ਜਾ ਰਿਹਾ ਹੈ।

ਇਹ ਜਾਣਕਾਰੀ ਦਿੰਦਿਆਂ ਸੰਸਥਾ ਦੇ ਇਕ ਬੁਲਾਰੇ ਸ. ਕਿਰਪਾਲ ਸਿੰਘ ਅਟਵਾਲ ਨੇ ਦੱਸਿਆ ਕਿ ਇਸ ਪ੍ਰੋਗਰਾਮ ਵਿਚ ਕਈ ਉਘੇ ਕਲਾਕਾਰ ਸੁਖਦੇਵ ਸਾਹਿਲ, ਅਲਕਾ ਭਟਨਾਗਰ, ਇਸ਼ਮੀਤ ਨਰੂਲਾ ਆਦਿ ਸ਼ਿਰਕਤ ਕਰਨਗੇ। ਇਸ ਪ੍ਰੋਗਰਾਮ ਦੀਆਂ ਸਾਰੀਆਂ ਤਿਆਰੀਆ ਮੁਕੰਮਲ ਕਰ ਲਈਆਂ ਗਈਆਂ ਹਨ। ਹੋਰ ਜਾਣਕਾਰੀ ਲਈ ਸ. ਅਟਵਾਲ ਨਾਲ ਫੋਨ 408-835-7712 ਤੇ ਸੰਪਰਕ ਕੀਤਾ ਜਾ ਸਕਦਾ ਹੈ।




ਨੈਸ਼ਨਲ ਟਰੱਕ ਡਰਾਈਵਿੰਗ ਸਕੂਲ

**National Truck Driving School**

ਸੈਕਰਾਮੈਂਟੋ, ਕੈਲੀਫੋਰਨੀਆ
ਜੋਰਦਾਰ ਮੰਗ 'ਤੇ ਹੁਣ ਯੂਬਾ ਸਿਟੀ ਲੋਕੇਸ਼ਨ ਵੀ ਸ਼ੁਰੂ

ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ
ਕੰਪਨੀ ਡਰਾਈਵਰ ਨੂੰ 35 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ
*ਰਿਹਾਇਸ਼ ਦਾ ਵੀ ਖਾਸ ਪ੍ਰਬੰਧ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ



Call For Special Price

Kashmir S. Thandi
Office: (866) 933-3038
Balhar S. Ranu Cell:916-502-7733
Yuba City Ph:530-383-2785

4585 Pell Dr. Secramento CA, 95838

Short Sale Specialist

We Can Sell Your Home in Short Sale at No Cost to You



Sohanpreet (Sam) Chahal
CA Lic. 01504071
Realtor/Notary Public
email:samchahal@hotmail.com

For Buying & Selling Residential And For Loans
Call: Sohanpreet 'Sam' Chahal
@916-612-5773
Serving from Bay Area to Sacramento

Call for free listing of Reo-Bankowned Properties

Multi-Million Dollars Producer-2007, 2008 & 2009

ਜੇਕਰ ਤੁਸੀਂ ਪਹਿਲੀ ਵਾਰ ਘਰ ਖਰੀਦ ਰਹੇ ਹੋ ਜਾਂ ਫਿਰ ਵੱਡਾ ਘਰ ਅਪਗਰੇਡ ਕਰ ਰਹੇ ਹੋ, ਜਾਂ ਤੁਸੀਂ ਇਨਵੈਸਟਮੈਂਟ ਪ੍ਰਾਪਰਟੀ ਲੈਣਾ ਚਾਹੁੰਦੇ ਹੋ ਤਾਂ ਅੱਜ ਹੀ ਕਾਲ ਕਰੋ

Golden State Realty

Sacramento Office: 8695 Territorial Way, Elk Grove CA 95624
Tel: 916-612-5773 Fax: 916-689-5707

# ਯੂਨਾਈਟਿਡ ਸਿੱਖਸ ਦੇ ਸੰਮੇਲਨ ਦੌਰਾਨ ਸਿੱਖ ਮਸਲਿਆਂ ਉਤੇ ਵਿਚਾਰ

ਵਾਸ਼ਿੰਗਟਨ ਡੀ ਸੀ (ਬਿਊਰੋ): ਯੂਨਾਈਟਿਡ ਸਿੱਖਸ ਨਾਂ ਦੀ ਮਨੁੱਖੀ ਅਧਿਕਾਰ ਜਥੇਬੰਦੀ ਦੇ ਪਰਚਮ ਥੱਲੇ ਇਥੇ 2 ਤੋਂ 6 ਮਈ ਤੱਕ ਹੋਏ ਤੀਜੇ ਸਾਲਾਨਾ ਸਿੱਖ ਸੰਮੇਲਨ ਦੌਰਾਨ ਸਿੱਖ ਭਾਈਚਾਰੇ ਦੇ 50 ਤੋਂ ਵੱਧ ਆਗੂ ਅਮਰੀਕੀ ਕਾਂਗਰਸ ਦੇ 30 ਮੈਂਬਰਾਂ ਅਤੇ ਸਰਕਾਰੀ ਅਧਿਕਾਰੀਆਂ ਨੂੰ ਸਿੱਖ ਭਾਈਚਾਰੇ ਦੇ ਮਾਨਵ ਅਧਿਕਾਰਾਂ ਸਬੰਧੀ ਮਿਲੇ ਅਤੇ ਉਨ੍ਹਾਂ ਨਾਲ ਸਿੱਖਾਂ ਨੂੰ ਦਰਪੇਸ਼ ਮੁਸ਼ਕਿਲਾਂ ਬਾਰੇ ਵਿਚਾਰ ਵਟਾਂਦਰਾ ਕੀਤਾ।

ਜਥੇਬੰਦੀ ਵਲੋਂ ਜਾਰੀ ਇਕ ਬਿਆਨ ਅਨੁਸਾਰ ਇਸ ਸਿੱਖ ਸੰਮੇਲਨ ਦੌਰਾਨ ਸਿੱਖ ਭਾਈਚਾਰੇ ਨੂੰ ਕੌਮੀ ਪੱਧਰ ਉਤੇ ਦਰਪੇਸ਼ ਮਾਨਵ ਅਧਿਕਾਰ ਮਸਲਿਆਂ ਅਤੇ ਇਨ੍ਹਾਂ ਦੇ ਅਰਥਪੂਰਨ ਹੱਲ ਲਈ ਕਾਨੂੰਨਘਾੜਿਆਂ ਤੱਕ ਵੱਖ ਵੱਖ ਪੱਧਰਾਂ 'ਤੇ ਪਹੁੰਚ ਕਰਨ ਬਾਰੇ ਵਿਚਾਰ ਵਟਾਂਦਰਾ ਹੋਇਆ। ਕਾਨੂੰਨਘਾੜਿਆਂ ਨਾਲ ਮੀਟਿੰਗਾਂ ਦੌਰਾਨ ਉਠਾਏ ਗਏ ਮੁੱਖ ਮੁੱਦਿਆਂ ਵਿਚ ਖਾਸ ਕਰਕੇ ਏਅਰਪੋਰਟਾਂ ਉਤੇ ਅਤੇ ਕੌਮੀ ਸੁਰੱਖਿਆ ਨੀਤੀਆਂ ਵਿਚ ਸਿੱਖਾਂ ਪ੍ਰਤੀ ਨਸਲਵਾਦੀ ਪਹੁੰਚ ਅਪਨਾਏ ਜਾਣ, ਦੇਸ਼ ਦੀ ਫੌਜ ਵਿਚ ਸੇਵਾ ਕਰਨ ਦੇ ਚਾਹਵਾਨ ਸਿੱਖਾਂ ਲਈ ਧਾਰਮਿਕ ਅਧਿਕਾਰਾਂ ਦੀ ਵਕਾਲਤ ਅਤੇ ਦਸਤਾਰ, ਕਿਰਪਾਨ, ਕੜਾ ਪਹਿਨਣ ਵਾਲੇ ਸਿੱਖਾਂ ਨਾਲ ਰੁਜ਼ਗਾਰ ਦੇ ਮਾਮਲਿਆਂ ਵਿਚ ਵਿਤਕਰੇ ਅਤੇ ਉਨ੍ਹਾਂ ਨੂੰ ਤੰਗ ਪ੍ਰੇਸ਼ਾਨ ਕੀਤੇ ਜਾਣ ਦੇ ਮਾਮਲੇ ਸ਼ਾਮਲ ਸਨ। ਇਸ ਤੋਂ ਬਿਨਾ ਭਾਰਤ ਵਿਚ ਹਰਿਆਣਾ ਦੇ ਪਿੰਡ ਹੋਂਦ ਚਿੱਲੜ ਵਿਚ ਮਿਲੀਆਂ ਸਮੂਹਿਕ ਕਬਰਾਂ, ਕਿਊਬੈਕ ਪਾਰਲੀਮੈਂਟ ਵਲੋਂ ਕਿਰਪਾਨ 'ਤੇ ਰੋਕ ਅਤੇ ਹਾਲ ਹੀ ਵਿਚ ਮੋਹਾਲੀ ਵਿਚ ਪੁਲਿਸ ਵਲੋਂ ਜਬਰੀ ਦਸਤਾਰ ਉਤਾਰਨ ਦੀ ਘਟਨਾ ਵੀ ਮੁੱਦਿਆਂ ਵਿਚ ਸ਼ਾਮਲ ਸਨ।

ਆਉਣ ਵਾਲੇ ਹਫਤਿਆਂ ਵਿਚ ਯੂਨਾਈਟਿਡ ਸਿੱਖਸ ਦੀ ਇਕ ਟੀਮ ਦੇਸ਼ ਭਰ ਵਿਚ ਸਿੱਖ ਭਾਈਚਾਰੇ ਦੇ ਅਧਿਕਾਰਾਂ ਦੀ ਪੈਰਵੀ ਲਈ ਸਰਕਾਰੀ ਅਫਸਰਾਂ ਅਤੇ ਕਾਨੂੰਨਘਾੜਿਆਂ ਨਾਲ ਮੁਲਾਕਾਤ ਕਰੇਗੀ।

ਕਾਂਗਰਸ ਏਸ਼ੀਅਨ ਪੈਸੇਫਿਕ ਅਮੈਰਿਕਨ ਕੌਕਸ ਦੇ ਚੇਅਰਮੈਨ ਐਮੀਰਾਈਟਸ ਕਾਂਗਰਸਮੈਨ ਮਾਈਕ ਹਾਂਡਾ ਨੇ ਯੂਨਾਈਟਿਡ ਸਿੱਖਸ ਦੀਆਂ ਸਰਗਰਮੀਆਂ ਦੀ ਸਰਾਹਨਾ ਕਰਦਿਆਂ ਕਿਹਾ ਕਿ ਇਸ ਵਲੋਂ ਆਪਣੀ ਸਭਿਆਚਾਰਕ ਵਿਰਾਸਤ ਨੂੰ ਸੰਭਾਲਣ, ਭਾਈਚਾਰੇ ਨੂੰ ਸਥਾਨਕ ਸਿਆਸਤ ਵਿਚ ਸਰਗਰਮ ਕਰਨ ਲਈ ਕੀਤੇ ਜਾ ਰਹੇ ਯਤਨਾਂ ਅਤੇ ਮਾਨਵੀ ਰਾਹਤ ਲਈ ਕੀਤੇ ਜਾ ਰਹੇ ਕਾਰਜਾਂ ਦੀ ਸ਼ਲਾਘਾ ਕੀਤੀ ਜਾਣੀ ਚਾਹੀਦੀ ਹੈ। ਸਾਡੇ ਭਾਈਚਾਰੇ ਅਤੇ ਸਾਡੇ ਮੁਲਕ ਨੂੰ ਆਮ ਲੋਕਾਂ ਦੀ ਸਰਗਰਮ ਭੂਮਿਕਾ ਦੀ ਬੇਹਦ ਲੋੜ ਹੈ ਤਾਂ ਜੋ ਬੇਹਤਰ ਲੀਡਰਸ਼ਿਪ ਸਾਹਮਣੇ ਆ ਸਕੇ।

ਸਿੱਖ ਸੰਮੇਲਨ ਦੇ ਦਰਮਿਆਨ ਇਕ ਦਾਅਵਤ ਵੀ ਦਿੱਤੀ ਗਈ ਜਿਸ ਦੌਰਾਨ ਸਿੱਖ ਭਾਈਚਾਰੇ ਨੂੰ ਸਿਆਸੀ ਅਤੇ ਸਰਕਾਰੀ ਅਧਿਕਾਰੀਆਂ ਨਾਲ ਆਪਣੇ ਮਸਲੇ ਸਾਂਝੇ ਕਰਨ ਦਾ ਸੁਨਹਿਰੀ ਮੌਕਾ ਮਿਲਿਆ। ਇਸ ਮੌਕੇ ਵਾਈਟ ਹਾਊਸ ਦੇ ਲੋਕ ਸੰਪਰਕ ਐਸੋਸੀਏਟ ਡਾਇਰੈਕਟਰ ਪਾਲ ਮਾਂਟੇਰੀਓ, ਕਾਂਗਰਸਮੈਨ ਜੌਹਨ ਕਨਵੇਅਰਸ ਅਤੇ ਕਾਂਗਰਸਵੂਮਨ ਜੂਡੀ ਚੂ ਵਿਸ਼ੇਸ਼ ਤੌਰ 'ਤੇ ਹਾਜ਼ਰ ਹੋਏ। ਸਿੱਖ ਹੱਕਾਂ ਦੀ ਚੈਂਪੀਅਨ ਕਾਂਗਰਸਵੂਮਨ ਜੂਡੀ ਚੂ ਨੇ ਇਸ ਮੌਕੇ ਬੋਲਦੇ ਹੋਏ ਕਿਹਾ ਕਿ ਸਿੱਖ ਭਾਈਚਾਰੇ ਨੂੰ ਦਰਪੇਸ਼ ਚੁਣੌਤੀਆਂ ਅਤੇ ਇਸ ਦੇ ਹੱਕਾਂ ਪ੍ਰਤੀ ਜਾਗਰੂਕਤਾ ਪੈਦਾ ਕਰਨ ਲਈ ਕੀਤੇ ਗਏ ਇਸ ਸਿੱਖ ਸੰਮੇਲਨ ਵਿਚ ਸ਼ਾਮਲ ਹੋ ਕੇ ਮੈਨੂੰ ਬੜੀ ਖੁਸ਼ੀ ਹਾਸਲ ਹੋਈ ਹੈ। ਮੈਂ ਮਹਿਸੂਸ ਕਰਦੀ ਹਾਂ ਕਿ ਸਿੱਖ ਭਾਈਚਾਰੇ ਦਾ ਇਹ ਫਿਕਰ ਜਾਇਜ਼ ਹੈ ਕਿ ਉਨ੍ਹਾਂ ਨੂੰ ਨਸਲੀ ਸਫਬੰਦੀ ਦਾ ਸ਼ਿਕਾਰ ਬਣਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਇਸੇ ਸਮੱਸਿਆ ਨੂੰ ਮੱਦੇਨਜ਼ਰ ਰੱਖ ਕੇ ਉਨ੍ਹਾਂ ਇਸੇ ਹਫਤੇ ਟੀ ਐਸ ਏ ਅਧਿਕਾਰੀਆਂ ਨਾਲ ਮੁਲਾਕਾਤ ਕੀਤੀ ਸੀ ਅਤੇ ਦਸਤਾਰ ਤੇ ਸਿੱਖ ਸਰੂਪ ਬਾਰੇ ਮਾਮਲੇ ਉਨ੍ਹਾਂ ਨਾਲ ਉਠਾਏ ਸਨ ਅਤੇ ਇਹ ਪੱਕ ਕੀਤਾ ਕਿ ਉਸ ਨੂੰ ਪਤਾ ਹੋਵੇ ਕਿ ਅਸੀਂ ਹਵਾਈ ਅੱਡਿਆਂ ਜਾਂ ਕਿਸੇ ਵੀ ਹੋਰ ਜਗ੍ਹਾ ਤੇ ਪੱਖਪਾਤੀ ਨੀਤੀਆਂ ਦਾ ਸਾਥ ਨਹੀਂ ਦਿਆਂਗੇ।



ਸਿੱਖ ਨੁਮਾਇੰਦੇ ਜੂਡੀ ਚੂ ਨੂੰ ਮੋਮੈਂਟੋ ਦਿੰਦੇ ਹੋਏ। ਵਫਦ ਵਿਚ ਸ਼ਾਮਲ ਹਨ-ਰਜਿੰਦਰ ਸਿੰਘ ਬੱਲ ਅਤੇ ਗੁਰਵਿੰਦਰ ਸਿੰਘ, ਭਾਈ ਰਾਮ ਸਿੰਘ ਅਤੇ ਹਰਪ੍ਰੀਤ ਸਿੰਘ ਸੰਧੂ, ਗੁਰਦੀਪ ਸਿੰਘ ਨਰੂਲਾ ਅਤੇ ਹੰਸਦੀਪ ਸਿੰਘ, ਸਾਹਿਬ ਕੌਰ



ਅਮਰੀਕੀ ਡਿਪਾਰਟਮੈਂਟ ਆਫ ਜਸਟਿਸ ਦੇ ਮੈਂਬਰ ਬੈਕੀ ਐਲ. ਮੋਨਰੋ ਨਾਲ ਸਿੱਖ ਡੈਲੀਗੇਟ

ਇਸ ਮੌਕੇ ਬੋਲਦਿਆਂ ਨਿਆਂ ਵਿਭਾਗ ਦੇ ਕਮਿਊਨਿਟੀ ਰਿਲੇਸ਼ਨਜ ਸਰਵਿਸ ਮਹਿਕਮੇ ਦੇ ਐਕਟਿੰਗ ਡਾਇਰੈਕਟਰ ਬੈਕੀ ਐਲ ਮਨਰੋ ਨੇ ਆਖਿਆ ਕਿ ਯੂਨਾਈਟਿਡ ਸਿੱਖਸ ਦੇ ਸਮਾਗਮ ਵਿਚ ਹਿੱਸਾ ਲੈ ਕੇ ਉਨ੍ਹਾਂ ਨੂੰ ਸਿੱਖ ਭਾਈਚਾਰੇ ਵਿਰੁਧ ਨਸਲੀ ਵਿਤਕਰੇ ਅਤੇ ਨਸਲੀ ਹਮਲਿਆਂ ਨੂੰ ਰੋਕਣ ਲਈ ਸਥਾਨਕ ਭਾਈਚਾਰਕ ਆਗੂਆਂ, ਲਾਅ ਇਨਫੋਰਸਮੈਂਟ ਅਧਿਕਾਰੀਆਂ ਅਤੇ ਸਰਕਾਰੀ ਅਫਸਰਾਂ ਵਿਚਾਲੇ ਪ੍ਰਭਾਵੀ ਤਾਲਮੇਲ ਬੈਠਾਉਣ ਦੇ ਢੰਗ ਤਰੀਕੇ ਲੱਭਣ ਦਾ ਚੰਗਾ ਮੌਕਾ ਮਿਲਿਆ ਹੈ। ਉਨ੍ਹਾਂ ਦਾ ਮਹਿਕਮਾ ਸਿੱਖ ਵਿਦਿਆਰਥੀਆਂ, ਅਧਿਆਪਕਾਂ ਅਤੇ ਸਕੂਲ ਅਧਿਕਾਰੀਆਂ ਨਾਲ ਉਸਾਰੂ ਤਾਲਮੇਲ ਬੈਠਾਉਣ ਲਈ ਯੂਨਾਈਟਿਡ ਸਿੱਖਸ ਦੇ ਆਗੂਆਂ ਦੀ ਮਦਦ ਲਏਗਾ ਤਾਂ ਜੋ ਸਿੱਖ ਵਿਦਿਆਰਥੀਆਂ ਨੂੰ ਨਸਲੀ ਭਿੰਨ-ਭੇਦ ਦਾ ਸ਼ਿਕਾਰ ਨਾ ਹੋਣਾ ਪਵੇ।

ਯੂਨਾਈਟਿਡ ਸਿੱਖਸ ਦੇ ਡਾਇਰੈਕਟਰ ਮਨਕੰਵਲ ਸਿੰਘ ਨੇ ਇਸ ਮੌਕੇ ਕਿਹਾ ਕਿ ਯੂਨਾਈਟਿਡ ਸਿੱਖਸ ਵਰਗੀਆਂ ਏਜੰਸੀਆਂ ਨਾਗਰਿਕ ਅਧਿਕਾਰਾਂ ਦੀ ਰੱਖਿਆ ਵਿਚ ਮਹੱਤਵਪੂਰਨ ਭੂਮਿਕਾ ਨਿਭਾਉਂਦਿਆਂ ਹਨ। ਪੰਤੂ ਸਮਾਜਿਕ ਨਿਆਂ ਲਈ ਆਵਾਜ਼ ਬੁਲੰਦ ਕਰ ਸਕਣ ਵਾਲੇ ਕਮਿਊਨਿਟੀ ਮੈਂਬਰਾਂ ਤੋਂ ਬਿਨਾ ਅਸੀਂ ਇਹ ਕੰਮ ਸਫਲਤਾਪੂਰਵਕ ਨਹੀਂ ਕਰ ਸਕਦੇ।

ਯੂਨਾਈਟਿਡ ਸਿੱਖਸ ਸਾਰੇ ਕਾਂਗਰਸ ਮੈਂਬਰਾਂ ਅਤੇ ਸਰਕਾਰੀ ਅਫਸਰਾਂ ਦੀ ਧੰਨਵਾਦੀ ਹੈ ਜਿਨ੍ਹਾਂ ਨੇ ਇਸ ਸੰਮੇਲਨ ਵਿਚ ਆ ਕੇ ਡੈਲੀਗੇਟਾਂ ਨੂੰ ਆਪਣਾ ਕੀਮਤੀ ਸਮਾਂ ਦਿੱਤਾ।

ਯੂਨਾਈਟਿਡ ਸਿੱਖਸ ਦੇ ਇਸ ਪ੍ਰੋਗਰਾਮ ਅਤੇ ਜਥੇਬੰਦੀ ਸਬੰਧੀ ਹੋਰ ਜਾਣਕਾਰੀ ਲੈਣ ਲਈ ਫੋਨ 646-688-3525 ਉਤੇ ਸੰਪਰਕ ਕੀਤਾ ਜਾ ਸਕਦਾ ਹੈ।


Rising Sun Transport Roanoke,VA



ਟਰੱਕ ਡਰਾਈਵਰ ਅਤੇ ਓਨਰ ਅਪਰੇਟਰ ਚਾਹੀਦੇ ਹਨ

ਈਸਟ ਕੋਸਟ ਤੋਂ ਵੈਸਟ ਕੋਸਟ

*ਡਰਾਈ ਅਤੇ ਰੀਫਰ ਲੋਡ *ਲੋਡ ਚੱਕਣ ਲਈ ਕੋਈ ਇੰਤਜ਼ਾਰ ਨਹੀਂ
*ਕਾਗਜ਼ ਪੂਰੇ ਕਰਨ 'ਤੇ ਤੁਰਤ ਭੁਗਤਾਨ

ਕਾਲ ਕਰੋ:ਹਰਮੀਤ ਸਿੰਘ ਮਥੌਂਡਾ, ਫੋਨ:540-632-3671

ਹਰ ਤਰ੍ਹਾਂ ਦੀ ਕਾਨੂੰਨੀ ਸਹਾਇਤਾ ਲਈ ਇਕੋ ਇਕ ਭਰੋਸੇਯੋਗ ਨਾਂ

ਜਸਪ੍ਰੀਤ ਸਿੰਘ
ਅਟਾਰਨੀ ਐਟ ਲਾਅ



Attorny At Law

*ਰਿਫਿਊਜੀ ਸਟੇਅ *ਵਿਆਹ ਦੇ ਕੇਸ
*ਸਿਟੀਜ਼ਨਸ਼ਿਪ *ਡਿਪੋਰਟੇਸ਼ਨ *ਬਿਜਨੈਸ ਵੀਜ਼ਾ
*ਇੰਪਲਾਇਮੈਂਟ ਸਬੰਧੀ ਸਪਾਂਸਰਸ਼ਿਪ
*ਐਡਾਪਸ਼ਨ ਆਦਿ ਦੇ ਕੇਸਾਂ ਲਈ ਸੰਪਰਕ ਕਰੋ
ਲੋਨ ਮੋਡੀਫਿਕੇਸ਼ਨ ਲਈ ਵੀ ਕਾਲ ਕਰੋ

Law Offices Of Jaspreet Singh

4491 W. Shaw Ave.,
Suite 300 B
(Near Costco)
Fresno, CA 93722
Ph: 559-271-5511

44790 S. Grimmer
Blvd. #204
Fremont CA-94538
Ph:510-657-6444
Fax: 510-657-6443

2945 W. Capitol Ave,
Sacramento CA-95691
Ph: 916-372-4448
Fax: 916-372-4440

Akal Immigration
In Association with
Max Berger Law Corporation



Max Berger B.F.A. LL.B.
Immigration Lawyer since 1983

Canadian Immigration





Narinder Paul Singh B.Sc.
(Kashmir University -1971)

ਤੁਹਾਡੇ ਰਿਸ਼ਤੇਦਾਰ/ਦੋਸਤ ਨੂੰ ਇਕ ਸਾਲ ਦੇ ਅੰਦਰ ਕੈਨੇਡਾ ਦੀ ਇਮੀਗਰੇਸ਼ਨ ਮਿਲ ਸਕਦੀ ਹੈ

WE SPECIALIZE IN:
⇒ Investor, Business, Self Employed, Skilled Worker
⇒ Family Class, Spousal, Parents, Grand-Parents
⇒ Student, Visitor Visas, Refugee Cases in Toronto, Montreal
⇒ Family, Federal Court Appeals & ADRs
⇒ Temporary Work Permits for Cooks, Chefs for Banquet Halls etc.

ਫੋਨ:(905) 795-1516

Need Agents in the USA

Nanak Plaza 1380- Cardiff Blvd. #: 2 Mississauga (On.) L5S1P9 Canada
E-mail: info@akalimmigration.com Website: www.akalimmigration.com

FARMERS INSURANCE GROUP
Symbol of Superior Service

# FARMERS®

**181 Metro Drive, Suite 290, San Jose, CA 95110**

ਆਪਣੀ ਕਾਰ ਜਾਂ ਆਪਣੇ ਘਰ ਦੀ ਇੰਸ਼ੋਰੈਂਸ ਕਵਰੇਜ ਬਾਰੇ ਤੁਹਾਡੇ ਮਨ ਵਿਚ ਕੋਈ ਸਵਾਲ ਹੈ? ਬਿਨਾਂ ਝਿਜਕ ਸਾਨੂੰ ਕਾਲ ਕਰੋ।

*"Call for a review of any of your insurance policies or to get a quote"*
*Totally Free and No Obligation to buy from us!!*



**Satwant Singh**
**Insurance Agent**
**License # OH11256**

***Auto *Home *Life *Business**
***Workers Compensation**

**Call for consultation**

# Ph: 408-771-2438

***408-580-6063, 408-687-7566***

**Fax: 408-573-3829**

**ssingh6@farmeragent.com**

ਪਾਲਿਸੀ (ਅਤੇ ਪ੍ਰਾਸਪੈਕਟਸ, ਜਿਥੇ ਲਾਗੂ ਹੋਵੇ) ਸਿਰਫ ਅੰਗ੍ਰਜ਼ੀ ਵਿਚ ਉਪਲਬਧ ਹੈ। ਝਗੜੇ ਦੀ ਸੂਰਤ ਵਿਚ ਇਹੀ ਰੂਪ ਸਹੀ ਮੰਨਿਆ ਜਾਏਗਾ।

***Call us to know about special discounts for nurses, teachers, engineers, pharmacists, doctors and more professionals to get low prices.****

*"Discounts apply to selected property and casualty coverages, perils, and policy types only and may vary by state and eligibility. To the extent permitted by law, applicants are individually underwritten; not all applicants may qualify."



# Reliable and Experienced Real Estate Professional

ਘਰ ਅਤੇ ਹੋਰ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ
**ਗੁਰਬੰਸ ਸਿੰਘ ਗਿੱਲ ਫੋਨ: 209-815-1869**

*Bay Area *Tracy *Manteca * Lathrop * Weston Ranch *Stockton *Lodi *Elk Grove *Sacramento *Modesto *Turlock *Brentwood *Antioch *Oakley *Discovery Bay

**We Specialize in Bankowned, Foreclosure and Short Sale Homes**

**ਜੇ ਤੁਸੀਂ ਆਪਣਾ ਘਰ ਸ਼ਾਰਟਸੇਲ 'ਤੇ ਵੇਚਣਾ ਚਾਹੁੰਦੇ ਹੋ**

**If you want to sell your house in shortsale, first call 209-815-1869**
***We are certified Home Afordable Foreclosure Alternative (HAFA) specilist in shortsale of homes.***



**Gurbans Singh Gill**
**Realtor**
**13 Years Experiance in Real Estate**
**e-mail: gurbans@gotracy.com**
**Fax: 209-836-0706**
**www.gotracy.com**

Rent 'ਤੇ ਘਰ ਲੈਣਾ ਹੋਵੇ ਜਾਂ Rent 'ਤੇ ਘਰ ਦੇਣਾ ਹੋਵੇ

REALTY WORLD® Millennium

# Gurbans Gill 209-815-1869



# ਪੰਜਾਬੀ ਰੇਡੀਓ ਯੂਐਸਏ ਦੀ ਟੀਮ ਰੇਡੀਓ ਸੈਟ ਲੈ ਕੇ ਪਹੁੰਚ ਰਹੀ ਹੈ

**22 ਮਈ 2011 ਦਿਨ ਐਤਵਾਰ**

ਗੁਰਦੁਆਰਾ ਸਾਹਿਬ, ਫਰੀਮਾਂਟ
ਗੁਰਦੁਆਰਾ ਸਾਹਿਬ, ਫੇਅਰਫੀਲਡ
ਗੁਰਦੁਆਰਾ ਸਾਹਿਬ, ਐਲ ਸਬਰਾਂਟੇ

ਪੰਜਾਬੀ ਰੇਡੀਓ ਯੂਐਸਏ
# Punjabi RADIO USA
ON THE AIR
*Uniting Punjabi's All Over*

**ਇੰਟਰਨੈਟ ਰੇਡੀਓ $ 140 ਵਾਲਾ ਹੁਣ $ 99 ਨੂੰ**
(ਇਸ ਉਪਰ 15000 ਤੋਂ ਵੱਧ ਤੇ ਸਾਰੀ ਦੁਨੀਆਂ ਦੇ ਪੰਜਾਬੀ ਸਟੇਸ਼ਨ ਸੁਣ ਸਕਦੇ ਹੋ)

**ਛੋਟੇ ਰੇਡੀਓ ਦੀ ਕੀਮਤ $ 25**
**ਵੱਡੇ ਰੇਡੀਓ ਦੀ ਕੀਮਤ $ 35**

# PUNJABI RADIO USA
ਦੁਨੀਆਂ ਵਿਚ ਪਹਿਲਾ ਪੰਜਾਬੀ ਰੇਡੀਓ ਹੈ, ਜਿਸ ਦੀ
**I-Phone ਤੇ Android Application**
ਤੁਸੀਂ ਕਿਸੇ ਸਮੇਂ ਵੀ
**ਮੁਫ਼ਤ ਡਾਊਨਲੋਡ**
ਕਰ ਸਕਦੇ ਹੋ।

## ਪੰਜਾਬੀ ਰੇਡੀਓ ਦੇ ਪ੍ਰੋਗਰਾਮ

- **ਸਵੇਰੇ 4 ਵਜੇ ਤੋਂ 9 ਵਜੇ ਤੱਕ** ਅੰਮ੍ਰਿਤ ਵੇਲਾ ਸਚੁ ਨਾਉਂ, ਗੁਰਦੁਆਰਾ ਸਾਹਿਬ ਫਰੀਮਾਂਟ ਤੋਂ ਸਿੱਧਾ ਪ੍ਰਸਾਰਣ
- **ਸਵੇਰੇ 9.20 ਤੋਂ 10 ਵਜੇ ਤੱਕ** ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਤੋਂ ਹੁਕਮਨਾਮੇ ਦੀ ਪੰਜਾਬੀ ਤੇ ਅੰਗਰੇਜ਼ੀ ਵਿਚ ਵਿਆਖਿਆ (ਅੰਗਰੇਜ਼ੀ : ਭਾਈ ਸੁੱਖਾ ਸਿੰਘ)
- **ਸਵੇਰੇ 10 ਤੋਂ 11 ਵਜੇ ਤੱਕ** ਆਤਮਿਕ ਆਨੰਦ ਪ੍ਰੋਗਰਾਮ (ਕੁਲਬੀਰ ਸਿੰਘ) (ਸੋਮਵਾਰ-ਸ਼ਨੀਵਾਰ)
- **ਸਵੇਰੇ 11.30 ਤੋਂ ਦੁਪਹਿਰ 1 ਵਜੇ ਤੱਕ** 'ਬੋਲੀਵੁੱਡ ਹਿੱਟਸ' (Bollywood Hits) (ਸੋਮਵਾਰ-ਸ਼ਨੀਵਾਰ)
- **1 ਵਜੇ ਤੋਂ 2 ਵਜੇ ਤੱਕ** ਭੈਣਾਂ ਵਾਸਤੇ ਸਪੈਸ਼ਲ ਪ੍ਰੋਗਰਾਮ (ਰਾਣੀ ਕਾਹਲੋਂ ਤੇ ਅਲਮਾਜ਼ ਸ਼ਬੀ)
- **2 ਵਜੇ ਤੋਂ 3 ਵਜੇ ਤੱਕ** ਹਾਸਰਸ ਪ੍ਰੋਗਰਾਮ 'ਹੱਸਦੇ ਹਸਾਉਂਦੇ' (ਮੰਗਲਵਾਰ, ਸ਼ੁੱਕਰਵਾਰ), ਕਵੀ ਦਰਬਾਰ (ਸ਼ਨੀਵਾਰ)
- Repeat ਪ੍ਰੋਗਰਾਮ ਖ਼ਬਰ 'ਤੇ ਨਜ਼ਰ (ਸੋਮਵਾਰ)
- ਵਿਦਿਆ ਵਿਚਾਰੀ ਤਾਂ ਪਰਉਪਕਾਰੀ (ਬੁਧਵਾਰ)
- Repeat ਪ੍ਰੋਗਰਾਮ 'ਦੋ ਆਰ ਦੀਆਂ-ਦੋ ਪਾਰ ਦੀਆਂ' (ਵੀਰਵਾਰ)
- **3 ਵਜੇ ਤੋਂ 4 ਵਜੇ ਤੱਕ** (ਸੋਮਵਾਰ ਤੋਂ ਵੀਰਵਾਰ) ਪ੍ਰੋਗਰਾਮ 'ਗੀਤਾਂ ਦਾ ਗੁਲਦਸਤਾ' (ਨਵੇਂ ਪੰਜਾਬੀ ਗੀਤ), ਸ਼ੁੱਕਰਵਾਰ : ਦੇਸੋਂ ਪਰਦੇਸ (ਪਾਲ ਧਾਲੀਵਾਲ)
- ਸ਼ਨੀਵਾਰ : ਝਿਲਮਿਲ ਤਾਰੇ, ਬੱਚਿਆਂ ਲਈ ਖਾਸ ਪ੍ਰੋਗਰਾਮ (ਦਿਲਪ੍ਰੀਤ ਖ਼ਾਲਸਾ ਤੇ ਮਨਪ੍ਰੀਤ ਕਾਲਰਾ)
- **4 ਵਜੇ ਤੋਂ 6 ਵਜੇ ਤੱਕ** ਪ੍ਰੋਗਰਾਮ 'ਕੁਝ ਗੱਲਾਂ ਕੁੱਝ ਗੀਤ' (ਗੁਰਜਸਪਾਲ ਸਿੰਘ, ਰਾਜਕਰਨਬੀਰ ਸਿੰਘ, ਨਵਜੋਤ ਸਿੰਘ ਤੇ ਹਰਵਿੰਦਰ ਸਿੰਘ ਕੰਗ)
- ਐਤਵਾਰ : 'ਲਹਿਰੇਂ' (ਬਾਬੂ ਲਾਲ ਤੇ ਬਿਮਲੇਸ਼ ਪ੍ਰਸਾਦ ਫੀਜੀ ਦਾ ਹਿੱਟ ਪ੍ਰੋਗਰਾਮ)
- **6 ਵਜੇ ਤੋਂ 7.55 ਤੱਕ** 'ਸਰਬ ਸਾਂਝੀ ਗੁਰਬਾਣੀ' (ਰਹਿਰਾਸ ਸਾਹਿਬ, ਕੀਰਤਨ, ਢਾਡੀ ਵਾਰਾਂ ਤੇ ਕਥਾ ਵੱਖ ਵੱਖ ਗੁਰਦੁਆਰਾ ਸਾਹਿਬ ਤੋਂ)

**ਖ਼ਬਰਾਂ ਤਾਜ਼ੀਆਂ** (ਛੇ ਵਾਰ ਹਰ ਰੋਜ਼)
09.05 : ਪੰਜਾਬ ਤੋਂ ਸੁਸ਼ੀਲ ਦੁਸਾਂਝ
11.05 : ਲਹਿੰਦੇ ਪੰਜਾਬ ਤੋਂ ਮਸੂਦ ਮੱਲ੍ਹੀ
02.05 : ਯੂਐਸਏ ਤੋਂ ਇੰਦਰਮਾਨ ਸਿੰਘ
08.05 : ਲਹਿੰਦੇ ਪੰਜਾਬ ਤੋਂ ਮਸੂਦ ਮੱਲ੍ਹੀ
09.05 : ਪੰਜਾਬ ਤੋਂ ਜਸਵਿੰਦਰ ਸਿੰਘ ਬਿੱਟਾ
10.05 : ਯੂਐਸਏ ਤੋਂ ਇੰਦਰਮਾਨ ਸਿੰਘ

- **ਰਾਤ 8 ਤੋਂ 9 ਵਜੇ ਤੱਕ :**

ਸੋਮਵਾਰ ਭਖਦੇ ਮਸਲਿਆਂ 'ਤੇ Live Talk Show (ਸੁਸ਼ੀਲ ਦੁਸਾਂਝ) • ਮੰਗਲਵਾਰ : 'ਇਕ ਸੋਚ' (ਕਮਲ ਗਿੱਲ) • ਬੁੱਧਵਾਰ : ਖ਼ਬਰ 'ਤੇ ਨਜ਼ਰ (ਪਰਮਿੰਦਰ ਸਿੰਘ ਟਿਵਾਣਾ) • ਵੀਰਵਾਰ : ਖ਼ਬਰਸਾਰ (ਜਸਵਿੰਦਰ ਸਿੰਘ ਬਿੱਟਾ)
ਸ਼ੁੱਕਰਵਾਰ : ਸ਼ਾਨ ਪੰਜਾਬ ਦੀ (ਗੁਰਦੀਪ ਸਿੰਘ ਸ਼ੇਰਗਿੱਲ) • ਸ਼ਨੀਵਾਰ : ਇਕ ਖ਼ਾਸ ਮੁਲਾਕਾਤ (ਹਰਵਿੰਦਰ ਸਿੰਘ ਕੰਗ) • ਐਤਵਾਰ : ਲਹਿੰਦੇ ਪੰਜਾਬ ਦੀਆਂ ਬਾਂਗਾਂ (ਮਸੂਦ ਮੱਲ੍ਹੀ)

- **ਰਾਤ 9 ਤੋਂ 10 ਵਜੇ ਤੱਕ :**

ਸੋਮਵਾਰ : ਮਨੋਰੰਜਨ ਪ੍ਰੋਗਰਾਮ 'ਦੋ ਆਰ ਦੀਆਂ, ਦੋ ਪਾਰ ਦੀਆਂ' (ਗੁਰਪ੍ਰੀਤ ਸਿੰਘ ਤੇ ਸਿਮਰ) • ਮੰਗਲਵਾਰ : 'ਖ਼ਬਰਾਂ ਦੀ ਭੰਨਤੋੜ' (ਨਵਜੋਤ ਸਿੰਘ) • ਬੁੱਧਵਾਰ : ਲਹਿੰਦੇ ਪੰਜਾਬ ਦੀਆਂ ਬਾਂਗਾਂ (ਮਸੂਦ ਮੱਲ੍ਹੀ)
ਵੀਰਵਾਰ : ਕੰਪਿਊਟਰ ਡਾਕਟਰ (ਰਵਿੰਦਰ ਸਿੰਘ ਕੰਗ, ਰਾਜਕਰਨਬੀਰ ਸਿੰਘ ਤੇ ਨਵਜੋਤ ਸਿੰਘ) • ਸ਼ੁੱਕਰਵਾਰ : (9 ਤੋਂ 11 ਵਜੇ ਤੱਕ) 'ਪਾਣੀ 'ਚ ਮਧਾਣੀ' • ਬੁਝਾਰਤਾਂ ਦਾ ਹਿੱਟ ਪ੍ਰੋਗਰਾਮ •
ਸ਼ਨੀਵਾਰ : 'ਖਿਆਲ ਆਪੋ ਆਪਣਾ' (ਪੰਜਾਬੀ ਰੇਡੀਓ ਟੀਮ) • ਐਤਵਾਰ : ਵਿਦਿਆ ਵਿਚਾਰੀ ਤਾਂ ਪਰਉਪਕਾਰੀ (ਹਰਪ੍ਰੀਤ ਕੌਰ ਸੰਘਾ, ਦਿਲਪ੍ਰੀਤ ਸਿੰਘ ਖਾਲਸਾ)

- **ਰਾਤ 10 ਤੋਂ 11 ਵਜੇ ਤੱਕ :** ਡੀ ਜੇ ਹਿੱਟਸ (ਡੀ ਜੇ ਮੱਲ੍ਹੀ ਤੇ ਡੀ ਜੇ ਜੀਤ) • **ਰਾਤ 10 ਤੋਂ 11, ਸਵੇਰੇ 4 ਵਜੇ ਤੱਕ :** Repeat Programs ਤੇ ਗੀਤ

ਹੋਰ ਜਾਣਕਾਰੀ ਲਈ **408.722.7698**
Listen LIVE **www.punjabiradiousa.com**
**Email: info@punjabiradiousa.com**
**3750 McKee Road, # B, San Jose CA 95127**

# ਉਸਾਮਾ ਬਿਨ ਲਾਦਿਨ ਦੀ ਮੌਤ ਪੰਜਾਬ ’ਤੇ ਵੀ ਵਰ੍ਹੀ

## ਨਾਂ ਕਾਲੀ ਸੂਚੀ ’ਚੋਂ ਕੱਟ ਕੇ ਭਗੌੜਿਆਂ ਵਾਲੀ ਸੂਚੀ ਵਿਚ ਪਾਏ


*ਉਸਾਮਾ ਬਿਨ ਲਾਦਿਨ ਦੀ ਮੌਤ ਤੋਂ ਬਾਅਦ ਦਹਿਸ਼ਤਪਸੰਦਾਂ ਖਿਲਾਫ ਕਾਰਵਾਈ ਲਈ ਪਾਕਿਸਤਾਨ ਉਤੇ ਦਬਾਅ ਲਗਾਤਾਰ ਵਧ ਰਿਹਾ ਹੈ। ਇਸੇ ਸਿਲਸਿਲੇ ਵਿਚ ਹੀ ਭਾਰਤ ਦੇ ਕੇਂਦਰੀ ਗ੍ਰਹਿ ਮਹਿਕਮੇ ਨੇ ਪਾਕਿਸਤਾਨ ਨੂੰ 50 ਭਗੌੜਿਆਂ ਦੀ ਸੂਚੀ ਸੌਂਪੀ ਹੈ। ਇਸ ਸੂਚੀ ਵਿਚ ਵਧਾਵਾ ਸਿੰਘ ਬੱਬਰ (ਬੱਬਰ ਖਾਲਸਾ ਇੰਟਰਨੈਸ਼ਨਲ), ਪਰਮਜੀਤ ਸਿੰਘ ਪੰਜਵੜ (ਖਾਲਿਸਤਾਨ ਕਮਾਂਡੋ ਫੋਰਸ), ਰਣਜੀਤ ਸਿੰਘ ਉਰਫ ਨੀਟਾ (ਖਾਲਿਸਤਾਨ ਜ਼ਿੰਦਾਬਾਦ ਫੋਰਸ) ਅਤੇ ਲਖਬੀਰ ਸਿੰਘ ਰੋਡੇ (ਇੰਟਰਨੈਸ਼ਨਲ ਯੂਥ ਫੈਡਰੇਸ਼ਨ) ਦੇ ਨਾਂ ਵੀ ਸ਼ਾਮਲ ਹਨ। ਇਨ੍ਹਾਂ ਦੇ ਨਾਂ ਭਾਵੇਂ ਕਾਲੀ ਸੂਚੀ ਵਿਚੋਂ ਕੱਢ ਦਿੱਤੇ ਹਨ ਪਰ ਇਨ੍ਹਾਂ ਨੂੰ ਭਗੌੜਿਆਂ ਵਿਚ ਸ਼ਾਮਲ ਕਰਨ ਨਾਲ ਇਨ੍ਹਾਂ ਦੀ ਵਾਪਸੀ ਦਾ ਰਾਹ ਉਕਾ ਹੀ ਬੰਦ ਹੋ ਗਿਆ ਹੈ। ਕਾਲੀ ਸੂਚੀ ਵਿਚ ਸ਼ਾਮਲ ਬੰਦਿਆਂ ਉਤੇ ਦੇਸ਼ ਵਾਪਸੀ ’ਤੇ ਰੋਕ ਹੁੰਦੀ ਹੈ ਪਰ ਭਗੌੜਿਆਂ ਦੀ ਸੂਚੀ ਵਿਚ ਨਾਂ ਸ਼ਾਮਲ ਕਰਨ ਦਾ ਮਤਲਬ ਇਨ੍ਹਾਂ ਨੂੰ ਕਿਸੇ ਵੀ ਕਿਸਮ ਦੀ ਛੋਟ ਨਾ ਦੇਣਾ ਹੈ; ਹਾਲਾਂਕਿ ਉਸ ਦੌਰ ਦੀ ਖਾਲਿਸਤਾਨੀ ਲਹਿਰ ਵੇਲੇ ਲੋਕਾਂ ਉਤੇ ਜਬਰ ਕਰਨ ਵਾਲੇ ਪੁਲਿਸ ਵਾਲੇ ਅੱਜ ਵੀ ਖੁੱਲ੍ਹੇ ਘੁੰਮ ਰਹੇ ਹਨ।*



ਲਖਬੀਰ ਸਿੰਘ ਰੋਡੇ



ਪਰਮਜੀਤ ਸਿੰਘ ਪੰਜਵੜ



ਵਧਾਵਾ ਸਿੰਘ ਬੱਬਰ



ਰਣਜੀਤ ਸਿੰਘ ਨੀਟਾ

# ਕਾਲੀ ਸੂਚੀ ’ਚੋਂ 142 ਪਰਵਾਸੀ ਭਾਰਤੀ ਸਿੱਖਾਂ ਦੇ ਨਾਂ ਹਟਾਏ

**ਚੰਡੀਗੜ੍ਹ:** ਭਾਰਤ ਸਰਕਾਰ ਨੇ ਕਾਲੀ ਸੂਚੀ ਵਿਚ ਦਰਜ ਪਰਵਾਸੀ ਭਾਰਤੀ ਸਿੱਖਾਂ ਦੇ 169 ਨਾਵਾਂ ’ਚੋਂ 142 ਵਿਅਕਤੀਆਂ ਦੇ ਨਾਂ ਹਟਾ ਦਿੱਤੇ ਹਨ। ਹੁਣ ਇਸ ਸੂਚੀ ਵਿਚ 27 ਨਾਂ ਹੀ ਰਹਿ ਗਏ ਹਨ। ਕੇਂਦਰ ਨੇ ਇਸ ਵਾਰ ਕਾਲੀ ਸੂਚੀ ’ਚੋਂ 117 ਬੰਦਿਆਂ ਦੇ ਨਾਂ ਖਾਰਜ ਕੀਤੇ ਹਨ ਜਦੋਂਕਿ ਪਿਛਲੇ ਸਾਲ ਨਵੰਬਰ ਵਿਚ 25 ਜਣਿਆਂ ਦੇ ਨਾਂ ਕਾਲੀ ਸੂਚੀ ’ਚੋਂ ਹਟਾਏ ਗਏ ਸਨ। ਇਸ ਤਰ੍ਹਾਂ ਕੁੱਲ ਸੰਖਿਆ 142 ਹੋ ਗਈ ਹੈ।

ਜ਼ਿਕਰਯੋਗ ਹੈ ਕਿ 80ਵੇਂ ਦਹਾਕੇ ਦੌਰਾਨ ਪੰਜਾਬ ਵਿਚ ਖਾਲਿਸਤਾਨ ਲਹਿਰ ਨਾਲ ਸਬੰਧਤ ਮਾਮਲਿਆਂ ਵਿਚ ਲੋੜੀਂਦੇ ਬੰਦੇ ਕਾਲੀ ਸੂਚੀ ਵਿਚ ਸ਼ਾਮਲ ਕੀਤੇ ਗਏ ਸਨ। ਇਸ ਸੂਚੀ ’ਚ ਕਨਿਸ਼ਕ ਧਮਾਕੇ ਦੇ ਮੁਕੱਦਮੇ ਵਿਚ ਸ਼ਾਮਲ ਰਿਪੂਦਮਨ ਸਿੰਘ ਮਲਿਕ ਤੇ ਇੰਦਰਜੀਤ ਸਿੰਘ ਰਿਆਤ ਤੇ ਇੰਟਰਨੈਸ਼ਨਲ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਮੁਖੀ ਸਤਿੰਦਰਪਾਲ ਸਿੰਘ ਗਿੱਲ ਨੂੰ ਕੋਈ ਰਾਹਤ ਨਹੀਂ ਮਿਲੀ। ਸੂਚੀ ਦੀ ਨਜ਼ਰਸਾਨੀ ਮਗਰੋਂ ਜਿਨ੍ਹਾਂ ਨੂੰ ਲਾਹਾ ਮਿਲਿਆ ਹੈ, ਉਨ੍ਹਾਂ ਵਿਚ ਖਾਲਿਸਤਾਨੀ ਵਿਚਾਰਧਾਰਕ ਗੰਗਾ ਸਿੰਘ ਢਿਲੋਂ, ਤਲਵਿੰਦਰ ਸਿੰਘ ਪਰਮਾਰ, ਸਤਨਾਮ ਸਿੰਘ ਬੱਬਰ, ਦਇਆ ਸਿੰਘ, ਰਣਜੀਤ ਸਿੰਘ ਉਰਫ਼ ਨੀਟਾ, ਲਖਬੀਰ ਸਿੰਘ ਰੋਡੇ ਤੇ ਮਹਿਲ ਸਿੰਘ ਉਰਫ਼ ਆਤਮਾ ਉਰਫ਼ ਭਾਈ ਉਰਫ਼ ਭੱਟ ਉਰਫ਼ ਜੱਟ ਸ਼ਾਮਲ ਹਨ। ਦਿਲਚਸਪ ਗੱਲ ਹੈ ਕਿ ਪਾਕਿਸਤਾਨ ਰਹਿ ਰਹੇ ਸੂਚੀ ਵਿਚ ਸ਼ਾਮਲ ਚੋਟੀ ਦੇ 50 ਲੋੜੀਂਦੇ ਬੰਦਿਆਂ ਵਿਚੋਂ ਪਰਮਜੀਤ ਸਿੰਘ ਪੰਜਵੜ ਉਰਫ਼ ਪੰਮਾ ਉਰਫ਼ ਪਿੰਦਰਜੀਤ ਅਤੇ ਵਧਾਵਾ ਸਿੰਘ ਚਾਚਾ ਦੇ ਨਾਂ ਵੀ ਕਾਲੀ ਸੂਚੀ ਵਿਚੋਂ ਹਟਾ ਦਿੱਤੇ ਗਏ ਹਨ। ਮਰਹੂਮ ਜਗਜੀਤ ਸਿੰਘ ਚੌਹਾਨ ਜਿਸ ਦੀ ਕੁਝ ਸਮਾਂ ਪਹਿਲਾਂ ਭਾਰਤ ਵਿਚ ਮੌਤ ਹੋ ਗਈ ਸੀ, ਦਾ ਨਾਂ ਵੀ ਇਸ ਸੂਚੀ ਵਿਚੋਂ ਹਟਾ ਲਿਆ ਗਿਆ ਹੈ।

### *ਹੁਣ ਸੂਚੀ ’ਚ ਸਿਰਫ 27 ਨਾਂ ਬਾਕੀ*

ਠੇਕੇਦਾਰ ਜਸਵੰਤ ਸਿੰਘ ਤੇ ਗੁਰਮੀਤ ਸਿੰਘ ਔਲਖ ਨੂੰ ਵੀ ਰਾਹਤ ਮਿਲ ਗਈ ਹੈ।

ਜਿਨ੍ਹਾਂ ਦੇ ਨਾਂ ਕਾਲੀ ਸੂਚੀ ਵਿਚੋਂ ਹਟਾਏ ਗਏ ਹਨ, ਉਨ੍ਹਾਂ ਪਰਵਾਸੀ ਸਿੱਖਾਂ ਦੇ ਨਾਵਾਂ ਵਾਲੀ ਮੁਕੰਮਲ ਸੂਚੀ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਕੇਂਦਰੀ ਮੰਤਰਾਲੇ ਕੋਲੋਂ ਹਾਸਲ ਕੀਤੀ। ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਪਰਮਜੀਤ ਸਿੰਘ ਸਰਨਾ ਨੇ ਦਾਅਵਾ ਕੀਤਾ ਕਿ ਕਾਲੀ ਸੂਚੀ ਵਿਚ ਸ਼ਾਮਲ ਕੁੱਲ 169 ਪਰਵਾਸੀ ਸਿੱਖਾਂ ਵਿਚੋਂ ਹੁਣ ਤੱਕ 142 ਨਾਂ ਹਟਾਏ ਜਾ ਚੁੱਕੇ ਹਨ ਤੇ ਉਨ੍ਹਾਂ ਵਲੋਂ ਲਗਾਤਾਰ ਕੀਤੇ ਗਏ ਯਤਨਾਂ ਦਾ ਨਤੀਜਾ ਹੈ। ਪੰਜਾਬ ਸਰਕਾਰ ਦੇ ਦਾਅਵਿਆਂ ਕਿ ਉਸ ਨੇ ਕੇਂਦਰੀ ਗ੍ਰਹਿ ਮੰਤਰਾਲੇ ਨੂੰ ਸੂਚੀ ’ਤੇ ਮੁੜ ਵਿਚਾਰ ਕਰਨ ਲਈ ਜ਼ੋਰ ਪਾਇਆ ਸੀ, ਦਾ ਖੰਡਨ ਕਰਦਿਆਂ ਸ. ਸਰਨਾ ਨੇ ਕਿਹਾ ਕਿ ਗੁਰਦੁਆਰਾ ਕਮੇਟੀ ਨੂੰ ਗ੍ਰਹਿ ਮੰਤਰਾਲੇ ਵਲੋਂ ਮਿਲੀ ਚਿੱਠੀ ਤੋਂ ਪਤਾ ਲੱਗਦਾ ਹੈ ਕਿ ਦਿੱਲੀ ਹਾਈ ਕੋਰਟ ਨੇ ਇਹ ਨਿਰਦੇਸ਼ ਉਨ੍ਹਾਂ ਵਲੋਂ 9 ਫਰਵਰੀ 2011 ਨੂੰ ਪਾਈ ਪਟੀਸ਼ਨ ’ਤੇ ਕਾਰਵਾਈ ਕਰਦਿਆਂ ਦਿੱਤੇ ਹਨ। ਚਿੱਠੀ ਅਨੁਸਾਰ ਇਨ੍ਹਾਂ ਨਾਵਾਂ ਨੂੰ ਸੂਚੀ ਵਿਚੋਂ ਹਟਾਉਣ ਦਾ ਫੈਸਲਾ 21 ਅਪਰੈਲ ਨੂੰ ਕੀਤਾ ਗਿਆ ਸੀ।

## ਸਭ ਤੋਂ ਵੱਧ ਫ਼ਾਇਦਾ ਖਾਲਿਸਤਾਨੀ ਆਗੂਆਂ ਨੂੰ

**ਚੰਡੀਗੜ੍ਹ:** ਭਾਰਤ ਦੇ ਗ੍ਰਹਿ ਮਹਿਕਮੇ ਵੱਲੋਂ ਕਾਲੀ ਸੂਚੀ ਵਿਚੋਂ ਨਾਂ ਕੱਢਣ ਦਾ ਸਭ ਤੋਂ ਵੱਧ ਲਾਹਾ ਬੱਬਰ ਖਾਲਸਾ ਇੰਟਰਨੈਸ਼ਨਲ ਅਤੇ ਖਾਲਿਸਤਾਨ ਦੀ ਵਿਚਾਰਧਾਰਾ ਨਾਲ ਜੁੜੇ ਆਗੂਆਂ ਨੂੰ ਮਿਲਿਆ ਹੈ।

ਚਾਰ ਵੱਡੀਆਂ ਸਿੱਖ ਖਾੜਕੂ ਜਥੇਬੰਦੀਆਂ ਦੇ ਮੁਖੀਆਂ ਵਧਾਵਾ ਸਿੰਘ ਬੱਬਰ (ਬੱਬਰ ਖਾਲਸਾ ਇੰਟਰਨੈਸ਼ਨਲ), ਪਰਮਜੀਤ ਸਿੰਘ ਪੰਜਵੜ (ਖਾਲਿਸਤਾਨ ਕਮਾਂਡੋ ਫੋਰਸ), ਰਣਜੀਤ ਸਿੰਘ ਉਰਫ ਨੀਟਾ (ਖਾਲਿਸਤਾਨ ਜ਼ਿੰਦਾਬਾਦ ਫੋਰਸ) ਅਤੇ ਸਤਿੰਦਰਪਾਲ ਸਿੰਘ ਗਿੱਲ ਤੇ ਲਖਬੀਰ ਸਿੰਘ ਰੋਡੇ (ਇੰਟਰਨੈਸ਼ਨਲ ਯੂਥ ਫੈਡਰੇਸ਼ਨ) ਦੇ ਨਾਂ ਕਾਲੀ ਸੂਚੀ ਵਿਚੋਂ ਕੱਢ ਦਿੱਤੇ ਗਏ ਹਨ।

ਇਨ੍ਹਾਂ ਤੋਂ ਇਲਾਵਾ ਖਾਲਿਸਤਾਨੀ ਵਿਚਾਰਧਾਰਾ ਨਾਲ ਸਬੰਧਤ ਬਜ਼ੁਰਗ ਆਗੂ ਗੰਗਾ ਸਿੰਘ ਢਿੱਲੋਂ, ਗੁਰਮੀਤ ਸਿੰਘ ਔਲਖ ਅਤੇ ਗਿਆਨ ਸਿੰਘ ਸੰਧੂ ਦੇ ਨਾਂ ਵੀ ਕਾਲੀ ਸੂਚੀ ਵਿਚੋਂ ਕੱਢ ਦਿੱਤੇ ਗਏ ਹਨ। ਜ਼ਿਕਰਯੋਗ ਹੈ ਕਿ 1980 ਵਿਚ ਜਦੋਂ ਖਾਲਿਸਤਾਨ ਦੀ ਪ੍ਰਾਪਤੀ ਲਈ ਜਦੋਜਹਿਦ ਸ਼ੁਰੂ ਹੋਈ ਸੀ, ਉਦੋਂ ਗੰਗਾ ਸਿੰਘ ਢਿੱਲੋਂ ਨੇ ਚੰਡੀਗੜ੍ਹ ਵਿਚ ਹੋਈ ਵਿਸ਼ਵ ਸਿੱਖ ਐਜੂਕੇਸ਼ਨ ਕਾਨਫਰੰਸ ਵਿਚ ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਕੀਤੀ ਸੀ।

ਇਕ ਪੁਲੀਸ ਅਧਿਕਾਰੀ ਅਨੁਸਾਰ ਕਾਲੀ ਸੂਚੀ ਵਿਚੋਂ ਇਨ੍ਹਾਂ ਆਗੂਆਂ ਦੇ ਨਾਂ ਕੱਢਣ ਤੋਂ ਬਾਅਦ ਹੁਣ ਉਹ ਭਾਰਤ ਆ ਸਕਦੇ ਹਨ, ਬਸ਼ਰਤੇ ਉਨ੍ਹਾਂ ਕੋਲ ਲੋੜੀਂਦੇ ਦਸਤਾਵੇਜ਼ ਹੋਣ। ਸੂਤਰਾਂ ਅਨੁਸਾਰ ਵਧਾਵਾ ਸਿੰਘ ਬੱਬਰ ਤੇ ਪਰਮਜੀਤ ਸਿੰਘ ਪੰਜਵੜ ਨੇ ਪਾਕਿਸਤਾਨ ਵਿਚ ਆਪਣੇ ਨਵੇਂ ਘਰ ਬਣਾ ਲਏ ਹਨ ਪਰ ਉਸਾਮਾ ਬਿਨ-ਲਾਦਿਨ ਨੂੰ ਮਾਰਨ ਤੋਂ ਬਾਅਦ ਬਦਲੇ ਹਾਲਾਤ ਨਾਲ ਉਨ੍ਹਾਂ ਲਈ ਸੰਕਟ ਪੈਦਾ ਹੋ ਸਕਦਾ ਹੈ।

## *ਭਾਰਤ ਵੱਲੋਂ ਪਾਕਿ ’ਚ ਰਹਿੰਦੇ 50 ਭਗੌੜਿਆਂ ਦੀ ਸੂਚੀ ਜਾਰੀ*

**ਨਵੀਂ ਦਿੱਲੀ:** ਭਾਰਤ ਵੱਲੋਂ ਪਾਕਿਸਤਾਨ ਵਿਚ ਰਹਿੰਦੇ 50 ਭਗੌੜਿਆਂ ਦੀ ਸੂਚੀ ਜਾਰੀ ਕਰਨ ਨਾਲ ਦੋਵਾਂ ਮੁਲਕਾਂ ਵਿਚਾਲੇ ਤਲਖੀ ਵਧਣ ਦੀ ਸੰਭਾਵਨਾ ਹੈ। ਭਾਰਤ ਨੇ ਜਿਹੜੀ ਸੂਚੀ ਜਾਰੀ ਕੀਤੀ ਹੈ ਉਸ ਵਿਚ ਦਾਊਦ ਇਬਰਾਹੀਮ, 26/11 ਹਮਲੇ ਦਾ ਮੁੱਖ ਸਾਜ਼ਿਸ਼ੀ ਤੇ ਲਸ਼ਕਰ-ਏ-ਤੋਇਬਾ ਦਾ ਬਾਨੀ ਹਾਫਿਜ਼ ਸਈਦ, ਪੰਜਾਬ ਦੇ ਖਾੜਕੂ ਲਖਬੀਰ ਸਿੰਘ, ਪਰਮਜੀਤ ਸਿੰਘ ਪੰਜਵੜ, ਰਣਜੀਤ ਸਿੰਘ ਉਰਫ ਨੀਟਾ ਤੇ ਵਧਾਵਾ ਸਿੰਘ ਦੇ ਨਾਂ ਵੀ ਸ਼ਾਮਲ ਹਨ। ਸੂਚੀ ਵਿਚ ਜ਼ਕੀ-ਉਰ-ਰਹਿਮਾਨ, ਜੈਸ਼-ਏ-ਮੁਹੰਮਦ ਦਾ ਮੁਖੀ ਮੌਨਾਨ, ਮਸੂਦ ਅਜ਼ਹਰ ਦਾ ਨਾਂ ਵੀ ਹੈ। ਸੂਚੀ ਵਿਚ ਅਲ-ਕਾਇਦਾ ਦਾ ਇਲਿਆਸ ਕਸ਼ਮੀਰੀ, ਮੈਮਨ ਇਬਰਾਹੀਮ ਉਰਫ ਟਾਈਗਰ ਮੈਨਨ, ਸ਼ੇਖ ਸ਼ਕੀਲ ਉਰਫ ਛੋਟਾ ਸ਼ਕੀਲ, ਮੈਮਨ ਅਯੂਬ ਰਜ਼ਾਕ, ਅਨੀਸ ਇਬਰਾਹੀਮ ਕਾਸਕਰ ਸ਼ੇਖ, ਅਨਵਰ ਅਹਿਮਦ ਹਾਜੀ ਜਮਾਲ ਤੇ ਮੁਹੰਮਦ ਅਹਿਮਦ ਦੇ ਨਾਂ ਸ਼ਾਮਲ ਹਨ। ਇਹ ਸਾਰੇ 1993 ਦੇ ਮੁੰਬਈ ਲੜੀਵਾਰ ਬੰਬ ਧਮਾਕਿਆਂ ਵਿਚ ਲੋੜੀਂਦੇ ਹਨ।

**ਲਖਬੀਰ ਸਿੰਘ, ਪੰਜਵੜ, ਨੀਟਾ ਤੇ ਵਧਾਵਾ ਸਿੰਘ ਦੇ ਨਾਂ ਵੀ ਸ਼ਾਮਲ**

ਹਿਜ਼ਬੁਲ ਮੁਜਾਹਿਦੀਨ ਦਾ ਮੁਖੀ ਸਈਦ ਸਲਾਊਦੀਨ, ਜੰਮੂ-ਕਸ਼ਮੀਰ ਲਿਬਰੇਸ਼ਨ ਫਰੰਟ ਦਾ ਬਾਨੀ ਅਮਾਨ ਉਲਾ ਖਾਨ, ਪੰਜਾਬ ਦੇ ਖਾੜਕੂ ਲਖਬੀਰ ਸਿੰਘ, ਪਰਮਜੀਤ ਸਿੰਘ ਪੰਜਵੜ, ਰਣਜੀਤ ਸਿੰਘ ਉਰਫ ਨੀਟਾ ਤੇ ਵਧਾਵਾ ਸਿੰਘ ਦਾ ਨਾਂ ਵੀ ਭਗੌੜਿਆਂ ਦੀ ਸੂਚੀ ਵਿਚ ਹੈ। ਮੁੰਬਈ ਹਮਲਿਆਂ ਬਾਰੇ ਸਾਜਿਦ ਮਾਜਿਦ, ਮੇਜਰ ਇਕਬਾਲ, ਮੇਜਰ ਸਮੀਰ ਅਲੀ, ਸਈਦ ਰਹਿਮਾਨ ਉਰਫ ਪਾਸ਼ਾ ਤੇ ਅਬੂ ਹਮਜਾ ਵੀ ਭਾਰਤ ਨੂੰ ਲੋੜੀਂਦੇ ਹਨ। ਦਾਊਦ ਗਰੋਹ ਦੇ ਮੈਂਬਰ ਜੋ ਇਸ ਸੂਚੀ ਵਿਚ ਹਨ ਉਨ੍ਹਾਂ ਵਿਚ ਜਾਵੇਦ ਪਟੇਲ, ਸਲੀਮ ਅਬਦੁਲ ਗਾਨੀ ਗਾਜ਼ੀ, ਰਿਆਜ ਅਬੂ ਬਕਰ ਖਤਰੀ, ਮੁਨਾਫ ਅਬਦੁਲ ਮਾਜਿਦ ਹਲਾਰੀ, ਮੁਹੰਮਦ ਤਾਇਨੁਰ, ਖਾਨ ਬਸ਼ੀਰ ਅਹਿਮਦ, ਅਨੀਉਲ ਹਕਖਾਨ, ਯਾਕੂਬ ਖਾਨ, ਮੁਹੰਮਦ ਸੈਫ ਮੈਨਨ, ਇਰਫਾਨ ਗੁਲਜ਼ਾਰ, ਫਿਰੋਜ਼ ਅਬਦੁਲ ਰਾਸ਼ਿਦ ਖਾਨ, ਇਸਾਕ ਅੱਟਾ ਹੁਸੈਨ ਉਰਫ ਅਲੀ ਮੂਸਾ, ਸਗੀਰ ਸਬੀਰ ਅਲੀ ਸ਼ੇਖ ਤੇ ਆਫਤਾਬ ਬਤਕੀ ਸ਼ਾਮਲ ਹਨ। ਰਾਸ਼ਿਦ ਅਬਦੁੱਲਾ ਉਰਫ ਅਬੂ ਰੇਹਾਨ 2008 ਬੰਗਲੌਰ ਧਮਾਕਿਆਂ ਲਈ ਲਸ਼ਕਰ ਕਮਾਂਡਰ ਚੀਮਾ ਅਜ਼ਾਮ, ਸਈਦ ਜ਼ੈਬੀਊਦੀਨ ਜੈਬੀ 2006 ਦੇ ਔਰੰਗਾਬਾਦ ਹਥਿਆਰ ਮਾਮਲੇ, ਇਬਰਾਹੀਮ ਅਖਤਰ, ਅਜ਼ਹਰ ਯੁਸੂਫ, ਮਿਸਤਰੀ ਜ਼ਹੂਰ, ਇਬਰਾਹੀਮ ਉਰਫ ਭੋਲਾ, ਸਈਦ ਸ਼ਾਹਿਦ ਅਖਤਰ, ਸ਼ਕੀਰ ਮੁਹੰਮਦ ਉਰਫ ਰਾਮ ਗੋਪਾਲ ਵਰਮਾ ਤੇ ਅਬਦੁਲ ਰਾਉਫ ਇੰਡੀਅਨ ਏਅਰ ਲਾਈਨਜ਼ ਆਈ.ਸੀ.814 ਅਗਵਾ ਕਾਂਡ ਵਿਚ ਲੋੜੀਂਦੇ ਹਨ। ਸੂਫੀਆਨ ਮੁਫਤੀ ਗੁਜਰਾਤ ਦੇ ਗ੍ਰਹਿ ਮੰਤਰੀ ਹੀਰੇਨ ਪਾਂਡਿਆ ਕਤਲ ਕੇਸ ’ਚ ਭਗੌੜਾ ਹੈ।

# ਖਾਲਿਸਤਾਨੀ ਭਾਰਤ ਨਾਲੋਂ ਕੈਨੇਡਾ ’ਚ ਵੱਧ ਸਰਗਰਮ

## ■ ਕਨਿਸ਼ਕ ਕਾਂਡ ਪੀੜਤਾਂ ਵੱਲੋਂ ਜਸਟਿਸ ਜੌਹਨ ਦੇ ਬਿਆਨ ਦੀ ਪ੍ਰੋੜਤਾ

**ਚੰਡੀਗੜ੍ਹ:** ਏਅਰ ਇੰਡੀਆ ਬੰਬ ਕਾਂਡ ਦੀ ਜਾਂਚ ਕਰ ਰਹੇ ਇਕ ਕੈਨੇਡੀਆਈ ਜੱਜ ਦੇ ਇਸ ਬਿਆਨ ਦੀ ਪੀੜਤਾਂ ਨੇ ਪੁਸ਼ਟੀ ਕੀਤੀ ਹੈ ਕਿ ਖਾਲਿਸਤਾਨੀ ਭਾਰਤ ਨਾਲੋਂ ਕੈਨੇਡਾ ਵਿਚ ਵੱਧ ਸਰਗਰਮ ਹਨ। ਕੈਨੇਡਾ ਦੇ ਸਾਬਕਾ ਚੀਫ ਜਸਟਿਸ ਜੌਹਨ ਸੀ. ਮੇਜਰ ਨੇ ਬੀਤੇ ਚੰਡੀਗੜ੍ਹ ਵਿਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਸੀ ਕਿ ਖਾਲਿਸਤਾਨੀ ਭਾਰਤ ਦੇ ਮੁਕਾਬਲੇ ਸਰੀ (ਕੈਨੇਡਾ) ਵਿਚ ਵੱਧ ਸਰਗਰਮ ਹਨ। ਗਰੁੱਪ ਦੇ ਤੌਰ ’ਤੇ ਉਹ ਹੋਰਾਂ ਨਾਲ ਬਹੁਤਾ ਘੁਲਦੇ-ਮਿਲਦੇ ਨਹੀਂ। ਉਹ ਭਾਰਤ ਨੂੰ ਵੀ ਨਿਸ਼ਾਨਾ ਬਣਾ ਸਕਦੇ ਹਨ। ਵੈਨਕੂਵਰ ਦੇ ਬਾਹਰਵਾਰ ਪੈਂਦੇ ਸਰੀ ਦੇ ਇਲਾਕੇ ਦੀ 4.5 ਲੱਖ ਆਬਾਦੀ ਹੈ ਜਿੱਥੇ ਸਿੱਖਾਂ ਦਾ ਸਭ ਤੋਂ ਵੱਧ ਬਸੇਰਾ ਹੈ।

ਯਾਦ ਰਹੇ ਕਿ ਏਅਰ ਇੰਡੀਆ ਦੀ ਕਨਿਸ਼ਕ ਉਡਾਣ ਵਿਚ 23 ਜੂਨ 1985 ਨੂੰ ਹੋਏ ਹਾਦਸੇ ’ਚ ਸਵਾਰ ਸਾਰੇ 329 ਵਿਅਕਤੀ ਮਾਰੇ ਗਏ ਸਨ। ਏਅਰ ਇੰਡੀਆ ਪੀੜਤ ਪਰਿਵਾਰ ਐਸੋਸੀਏਸ਼ਨ ਦੇ ਪ੍ਰਧਾਨ ਬਾਲ ਗੁਪਤਾ ਨੇ ਦੱਸਿਆ ਕਿ ਇਨ੍ਹਾਂ ਲੋਕਾਂ ਤੋਂ ਹਾਲੇ ਵੀ ਖਤਰਾ ਹੈ। ਏਅਰ ਇੰਡੀਆ ਉਡਾਣ ਵਿਚ ਧਮਾਕਾ ਕਰਨ ਵਾਲੇ ਹਾਲੇ ਵੀ ਕੈਨੇਡੀਆਈ ਸਮਾਜ ਵਿਚ ਖੁੱਲ੍ਹੇਆਮ ਘੁੰਮ ਰਹੇ ਹਨ। ਕੈਨੇਡਾ ਵਿਚ ਤਿੰਨ ਮੁਕੱਦਮਿਆਂ ਦਾ ਸਾਹਮਣਾ ਕਰ ਰਹੇ ਕੈਨੇਡਾ ਦੇ ਸਾਬਕਾ ਸਿਹਤ ਮੰਤਰੀ ਉਜਲ ਦੋਸਾਂਝ ਨੇ ਕਿਹਾ ਕਿ ਜਸਟਿਸ ਜੌਹਨ ਮੇਜਰ ਦੀਆਂ ਟਿੱਪਣੀਆਂ ਨਾਲ ਉਨ੍ਹਾਂ ਦੀਆਂ ਗੱਲਾਂ ਸਹੀ ਸਾਬਤ ਹੋਈਆਂ ਹਨ।

ਉਨ੍ਹਾਂ ਕਿਹਾ, "ਜੇ ਕੋਈ ਬੰਦਾ ਕੈਨੇਡਾ ਵਿਚ ਖਾਲਿਸਤਾਨੀਆਂ ਬਾਰੇ ਜਾਣਦਾ ਹੈ ਤਾਂ ਉਹ ਜੌਹਨ ਮੇਜਰ ਹਨ। ਇਹ ਕੈਨੇਡੀਅਨ ਸਰਕਾਰ ਤੇ ਕੈਨੇਡੀਆਈ ਲੋਕਾਂ ਲਈ ਸੁਨੇਹਾ ਹੈ ਕਿ ਪਿਛਲੇ ਇੰਨੇ ਸਾਲਾਂ ਤੋਂ ਮੈਂ ਜੋ ਕੁਝ ਕਹਿੰਦਾ ਆ ਰਿਹਾ ਸੀ, ਉਹ ਸਹੀ ਸੀ।" ਦੋਸਾਂਝ ’ਤੇ 1980ਵਿਆਂ ਵਿਚ ਖਾਲਿਸਤਾਨ ਪੱਖੀਆਂ ਨੇ ਹਮਲਾ ਵੀ ਕੀਤਾ ਸੀ। ਕਨਿਸ਼ਕ ਜਹਾਜ਼ ਦੇ ਪਾਇਲਟ ਨਰਿੰਦਰ ਸਿੰਘ ਹਾਂਸ ਦੇ ਪੁੱਤਰ ਅਨਿਲ ਸਿੰਘ ਹਾਂਸ ਨੇ ਕਿਹਾ ਕਿ ਜਸਟਿਸ ਜੌਹਨ ਮੇਜਰ ਵੱਲੋਂ ਭਾਰਤ ਦਾ ਦੌਰਾ ਕਰਨਾ ਤੇ ਉੱਥੇ ਜਾ ਕੇ ਇਸ ਮੁੱਦੇ ਦਾ ਜ਼ਿਕਰ ਕਰਨਾ ਇਹ ਦਰਸਾਉਂਦਾ ਹੈ ਕਿ ਉਹ ਆਪਣੇ ਦੇਸ਼ ਕੈਨੇਡਾ ਦੇ ਲਾਪਰਵਾਹੀ ਭਰੇ ਵਤੀਰੇ ਤੋਂ ਦੁਖੀ ਹਨ।



*ਜਸਟਿਸ ਜੌਹਨ ਮੇਜਰ ਸ੍ਰੀ ਹਰਿਮੰਦਰ ਸਾਹਿਬ ਵਿਖੇ ਪਰਿਕਰਮਾ ਕਰਦੇ ਹੋਏ।*

## ਵਿਦੇਸ਼ਾਂ ਵਿਚ ਪਨਾਹ ਲੈਣ ਵਾਲੇ ਸਿੱਖ ਖਾੜਕੂਆਂ ਨਾਲ ਕੇਂਦਰ ਗੱਲ ਕਰੇ: ਸਰਨਾ

**ਚੰਡੀਗੜ੍ਹ:** ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਪਰਮਜੀਤ ਸਿੰਘ ਸਰਨਾ ਨੇ ਭਾਰਤ ਸਰਕਾਰ ਨੂੰ ਸਲਾਹ ਦਿੱਤੀ ਹੈ ਕਿ ਇਹ, ਅਤਿਵਾਦੀ ਐਲਾਨ ਕੇ ਵਿਦੇਸ਼ਾਂ ਵਿਚ ਸ਼ਰਨ ਲੈਣ ਲਈ ਮਜਬੂਰ ਕੀਤੇ ਸਿੱਖਾਂ ਨਾਲ ਗੱਲਬਾਤ ਕਰੇ ਤਾਂ ਕਿ ਅਜਿਹੇ ਸਿੱਖਾਂ ਨੂੰ ਆਪਣੀ ਧਰਤੀ ’ਤੇ ਆ ਕੇ ਆਪਣੀ ਗੱਲ ਕਹਿਣ ਦਾ ਮੌਕਾ ਮਿਲੇ।

ਸ੍ਰੀ ਸਰਨਾ ਨੇ ਕਿਹਾ ਕਿ ਜੇ ਸਰਕਾਰ ਜੰਮੂ-ਕਸ਼ਮੀਰ, ਨਾਗਾਲੈਂਡ ਅਤੇ ਹੋਰ ਖੇਤਰ ਦੇ ਗਰਮਦਲੀਆਂ ਨਾਲ ਗੱਲਬਾਤ ਕਰ ਸਕਦੀ ਹੈ ਤਾਂ ਪਿਛਲੇ ਕਈ ਸਾਲਾਂ ਤੋਂ ਵਿਦੇਸ਼ਾਂ ਵਿਚ ਰਹਿਣ ਲਈ ਮਜਬੂਰ ਸਿੱਖਾਂ ਨਾਲ ਵੀ ਗੱਲ ਕੀਤੀ ਜਾ ਸਕਦੀ ਹੈ। ਜੇ ਵਿਦੇਸ਼ਾਂ ਵਿਚ ਬੈਠੇ ਸਿੱਖ ਭਾਰਤੀ ਸੰਵਿਧਾਨ ਦੇ ਅੰਦਰ ਰਹਿ ਕੇ ਮੰਗਾਂ ਰੱਖਦੇ ਹਨ ਤਾਂ ਪੁਰਾਣੀਆਂ ਕੁੜੱਤਣਾਂ ਦੂਰ ਕਰਨ ਲਈ ਉਨ੍ਹਾਂ ਨਾਲ ਗੱਲਬਾਤ ਦਾ ਸਿਲਸਿਲਾ ਚਲਾਉਣਾ ਚਾਹੀਦਾ ਹੈ।

## ਝੂਠੇ ਮੁਕਾਬਲੇ ਕਰਨ ਵਾਲੇ ਨੂੰ ਫਾਹੇ ਟੰਗਿਆ ਜਾਵੇ: ਸੁਪਰੀਮ ਕੋਰਟ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਕਿਹਾ ਹੈ ਕਿ ਪੁਲਿਸ ਮੁਲਾਜ਼ਮਾਂ ਵੱਲੋਂ ਝੂਠੇ ਮੁਕਾਬਲਿਆਂ ਵਿਚ ਲੋਕਾਂ ਨੂੰ ਮਾਰਨਾ ਵਿਲੱਖਣ ਅਪਰਾਧ ਮੰਨਿਆ ਜਾਣਾ ਚਾਹੀਦਾ ਹੈ ਤੇ ਇਸ ਲਈ ਜ਼ਿੰਮੇਵਾਰ ਪੁਲਿਸ ਮੁਲਾਜ਼ਮਾਂ ਨੂੰ ਸਜ਼ਾ-ਏ-ਮੌਤ ਦੇਣੀ ਚਾਹੀਦੀ ਹੈ। ਭਾੜੇ ਦੇ ਕਾਤਲਾਂ ਵਜੋਂ ਕੰਮ ਕਰਨ ਵਾਲੇ ਕੁਝ ਪੁਲਿਸ ਮੁਲਾਜ਼ਮਾਂ ਦੀਆਂ ਜ਼ਮਾਨਤ ਅਰਜ਼ੀਆਂ ਖਾਰਜ ਕਰਦਿਆਂ ਜਸਟਿਸ ਮਾਰਕੰਡੇ ਕਾਟਜੂ ਤੇ ਜਸਟਿਸ ਗਿਆਨ ਸੁਧਾ ਮਿਸ਼ਰਾ ਦੇ ਬੈਂਚ ਨੇ ਕਿਹਾ ਕਿ ਫਰਜ਼ੀ ਮੁਕਾਬਲਿਆਂ 'ਚ ਖਾਕੀ ਵਰਦੀਧਾਰੀ ਲੋਕ ਹੱਤਿਆਵਾਂ ਕਰਦੇ ਹਨ ਜਿਸਦੀ ਸਜਾ ਕਤਲ ਦੀ ਸਜਾ ਦੇ ਬਰਾਬਰ ਹੋਣੀ ਚਾਹੀਦੀ ਹੈ।

## ਇੰਗਲੈਂਡ 'ਚ ਪੰਜਾਬੀ ਨੌਜਵਾਨ ਨਸਲੀ ਹਿੰਸਾ ਦਾ ਸ਼ਿਕਾਰ

**ਤਰਨ ਤਾਰਨ:** ਪਿੰਡ ਕੱਲ੍ਹਾ ਦੇ ਕਿਸਾਨ ਵੱਸਣ ਸਿੰਘ ਦਾ ਨੌਜਵਾਨ ਪੁੱਤਰ ਹਰਜੀਤ ਸਿੰਘ (22) ਇੰਗਲੈਂਡ ਵਿਚ ਨਸਲੀ ਹਿੰਸਾ ਦਾ ਸ਼ਿਕਾਰ ਹੋਇਆ ਹੈ। ਪਰਿਵਾਰ ਨੂੰ ਆਪਣੇ ਪੁੱਤਰ ਦੀ ਮੌਤ ਦਾ ਉਦੋਂ ਪਤਾ ਲੱਗਾ ਜਦੋਂ ਉਨ੍ਹਾਂ ਨੂੰ ਲੰਡਨ ਪੁਲੀਸ ਦਾ ਫੋਨ ਆਇਆ। ਪਰਿਵਾਰ ਨੂੰ ਹੋਰ ਮਾਰ ਇਹ ਪੈ ਰਹੀ ਹੈ ਕਿ ਉਨ੍ਹਾਂ ਨੂੰ ਆਪਣੇ ਪੁੱਤਰ ਦੀ ਲਾਸ਼ ਇਧਰ ਮੰਗਵਾਉਣ ਲਈ 6000 ਪੌਂਡ ਉਧਰ ਦੀ ਸਰਕਾਰ ਨੂੰ ਭੇਜਣੇ ਪੈਣਗੇ।


**SUPER TRAVEL**

847-676-9090, 773-465-5566

E-mail: supertravel2003@yahoo.com

*Lowest Fares With Excellent Service*

AMERICAN AIR, CONTINENTAL AIR



JET AIRWAYS DELTA, AIR INDIA, KLM, LUFTHANSA.

For Emergency Call anytime at 847-673-3825

EARLY BIRD SALE!!!!

India $545
London $250

**MRP TRAVEL**

*Lowest International and Domestic Fares*

ARC **FLY ANY AIRLINE OF YOUR CHOICE** IATA

*Providing the lowest Air-fare, Cruise and Travel Packages to Asia, Africa, Europe, the Middle East and North America*

**408-929-8005**

E-mail:mrptravel@gmail.com
2123 Port Way, San Jose, CA 95133
CST: 2097308-40

Asiana Airlines Emirates



SINGAPORE AIRLINES CATHAY PACIFIC KOREAN AIR Lufthansa CHINA AIRLINES

**We Also Offer Notary Service**




**Business Opportunity**

International Company looking for serious people to work from home-part time or full time. Great earning potential, full training and support provided. To attend training in your area and For more info. call:

**Surjit Singh or Satwant K. Takk Cell:**

**(416) 889-9886**

**Sukhpreet Kaur Indiana**
**Ph:317-884-3557**

*www.safeandeasyweightloss.com*
*e-mail:sstakk@hotmail.com*

**Brand new convenience store for Sale/Lease in Indianapolis.**

**ਨਵਾਂ ਨਕੋਰ ਕਨਵੀਨੀਐਂਸ ਸਟੋਰ ਵਿਕਾਊ ਹੈ**

New convenience store having Walk in Cooler, Lottery, Money Order, ATM, Air machine and everything in place for the new owner. On one of the busiest streets in town, Corner lot, having good parking

**Store for sale with property $269000/-**
**For Lease $50000/- Rent $1200/-**
**CONTACT:Harry Singh**
**Ph:317-213-8408**

**ਰੇਡੀਓ ਚੜ੍ਹਦੀ ਕਲਾ ਸੁਣੋ**

ਯੂਬਾ ਸਿਟੀ ਇਲਾਕੇ ਵਿਚ ਆਪਣੇ ਘਰਾਂ ਵਿਚ ਪਏ ਪੁਰਾਣੇ ਰੇਡੀਓ ਸੈਟਾਂ ਉਪਰ

*ਪੂਰੇ ਅਮਰੀਕਾ ਦੇ ਕਿਸੇ ਵੀ ਸ਼ਹਿਰ ਜਾਂ ਪਿੰਡ ਵਿਚ ਰੇਡੀਓ ਚੜ੍ਹਦੀ ਕਲਾ ਸੁਣਨ ਲਈ ਅੱਜ ਹੀ ਰੇਡੀਓ ਖਰੀਦਣ ਲਈ ਫੋਨ ਕਰੋ*

ਗੁਰਚਰਨ ਸਿੰਘ ਮਾਨ, 510-557-0061
ਲਖਵੀਰ ਸਿੰਘ, 510-768-9882




ਬੇਏਰੀਆ ਵਿਚ Santa Cruz, San Jose, Santa Clara, Fremont, Union City ਅਤੇ ਆਸ-ਪਾਸ ਦੇ ਸਾਰੇ ਸ਼ਹਿਰਾਂ ਵਿਚ

- ਇੰਟਰਨੈਟ ਉਪਰ WWW.RADIOCK.COM ਦੁਨੀਆਂ ਭਰ ਵਿਚ ਸੁਣੋ
- ਗੁਰਬਾਣੀ ਵਿਚਾਰ ਪ੍ਰੋਗਰਾਮ ਸਵੇਰੇ 7 ਵਜੇ ਤੋਂ 10 ਵਜੇ ਤੱਕ
- ਪ੍ਰੋ. ਸਰਬਜੀਤ ਸਿੰਘ ਗੋਵਿੰਦਪੁਰੀ ਦਾ ਸਟੂਡੀਓ ਤੋਂ ਲਾਈਵ ਪ੍ਰੋਗਰਾਮ
- ਸੈਨ ਹੋਜ਼ੇ ਗੁਰੂ ਘਰ ਤੋਂ ਰਹਿਰਾਸ, ਗੁਰਬਾਣੀ ਕਥਾ ਤੇ ਕੀਰਤਨ ਦਾ ਸਿੱਧਾ ਪ੍ਰਸਾਰਣ
- ਬਾਕੀ ਪ੍ਰੋਗਰਾਮ- ਟਾਕ ਸ਼ੋਅ, ਬੁਝਾਰਤਾਂ, ਡਾਕਟਰ ਦੀ ਸਲਾਹ, ਖਬਰਾਂ ਅਤੇ ਸਭਿਆਚਾਰਕ ਪ੍ਰੋਗਰਾਮ ਵੀ ਸਿੱਧੇ ਪ੍ਰਸਾਰਿਤ ਹੁੰਦੇ ਹਨ।

ਹੋਰ ਜਾਣਕਾਰੀ ਲਈ ਸਾਡੀ ਵੈਬਸਾਈਟ 'ਤੇ ਜਾਓ www.radiock.com
**Radio CK, PO Box 296, Fremont, CA 94537**

***Purchase radio from:*** *Royal Bazar Alum Rock Ave San Jose, Preet Fabrik and appliances Fremont, Kash Fabrik Hayward, Sidhartha International Fremont, Roshni Decoto Road Union City*


*www.punjabtimesusa.com*

## Matrimonials

**ਕੰਨਿਆ ਦੀ ਲੋੜ**

Wanted US citizen girl for Kamboj Sikh boy, 25, 5'5", Bachelor in Architecture, raised in America went to school, college in New York, living with parents in New York and works with family business. Cast no bar. Call: 516.439.1208 or 347.920.9011

ਜੱਟ ਸਿੱਖ ਢਿੱਲੋਂ, ਸੁਨੱਖੇ, 22, 5'11", ਦਸ ਸਾਲ ਦੇ ਟੂਰਿਸਟ/ਬਿਜਨਸ ਵੀਜ਼ੇ 'ਤੇ ਅਮਰੀਕਾ ਆਪਣੇ ਪਿਤਾ ਪਾਸ ਰਹਿੰਦੇ ਲੜਕੇ ਲਈ ਅਮਰੀਕੀ ਸਿਟੀਜ਼ਨ ਲੜਕੀ ਦੀ ਲੋੜ ਹੈ। ਸੰਪਰਕ ਕਰੋ: ਫੋਨ 812-677-6206 ਜਾਂ ਈਮੇਲ: dhillon196315@yahoo.com

Wanted suitable match for Jatt Sikh US born, handsome, cleanshaven, 27/ 6'1", engineer (BSc. Engg.) boy, manager in a top US corporation. Educated, respected family, no demands. Contact: Sikh5family@gmail.com

Self-employed, handsome Sikh Khatri 48/5'7", living In bay area California, never married, looking for a life-partner. Divorcee also be considered, caste no bar. Contact:408-712-3454.

Seeking Jatt Sikh alliance for 27/5'-6" B.E, M.S girl. Placed with Bank of America, Contact:704-930-1734, ppsd32@gmail.com.

Indian Attorney in 60s, 5'-6", slim looking for a sincere, educated, God fearing, companion. Caste no bar. Serious inquiries only. Contact: Ph:323-573-9315, Email: singhb1@yahoo.com

**ਵਰ ਦੀ ਲੋੜ**

ਖੂਬਸੂਰਤ ਕੰਬੋਜ ਸਿੱਖ ਉਮਰ 24 ਸਾਲ ਕੱਦ 5'6" ਸਟੂਡੈਂਟ ਵੀਜ਼ੇ 'ਤੇ, ਕੈਨੇਡਾ ਰਹਿੰਦੀ ਰਜਿਸਟਰਡ ਪ੍ਰੈਕਟੀਕਲ ਨਰਸ ਅਮ੍ਰਿਤਧਾਰੀ ਲੜਕੀ ਲਈ ਗੁਰਸਿੱਖ ਵਰ ਚਾਹੀਦਾ ਹੈ। ਫੋਨ: 780-200-8082, 91-98146-47417

Sikh match for Parjapat Sikh female, 30, 5'- 6", working with US University on H1 visa, PhD (Molecular Biology) from US. Caste no bar, US/Canada preferred. Contact at 978-799-8948 (US), 91-98784-59056 (India), or piscean100@yahoo.com


FARMERS INSURANCE GROUP Symbol of Superior Service **FARMERS**®

**ਆਟੋ, ਘਰ, ਬਿਜਨਸ, ਲਾਈਫ ਇੰਸ਼ੋਰੈਂਸ ਚੰਗੇ ਭਾਅ ਉਤੇ ਕਰਵਾਉਣ ਲਈ ਸੇਵਾ ਦਾ ਮੌਕਾ ਦਿਓ, ਸਹੀ ਰਾਏ ਨਾਲ ਸਹੀ ਇੰਸ਼ੋਰੈਂਸ ਕਵਰੇਜ ਲਓ ਤੇ ਨਿਸ਼ਚਿੰਤ ਹੋ ਜਾਓ**

***Auto *Home *Life *Umbrella *Business Work Comp.**

**Duabba Insurance Agency**

2450 Peralta Blvd Suite 120, Fremont CA 94536
**Phone: 510-797-7989 Fax: 510-794-7398**
visit us@ farmers.com



**Gurcharan Singh Mann**
**Insurance Agent**
License # 0C 70672


ਪਾਲਿਸੀ (ਅਤੇ ਪ੍ਰਾਸਪੈਕਟਸ, ਜੇ ਲਾਗੂ ਹੋਵੇ) ਸਿਰਫ ਅੰਗਰੇਜ਼ੀ ਵਿੱਚ ਉਪਲੱਬਧ ਹੈ ਜਿਸਦੀ ਦਫਤਰ ਵਲੋਂ ਮਨਜ਼ੂਰੀ ਹੈ।

# ਮਮਤਾ ਦੀ ਜਿੱਤ ਜਾਂ ਖੱਬੇਪੱਖੀਆਂ ਦੀ ਹਾਰ



ਮਮਤਾ ਬੈਨਰਜੀ: ਆਮਦ

ਤ੍ਰਿਣਮੂਲ ਕਾਂਗਰਸ ਦੀ ਆਗੂ ਮਮਤਾ ਬੈਨਰਜੀ ਨੇ ਪੱਛਮੀ ਬੰਗਾਲ ਵਿਚ ਖੱਬੇਪੱਖੀਆਂ ਦੇ 34 ਸਾਲ ਪੁਰਾਣੇ 'ਲਾਲ ਕਿਲੇ' ਨੂੰ ਸੰਨ੍ਹ ਲਾ ਕੇ ਮਿਸਾਲ ਪੈਦਾ ਕਰ ਦਿੱਤੀ ਹੈ। ਬਹੁਤੇ ਸਿਆਸੀ ਮਾਹਿਰ ਭਾਵੇਂ ਇਹ ਮੰਨਦੇ ਹਨ ਕਿ ਇਸ ਕਿਲੇ ਨੂੰ ਭੰਨ੍ਹਣ ਵਿਚ ਮਾਓਵਾਦੀਆਂ ਦਾ ਵੀ ਯੋਗਦਾਨ ਰਿਹਾ ਹੈ ਪਰ ਸੂਬੇ ਵਿਚ ਜਿਸ ਤਰ੍ਹਾਂ ਦੀ ਸਿਆਸਤ ਪਿਛਲੇ ਇਕ ਦਹਾਕੇ ਦੌਰਾਨ ਇਸ ਔਰਤ ਆਗੂ ਨੇ ਕੀਤੀ ਹੈ, ਉਸ ਤੋਂ ਪਤਾ ਲੱਗਦਾ ਹੈ ਕਿ ਇਸ ਨੇ ਇਕ ਨਾ ਇਕ ਕਾਮਰੇਡਾਂ ਦਾ ਕਿਲਾ ਭੰਨ੍ਹਣ ਲਈ ਕੋਈ ਨਾ ਕੋਈ ਬੰਨ੍ਹ-ਸੁਬ ਕਰ ਲੈਣਾ ਹੈ। ਉਸ ਦੀ ਖੱਬੇਪੱਖੀਆਂ ਦੇ ਵਿਰੋਧ ਦੀ ਧਾਰ ਆਏ ਦਿਨ ਤੇਜ਼ ਹੁੰਦੀ ਗਈ। ਉਸ ਦਾ ਆਪਣਾ ਕੋਈ ਏਜੰਡਾ ਨਹੀਂ ਸੀ ਪਰ ਖੱਬੇਪੱਖੀਆਂ ਦੇ ਵਿਰੋਧ ਦੇ ਇਸ ਇਕ ਨੁਕਾਤੀ ਏਜੰਡੇ ਨੂੰ ਉਸ ਨੇ ਆਪਣੇ ਪੱਖ ਵਿਚ ਪਲਟਾ ਲਿਆ। ਇਸੇ ਕਾਰਨ ਉਸ ਨੇ ਪਹਿਲਾਂ-ਪਹਿਲਾਂ ਕਾਂਗਰਸ ਨਾਲੋਂ ਤੋੜ-ਵਿਛੋੜਾ ਵੀ ਕੀਤਾ ਅਤੇ ਫਿਰ ਭਾਜਪਾ ਵਰਗੀ ਸੱਜੀ ਸੋਚ ਵਾਲੀ ਪਾਰਟੀ ਨਾਲ ਵੀ ਸਾਂਝ ਵਧਾਈ। ਖੱਬੇਪੱਖੀਆਂ ਦੀ ਜ਼ਮੀਨ ਐਕਵਾਇਰ ਕਰਨ ਦੀ ਨੀਤੀ ਤੋਂ ਉਠੇ ਤੂਫ਼ਾਨ ਦਾ ਰੁਖ਼ ਉਸ ਨੇ ਬਹੁਤ ਕਾਮਯਾਬੀ ਨਾਲ ਖੱਬੇ ਮੋਰਚੇ ਵੱਲ ਮੋੜ ਦਿੱਤਾ। ਇਹ ਰੁਖ਼ ਮੋੜਨ ਲਈ ਉਸ ਨੇ ਆਪਣੀ ਸਿਆਸੀ ਚਤੁਰਾਈ ਦਾ ਮੁਜ਼ਾਹਰਾ ਕਰਦਿਆਂ ਇਕੋ ਵੇਲੇ ਮਾਓਵਾਦੀਆਂ ਅਤੇ ਮਾਓਵਾਦੀਆਂ ਨੂੰ ਖਦੇੜਨ ਲਈ ਹਰ ਹਥਿਆਰ ਵਰਤ ਰਹੀ ਕੇਂਦਰ ਸਰਕਾਰ ਨਾਲ ਤਾਲਮੇਲ ਬਣਾਈ ਰੱਖਿਆ, ਤੇ ਆਖ਼ਰਕਾਰ 'ਲਾਲ ਕਿਲੇ' ਨੂੰ ਪਲੀਤਾ ਲਾ ਦਿੱਤਾ। ਸਿਆਸਤ ਦੇ ਪਿੜ ਵਿਚ ਆਪਾ-ਵਿਰੋਧਾਂ ਉਤੇ ਉਸ ਨੇ ਕਾਮਯਾਬੀ ਨਾਲ ਕਾਠੀ ਪਾਈ। ਇਹ ਦਰਅਸਲ ਉਸ ਦੀ ਰਾਜਨੀਤੀ ਅਤੇ ਰਣਨੀਤੀ ਦੀ ਜਿੱਤ ਹੈ। ਸਿਆਸਤ ਦੇ ਪਿੜ ਵਿਚ ਅਜਿਹੇ ਮੌਕੇ ਅਕਸਰ ਆਉਂਦੇ ਰਹਿੰਦੇ ਹਨ, ਪਰ ਇਨ੍ਹਾਂ ਮੌਕਿਆਂ ਨੂੰ ਵਰਤਣਾ ਕਿਸੇ-ਕਿਸੇ ਲੀਡਰ ਦੇ ਹਿੱਸੇ ਆਉਂਦਾ ਹੈ। ਮਮਤਾ ਬੈਨਰਜੀ ਨੇ ਇਨ੍ਹਾਂ ਮੌਕਿਆਂ ਨੂੰ ਅਜਾਈਂ ਨਹੀਂ ਜਾਣ ਦਿੱਤਾ ਅਤੇ ਹਰ ਪੱਖ ਤੋਂ ਆਪਣੀ ਸਿਆਸਤ ਦੇ ਦਰ-ਦਰਵਾਜ਼ੇ ਖੁੱਲ੍ਹੇ ਰੱਖੇ। -ਸੰਪਾਦਕ



ਬੁੱਧਦੇਵ ਭੱਟਾਚਾਰੀਆ: ਅਲਵਿਦਾ

## ਮਾਓਵਾਦੀ ਤੇ ਦਾਰਜੀਲਿੰਗ ਮਸਲਿਆਂ ਦਾ ਹੱਲ ਤਿੰਨ ਮਹੀਨਿਆਂ 'ਚ: ਮਮਤਾ

**ਕੋਲਕਾਤਾ:** ਪੱਛਮੀ ਬੰਗਾਲ ਵਿਧਾਨ ਸਭਾ ਚੋਣਾਂ ਵਿਚ ਸ਼ਾਨਦਾਰ ਜਿੱਤ ਹਾਸਲ ਕਰਨ ਵਾਲੀ ਤ੍ਰਿਣਮੂਲ ਕਾਂਗਰਸ ਦੀ ਸੁਪਰੀਮੋ ਮਮਤਾ ਬੈਨਰਜੀ ਨੇ ਐਲਾਨ ਕੀਤਾ ਹੈ ਕਿ ਉਹ ਅਗਲੇ ਤਿੰਨ ਮਹੀਨਿਆਂ ਵਿਚ ਜੰਗਲਮਹਿਲ ਤੇ ਦਾਰਜੀਲਿੰਗ ਸਮੱਸਿਆ ਦਾ ਹੱਲ ਕੱਢ ਦੇਣਗੇ। ਉਨ੍ਹਾਂ ਕਿਹਾ ਕਿ ਉਹ ਇਨ੍ਹਾਂ ਸਮੱਸਿਆਵਾਂ ਦਾ ਹੱਲ ਤਿੰਨ ਮਹੀਨਿਆਂ 'ਚ ਕੱਢਣ ਲਈ ਆਪਣੀ ਪੂਰੀ ਵਾਹ ਲਾ ਦੇਵੇਗੀ। ਜੰਗਲਮਹਿਲ ਇਲਾਕਾ ਮਾਓਵਾਦੀਆਂ ਤੋਂ ਪੀੜਤ ਹੈ ਜਦਕਿ ਗੋਰਖਾ ਜਨ-ਮੁਕਤੀ ਮੋਰਚਾ ਦਾਰਜੀਲਿੰਗ ਨੂੰ ਵੱਖਰੇ ਸੂਬੇ ਦਾ ਦਰਜਾ ਦੇਣ ਦੀ ਮੰਗ ਕਰ ਰਿਹਾ ਹੈ। ਮਮਤਾ ਨੇ ਕਿਹਾ ਹੈ ਕਿ ਇਨ੍ਹਾਂ ਮਾਮਲਿਆਂ 'ਤੇ ਗ੍ਰਹਿ ਮੰਤਰੀ ਪੀ. ਚਿਦੰਬਰਮ ਨਾਲ ਗੱਲ ਕਰਨਗੇ।

ਪੱਛਮੀ ਬੰਗਾਲ ਦੀ ਪਹਿਲੀ ਮਹਿਲਾ ਮੁੱਖ ਮੰਤਰੀ ਦਾ ਤਾਜ ਸਜਾਉਣ ਲਈ ਤਿਆਰ-ਬਰ-ਤਿਆਰ ਤ੍ਰਿਣਮੂਲ ਕਾਂਗਰਸ ਦੀ ਮੁਖੀ ਮਮਤਾ ਬੈਨਰਜੀ ਦਾ ਕਹਿਣਾ ਹੈ ਕਿ ਉਸ ਦੇ ਦਿਲ ਵਿਚ ਔਰਤਾਂ ਲਈ ਬਹੁਤ ਸਤਿਕਾਰ ਹੈ।

ਪੱਛਮੀ ਬੰਗਾਲ ਵਿਧਾਨ ਸਭਾ ਦੀਆਂ ਚੋਣਾਂ ਵਿਚ ਮਮਤਾ ਬੈਨਰਜੀ ਦੀ ਅਗਵਾਈ 'ਚ ਕਾਂਗਰਸ-ਤ੍ਰਿਣਮੂਲ ਕਾਂਗਰਸ ਗੱਠਜੋੜ ਨੂੰ ਮਿਲੀ ਬੇਮਿਸਾਲ ਜਿੱਤ ਨੇ ਸੀ.ਪੀ.ਐਮ. ਦੀ ਅਗਵਾਈ ਵਿਚ ਪਿਛਲੇ 34 ਸਾਲਾਂ ਤੋਂ ਖੱਬੇ ਮੋਰਚੇ ਦੇ 'ਲਾਲ ਗੜ੍ਹ' ਨੂੰ ਢਹਿ-ਢੇਰੀ ਕਰਕੇ ਰੱਖ ਦਿੱਤਾ ਹੈ। ਇਨ੍ਹਾਂ ਚੋਣਾਂ 'ਚ ਨਾ ਸਿਰਫ ਸੀ.ਪੀ.ਐਮ. ਦੇ ਨੇਤਾ ਤੇ ਖੱਬੇ ਮੋਰਚੇ ਦੇ ਪ੍ਰੇਰਨਾਧਾਰ ਕਾਮਰੇਡ ਬੁਧਦੇਵ ਭਟਾਚਾਰਜੀ ਦੀ ਹੀ ਕਿਸ਼ਤੀ ਡੁੱਬੀ ਹੈ ਸਗੋਂ ਉਹ ਆਪਣੇ ਨਾਲ 17 ਹੋਰ ਸਾਥੀ ਮੰਤਰੀਆਂ ਨੂੰ ਵੀ ਰੋੜ੍ਹ ਕੇ ਲੈ ਗਏ ਹਨ।

### ■ ਸੀ.ਪੀ.ਐਮ. ਲੋਕਾਂ ਨਾਲੋਂ ਟੁੱਟ ਚੁੱਕੀ ਸੀ: ਚੈਟਰਜੀ
### ■ ਜਦੋਂ ਬੁੱਧਦੇਵ ਨੂੰ ਕੋਈ ਜਵਾਬ ਨਾ ਅਹੁੜਿਆ



ਬੁਧਦੇਵ



ਸੋਮਨਾਥ ਚੈਟਰਜੀ

ਕਾਮਰੇਡ ਬੁੱਧਦੇਵ ਭੱਟਾਚਾਰਜੀ ਹਲਕਾ ਜਾਦਵਪੁਰ ਤੋਂ ਸਾਬਕਾ ਮੁੱਖ ਸਕੱਤਰ ਤੇ ਤ੍ਰਿਣਮੂਲ ਕਾਂਗਰਸ ਦੇ ਉਮੀਦਵਾਰ ਮਨੀਸ਼ ਗੁਪਤਾ ਕੋਲੋਂ ਹਾਰ ਗਏ। ਜਿਹੜੇ ਦੂਜੇ ਮੰਤਰੀਆਂ ਨੂੰ ਹਾਰ ਦਾ ਮੂੰਹ ਵੇਖਣਾ ਪਿਆ ਉਨ੍ਹਾਂ ਵਿਚ ਗ੍ਰਹਿ ਨਿਰਮਾਣ ਮੰਤਰੀ ਗੌਤਮ ਦੇਵ, ਸਨਅਤ ਮੰਤਰੀ ਨਿਰੂਪਮ ਸੇਨ ਤੇ ਅਰਥ ਮੰਤਰੀ ਅਸੀਮ ਦਾਸ ਗੁਪਤਾ ਸ਼ਾਮਲ ਹਨ।

ਖੱਬੇ ਮੋਰਚੇ ਦੇ ਚੋਣਾਂ 'ਚ ਹਾਰ ਜਾਣ ਮਗਰੋਂ ਕਾਮਰੇਡ ਬੁਧਦੇਵ ਭਟਾਚਾਰਜੀ ਨੇ ਰਾਜਭਵਨ ਪਹੁੰਚ ਕੇ ਰਾਜਪਾਲ ਸ੍ਰੀ ਨਰਾਇਣਨ ਨੂੰ ਆਪਣੇ ਮੰਤਰੀ ਮੰਡਲ ਦਾ ਅਸਤੀਫਾ ਸੌਂਪ ਦਿੱਤਾ। ਉਹ ਰਾਜਭਵਨ 'ਚ ਸਿਰਫ 15 ਮਿੰਟ ਰਾਜਪਾਲ ਕੋਲ ਬੈਠੇ ਤੇ ਉੱਥੋਂ ਜਾਂਦੇ ਸਮੇਂ ਪੱਤਰਕਾਰਾਂ ਦੇ ਕਿਸੇ ਸਵਾਲ ਦਾ ਕੋਈ ਜਵਾਬ ਨਹੀਂ ਦਿੱਤਾ ਤੇ ਨਾ ਹੀ ਕਿਸੇ ਹੋਰ ਵਿਅਕਤੀ ਨਾਲ ਕੋਈ ਗੱਲ ਕੀਤੀ।

ਸੀ.ਪੀ.ਐਮ. ਵਿਚੋਂ ਕੱਢੇ ਸੀਨੀਅਰ ਆਗੂ ਸੋਮਨਾਥ ਚੈਟਰਜੀ ਨੇ ਸੀ.ਪੀ.ਐਮ. ਦੀ ਪੱਛਮੀ ਬੰਗਾਲ ਵਿਧਾਨ ਸਭਾ ਚੋਣਾਂ ਵਿਚ ਹਾਰ 'ਤੇ ਪ੍ਰਤੀਕਿਰਿਆ ਜ਼ਾਹਰ ਕਰਦਿਆਂ ਕਿਹਾ ਕਿ ਪਾਰਟੀ ਸੂਬੇ ਦੇ ਲੋਕਾਂ ਨਾਲੋਂ ਟੁੱਟ ਚੁੱਕੀ ਸੀ ਤੇ ਉਹ ਲੋਕਾਂ ਦੀਆਂ ਭਾਵਨਾਵਾਂ ਨੂੰ ਨਹੀਂ ਸਮਝ ਸਕੀ। ਪੱਛਮੀ ਬੰਗਾਲ ਵਿਚ ਸੀ.ਪੀ.ਐਮ. ਦੀ ਹਾਰ ਦੇ ਕਾਰਨਾਂ ਦੀ ਸਮੀਖਿਆ ਕਰਦਿਆਂ ਉਨ੍ਹਾਂ ਕਿਹਾ ਕਿ ਪਾਰਟੀ ਪੂਰੀ ਤਰ੍ਹਾਂ ਲੋਕਾਂ ਨਾਲੋਂ ਟੁੱਟ ਚੁੱਕੀ ਸੀ ਤੇ ਪਾਰਟੀ ਆਗੂ ਲੋਕਾਂ ਦੀਆਂ ਭਾਵਨਾਵਾਂ ਨੂੰ ਸਮਝਣ ਤੋਂ ਅਸਮਰੱਥ ਸਨ। ਉਨ੍ਹਾਂ ਕਿਹਾ ਕਿ ਪਾਰਟੀ ਨੇ ਕੁਝ ਗਲਤੀਆਂ ਕੀਤੀਆਂ ਪਰ ਇਨ੍ਹਾਂ ਦੇ ਸੁਧਾਰ ਲਈ ਲੋੜੀਂਦੇ ਯਤਨ ਨਹੀਂ ਕੀਤੇ। ਜੇ ਪਾਰਟੀ ਨੇ ਵੇਲੇ ਸਿਰ ਗਲਤੀਆਂ ਵੱਲ ਧਿਆਨ ਦਿੱਤਾ ਹੁੰਦਾ ਤਾਂ ਐਨਾ ਮਾੜਾ ਹਾਲ ਨਹੀਂ ਸੀ ਹੋਣਾ। ਜਦੋਂ ਉਨ੍ਹਾਂ ਨੂੰ ਪੁੱਛਿਆ ਕਿ ਉਹ ਸੀ.ਪੀ.ਐਮ. ਨੂੰ ਕੀ ਸਲਾਹ ਦੇਣੀ ਚਾਹੁੰਦੇ ਹਨ ਤਾਂ ਉਨ੍ਹਾਂ ਕਿਹਾ ਕਿ ਉਹ ਪਾਰਟੀ ਦੇ ਮੈਂਬਰ ਨਹੀਂ ਇਸ ਲਈ ਉਹ ਕੋਈ ਸਲਾਹ ਨਹੀਂ ਦੇ ਸਕਦੇ।

## ਮਮਤਾ ਬੈਨਰਜੀ: ਸਿਆਸੀ ਸਫ਼ਰ 'ਤੇ ਝਾਤ



**ਜਨਮ:** 5 ਜਨਵਰੀ 1955
ਪਹਿਲੀ ਸਿਆਸਤ: 1970 ਵਿਚ ਕਾਂਗਰਸ ਦੀ ਮੈਂਬਰ।
**ਪਹਿਲੀ ਛਾਲ:** 1976-80, ਸੂਬਾਈ ਮਹਿਲਾ ਕਾਂਗਰਸ ਦੀ ਪ੍ਰਧਾਨ।
**ਪਹਿਲਾ ਵਾਰ:** 1984, ਜਾਦਵ ਪੁਰ ਵਿਚ ਸੀ.ਪੀ.ਐਮ. ਦੇ ਧੁਨੰਤਰ ਆਗੂ ਸੋਮਨਾਥ ਚੈਟਰਜੀ ਨੂੰ ਹਰਾਇਆ।
**ਪਹਿਲੀ ਉਡਾਣ:** 1984 ਵਿਚ ਪਾਰਟੀ ਦੀ ਜਨਰਲ ਸਕੱਤਰ ਬਣੀ।
**ਪਹਿਲੀ ਹਾਰ:** 1989, ਜਾਦਵ ਪੁਰ ਤੋਂ।
ਪਹਿਲੀ ਲੋਕ ਸਭਾ ਮੈਂਬਰੀ: 1991 ਵਿਚ ਦੱਖਣੀ ਕੋਲਕਾਤਾ ਹਲਕੇ ਤੋਂ।
**ਪਹਿਲੀ ਵਾਰ ਮੰਤਰੀ:** 1991 ਵਿਚ ਹੀ ਨਰਸਿਮਹਾ ਰਾਓ ਸਰਕਾਰ ਵਿਚ ਖੇਡ ਮੰਤਰੀ।
**ਲਗਾਤਾਰ ਜਿੱਤਾਂ:** 1996-2009 ਤੱਕ ਦੱਖਣੀ ਕੋਲਕਾਤਾ ਹਲਕੇ ਤੋਂ।
**ਕਾਂਗਰਸ ਨਾਲੋਂ ਤੋੜ-ਵਿਛੋੜਾ:** 1997 ਵਿਚ। ਆਪਣੀ ਪਾਰਟੀ 'ਤ੍ਰਿਣਮੂਲ ਕਾਂਗਰਸ' ਬਣਾਈ।
**ਭਾਜਪਾ ਨਾਲ ਸਾਂਝ:** 1999 ਵਿਚ ਅਟਲ ਬਿਹਾਰੀ ਵਾਜਪਈ ਦੀ ਐਨ.ਡੀ.ਏ. ਸਰਕਾਰ ਵਿਚ ਰੇਲ ਮੰਤਰੀ।
**ਤਹਿਲਕਾ:** ਰੱਖਿਆ ਸੌਦਿਆਂ ਨਾਲ ਸਬੰਧਤ ਤਹਿਲਕਾ ਕਾਂਡ ਕਾਰਨ ਐਨ.ਡੀ.ਏ. ਨੂੰ ਅਲਵਿਦਾ।
**ਫਿਰ ਮੰਤਰੀ:** 2004 ਵਿਚ ਕੋਲਾ ਤੇ ਖਾਨ ਮੰਤਰੀ।
**ਨੰਦੀਗਰਾਮ:** 2005 ਵਿਚ ਇੰਡੋਨੇਸ਼ੀਆ ਦੀ ਕੰਪਨੀ ਸਲੀਮ ਦੇ ਪ੍ਰੋਜੈਕਟ ਦਾ ਵਿਰੋਧ।
**ਕਾਂਗਰਸ ਨਾਲ ਸਾਂਝ:** 2006 ਵਿਚ ਯੂ.ਪੀ.ਏ. ਸਰਕਾਰ ਵਿਚ ਸ਼ਾਮਲ। ਸਿੰਗੂਰ ਪ੍ਰੋਜੈਕਟ ਦਾ ਵਿਰੋਧ।
**ਕਾਮਰੇਡਾਂ ਨੂੰ ਵੰਗਾਰ:** 2010 ਵਿਚ ਤ੍ਰਿਣਮੂਲ ਕੋਲਕਾਤਾ ਨਗਰ ਨਿਗਮ ਦੀਆਂ 62 ਸੀਟਾਂ 'ਤੇ ਜੇਤੂ।
**ਤਾਜੋ-ਤਖ਼ਤ:** 2011 ਵਿਚ ਕਾਮਰੇਡਾਂ ਦਾ 34 ਸਾਲ ਤੋਂ ਚੱਲ ਰਿਹਾ ਰਾਜ ਖੋਹਿਆ।

## ਪੱਛਮੀ ਬੰਗਾਲ ਵਿਚ ਸਿੱਖਾਂ ਦੀ ਬੱਲੇ-ਬੱਲੇ

**ਕੋਲਕਾਤਾ:** ਇਸ ਵਾਰ ਹੋਈਆਂ ਚੋਣਾਂ ਵਿਚ ਦੋ ਸਿੱਖ ਵੀ ਵਿਧਾਨ ਸਭਾ ਲਈ ਚੁਣੇ ਗਏ ਹਨ। ਕਾਂਗਰਸ ਦੇ ਉਮੀਦਵਾਰ ਗਿਆਨ ਸਿੰਘ ਸੋਹਨਪਾਲ ਖੜਕਪੁਰ ਤੋਂ ਤੇ ਤ੍ਰਿਣਮੂਲ ਕਾਂਗਰਸ ਦੇ ਉਮੀਦਵਾਰ ਰਛਪਾਲ ਸਿੰਘ ਹੁਗਲੀ ਜ਼ਿਲ੍ਹੇ ਦੇ ਹਲਕਾ ਤਾਰਕੇਸ਼ਵਰ ਤੋਂ ਜੇਤੂ ਰਹੇ ਹਨ। ਸ. ਸੋਹਨਪਾਲ ਕਾਂਗਰਸ ਦੇ ਮੌਜੂਦਾ ਵਿਧਾਇਕ ਸਨ। ਉਹ 1963 ਤੋਂ ਵਿਧਾਨ ਸਭਾ ਲਈ ਕਾਂਗਰਸ ਦੀ ਟਿਕਟ 'ਤੇ ਚੋਣ ਜਿੱਤਦੇ ਆ ਰਹੇ ਹਨ। ਉਹ 1977 'ਚ ਇਕ ਵਾਰ ਹੀ ਹਾਰੇ ਸਨ। ਉਹ ਪਹਿਲਾਂ 1969 'ਚ ਤੇ ਫਿਰ 1972 ਤੋਂ 1977 ਤੱਕ ਸ੍ਰੀ ਸਿਧਾਰਥ ਸ਼ੰਕਰ ਰੇਅ ਦੇ ਮੰਤਰੀ ਮੰਡਲ ਵਿਚ ਟਰਾਂਸਪੋਰਟ ਮੰਤਰੀ ਰਹੇ।

ਸ. ਰਛਪਾਲ ਸਿੰਘ ਸਾਬਕਾ ਆਈ.ਪੀ.ਐਸ. ਹਨ ਤੇ ਪੱਛਮੀ ਬੰਗਾਲ ਵਿਚ ਪੁਲੀਸ ਦੇ ਕਈ ਅਹਿਮ ਉੱਚ ਅਹੁਦਿਆਂ 'ਤੇ ਰਹਿਣ ਮਗਰੋਂ ਇੰਸਪੈਕਟਰ ਜਨਰਲ ਦੇ ਤੌਰ 'ਤੇ ਸੇਵਾਮੁਕਤ ਹੋਏ ਸਨ। ਇਨ੍ਹਾਂ ਦੋਹਾਂ ਦੀ ਜਿੱਤ ਨਾਲ ਇਹ ਪਹਿਲੀ ਵਾਰ ਹੈ ਕਿ ਵਿਧਾਨ ਸਭਾ ਵਿਚ ਦੋ ਦਸਤਾਰਧਾਰੀ ਸਿੱਖ ਵੀ ਨਜ਼ਰ ਆਉਣਗੇ।

ਯਾਦ ਰਹੇ ਪੱਛਮੀ ਬੰਗਾਲ ਵਿਚ ਸਿੱਖਾਂ ਦਾ ਵਾਹਵਾ ਯੋਗਦਾਨ ਰਿਹਾ ਹੈ। ਪਹਿਲਾਂ-ਪਹਿਲਾਂ ਤਾਂ ਸਿੱਖਾਂ ਨੇ ਡਰਾਈਵਰਾਂ ਵਜੋਂ ਹੀ ਕੰਮ ਕੀਤਾਂ ਪਰ ਅਗਲੀਆਂ ਪੀੜ੍ਹੀਆਂ ਨੇ ਹੋਰ ਖੇਤਰਾਂ ਵਿਚ ਪੈਰ ਪਸਾਰਨੇ ਸ਼ੁਰੂ ਕਰ ਦਿੱਤੇ। ਹੁਣ ਇਹ ਹਰ ਖੇਤਰ ਵਿਚ ਅਹਿਮ ਰੋਲ ਨਿਭਾਅ ਰਹੇ ਹਨ।

## ਖੱਬੇ ਭਾਈਵਾਲਾਂ ਨੇ ਦੋਸ਼ ਸੀ.ਪੀ.ਐਮ. ਦੀ ਅੜੀ ਦਾ ਕੱਢਿਆ

**ਕੋਲਕਾਤਾ:** ਖੱਬੇ ਮੋਰਚੇ ਜਿਸ ਵਿਚ ਸੀ.ਪੀ.ਐਮ. ਤੋਂ ਇਲਾਵਾ ਸੀ.ਪੀ.ਆਈ., ਆਰ.ਐਸ.ਪੀ., ਅਤੇ ਫਾਰਵਰਡ ਬਲਾਕ ਸ਼ਾਮਲ ਹਨ, ਦੀ ਕਰਾਰੀ ਹਾਰ ਲਈ ਸੀ.ਪੀ.ਆਈ., ਆਰ.ਐਸ.ਪੀ., ਅਤੇ ਫਾਰਵਰਡ ਬਲਾਕ ਦੇ ਆਗੂਆਂ ਨੇ ਸਾਰਾ ਕਸੂਰ ਸੀ.ਪੀ.ਐਮ. ਦਾ ਕੱਢਿਆ ਹੈ। ਇਨ੍ਹਾਂ ਆਗੂਆਂ ਨੇ ਸੀ.ਪੀ.ਐਮ. ਆਗੂਆਂ ਦੀ 'ਮੈਂ ਨਾ ਮਾਨੂੰ' ਵਾਲੀ ਪਹੁੰਚ ਦੀ ਤਿੱਖੀ ਨੁਕਤਾਚੀਨੀ ਕਿਹਾ ਹੈ ਕਿ ਖੱਬੇ ਪਾਰਟੀ ਨੂੰ ਸੀ.ਪੀ.ਐਮ. ਦੀ ਇਸ ਪਹੁੰਚ ਕਾਰਨ ਹੀ ਇੰਨਾ ਵੱਡਾ ਖਮਿਆਜ਼ਾ ਭੁਗਤਣਾ ਪਿਆ ਹੈ।

ਸੀ.ਪੀ.ਆਈ. ਦੇ ਜਨਰਲ ਸਕੱਤਰ ਏ.ਬੀ. ਬਰਧਨ ਨੇ ਕਿਹਾ ਹੈ ਕਿ ਸੂਬੇ ਦੀ ਸਿਆਸਤ ਅਤੇ ਨੀਤੀਆਂ ਦੇ ਮਾਮਲੇ ਵਿਚ ਸੀ.ਪੀ.ਐਮ. ਦੇ ਲੀਡਰਾਂ ਨੇ ਉਨ੍ਹਾਂ ਦੇ ਵਿਚਾਰਾਂ ਨੂੰ ਕਦੇ ਮਹੱਤਵ ਨਹੀਂ ਦਿੱਤਾ। ਸੀਟਾਂ ਦੀ ਵੰਡ ਦੇ ਮਾਮਲੇ 'ਤੇ ਤਾਂ ਸੀ.ਪੀ.ਐਮ. ਆਗੂ ਇੰਨੇ ਖ਼ੂਨਖਾਰ ਹੋ ਉਠਦੇ ਸਨ ਕਿ ਪੁੱਛੋ ਹੀ ਕੁਝ ਨਾ। ਸਾਂਝੇ ਮੋਰਚੇ ਦੀਆਂ ਮੀਟਿੰਗਾਂ ਵੀ ਰਸਮ ਜਿਹੀ ਬਣ ਕੇ ਰਹਿ ਗਈਆਂ ਸਨ। ਹੁਣ ਸੀ.ਪੀ.ਐਮ. ਆਗੂਆਂ ਨੂੰ ਤਹੱਮਲ ਨਾਲ ਇਸ ਮਸਲੇ ਨੂੰ ਵਿਚਾਰਨਾ ਚਾਹੀਦਾ ਹੈ।

ਆਰ.ਐਸ.ਪੀ. ਦੇ ਸੰਸਦ ਮੈਂਬਰ ਅਬਨੀ ਰਾਏ ਮੁਤਾਬਕ ਬੇੜੀਆਂ ਵਿਚ ਵੱਟੇ ਸੀ.ਪੀ.ਐਮ. ਦੀ ਜ਼ਮੀਨ ਐਕਵਾਇਰ ਕਰਨ ਦੀ ਨੀਤੀ ਨੇ ਪਾਏ ਹਨ। ਖੱਬੇ ਮੋਰਚੇ ਦੀਆਂ ਮੀਟਿੰਗਾਂ ਦੌਰਾਨ ਇਸ ਬਾਰੇ ਚੌਕਸ ਕੀਤਾ ਗਿਆ ਸੀ ਪਰ ਸੀ.ਪੀ.ਐਮ. ਨੇ ਇਸ ਪੱਖ ਨੂੰ ਗੌਲਿਆਂ ਹੀ ਕੀਤਾ। ਖੱਬੇਪੱਖੀਆਂ ਦਾ ਸਾਰਾ ਦਾਰੋਮਦਾਰ ਜਿਨ੍ਹਾਂ ਲੋਕਾਂ ਉਤੇ ਸੀ, ਫਿਰ ਉਹ ਹੀ ਖਿਲਾਫ ਉਠ ਖਲੋਏ ਜਿਸ ਦਾ ਨਤੀਜਾ ਹੁਣ ਸਭ ਦੇ ਸਾਹਮਣੇ ਹੈ। ਕਿਸਾਨਾਂ ਤੋਂ ਜ਼ਮੀਨ ਖੋਹਣ ਤੋਂ ਪਹਿਲਾਂ ਸੀ.ਪੀ.ਐਮ. ਆਗੂਆਂ ਨੂੰ ਰਬਿੰਦਰਨਾਥ ਟੈਗੋਰ ਦੀ ਕਵਿਤਾ 'ਦੂਈ ਬੀਘਾ ਜੋਮੀ' ਪੜ੍ਹਨੀ ਚਾਹੀਦੀ ਸੀ ਜਿਨ੍ਹਾਂ ਲਈ ਇਹ ਜ਼ਮੀਨ ਹੀ ਢਿੱਡ ਭਰਨ ਦਾ ਇਕੋ-ਇਕ ਵਸੀਲਾ ਹੈ।

ਫਾਰਵਰਡ ਬਲਾਕ ਦੇ ਜਨਰਲ ਸਕੱਤਰ ਦੇਬਬ੍ਰਤ ਬਿਸਵਾਸ ਨੇ ਕਿਹਾ ਕਿ ਸੀ.ਪੀ.ਐਮ. ਦੀ ਜ਼ਮੀਨ ਐਕਵਾਇਰ ਕਰਨ ਬਾਰੇ ਨੀਤੀ ਹੁਣ ਇਤਿਹਾਸ ਦਾ ਹਿੱਸਾ ਬਣ ਗਈ ਹੈ। ਇਸ ਨੇ ਜਿੰਨਾ ਨੁਕਸਾਨ ਖੱਬੀਆਂ ਪਾਰਟੀਆਂ ਅਤੇ ਆਮ ਲੋਕਾਂ ਦਾ ਕੀਤਾ ਹੈ, ਪਹਿਲਾਂ ਕਦੀ ਵੀ ਨਹੀਂ ਹੋਇਆ ਹੋਣਾ। ਪਿਛਲੇ ਤਿੰਨ ਸਾਲ ਤੋਂ ਖੱਬਾ ਮੋਰਚਾ ਲਗਾਤਾਰ ਨਿਘਾਰ ਵੱਲ ਜਾ ਰਿਹਾ ਸੀ, ਇਸ ਬਾਰੇ ਬਾਕਾਇਦਾ ਨੁਕਤੇ ਵੀ ਉਠਾਏ ਗਏ ਪਰ ਕਿਸੇ ਨੇ ਵੀ ਧਿਆਨ ਨਹੀਂ ਕੀਤਾ। ਇਸ ਬਾਰੇ ਸੀ.ਪੀ.ਐਮ. ਦਾ ਰਵੱਈਆ ਬੇਹੱਦ ਅੜੀਅਲ ਰਿਹਾ ਹੈ। ਇਸੇ ਕਰਕੇ ਲੋਕਾਂ ਨੇ ਪਰਿਵਰਤਨ ਦੇ ਸੱਦੇ ਨੂੰ ਇਸ ਪੱਧਰ ਦਾ ਹੁੰਗਾਰਾ ਭਰਿਆ ਹੈ।



ਸੀ.ਪੀ.ਐਮ ਖੇਮੇ ਵਿਚ ਛਾਈ ਨਿਰਾਸ਼ਾ ਦੀ ਮੂੰਹ ਬੋਲਦੀ ਤਸਵੀਰ

# ਮਾਂ, ਮਾਟੀ ਤੇ ਮਾਨੁਸ਼ ਦੀ ਜਿੱਤ ਹੋਈ:ਮਮਤਾ



**ਅੱਜ ਮਮਤਾ ਬੈਨਰਜੀ ਬੰਗਾਲ ਦੀ ਨਾਇਕਾ ਹੈ। ਬਹੁਤ ਔਝੜ ਰਾਹਾਂ ਤੋਂ ਲੰਘਦਿਆਂ ਉਸ ਨੇ ਆਖ਼ਰਕਾਰ ਉਹ ਕ੍ਰਿਸ਼ਮਾ ਕਰ ਦਿਖਾਇਆ ਹੈ ਜੋ ਕੱਲ੍ਹ ਤੱਕ ਹਰ ਕਿਸੇ ਨੂੰ ਜੇ ਅਸੰਭਵ ਨਹੀਂ ਤਾਂ ਔਖਾ ਜ਼ਰੂਰ ਲਗਦਾ ਸੀ। ਉਸ ਨੇ ਕਾਮਰੇਡਾਂ ਦੇ ਮਜ਼ਬੂਤ ਕਿਲੇ ਨੂੰ ਸੰਨ੍ਹ ਲਾਈ। ਮਮਤਾ ਦੀ ਇਸ ਮਿਸਾਲੀ ਜਿੱਤ ਵਿਚ ਭਾਵੇਂ ਬਹੁਤ ਸਾਰੇ ਪੱਖਾਂ ਦਾ ਬਰਾਬਰ ਯੋਗਦਾਨ ਰਿਹਾ ਹੈ ਪਰ ਸਭ ਤੋਂ ਉਭਰਵੀਂ ਗੱਲ ਇਹ ਰਹੀ ਹੈ ਕਿ ਉਸ ਨੇ ਕਿਸੇ ਨਾ ਕਿਸੇ ਰੂਪ ਵਿਚ, ਕਿਤੇ ਨਾ ਕਿਤੇ ਆਪਣਾ ਮੋਰਚਾ ਲਾਈ ਰੱਖਿਆ। ਉਸ ਦਾ ਇਕ ਹੀ ਏਜੰਡਾ ਸੀ: ਪਰਿਵਰਤਨ। ਇਸ ਅਟੁੱਟ ਮੋਰਚੇ ਰਾਹੀਂ ਹੀ ਉਹ ਕਾਮਰੇਡਾਂ ਦੇ ਜਥੇਬੰਦਕ ਤਾਣੇ-ਬਾਣੇ ਉਤੇ ਇੰਨੀ ਵੱਡੀ ਸੱਟ ਮਾਰਨ ਵਿਚ ਕਾਮਯਾਬ ਹੋਈ ਹੈ। ਪੇਸ਼ ਹਨ ਉਸ ਨਾਲ 'ਪੰਜਾਬ ਟਾਈਮਜ਼' ਨਾਲ ਹੋਈ ਉਚੇਚੀ ਗੱਲਬਾਤ ਦੇ ਕੁਝ ਅੰਸ਼:**

**ਪਿਛਲੇ ਕੁਝ ਸਮੇਂ ਤੋਂ ਪੱਛਮੀ ਬੰਗਾਲ ਵਿਚ ਮਾਓਵਾਦੀਆਂ ਅਤੇ ਮਮਤਾ ਦੀ ਬੜੀ ਚਰਚਾ ਰਹੀ ਹੈ। ਤੁਹਾਡੀ ਕੋਈ ਟਿੱਪਣੀ?**

-ਦੇਖੋ ਜੀ, ਮੈਂ ਮਾਓਵਾਦੀ ਤਾਂ ਹਾਂ ਨਹੀਂ; ਕੁਝ ਮਾਮਲਿਆਂ ਵਿਚ ਮੈਂ ਤਿੱਖੀ ਜ਼ਰੂਰ ਹਾਂ ਪਰ ਹਿੰਸਾ ਵਿਚ ਮੇਰਾ ਕੋਈ ਯਕੀਨ ਨਹੀਂ ਹੈ। ਮੈਂ ਨਿਰੋਲ ਗਾਂਧੀਵਾਦੀ ਹਾਂ। ਪਿਛਲੇ ਕੁਝ ਸਮੇਂ ਤੋਂ ਮੇਰੇ ਉਤੇ ਮਾਓਵਾਦੀਆਂ ਨਾਲ ਤਾਲਮੇਲ ਕਰਨ ਦੇ ਦੋਸ਼ ਲਗਾਏ ਜਾ ਰਹੇ ਹਨ।

ਮੇਰੇ ਖਿਲਾਫ ਇਹ ਪ੍ਰਚਾਰ ਸੱਤਾ ਧਿਰ ਦੀ ਸਿਆਸਤ ਦਾ ਹਿੱਸਾ ਸੀ। ਅਸਲ ਗੱਲ ਇਹ ਹੈ ਕਿ ਸਾਡੇ ਪੜ੍ਹੇ-ਲਿਖੇ ਨੌਜਵਾਨਾਂ ਦਾ ਵੱਡਾ ਹਿੱਸਾ ਮਾਓਵਾਦੀਆਂ ਦੇ ਨਕਸ਼-ਏ-ਕਦਮ 'ਤੇ ਤੁਰ ਰਿਹਾ ਹੈ। ਇਨ੍ਹਾਂ ਨੌਜਵਾਨਾਂ ਦਾ ਮਕਸਦ ਪਰਿਵਰਤਨ (ਤਬਦੀਲੀ) ਹੈ। ਮੇਰਾ ਮਕਸਦ ਵੀ ਪਰਿਵਰਤਨ ਹੀ ਹੈ। ਮਾਓਵਾਦੀਆਂ ਵੱਲੋਂ ਉਠਾਏ ਸਵਾਲਾਂ ਬਾਰੇ ਮੈਂ ਹੁਣ ਕੇਂਦਰੀ ਗ੍ਰਹਿ ਮੰਤਰੀ ਪੀ. ਚਿਦੰਬਰਮ ਨਾਲ ਗੱਲ ਕਰਾਂਗੀ।

**ਮਾਓਵਾਦੀ ਦੇ ਗੜ੍ਹਾਂ ਵਾਲੇ ਇਲਾਕਿਆਂ ਵਿਚ ਤੁਹਾਡੀ ਪਾਰਟੀ ਨੂੰ ਬਹੁਤ ਵੋਟਾਂ ਪਈਆਂ ਹਨ। ਵਜ੍ਹਾ?**

-ਇਹ ਗੱਲ ਸੱਚੀ ਹੈ। ਇਹ ਲੋਕ ਸੀ.ਪੀ.ਐਮ. ਦੀਆਂ ਨੀਤੀਆਂ ਨੂੰ ਤਰਕ ਦੇ ਆਧਾਰ ਉਤੇ ਰੱਦ ਕਰ ਰਹੇ ਹਨ। ਲੋਕਾਂ ਨੇ ਇਨ੍ਹਾਂ ਦੀ ਗੱਲ ਸੁਣੀ ਹੈ। ਇਹ ਚੰਗੀ ਗੱਲ ਹੈ। ਸੀ.ਪੀ.ਐਮ. ਵਾਲੇ ਤਾਂ ਆਪਣੀ ਗੱਲ ਡੰਡੇ ਦੇ ਜ਼ੋਰ ਮਨਵਾਉਂਦੇ ਸਨ। ਇੱਦਾਂ ਬਹੁਤੀ ਦੇਰ ਨਹੀਂ ਨਾ ਚੱਲਦਾ ਹੁੰਦਾ।

**ਕੇਂਦਰ ਸਰਕਾਰ ਦਾ ਮਾਓਵਾਦੀਆਂ ਖਿਲਾਫ ਬਹੁਤ ਸਖਤ ਸਟੈਂਡ ਹੈ। ਕੇਂਦਰ ਸਰਕਾਰ ਮੁਤਾਬਕ ਮਾਓਵਾਦੀ ਵਿਕਾਸ ਦੇ ਰਾਹ ਦਾ ਰੋੜਾ ਹਨ। ਇਸ ਮਸਲੇ ਨਾਲ ਨਜਿੱਠੋਗੇ ਕਿਵੇਂ?**

-ਇਹ ਮਸਲਾ ਸਿਆਸੀ ਹੈ, ਉਂਝ ਇਸ ਨਾਲ ਹਿੰਸਾ ਦਾ ਮਸਲਾ ਵੀ ਜੁੜਿਆ ਹੋਇਆ ਹੈ। ਕੇਂਦਰ ਸਰਕਾਰ ਨੂੰ ਮੁੱਖ ਇਤਰਾਜ਼ ਤਾਂ ਹਿੰਸਾ ਬਾਰੇ ਹੀ ਹੈ।

**ਨਹੀਂ, ਨਹੀਂ। ਮਾਓਵਾਦੀਆਂ ਦਾ ਤਾਂ ਆਪਣਾ ਬਦਲਵੀਂ ਸਿਆਸਤ ਦਾ ਏਜੰਡਾ ਹੈ। ਬੰਗਾਲ ਵਿਚ ਲਾਲ ਗੜ੍ਹ ਦੇ ਇਲਾਕੇ ਵਿਚ ਉਨ੍ਹਾਂ ਨੇ ਇਹੀ ਕੁਝ ਕੀਤਾ ਹੈ। ਉਹ ਮੁੱਖ ਧਾਰਾ ਨੂੰ ਵੰਗਾਰਦੇ ਹਨ?**

-ਇਹ ਬਿਲਕੁਲ ਸਹੀ ਹੈ ਪਰ ਉਨ੍ਹਾਂ ਦੀ ਸਿਆਸਤ ਦੇ ਕੇਂਦਰ ਵਿਚ ਲੋਕ ਹਨ। ਸਾਨੂੰ ਇਹ ਵੀ ਤਾਂ ਨਹੀਂ ਭੁੱਲਣਾ ਚਾਹੀਦਾ। ਲਾਲ ਗੜ੍ਹ ਵਿਚ ਉਨ੍ਹਾਂ ਨੇ ਲੋਕਾਂ ਦੀ ਗੱਲ ਹੀ ਤਾਂ ਕੀਤੀ ਹੈ, ਉਨ੍ਹਾਂ ਦੇ ਮਸਲੇ ਉਭਾਰੇ ਹਨ। ਖੱਬੇ ਮੋਰਚੇ ਦੀ ਸਰਕਾਰ ਨੇ ਸਾਢੇ ਤਿੰਨ ਦਹਾਕੇ ਇਨ੍ਹਾਂ ਮੁੱਦਿਆਂ ਨੂੰ ਦਰਕਿਨਾਰ ਕਰੀ ਰੱਖਿਆ ਹੈ।

**ਸੂਬੇ ਦੀ ਮੁੱਖ ਮੰਤਰੀ ਬਣ ਕੇ ਕਿੱਦਾਂ ਲਗਦਾ ਹੈ?**

-ਹੁਣ ਸਮਾਂ ਹੈ ਕਿ ਮੁੱਖ ਮੰਤਰੀ ਦੀ ਪ੍ਰੀਭਾਸ਼ਾ ਹੀ ਬਦਲ ਦਿੱਤੀ ਜਾਵੇ। ਮੁੱਖ ਮੰਤਰੀ ਨੂੰ ਹੁਣ ਆਮ ਬੰਦੇ ਤੋਂ ਗੱਲ ਸ਼ੁਰੂ ਕਰਨੀ ਚਾਹੀਦੀ ਹੈ। ਮੈਂ ਇਸ ਤਰ੍ਹਾਂ ਹੀ ਵਿਚਰਾਂਗੀ। ਬੰਗਾਲ ਵਿਚ ਮਾਂ, ਮਾਟੀ ਅਤੇ ਮਾਨੁਸ਼ ਦੀ ਜਿੱਤ ਹੋਈ ਹੈ। ਮੇਰੀ ਹਰ ਸਰਗਰਮੀ ਦਾ ਕੇਂਦਰੀ ਬਿੰਦੂ ਇਹ ਤਿੰਨ ਅੱਖਰ ਹੋਣਗੇ। ਇਹ ਤਿੰਨੇ ਅੱਖਰ ਮੇਰੇ ਲਈ ਸਿਰਫ ਅੱਖਰ ਨਹੀਂ ਹਨ, ਇਹ ਮੇਰੇ ਲਈ ਬਹੁਤ ਪਵਿੱਤਰ ਹਨ। ਮੈਂ ਚਾਹੁੰਦੀ ਹਾਂ, ਇਨ੍ਹਾਂ ਨਾਲ ਇਕ ਨਾਂ ਹੋਰ ਜੁੜ ਜਾਵੇ-ਮਮਤਾ। ਮਾਂ, ਮਾਟੀ, ਮਾਨੁਸ਼ ਅਤੇ ਮਮਤਾ। ਮੈਂ ਚਾਹੁੰਦੀ ਹਾਂ ਕਿ ਲੋਕ ਮੈਨੂੰ ਮੁੱਖ ਮੰਤਰੀ ਜਾਂ ਰੇਲ ਮੰਤਰੀ ਨਾ ਕਹਿਣ, ਸਗੋਂ ਮਮਤਾ ਕਹਿਣ।

**ਤੁਸੀਂ ਖਿਝ ਬਹੁਤ ਛੇਤੀ ਜਾਂਦੇ ਹੋ? ਮਨਮਰਜ਼ੀ ਕਰਦੇ ਹੋ!**

-(ਹੱਸ ਕੇ) ਜਿੱਥੇ ਖਿਝਣਾ ਚਾਹੀਦਾ ਹੈ, ਉਥੇ ਖਿਝਣਾ ਹੀ ਚਾਹੀਦਾ ਹੈ। ਖਿਝ ਨੂੰ ਮਨਮਰਜ਼ੀ ਨਾਲ ਨਹੀਂ ਜੋੜਨਾ ਚਾਹੀਦਾ। ਜੇ ਕੁਝ ਗਲਤ ਹੋ ਰਿਹਾ ਹੈ ਤਾਂ ਬੰਦੇ ਨੂੰ ਖਿਝਣਾ ਹੀ ਚਾਹੀਦਾ ਹੈ। ਜੇ ਤੁਹਾਨੂੰ ਲਗਦਾ ਹੈ ਕਿ ਤੁਸੀਂ ਬਿਲਕੁੱਲ ਠੀਕ ਹੋ ਤਾਂ ਮਰਜ਼ੀ ਕਰ ਲੈਣੀ ਚਾਹੀਦੀ ਹੈ।

**ਕਾਂਗਰਸ ਨਾਲ ਰਿਸ਼ਤਾ?**

-ਕਦੇ ਨਹੀਂ ਟੁੱਟਿਆ। ਮੇਰਾ ਸਿਆਸੀ ਸਫਰ ਕਾਂਗਰਸ ਨਾਲ ਸ਼ੁਰੂ ਹੋਇਆ। ਹੁਣ ਫਿਰ ਕਾਂਗਰਸ ਦਾ ਸਾਥ ਮਿਲ ਰਿਹਾ ਹੈ।

**ਫਿਰ ਮਸਲਾ ਸਿਰਫ ਲੀਡਰਸ਼ਿਪ ਦਾ ਹੀ ਸੀ?**

-ਨਹੀਂ ਬਾਬਾ, ਮਸਲਾ ਥਾਣੇਦਾਰੀ ਦਾ ਸੀ। ਇਹ ਮੈਂ ਝੱਲ ਨਹੀਂ ਸਕਦੀ।

ਨੰਦੀਗਰਾਮ ਅਤੇ ਸਿੰਗੂਰ ਵਿਚ ਹੋਏ ਸੰਘਰਸ਼ ਕਿਸਾਨੀ ਨਾਲ ਸਬੰਧਤ ਸਨ। ਤੁਹਾਡੇ ਸਨਅਤੀ ਵਿਰੋਧੀ ਹੋਣ ਦੀ ਗੱਲ ਵੀ ਉੱਡੀ ਹੈ। ਸੂਬੇ ਵਿਚ ਸਨਅਤੀ ਵਿਕਾਸ ਲਈ ਕੀ ਏਜੰਡਾ ਹੋਵੇਗਾ?

-ਮੈਂ ਸਨਅਤ ਵਿਰੋਧੀ ਨਹੀਂ ਹਾਂ। ਮੈਂ ਉਨ੍ਹਾਂ ਨੀਤੀਆਂ ਦੇ ਵਿਰੁੱਧ ਹਾਂ ਜੋ ਲੋਕਾਂ ਦੇ ਵਿਰੁੱਧ ਭੁਗਤਦੀਆਂ ਹਨ। ਕਿਸਾਨਾਂ ਦੀ ਜ਼ਮੀਨ ਦਾ ਹੀ ਮਾਮਲਾ ਹੈ। ਜੇ ਤੁਹਾਡੇ ਕੋਲ ਕੋਈ ਬਦਲ ਹੀ ਨਹੀਂ ਹੈ ਤਾਂ ਤਾਣੀ ਉਲਝਣੀ ਹੀ ਹੈ।

**ਕਾਮਰੇਡ ਜ਼ਮੀਨੀ ਸੁਧਾਰਾਂ ਬਾਰੇ 'ਅਪਰੇਸ਼ਨ ਬਰਗਾ' ਰਾਹੀਂ ਪੂਰੇ ਦੇਸ਼ ਲਈ ਮਿਸਾਲ ਬਣੇ ਸਨ?**

-ਪਰ ਮਗਰੋਂ ਇਸ ਉਤੇ ਕਾਇਮ ਨਹੀਂ ਰਹੇ ਨਾ। ਕਿਉਂ? ਕਿਉਂਕਿ ਏਜੰਡੇ ਹੋਰ ਹੋ ਗਏ ਸਨ।

**ਇਸ ਉਲਝੀ ਤਾਣੀ ਨੂੰ ਕਿਵੇਂ ਸੁਲਝਾਉਗੇ?**

-ਮਸਲਾ ਤਾਂ ਵਿਚੋਂ ਇਹ ਹੈ ਕਿ ਖੇਤੀ ਅਤੇ ਸਨਅਤ ਦਾ ਆਪਸ ਵਿਚ ਵਿਰੋਧ ਹੀ ਕੋਈ ਨਹੀਂ ਹੈ। ਮੈਂ ਸੂਬੇ ਵਿਚ ਸਨਅਤੀਕਰਨ ਚਾਹੁੰਦੀ ਹਾਂ। ਇਸ ਤੋਂ ਬਿਨਾ ਗੱਡੀ ਚੱਲ ਹੀ ਨਹੀਂ ਸਕਦੀ। ਕੋਲਕਾਤਾ ਕਿਸੇ ਵੇਲੇ ਸਨਅਤ, ਵਪਾਰ-ਕਾਰੋਬਾਰ ਦਾ ਗੜ੍ਹ ਰਿਹਾ ਹੈ। ਤੇ ਸਨਅਤ ਲਈ ਜ਼ਮੀਨ ਖੇਤੀ ਵਾਲੀ ਹੀ ਆਉਣੀ ਹੈ। ਰੇਲਵੇ ਲਈ ਮੈਂ ਆਪ ਵੀ ਇਸੇ ਤਰ੍ਹਾਂ ਕੀਤਾ ਹੈ।

ਮੁੱਖ ਮਸਲਾ ਤਾਂ ਜ਼ਮੀਨ ਦੇ ਮਾਲਕਾਂ ਦੀ ਸਹਿਮਤੀ ਦਾ ਹੈ। ਇਸ ਮਾਮਲੇ 'ਤੇ ਤੁਸੀਂ ਗੁੰਡਾਗਰਦੀ ਨਹੀਂ ਕਰ ਸਕਦੇ। ਕਿਸਾਨਾਂ ਨੂੰ ਪੂਰਾ ਮੁਆਵਜ਼ਾ ਦਿਉ। ਕਿਸਾਨ ਜ਼ਮੀਨ ਦੇਣ ਤੋਂ ਮਨ੍ਹਾ ਕਦੋਂ ਕਰਦੇ ਹਨ? ਸੰਸਦ ਵਿਚ ਜ਼ਮੀਨ ਬਾਰੇ ਬਿੱਲ ਵੀ ਆ ਰਿਹਾ ਹੈ। ਹਰ ਸੂਬੇ ਵਿਚ ਜ਼ਮੀਨ ਦਾ ਮਸਲਾ ਅਲੱਗ ਕਿਸਮ ਦਾ ਹੈ। ਉਸੇ ਹਿਸਾਬ ਨਾਲ ਅਗਲੀ ਕਾਰਵਾਈ ਹੋਣੀ ਚਾਹੀਦੀ ਹੈ।

**ਪਰ ਮਸਲਾ ਸਿਰਫ ਪੂਰੇ ਮੁਆਵਜ਼ੇ ਦਾ ਨਹੀਂ ਹੈ। ਇਸ ਨਾਲ ਵਸੀਲੇ ਦੇ ਮਾਮਲੇ ਜੁੜੇ ਹਨ ਜੋ ਕਿਸਾਨ ਕੋਲੋਂ ਲਗਾਤਾਰ ਖੁੱਸ ਰਹੇ ਹਨ। ਇਸ ਬਾਰੇ ਕਹੋ ਕੁਝ?**

-ਕਿਸਾਨਾਂ ਲਈ ਖੇਤੀ ਤੋਂ ਇਲਾਵਾ ਬਦਲਵੇਂ ਪ੍ਰਬੰਧ ਕੀਤੇ ਜਾਣਗੇ।

**ਜ਼ਮੀਨੀ ਸੁਧਾਰਾਂ ਨੂੰ ਕਿਸ ਤਰ੍ਹਾਂ ਲਵੋਗੇ?**

-ਦੇਖੋ ਲੋਕਾਂ ਨੇ ਸੂਬੇ ਵਿਚ ਪਰਿਵਰਤਨ ਲਈ ਵੋਟਾਂ ਪਾਈਆਂ ਹਨ। ਇਸ ਦਾ ਮਤਲਬ ਹੈ ਕਿ ਉਹ ਮੌਜੂਦਾ ਪ੍ਰਬੰਧ ਨਹੀਂ ਸਨ ਚਾਹੁੰਦੇ। ਹੁਣ ਨਵਾਂ ਪ੍ਰਬੰਧ ਉਸਾਰਿਆ ਜਾਵੇਗਾ। ਨਵੇਂ ਸਿਰਿਓਂ ਗੱਲ ਸ਼ੁਰੂ ਕੀਤੀ ਜਾਵੇਗੀ।

**ਇਸੇ ਕਰਕੇ ਐਤਕੀ ਚੋਣਾਂ ਦੌਰਾਨ ਮੁੱਦਾ ਕੋਈ ਨਹੀਂ ਸੀ, ਸਿਰਫ ਪਰਿਵਰਤਨ ਦਾ ਹੀ ਸੱਦਾ ਸੀ?**

-ਪਰਿਵਰਤਨ ਅਤੇ ਮੁੱਦਿਆਂ ਨੂੰ ਤੁਸੀਂ ਨਿਖੇੜ ਨਹੀਂ ਸਕਦੇ। ਮੁੱਦਿਆਂ ਦੇ ਆਧਾਰ 'ਤੇ ਹੀ ਪਰਿਵਰਤਨ ਹੋਵੇਗਾ।

**ਸੂਬੇ ਦੇ ਚੱਲ ਰਹੇ ਸਨਅਤੀ ਪ੍ਰੋਜੈਕਟਾਂ ਬਾਰੇ ਕੀ ਰੁਖ਼ ਹੋਵੇਗਾ?**

-ਇਹ ਵਿਚਾਲੇ ਨਹੀਂ ਛੱਡੇ ਜਾਣਗੇ ਪਰ ਇਨ੍ਹਾਂ 'ਤੇ ਨਜ਼ਸਾਨੀ ਜ਼ਰੂਰ ਹੋਵੇਗੀ।

**ਇਸ ਸਿਲਸਿਲੇ ਵਿਚ ਵਿਰੋਧੀ ਧਿਰ ਬਾਰੇ ਕੀ ਵਿਚਾਰ ਹੈ?**

-ਪੱਛਮੀ ਬੰਗਾਲ ਦੇ ਭਵਿੱਖ ਲਈ ਮੈਂ ਵਿਰੋਧੀ ਧਿਰ ਨਾਲ ਗੱਲਬਾਤ ਲਈ ਤਿਆਰ ਹਾਂ। ਮੈਂ ਚਾਹੁੰਦੀ ਹਾਂ ਕਿ ਵਿਰੋਧੀ ਧਿਰ ਨੂੰ ਦੂਰ ਨਾ ਭਜਾਇਆ ਜਾਵੇ, ਨਾਲ ਰੱਖਿਆ ਜਾਵੇ।

**ਪਰ ਜਦੋਂ ਤੁਸੀਂ ਵਿਰੋਧੀ ਧਿਰ ਵਿਚ ਸਓ, ਤਾਂ ਤੁਸੀਂ ਦੂਰ ਹੀ ਰਹੇ?**

-ਹਾਂ, ਮੈਂ ਇਉਂ ਹੀ ਕੀਤਾ ਸੀ ਕਿਉਂਕਿ ਉਨ੍ਹਾਂ ਨੇ ਮੇਰੇ ਨਾਲ ਦੁਰਵਿਹਾਰ ਕੀਤਾ ਸੀ। ਮੈਨੂੰ ਗਾਲਾਂ ਕੱਢੀਆਂ, ਪੁਲਿਸ ਰਾਹੀਂ ਕੁੱਟਿਆ-ਮਾਰਿਆ। ਸਿੰਗੂਰ ਵਿਚ ਜੋ ਵਾਅਦਾ ਕੀਤਾ, ਨਹੀਂ ਨਿਭਾਇਆ। ਹਰ ਕਿਸੇ ਨੂੰ ਟਿੱਚ ਜਾਣਿਆ...ਮੈਂ ਇਸ ਤਰ੍ਹਾਂ ਨਹੀਂ ਕਰਾਂਗੀ। ਮੈਂ ਵਿਰੋਧੀ ਧਿਰ ਦੀਆਂ ਪੰਚਾਇਤਾਂ ਨਹੀਂ ਤੋੜਾਂਗੀ। ਜ਼ਿਲ੍ਹਾ ਪ੍ਰੀਸ਼ਦਾਂ ਅਤੇ ਨਗਰ ਨਿਗਮ ਭੰਗ ਨਹੀਂ ਕਰਾਂਗੀ। ਅਖੌਤੀ ਕਾਮਰੇਡ ਇਸ ਤਰ੍ਹਾਂ ਹੀ ਕਰਦੇ ਸਨ।

**ਹੋਰ ਕੋਈ ਗੱਲ?**

-ਸੂਬੇ ਦੇ ਲੋਕਾਂ ਨੇ ਮੇਰਾ ਸਾਥ ਦਿੱਤਾ ਹੈ, ਮੈਂ ਉਨ੍ਹਾਂ ਦਾ ਸਾਥ ਦੇਵਾਂਗੀ।

**ਇੱਦਾਂ ਤਾਂ ਸਾਰੇ ਸਿਆਸਤਦਾਨ ਕਹਿੰਦੇ ਹਨ!**

-ਮੈਂ ਕਰਕੇ ਵੀ ਦਿਖਾਵਾਂਗੀ। ਬੰਗਾਲ ਦਾ ਗੌਰਵ ਬਰਕਰਾਰ ਕਰਾਂਗੀ। ਲੋਕਾਂ ਦੇ ਸਾਥ ਨਾਲ ਇਹ ਸੰਭਵ ਵੀ ਹੈ।

## ਖੱਬਾ ਸਫ਼ਰ




1952: ਪਹਿਲੀਆਂ ਲੋਕ ਸਭਾ ਵਿਚ 20 ਸੀਟਾਂ ਜਿੱਤ ਕੇ ਸਭ ਤੋਂ ਵੱਡੀ ਵਿਰੋਧੀ ਧਿਰ ਬਣੀ।

1957: ਕੇਰਲ ਵਿਚ ਪਹਿਲੀ ਕਮਿਊਨਿਸਟ ਸਰਕਾਰ (ਸੰਸਾਰ ਦੀ ਪਹਿਲੀ ਚੁਣੀ ਹੋਈ ਕਮਿਊਨਿਸਟ ਸਰਕਾਰ), ਈ.ਐਮ.ਐਸ. ਨੰਬੂਦਰੀਪਾਦ ਮੁੱਖ ਮੰਤਰੀ ਬਣੇ।

1959: ਕੇਂਦਰ ਵੱਲੋਂ ਨੰਬੂਦਰੀਪਾਦ ਸਰਕਾਰ ਭੰਗ। ਭੰਗ ਹੋਣ ਵਾਲੀ ਦੇਸ਼ ਦੀ ਪਹਿਲੀ ਸੂਬਾ ਸਰਕਾਰ।

1967: ਪੱਛਮੀ ਬੰਗਾਲ ਵਿਚ ਕਮਿਊਨਿਸਟਾਂ ਦੀ ਭਾਈਵਾਲੀ ਵਾਲੀ ਪਹਿਲੀ ਮੋਰਚਾ ਸਰਕਾਰ ਬਣੀ ਜਿਹੜੀ 8 ਮਹੀਨੇ ਚੱਲੀ। ਬੰਗਲਾ ਕਾਂਗਰਸ ਦੇ ਅਜੈ ਮੁਖਰਜੀ ਮੁੱਖ ਮੰਤਰੀ ਤੇ ਜੋਤੀ ਬਾਸੂ ਉਪ ਮੁੱਖ ਮੰਤਰੀ ਬਣੇ।

1969: ਪੱਛਮੀ ਬੰਗਾਲ ਵਿਚ ਫਿਰ ਮੋਰਚੇ ਦੀ ਸਰਕਾਰ ਬਣੀ। ਇਕ ਸਾਲ ਬਾਅਦ ਸਰਕਾਰ ਫਿਰ ਡਿੱਗੀ।

1972: ਖੱਬੇ ਪੱਖੀ ਚੋਣਾਂ ਵਿਚ ਬੁਰੀ ਤਰ੍ਹਾਂ ਪਛੜੇ। ਚੋਣਾਂ ਵਿਚ ਵੱਡੇ ਪੱਧਰ 'ਤੇ ਧਾਂਦਲੀ ਦੀਆਂ ਖ਼ਬਰਾਂ।

1977: ਖੱਬੇ ਮੋਰਚੇ ਦੀ ਸਰਕਾਰ ਬਣੀ। ਜੋਤੀ ਬਾਸੂ ਮੁੱਖ ਮੰਤਰੀ ਬਣੇ। ਫਿਰ ਜੋਤੀ ਬਾਸੂ ਲਗਾਤਾਰ 23 ਸਾਲ ਮੁੱਖ ਮੰਤਰੀ ਰਹੇ। ਸੰਸਾਰ ਭਰ ਵਿਚ ਰਿਕਾਰਡ।

1996: ਜੋਤੀ ਬਾਸੂ ਨੂੰ ਪ੍ਰਧਾਨ ਮੰਤਰੀ ਬਣਨ ਦੀ ਪੇਸ਼ਕਸ਼। ਸੀ.ਪੀ.ਐਮ. ਵੱਲੋਂ ਪੇਸ਼ਕਸ਼ ਰੱਦ। ਜੋਤੀ ਬਾਸੂ ਨੇ ਇਸ ਨੂੰ ਇਤਿਹਾਸਕ ਭੁੱਲ ਕਿਹਾ। ਸੀ.ਪੀ.ਆਈ ਕੇਂਦਰ ਸਰਕਾਰ ਵਿਚ ਸ਼ਾਮਲ। ਸੀ.ਪੀ.ਐਮ. ਸਰਕਾਰ ਵਿਚ ਸ਼ਾਮਲ ਨਾ ਹੋਈ।

2000: ਜੋਤੀ ਬਾਸੂ ਨੇ ਮੁੱਖ ਮੰਤਰੀ ਦੀ ਗੱਦੀ ਛੱਡੀ। ਬੁਧਦੇਵ ਭੱਟਾਚਾਰੀਆ ਮੁੱਖ ਮੰਤਰੀ ਬਣੇ।

2004: ਖੱਬੇਪੱਖੀਆਂ ਨੇ ਲੋਕ ਸਭਾ ਲਈ ਰਿਕਾਰਡ 61 ਸੀਟਾਂ ਜਿੱਤੀਆਂ। 'ਫਿਰਕੂ' ਭਾਜਪਾ ਨੂੰ ਸੱਤਾ ਤੋਂ ਪਾਸੇ ਰੱਖਣ ਲਈ ਕਾਂਗਰਸ ਦੀ ਅਗਵਾਈ ਵਾਲੀ ਯੂ.ਪੀ.ਏ. ਸਰਕਾਰ ਦੀ ਹਮਾਇਤ।

2008: ਕੇਂਦਰ ਸਰਕਾਰ ਵੱਲੋਂ ਅਮਰੀਕਾ ਨਾਲ ਪ੍ਰਮਾਣੂ ਸੰਧੀ ਤੋਂ ਬਾਅਦ ਹਮਾਇਤ ਵਾਪਸ।

2011: ਪੱਛਮੀ ਬੰਗਾਲ ਵਿਚ 34 ਸਾਲ ਦੇ ਰਾਜ ਪਿੱਛੋਂ ਸੱਤਾ ਤੋਂ ਬਾਹਰ।

# ਖੱਬੇਪੱਖ ਦਾ ਰੋਲ ਅਜੇ ਵੀ ਅਹਿਮ: ਪ੍ਰਕਾਸ਼ ਕਰਤ

**ਨਵੀਂ ਦਿੱਲੀ:** ਪੱਛਮੀ ਬੰਗਾਲ ਵਿਚ ਖੱਬੇ ਪੱਖੀ ਮੋਰਚੇ ਦੀ ਵੱਡੀ ਹਾਰ ਤੋਂ ਬਾਅਦ ਸੀ.ਪੀ.ਆਈ. (ਐਮ.) ਦੇ ਜਨਰਲ ਸਕੱਤਰ ਪ੍ਰਕਾਸ਼ ਕਰਤ ਨੇ ਕਿਹਾ ਕਿ ਭਾਰਤ ਵਿਚ ਖੱਬੇਪੱਖੀਆਂ ਦੇ ਰੋਲ ਦੀ ਅਜੇ ਵੀ ਉਨੀ ਹੀ ਅਹਿਮੀਅਤ ਹੈ ਜਿੰਨੀ ਪਹਿਲਾਂ ਸੀ। ਇਸ ਹਾਰ ਨਾਲ ਉਨ੍ਹਾਂ ਦੀ ਪਾਰਟੀ ਅਤੇ ਖੱਬੇ ਮੋਰਚੇ ਦਾ ਅੰਤ ਨਹੀਂ ਹੋ ਗਿਆ। ਅਜਿਹੀ ਨੁਕਤਾਚੀਨੀ ਕਰਨ ਵਾਲਿਆਂ ਨੂੰ ਸਮਝਣਾ ਚਾਹੀਦਾ ਹੈ ਕਿ ਲੋਕਾਂ ਦੀਆਂ ਭਾਵਨਾਵਾਂ ਹੁੰਦੀਆਂ ਹਨ। ਖੱਬਾ ਮੋਰਚਾ ਖੁਦ ਲੋਕਾਂ ਦੀਆਂ ਭਾਵਨਾਵਾਂ ਦੀ ਕਦਰ ਕਰਦਾ ਹੈ।

ਉਨ੍ਹਾਂ ਇਸ ਗੱਲ ਦਾ ਖੰਡਨ ਕੀਤਾ ਕਿ ਅਹੁਦਾ ਛੱਡ ਰਹੇ ਮੁੱਖ ਮੰਤਰੀ ਬੁੱਧਦੇਵ ਭੱਟਾਚਾਰੀਆ, ਸੀ.ਪੀ.ਆਈ.(ਐਮ) ਦੇ ਪੋਲਿਟ ਬਿਊਰੋ ਤੋਂ ਅਸਤੀਫਾ ਦੇ ਰਹੇ ਹਨ। ਉਨ੍ਹਾਂ ਸਵੈ-ਪੜਚੋਲ ਕਰਨ ਲਈ ਦਿਨ ਭਰ ਚੱਲੀ ਪਾਰਟੀ ਦੀ ਮੀਟਿੰਗ ਮਗਰੋਂ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਕਿਹਾ ਕਿ ਚੋਣਾਂ ਦੇ ਉਲਟ ਨਤੀਜੇ ਆਉਣ

### ਹਾਰ ਦਾ ਮਤਲਬ ਅੰਤ ਨਹੀਂ



ਦੇ ਬਾਵਜੂਦ ਖੱਬੇ ਮੋਰਚੇ ਨੂੰ 1.96 ਕਰੋੜ ਲੋਕਾਂ ਦਾ ਸਮਰਥਨ ਪ੍ਰਾਪਤ ਹੈ ਜੋ ਕੁੱਲ ਪਈਆਂ ਵੋਟਾਂ ਦਾ 41 ਫੀਸਦੀ ਬਣਦਾ ਹੈ। 2009 ਦੀਆਂ ਲੋਕ ਸਭਾ ਚੋਣਾਂ ਤੋਂ ਬਾਅਦ ਹੁਣ ਤਕ ਖੱਬੇ ਮੋਰਚੇ ਦੀਆਂ 11 ਲੱਖ ਵੋਟਾਂ ਵਧੀਆਂ ਹਨ ਜਦਕਿ ਤ੍ਰਿਣਮੂਲ ਕਾਂਗਰਸ ਅਤੇ ਕਾਂਗਰਸ ਦੇ ਗਠਜੋੜ ਨੂੰ 34 ਲੱਖ ਵੋਟਾਂ ਵੱਧ ਮਿਲੀਆਂ ਹਨ। ਉਨ੍ਹਾਂ ਕਿਹਾ ਕਿ ਹੁਣ ਇਸ ਗੱਲ ਦੀ ਪੜਚੋਲ ਕੀਤੀ ਜਾਵੇਗੀ ਕਿ ਕਿਸ ਕਾਰਨ ਲੋਕ ਉਨ੍ਹਾਂ ਤੋਂ ਦੂਰ ਹੋਏ ਹਨ ਅਤੇ ਕਿਸ ਤਰੀਕੇ ਨਾਲ ਉਨ੍ਹਾਂ ਨਾਲ ਮੁੜ ਕੇ ਜੁੜਿਆ ਜਾ ਸਕਦਾ ਹੈ।

ਉਨ੍ਹਾਂ ਕਿਹਾ ਕਿ ਇਸ ਮੀਟਿੰਗ ਵਿਚ ਬੁੱਧਦੇਵ ਭੱਟਾਚਾਰੀਆ ਸ਼ਾਮਲ ਨਹੀਂ ਹੋਏ ਕਿਉਂਕਿ ਬੰਗਾਲ ਵਿਚ ਪਾਰਟੀ ਦੇ ਦਫਤਰਾਂ ਅਤੇ ਕਾਰਕੁਨਾਂ ਉਤੇ ਵੱਡੇ ਪੱਧਰ 'ਤੇ ਹਮਲੇ ਕੀਤੇ ਜਾ ਰਹੇ ਹਨ ਅਤੇ ਇਸ ਹਾਲਾਤ ਵਿਚ ਭੱਟਾਚਾਰੀਆ ਦਾ ਉਥੇ ਰਹਿਣਾ ਜ਼ਰੂਰੀ ਹੈ। ਉਨ੍ਹਾਂ ਦਾਅਵਾ ਕੀਤਾ ਕਿ ਖੱਬੇ ਮੋਰਚੇ ਦੀ ਸਰਕਾਰ ਨੇ 34 ਸਾਲ ਦੇ ਰਾਜਕਾਲ ਦੌਰਾਨ ਅਹਿਮ ਪ੍ਰਾਪਤੀਆਂ ਕੀਤੀਆਂ ਹਨ। ਇਸ ਦੇ ਬਾਵਜੂਦ ਉਨ੍ਹਾਂ ਤੋਂ ਕਈ ਕਮੀਆਂ ਰਹਿ ਗਈਆਂ ਹੋਣਗੀਆਂ। ਹੁਣ ਇਸ ਪਾਸੇ ਧਿਆਨ ਦਿੱਤਾ ਜਾਵੇਗਾ।

# ਸੀ.ਪੀ.ਐਮ. ਨੇ ਆਪਣੀਆਂ ਗਲਤੀਆਂ ਸਵੀਕਾਰੀਆਂ

**ਨਵੀਂ ਦਿੱਲੀ:** ਤਿੰਨ ਦਹਾਕਿਆਂ ਦੇ ਲੰਬੇ ਅਰਸੇ ਬਾਅਦ ਪੱਛਮੀ ਬੰਗਾਲ ਵਿਚੋਂ ਸੱਤਾ ਵਿਚੋਂ ਬਾਹਰ ਹੋਈ ਸੀ.ਪੀ.ਐਮ. ਨੇ ਆਪਣੀ ਹਾਰ ਕਬੂਲਦਿਆਂ ਕਿਹਾ ਕਿ ਤ੍ਰਿਣਮੂਲ ਕਾਂਗਰਸ ਨੂੰ ਲੋਕਾਂ ਵੱਲੋਂ ਤਬਦੀਲੀ ਲਈ ਇੱਛਾ ਦਾ ਲਾਭ ਮਿਲਿਆ ਹੈ। ਇਸ ਦੇ ਨਾਲ ਹੀ ਪਾਰਟੀ ਨੇ ਬੀਤੇ ਸਮੇਂ ਵਿਚ ਕੀਤੀਆਂ ਗਲਤੀਆਂ ਨੂੰ ਵੀ ਮੰਨਿਆ ਹੈ। ਉਂਝ ਪਾਰਟੀ ਨੇ ਕਿਹਾ ਹੈ ਕਿ ਪੱਛਮੀ ਬੰਗਾਲ ਤੇ ਕੇਰਲਾ ਵਿਧਾਨ ਸਭਾ ਚੋਣਾਂ ਦੇ ਨਤੀਜਿਆਂ ਨੇ ਖੱਬੀਆਂ ਤੇ ਜਮਹੂਰੀ ਸ਼ਕਤੀਆਂ ਨੂੰ ਨਿਰਾਸ਼ ਕੀਤਾ ਹੈ ਪਰ ਇਸ ਦਾ ਇਹ ਹਰਗਿਜ਼ ਮਤਲਬ ਨਹੀਂ ਕਿ ਖੱਬੀਆਂ ਪਾਰਟੀਆਂ ਦੀਆਂ ਨੀਤੀਆਂ ਤੇ ਦੇਸ਼ ਲਈ ਪ੍ਰੋਗਰਾਮ ਤਰਕਹੀਣ ਹੋ ਗਿਆ ਹੈ। ਤ੍ਰਿਣਮੂਲ ਕਾਂਗਰਸ ਕੋਲੋਂ ਮਿਲੀ ਜ਼ਬਰਦਸਤ ਹਾਰ ਤੋਂ ਬਾਅਦ ਸੀ.ਪੀ.ਆਈ. (ਐਮ.) ਦੇ ਸੀਨੀਅਰ ਆਗੂ ਸੀਤਾਰਾਮ ਯੇਚੁਰੀ, ਬਰਿੰਦਾ ਕਰਤ ਤੇ ਪਾਰਟੀ ਦੀ ਪੋਲਿਟ ਬਿਊਰੋ ਨੇ ਆਪਣੇ ਬਿਆਨ ਵਿਚ ਲੋਕਾਂ ਦੇ ਫਤਵੇ ਨੂੰ ਕਬੂਲ ਕੀਤਾ ਹੈ। ਸੀ.ਪੀ.ਐਮ. ਵੱਲੋਂ ਜਾਰੀ ਬਿਆਨ ਅਨੁਸਾਰ ਖੱਬੀਆਂ ਪਾਰਟੀਆਂ ਦੇ 34 ਸਾਲ ਦੇ ਰਿਕਾਰਡ ਲੰਬੇ ਸ਼ਾਸਨ ਤੋਂ ਬਾਅਦ ਬੰਗਾਲ ਵਾਸੀ ਤਬਦੀਲੀ ਦੇ ਚਾਹਵਾਨ ਹੋ ਗਏ ਸਨ ਜਿਸ ਦਾ ਲਾਹਾ ਤ੍ਰਿਣਮੂਲ ਕਾਂਗਰਸ ਨੂੰ ਮਿਲਿਆ ਹੈ।

ਸੀਤਾ ਰਾਮ ਯੇਚੁਰੀ ਨੇ ਕਿਹਾ ਕਿ ਉਥੇ ਲੋਕਾਂ ਵਿਚ ਤਬਦੀਲੀ ਦੀ ਇੱਛਾ ਭਾਰੂ ਰਹੀ। ਸ੍ਰੀਮਤੀ ਕਰਤ ਨੇ ਕਿਹਾ ਕਿ ਸਿੰਗੂਰ ਤੇ ਨੰਦੀਗ੍ਰਾਮ ਵਿਚ ਜ਼ਮੀਨ ਐਕਵਾਇਰ ਕਰਨ ਦੇ ਮਾਮਲੇ ਪਾਰਟੀ ਦੇ ਜ਼ਮੀਨ ਸੁਧਾਰ ਪ੍ਰੋਗਰਾਮ ਦੇ ਹੀ ਵਿਰੁੱਧ ਚਲੇ ਗਏ। ਉਨ੍ਹਾਂ ਯਕੀਨ ਪ੍ਰਗਟਾਇਆ ਕਿ ਉਹ ਆਪਣੀਆਂ ਗਲਤੀਆਂ ਨੂੰ ਸੁਧਾਰ ਕੇ ਮੁੜ ਬੰਗਾਲ ਦੇ ਲੋਕਾਂ ਦਾ ਵਿਸ਼ਵਾਸ ਹਾਸਲ ਕਰਨਗੇ।

ਪੰਜਾਬ ਟਾਈਮਜ਼

*ਸਨਿਚਰਵਾਰ, 21 ਮਈ 2011*

## ਬੰਗਾਲ ਵਿਚ ਇਤਿਹਾਸ ਦਾ ਅਰੰਭ

ਪੱਛਮੀ ਬੰਗਾਲ ਵਿਚ ਸਾਢੇ ਤਿੰਨ ਦਹਾਕਿਆਂ ਤੋਂ ਚਲੀ ਆ ਰਹੀ ਖੱਬੇ ਪੱਖੀ ਸਰਕਾਰ ਦਾ ਆਖ਼ਰਕਾਰ ਅੰਤ ਹੋ ਗਿਆ ਹੈ। ਇਹ ਅੰਤ ਕਿਸੇ ਲਈ ਵੀ ਹੈਰਾਨੀ ਵਾਲਾ ਨਹੀਂ ਸੀ। ਪਿਛਲੇ ਢਾਈ-ਤਿੰਨ ਸਾਲ ਤੋਂ ਸੂਬੇ ਵਿਚ ਜੋ ਘਟਨਾਕ੍ਰਮ ਚੱਲ ਰਿਹਾ ਸੀ, ਇਹ ਚੋਣ ਨਤੀਜਾ ਇਕ ਲਿਹਾਜ ਨਾਲ ਉਸੇ ਦਾ ਹੀ ਸਿਖਰ ਸੀ। ਪਿਛਲੀਆਂ ਲੋਕ ਸਭਾ ਚੋਣਾਂ ਵਿਚ ਖੱਬੇ ਪੱਖੀ ਮੋਰਚੇ ਦੀ ਢਿੱਲੀ ਕਾਰਗੁਜ਼ਾਰੀ ਤੋਂ ਹੀ ਸਾਫ਼ ਹੋ ਗਿਆ ਸੀ ਕਿ ਰਹਿੰਦੀ ਕਸਰ ਵਿਧਾਨ ਸਭਾ ਚੋਣਾਂ ਵਿਚ ਨਿੱਕਲ ਜਾਣੀ ਹੈ। ਉਂਜ ਸਿਆਸੀ ਪਿੜ ਅਤੇ ਮੀਡੀਆ ਨੇ ਇਸ ਨੂੰ ਉਕਾ ਹੀ ਹੋਰ ਰੰਗ ਵਿਚ ਪੇਸ਼ ਕਰਨ ਦਾ ਯਤਨ ਕੀਤਾ ਹੈ। ਮੁੱਖ ਧਾਰਾ ਦੇ ਵਿਦਵਾਨਾਂ ਨੇ ਇਸ ਨੂੰ ਭਾਰਤ ਵਿਚ ਕਮਿਊਨਿਸਟਾਂ ਦੀ ਹਾਰ ਨਾਲ ਆਮ ਕਰਕੇ, ਅਤੇ 'ਵਿਚਾਰਧਾਰਾ ਦੇ ਅੰਤ' ਨਾਲ ਖਾਸ ਕਰਕੇ ਜੋੜਿਆ ਹੈ। ਕੌਮਾਂਤਰੀ ਪੱਧਰ 'ਤੇ ਇਸ ਮਸਲੇ ਨੂੰ 1990ਵਿਆਂ ਦੇ ਸ਼ੁਰੂ ਵਿਚ ਸੋਵੀਅਤ ਯੂਨੀਅਨ ਦੇ ਟੁੱਟਣ ਨਾਲ ਜੋੜ ਕੇ ਟਿੱਪਣੀਆਂ ਕੀਤੀਆਂ ਜਾ ਰਹੀਆਂ ਹਨ। ਉਂਜ, ਸੰਸਾਰ ਦੀ ਇਹ ਪਹਿਲੀ ਅਤੇ ਸ਼ਾਇਦ ਆਖਰੀ ਚੁਣੀ ਹੋਈ ਕਮਿਊਨਿਸਟ ਸਰਕਾਰ ਸੀ ਜੋ ਇੰਨਾ ਲੰਮਾ ਅਰਸਾ ਕਾਇਮ ਰਹੀ। ਇਸੇ ਪ੍ਰਸੰਗ ਵਿਚ ਤ੍ਰਿਣਮੂਲ ਕਾਂਗਰਸ ਦੀ ਆਗੂ ਮਮਤਾ ਬੈਨਰਜੀ ਨੂੰ ਨਾਇਕਾ ਦੇ ਰੂਪ ਵਿਚ ਪੇਸ਼ ਕੀਤਾ ਗਿਆ ਹੈ। ਅਖਬਾਰਾਂ ਅਤੇ ਟੀ.ਵੀ. ਚੈਨਲਾਂ ਉਤੇ ਉਸ ਦੇ ਸਿਆਸੀ ਸਫ਼ਰ ਦੇ ਕਸੀਦੇ ਲਿਖੇ/ਪੜ੍ਹੇ ਜਾ ਰਹੇ ਹਨ।

ਦਰਅਸਲ, ਪੱਛਮੀ ਬੰਗਾਲ ਵਿਚ ਇਹ ਮਮਤਾ ਬੈਨਰਜੀ ਦੀ ਜਿੱਤ ਨਹੀਂ, ਬਲਕਿ ਖੱਬੇਪੱਖੀਆਂ ਦੀ ਹਾਰ ਹੈ। ਇਸ ਹਾਰ ਦੀ ਕਹਾਣੀ ਪਹਿਲਾਂ ਨੰਦੀਗਰਾਮ ਤੇ ਫਿਰ ਸਿੰਗੂਰ ਵਿਚ ਚੱਲੇ ਤਿੱਖੇ ਕਿਸਾਨ ਸੰਘਰਸ਼ਾਂ ਦੌਰਾਨ ਲਿਖੀ ਗਈ ਸੀ। ਇਨ੍ਹਾਂ ਸੰਘਰਸ਼ਾਂ ਦੀ ਅਗਵਾਈ ਭਾਵੇਂ ਮਮਤਾ ਦੀ ਪਾਰਟੀ ਤ੍ਰਿਣਮੂਲ ਕਾਂਗਰਸ ਨੇ ਕੀਤੀ ਸੀ ਪਰ ਇਸ ਦੇ ਪਿਛੋਕੜ ਵਿਚ ਰਾਜਨੀਤੀ, ਰਣਨੀਤੀ ਅਤੇ ਦਾਅਪੇਚਾਂ ਨਾਲ ਲੈਸ ਉਹ ਜਮਾਤ ਵਿਚਰ ਰਹੀ ਸੀ ਜਿਸ ਦਾ ਖੁਲਾਸਾ ਮਗਰੋਂ ਜਾ ਕੇ ਹੋਇਆ ਸੀ। ਇਹ ਜਮਾਤ ਉਨ੍ਹਾਂ ਤੱਤੇ ਕਮਿਊਨਿਸਟਾਂ ਦੀ ਸੀ ਜਿਹੜੇ ਮਾਓਵਾਦੀਆਂ ਦੇ ਨਾਂ ਨਾਲ ਮਸ਼ਹੂਰ ਹਨ ਅਤੇ ਜਿਨ੍ਹਾਂ ਨੂੰ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ ਦੇਸ਼ ਲਈ ਸਭ ਤੋਂ ਵੱਡੀ ਤੇ ਖਤਰਨਾਕ ਅੰਦਰੂਨੀ ਸਮੱਸਿਆ ਐਲਾਨਿਆ ਹੋਇਆ ਹੈ। ਖੱਬੇਪੱਖੀਆਂ ਵੱਲੋਂ ਸੂਬੇ ਵਿਚ ਕੀਤੀ ਮੋਰਚਾਬੰਦੀ ਬਾਰੇ ਬੰਗਾਲ ਦੇ ਕਹਿੰਦੇ-ਕਹਾਉਂਦੇ ਵਿਦਵਾਨਾਂ ਦੀ ਰਾਇ ਸੀ ਕਿ ਕਾਮਰੇਡਾਂ ਦੇ 'ਲਾਲ ਕਿਲੇ' ਵਿਚ ਸੰਨ੍ਹ ਲਾਉਣੀ ਮਮਤਾ ਜਾਂ ਹੋਰ ਕਿਸੇ ਲੀਡਰ ਦੇ ਵੱਸ ਨਹੀਂ। ਇਨ੍ਹਾਂ ਨੂੰ ਵੰਗਾਰ ਬਰਾਬਰ ਦੀ ਵਿਚਾਰਧਾਰਾ ਨਾਲ ਲੈਸ ਹੀ ਕੋਈ ਧਿਰ ਦੇ ਸਕਦੀ ਹੈ। ਮਮਤਾ ਨੇ ਪਹਿਲਾਂ ਸੱਜੇਪੱਖੀਆਂ ਨਾਲ ਗਠਜੋੜ ਕਰਕੇ ਦੇਖ ਹੀ ਲਿਆ ਸੀ ਅਤੇ ਹੁਣ ਉਹ ਕਾਂਗਰਸ ਨਾਲ ਰਲ ਕੇ ਇਸ ਕਿਲੇ ਨੂੰ ਭੰਨ੍ਹਣ ਦੇ ਆਹਰ ਵਿਚ ਲੱਗੀ ਹੋਈ ਸੀ। ਚਿਰਾਂ ਤੋਂ ਉਸ ਦਾ ਇਕ ਨੁਕਾਤੀ ਏਜੰਡਾ ਖੱਬੇਪੱਖੀਆਂ ਦਾ ਵਿਰੋਧ ਹੀ ਸੀ। ਇਸ ਨੂੰ ਬੂਰ ਨੰਦੀਗਰਾਮ ਵਿਚ ਹੀ ਪਿਆ। ਇਸ ਤੋਂ ਬਾਅਦ ਮਾਓਵਾਦੀਆਂ ਬਾਰੇ ਉਸ ਦੀ ਪਹੁੰਚ ਵਿਚ ਆਈ ਤਬਦੀਲੀ ਨਾਲ ਸਪਸ਼ਟ ਹੀ ਹੋ ਗਿਆ ਕਿ ਖੱਬੇ ਪੱਖੀਆਂ ਦਾ 'ਲਾਲ ਕਿਲਾ' ਭੰਨ੍ਹਣ ਲਈ ਦੋ ਧਿਰਾਂ ਵਿਚਾਲੇ ਸਹਿਮਤੀ ਬਣ ਚੁੱਕੀ ਹੈ। ਮੌਕੇ ਦੀ ਨਜ਼ਾਕਤ ਨੂੰ ਸਮਝਦਿਆਂ ਮਾਓਵਾਦੀਆਂ ਨੇ ਸੂਬੇ ਵਿਚ ਉਸਾਰੇ ਆਪਣੇ ਗੜ੍ਹ 'ਲਾਲ ਗੜ੍ਹ' ਰਾਹੀਂ ਜਿਸ ਤਰ੍ਹਾਂ ਸੱਤਾਧਾਰੀ ਰਵਾਇਤੀ ਕਮਿਊਨਿਸਟਾਂ ਨੂੰ ਵੰਗਾਰਿਆ ਤੇ ਉਨ੍ਹਾਂ ਦੀ ਪ੍ਰਾਈਵੇਟ ਹਥਿਆਰਬੰਦ ਸੈਨਾ 'ਹਰਮਦ ਵਾਹਿਨੀ' ਨੂੰ ਲਹੂ-ਵੀਟਵੀਂ ਲੜਾਈ ਵਿਚ ਪਛਾੜਿਆ; ਉਸ ਨੇ 'ਮਮਤਾ ਬੈਨਰਜੀ ਐਕਸਪ੍ਰੈਸ' ਦੀ ਜਿੱਤ ਲਈ ਪਟੜੀ ਵਿਛਾ ਦਿੱਤੀ। 'ਲਾਲ ਗੜ੍ਹ' ਪੱਛਮੀ ਬੰਗਾਲ ਵਿਚ ਕਬਾਇਲੀਆਂ ਦਾ ਉਹ ਇਲਾਕਾ ਹੈ ਜਿਸ ਵਿਚ ਕਰੀਬ 1500 ਪਿੰਡ ਪੈਂਦੇ ਹਨ। ਇਸ ਖੇਤਰ 'ਚ ਮਾਓਵਾਦੀਆਂ ਨੇ 1995 ਵਿਚ ਚੁੱਪ-ਚੁਪੀਤੇ, ਪਰ ਬਾਕਾਇਦਾ ਕੰਮ ਸ਼ੁਰੂ ਕੀਤਾ ਸੀ। ਉਥੇ ਉਨ੍ਹਾਂ ਕਬਾਇਲੀਆਂ ਵਿਚ ਮਜ਼ਬੂਤ ਆਧਾਰ ਤਿਆਰ ਕੀਤਾ ਤੇ ਫਿਰ ਇਸੇ ਇਲਾਕੇ 'ਚੋਂ ਹੀ ਰਵਾਇਤੀ ਕਮਿਊਨਿਸਟਾਂ ਨੂੰ ਵੰਗਾਰਿਆ।

ਖੱਬੇ ਪੱਖੀਆਂ ਨੇ ਸਿਆਸੀ ਪਿੜ ਵਿਚ ਪਹਿਲੀ ਮਾਤ ਉਦੋਂ ਖਾਧੀ ਜਦੋਂ ਉਹ ਜ਼ਮੀਨੀ ਸੁਧਾਰਾਂ ਲਈ ਚਲਾਈ 'ਬਰਗਾ ਮੁਹਿੰਮ' ਨੂੰ ਅਗਾਂਹ ਤੋਰਨ ਵਿਚ ਨਾਕਾਮ ਰਹੇ। ਉਹ ਮਿਸਾਲੀ ਕਮਿਊਨਿਸਟ ਆਗੂ ਮਾਓ ਜ਼ੇ ਤੁੰਗ ਦਾ ਇਹ ਮਸ਼ਹੂਰ ਕਥਨ ਭੁੱਲ ਬੈਠੇ ਕਿ ਅਗਾਂਹ ਵਧਣ ਲਈ ਮੁਹਿੰਮਾਂ/ਪਾਰਟੀ/ਆਗੂਆਂ ਨੂੰ ਲਗਾਤਾਰ ਛਾਂਗਣਾ/ਤਰਾਸ਼ਣਾ ਬਹੁਤ ਜ਼ਰੂਰੀ ਹੁੰਦਾ ਹੈ। ਇਸ ਢਿੱਲ ਦੀ ਕੀਮਤ ਇਨ੍ਹਾਂ ਨੂੰ ਹੁਣ ਚੁਕਾਉਣੀ ਪਈ ਹੈ; ਹੁਣ ਜਦੋਂ ਇਨ੍ਹਾਂ ਦਾ ਸ਼ਾਸਨ ਵੀ ਮੁਲਕ ਦੇ ਹੋਰ ਸੂਬਿਆਂ ਵਾਂਗ ਬਦ-ਇੰਤਜ਼ਾਮੀ ਅਤੇ ਭ੍ਰਿਸ਼ਟਾਚਾਰ ਦੀ ਦਲਦਲ ਵਿਚ ਡੂੰਘਾ ਲਹਿ ਚੁੱਕਾ ਸੀ। ਇਸ ਦੇ ਐਨ ਬਰਾਬਰ, ਹੁਣ ਅਜ਼ਮਾਇਸ਼ ਦੀ ਘੜੀ ਮਮਤਾ ਬੈਨਰਜੀ ਲਈ ਹੈ। ਉਹਲੇ ਵਿਚੋਂ ਉਸ ਦੀ ਇਮਦਾਦ ਕਰਨ ਵਾਲੇ ਮਾਓਵਾਦੀਆਂ ਦਾ ਆਪਣਾ ਏਜੰਡਾ ਹੈ। ਫ਼ਿਲਹਾਲ, ਉਹ ਵੱਖ-ਵੱਖ ਸੂਬਿਆਂ ਵਿਚ ਆਪਣੀ ਪੈਂਠ ਬਣਾਉਣ ਦੀ ਕਵਾਇਦ ਵਿਚੋਂ ਗੁਜ਼ਰ ਰਹੇ ਹਨ। ਇਸ ਕਵਾਇਦ ਵਿਚੋਂ ਹੀ ਉਹ ਵੱਖ-ਵੱਖ ਥਾਂਈਂ ਵੱਖ-ਵੱਖ ਧਿਰਾਂ ਦੀ ਨਿਸ਼ਾਨਦੇਹੀ ਕਰਕੇ ਆਪਣੇ ਟੀਚੇ ਵੱਲ ਵਧਣ ਦੀ ਕੋਸ਼ਿਸ਼ ਵਿਚ ਹਨ। ਬੰਗਾਲ ਵਿਚ ਉਨ੍ਹਾਂ ਨੇ ਮਮਤਾ ਨੂੰ ਚੁਣਿਆ ਅਤੇ ਕਮਿਊਨਿਸਟਾਂ ਦੇ ਚੋਲੇ ਵਿਚ ਰਾਜ ਕਰ ਰਹੇ ਆਗੂਆਂ ਅਤੇ ਮੋਰਚੇ ਨੂੰ ਲਾਂਭੇ ਕਰਨ ਦਾ ਰਾਹ ਖੋਲ੍ਹਿਆ। ਹੁਣ ਦੇਖਣਾ ਇਹ ਹੈ ਕਿ ਮਮਤਾ ਬੈਨਰਜੀ ਨਾਲ ਉਨ੍ਹਾਂ ਦਾ ਕੀ ਤਾਲਮੇਲ ਬੈਠਦਾ ਹੈ। ਭਾਰਤ ਦੇ ਸਿਆਸੀ ਇਤਿਹਾਸ ਦਾ ਇਹ ਬਿਲਕੁੱਲ ਨਵਾਂ-ਨਕੋਰ ਵਰਕਾ ਹੈ ਜਿਸ ਉਤੇ ਸਿਆਸੀ ਸਰਗਰਮੀ ਦੀਆਂ ਪੈੜਾਂ ਪੈਣੀਆਂ ਹਨ। ਇਸ ਲਈ ਪੱਛਮੀ ਬੰਗਾਲ ਦੇ ਚੋਣ ਨਤੀਜੇ ਕਿਸੇ ਵਿਸ਼ੇਸ਼ ਵਿਚਾਰਧਾਰਾ ਦਾ ਅੰਤ ਨਹੀਂ; ਸਗੋਂ ਇਹ ਚੋਣ ਨਤੀਜੇ ਤਾਂ 21ਵੀਂ ਸਦੀ ਦੇ ਦੂਜੇ ਦਹਾਕੇ ਵਿਚ ਲਿਖੇ ਜਾਣ ਵਾਲੇ ਉਸ ਕਾਂਡ ਦਾ ਸਬੱਬ ਬਣੇ ਹਨ ਜੋ ਭਾਰਤੀ ਸਿਆਸਤ ਵਿਚ ਸਿਫ਼ਤੀ ਤਬਦੀਲੀ ਦਾ ਜ਼ਰੀਆ ਬਣ ਸਕਦਾ ਹੈ। ਦੇਸ਼ ਦੇ ਦੂਜੇ ਸੂਬਿਆਂ ਲਈ ਇਹ ਸਬੱਬ ਇਸ ਕਰਕੇ ਅਹਿਮ ਹੈ ਕਿ ਇਸ ਵਿਚ ਢੁੱਕਵੇਂ ਸੰਘੀ ਢਾਂਚੇ ਦੇ ਨਕਸ਼ ਸਹਿਜੇ ਹੀ ਪਛਾਣੇ ਜਾ ਰਹੇ ਹਨ। ਇਹ ਕਹਿਣ ਦੀ ਤਾਂ ਫ਼ਿਲਹਾਲ ਲੋੜ ਨਹੀਂ ਕਿ ਭਾਰਤ ਦੀਆਂ ਬਹੁਤੀਆਂ ਮਰਜ਼ਾਂ ਦੀ ਦਵਾ, ਸਹੀ ਰੂਪ ਵਿਚ ਉਸਾਰਿਆ ਸੰਘੀ ਢਾਂਚਾ ਹੀ ਹੈ।

### ਠਾਹ-ਸੋਟਾ

-ਚਾਚਾ ਬੇਲਿਹਾਜ਼

#### *ਇੱਕ ਅਵੱਲਾ ਸ਼ੌਕ?*

ਜਿੰਨੇ ਸਿੱਖ ਤੇ ਉਨੇ ਹੀ 'ਦਲ' ਹੋ ਗਏ, ਭਾਂਤ ਭਾਂਤ ਦੇ ਹੋਏ ਵਿਚਾਰ ਸਾਡੇ।
ਇੱਕ ਬਾਣੀ ਤੇ ਇੱਕ ਹੀ ਗੁਰੂ ਭਾਵੇਂ ਤਾਂ ਵੀ ਹੋਣ ਪਏ ਤਿੱਖੇ ਤਕਰਾਰ ਸਾਡੇ।
ਮਨ ਨੀਵਾਂ ਤੇ ਮੰਗੀਏ ਮਤਿ ਉਚੀ, ਫਿਰ ਵੀ ਹੋਣ ਨਾ ਸਾਊ ਕਿਰਦਾਰ ਸਾਡੇ।
ਸਿੱਖੀ ਵਾਲੀ ਨਿਸ਼ਾਨੀ ਨਾ ਦਿਸੇ ਕੋਈ, ਰਹੁ-ਰੀਤਾਂ ਤੋਂ ਆਕੀ ਪਰਿਵਾਰ ਸਾਡੇ।
ਆਪੋ ਵਿਚੀਂ ਹੀ ਇਉਂ ਘਸਮਾਣ ਪਾਈਏ, ਹੋਵੇ ਜਿਵੇਂ ਇਹ ਜੌਹਰ ਮਰਦਾਨਗੀ ਦਾ।
ਸੇਵਾ, ਸਿਮਰਨ ਤੇ ਸਬਰ ਸੰਤੋਖ ਭੁੱਲੇ, ਸ਼ੌਂਕ ਪੈ ਗਿਆ ਸਿਰਫ ਪ੍ਰਧਾਨਗੀ ਦਾ!

# ਬੰਗਾਲ ਦੇ ਚੋਣ ਨਤੀਜੇ ਤੇ ਵਿਚਾਰਧਾਰਾ ਦਾ ਅੰਤ

**ਦਲਜੀਤ ਅਮੀ**

ਪੱਛਮੀ ਬੰਗਾਲ ਦੇ ਚੋਣ ਨਤੀਜੇ ਕੌਮੀ ਹੀ ਨਹੀਂ ਸਗੋਂ ਕੌਮਾਂਤਰੀ ਦਿਲਚਸਪੀ ਦਾ ਸਬੱਬ ਬਣੇ ਹਨ। ਮਮਤਾ ਬੈਨਰਜੀ ਦੀ ਜਿੱਤ ਦੀ ਖ਼ੁਸ਼ੀ ਵਿਚ ਧੁਰ ਖੱਬੇ-ਪੱਖੀਆਂ ਤੋਂ ਧੁਰ ਸੱਜੇ-ਪੱਖੀਆਂ ਤੱਕ ਸ਼ੁਮਾਰ ਹਨ। ਮਨੁੱਖੀ ਇਤਿਹਾਸ ਵਿਚ ਸਭ ਤੋਂ ਲੰਮਾ ਸਮਾਂ ਚੋਣਾਂ ਰਾਹੀਂ ਸਰਕਾਰ ਚਲਾਉਣ ਵਾਲਾ ਗੱਠਜੋੜ ਹਾਰ ਗਿਆ ਹੈ। ਇਸ ਗੱਠਜੋੜ ਦੀਆਂ ਸ਼ਰਧਾਂਜਲੀਆਂ ਤਾਂ ਕਈ ਸਾਲਾਂ ਤੋਂ ਲਿਖੀਆਂ ਜਾ ਰਹੀਆਂ ਸਨ ਪਰ ਹੁਣ ਨਵੀਆਂ-ਪੁਰਾਣੀਆਂ ਸ਼ਰਧਾਂਜਲੀਆਂ ਨੂੰ ਨਸ਼ਰ ਕਰਨ ਦਾ ਸਮਾਂ ਆ ਗਿਆ ਹੈ। ਕੁਝ ਟੈਲੀਵਿਜ਼ਨ ਚੈਨਲਾਂ ਦੇ 'ਮਾਹਿਰ' ਪੱਛਮੀ ਬੰਗਾਲ ਦੇ ਚੋਣ ਨਤੀਜਿਆਂ ਨੂੰ ਅਰਬ ਮੁਲਕਾਂ ਦੀਆਂ ਬਗ਼ਾਵਤਾਂ ਅਤੇ ਤਾਨਾਸ਼ਾਹੀ ਦੇ ਡੋਲਦੇ ਤਖ਼ਤਾਂ ਨਾਲ ਜੋੜ ਕੇ ਪੇਸ਼ ਕਰ ਰਹੇ ਹਨ। ਇਕ ਵੱਡਾ ਅੰਗਰੇਜ਼ੀ ਅਖ਼ਬਾਰ ਕਈ ਦਿਨਾਂ ਤੋਂ ਬੁੱਧਦੇਵ ਭੱਟਾਚਾਰੀਆ ਨੂੰ ਸਾਬਕਾ ਮੁੱਖ ਮੰਤਰੀ ਲਿਖ ਰਿਹਾ ਸੀ। ਕੇਂਦਰੀ ਸਰਕਾਰ ਇਸ ਜਿੱਤ ਨੂੰ ਆਪਣੀ ਕਾਰਗੁਜ਼ਾਰੀ ਦਾ ਪ੍ਰਮਾਣ ਪੱਤਰ ਬਣਾ ਕੇ ਪੇਸ਼ ਕਰ ਰਹੀ ਹੈ। ਪੱਛਮੀ ਬੰਗਾਲ ਵਿਚ 34 ਸਾਲ ਤੋਂ ਸਰਕਾਰ ਚਲਾ ਰਹੀ ਧਿਰ ਹਾਰੀ ਹੈ। ਇਸ ਲਈ ਵੱਡੀ ਜਿੱਤ ਤਾਂ ਕੇਂਦਰ ਸਰਕਾਰ ਦੇ ਹਿੱਸੇ ਹੀ ਆਈ ਹੈ। ਪੱਛਮੀ ਬੰਗਾਲ ਦੀ ਖੱਬੇ ਪੱਖੀ ਸਰਕਾਰ ਦੀਆਂ ਵਧੀਕੀਆਂ, ਵਿਤਕਰੇ ਅਤੇ ਬਦਇੰਤਜ਼ਾਮੀ ਦਾ ਜ਼ਿਕਰ ਤਾਂ ਕਈ ਸਾਲਾਂ ਤੋਂ ਮੀਡੀਆ ਦਾ ਪਸੰਦੀਦਾ ਵਿਸ਼ਾ ਰਿਹਾ ਹੈ।

ਹੁਲਾਰ ਦੇ ਇਸ ਮਾਹੌਲ ਵਿਚ ਕੁਝ ਦਲੀਲਾਂ ਵਿਆਖਿਆ ਦੀ ਮੰਗ ਕਰਦੀਆਂ ਹਨ। 'ਵਿਚਾਰਧਾਰਾ ਦੇ ਅੰਤ' ਦਾ ਕੌਮਾਂਤਰੀ ਹੋਕਾ ਹੁਣ ਮੁਕਾਮੀ ਪੱਧਰ 'ਤੇ ਵਿਚਾਰਿਆ ਜਾਣਾ ਬਣਦਾ ਹੈ। ਕੇਂਦਰ ਸਰਕਾਰ ਦੀ ਕਾਰਗੁਜ਼ਾਰੀ ਦਾ ਪ੍ਰਮਾਣ ਪੱਤਰ ਪਿਛਲੇ ਸਾਲ ਦੌਰਾਨ ਬੇਪਰਦ ਹੋਏ ਭ੍ਰਿਸ਼ਟਾਚਾਰ ਤੋਂ ਨਿਖੇੜ ਕੇ ਨਹੀਂ ਪੜ੍ਹਿਆ ਜਾ ਸਕਦਾ। ਮਮਤਾ ਬੈਨਰਜੀ ਦੇ ਚੋਣ ਮਨੋਰਥ ਪੱਤਰ ਵਿਚੋਂ ਪੱਛਮੀ ਬੰਗਾਲ ਦਾ ਹਵਾਲਾ ਕੱਢ ਦਿੱਤਾ ਜਾਵੇ ਤਾਂ ਇਸ ਦੀਆਂ ਖਾਲੀ ਥਾਂਵਾਂ ਦੂਜੇ ਸੂਬਿਆਂ ਨਾਲ ਵੀ ਭਰੀਆਂ ਜਾ ਸਕਦੀਆਂ ਹਨ। ਪੱਛਮੀ ਬੰਗਾਲ ਸਰਕਾਰ ਦੀ ਮਾੜੀ ਕਾਰਗੁਜ਼ਾਰੀ ਦੀ ਨਿਸ਼ਾਨਦੇਹੀ ਬੇਰੁਜ਼ਗਾਰੀ, ਬੇਵਿਸਾਹੀ, ਹਿੰਸਾ, ਵਿਤਕਰੇ, ਸ਼ੋਸ਼ਣ ਅਤੇ ਗ਼ਲਬੇ ਦੇ ਰੂਪ ਵਿਚ ਕੀਤੀ ਗਈ ਹੈ। ਕੀ ਇਹ ਰੁਝਾਨ ਪੱਛਮੀ ਬੰਗਾਲ ਤੱਕ ਹੀ ਮਹਿਦੂਦ ਹੈ? ਜੇ ਦੂਜੇ ਸੂਬੇ ਵੀ ਇਸ ਰੁਝਾਨ ਦੇ ਘੇਰੇ ਵਿਚ ਹਨ ਤਾਂ ਇਹ ਸਰਕਾਰ 34 ਸਾਲ ਕਿਵੇਂ ਕਾਇਮ ਰਹੀ ਜਦੋਂ ਕਿ ਗੁਜਰਾਤ, ਹਰਿਆਣਾ, ਬਿਹਾਰ ਅਤੇ ਅਸਾਮ ਤੋਂ ਬਿਨਾ ਬਾਕੀ ਸੂਬਿਆਂ ਵਿਚ ਸਰਕਾਰਾਂ ਤਕਰੀਬਨ ਹਰ ਪੰਜ ਸਾਲ ਬਾਅਦ ਬਦਲਦੀਆਂ ਰਹੀਆਂ ਹਨ। ਵਿਚਾਰਧਾਰਕ ਵਖਰੇਵਿਆਂ ਦੇ ਬਾਵਜੂਦ ਦੂਜੇ ਸੂਬਿਆਂ ਦੇ ਸਿਆਸਤਦਾਨ, ਪੱਛਮੀ ਬੰਗਾਲ ਵਾਲੀ ਸੁਰ ਅਲਾਪਣ ਦੀ ਕੋਸ਼ਿਸ਼ ਕਿਉਂ ਕਰਦੇ ਰਹੇ ਹਨ? ਇਹ ਸਾਰੇ ਸਵਾਲ ਨਜ਼ਰਸਾਨੀ ਦੀ ਮੰਗ ਕਰਦੇ ਹਨ। ਕੁਝ ਤੱਥ ਅਜਿਹੇ ਵੀ ਹਨ ਜਿਨ੍ਹਾਂ ਦਾ ਜਮ੍ਹਾਂ-ਜੋੜ ਮੌਜੂਦਾ ਚੋਣ ਨਤੀਜਿਆਂ ਉਤੇ ਅਸਰਅੰਦਾਜ਼ ਹੋਇਆ ਜਾਪਦਾ ਹੈ।

ਤਕਰੀਬਨ ਸਾਢੇ ਤਿੰਨ ਦਹਾਕਿਆਂ ਦਾ ਰਾਜ ਕਿਸੇ ਵੀ ਧਿਰ ਦੀਆਂ ਕਮਜ਼ੋਰੀਆਂ ਨੂੰ ਉਘਾੜਨ ਲਈ ਜਾਂ ਨਵੀਆਂ ਪੈਦਾ ਕਰਨ ਲਈ ਬਹੁਤ ਹੁੰਦਾ ਹੈ। ਪੱਛਮੀ ਬੰਗਾਲ ਦੀ ਖੱਬੇ ਪੱਖੀ ਸਰਕਾਰ ਜ਼ਮੀਨ ਸੁਧਾਰ ਮੁਹਿੰਮ 'ਬਰਗਾ' ਦੀ ਕਾਮਯਾਬੀ ਨੂੰ ਵਧਾਉਣ ਜਾਂ ਨਵਾਂ ਰੂਪ ਦੇਣ ਵਿਚ ਅਸਫਲ ਰਹੀ। ਇਸ ਦੌਰਾਨ ਆਲਮੀ ਪੱਧਰ 'ਤੇ ਕੁਲ ਘਰੇਲੂ ਉਪਜ ਵਿਚੋਂ ਖੇਤੀ ਦਾ ਹਿੱਸਾ ਘਟਦਾ ਗਿਆ ਹੈ। ਉਦਾਰੀਕਰਨ ਦੇ ਦੌਰ ਵਿਚ ਪੱਛਮੀ ਬੰਗਾਲ ਦੀ ਖੱਬੇ ਪੱਖੀ ਸਰਕਾਰ ਕੋਈ ਸਪੱਸ਼ਟ ਪੈਂਤੜਾ ਅਖ਼ਤਿਆਰ ਕਰਨ ਵਿਚ ਅਸਫਲ ਰਹੀ ਹੈ। ਇਹ ਰੁਝਾਨ ਸਭ ਸਿਆਸੀ ਪਾਰਟੀਆਂ ਉਤੇ ਅਸਰਅੰਦਾਜ਼ ਹੋਇਆ ਹੈ ਪਰ ਗੰਭੀਰ ਵਿਚਾਰਧਾਰਕ ਸੰਕਟ ਖੱਬੇ ਪੱਖੀ ਹੁਕਮਰਾਨ ਧਿਰ ਲਈ ਹੀ ਬਣਿਆ ਹੈ। ਬਾਕੀ ਸਾਰੀਆਂ ਪਾਰਟੀਆਂ ਜਿਨ੍ਹਾਂ ਨੀਤੀਆਂ ਦਾ ਵਿਰੋਧੀ ਧਿਰ ਵਜੋਂ ਵਿਰੋਧ ਕਰਦੀਆਂ ਹਨ, ਉਨ੍ਹਾਂ ਨੂੰ ਸਰਕਾਰ ਬਣਾ ਕੇ ਲਾਗੂ ਕਰਦੀਆਂ ਹਨ। ਇਸ ਰੁਝਾਨ ਤੋਂ ਕੋਈ ਵੀ ਚੋਣਾਂ ਲੜਨ ਵਾਲੀ ਪਾਰਟੀ ਅਣਭਿੱਜ ਨਹੀਂ। ਇਹ ਮਸਲਾ ਚੋਣ ਨਤੀਜਿਆਂ ਦਾ ਮੁਹਾਣ ਤੈਅ ਕਰਨ ਵਾਲਾ ਅਹਿਮ ਨੁਕਤਾ ਹੋ ਸਕਦਾ ਹੈ ਪਰ ਫ਼ੈਸਲਾਕੁਨ ਨਹੀਂ।

ਪੱਛਮੀ ਬੰਗਾਲ ਦੀ ਖੱਬੇ ਪੱਖੀ ਸਰਕਾਰ ਨੂੰ ਹਰਾਉਣ ਲਈ ਮੁਲਕ ਦੀਆਂ ਗ਼ੈਰ-ਖੱਬੇ ਪੱਖੀ ਪਾਰਟੀਆਂ ਆਪਣੇ ਵਖਰੇਵਿਆਂ ਦੇ ਬਾਵਜੂਦ ਇਕ ਮਤ ਰਹੀਆਂ ਹਨ। ਮਮਤਾ ਬੈਨਰਜੀ ਪਹਿਲੀ ਗ਼ੈਰ-ਕਾਂਗਰਸ, ਗ਼ੈਰ-ਕਮਿਊਨਿਸਟ ਅਤੇ ਗ਼ੈਰ-ਫਿਰਕੂ ਬੰਗਾਲੀ ਪਛਾਣ ਵਾਲੀ ਸਿਆਸਤਦਾਨ ਹੈ ਜੋ ਬੰਗਾਲੀਆਂ ਤੱਕ ਉਨ੍ਹਾਂ ਦੇ ਹੀ ਮੁਹਾਵਰੇ ਵਿਚ ਪਹੁੰਚ ਕਰਨ ਵਿਚ ਕਾਮਯਾਬ ਹੋਈ ਹੈ। ਇਸ ਪਛਾਣ ਦੀ ਅਹਿਮੀਅਤ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ। ਇਸ ਤੋਂ ਇਲਾਵਾ ਜੇ.ਪੀ. ਦੀ ਕਾਂਗਰਸ ਵਿਰੋਧੀ ਮੁਹਿੰਮ ਵਿਚੋਂ ਸਿਆਸਤ ਦੀ ਗੁੜ੍ਹਤੀ ਲੈਣ ਵਾਲੀ ਮਮਤਾ ਬੈਨਰਜੀ 1998 ਤੋਂ ਬਾਅਦ ਉਸ ਰੁਝਾਨ ਦੀ ਦ੍ਰਿੜ੍ਹ ਆਵਾਜ਼ ਬਣ ਕੇ ਸਾਹਮਣੇ ਆਈ ਹੈ ਜਿਸ ਦੀ ਅੱਖ ਹਰ ਹਾਲਤ ਵਿਚ ਪੱਛਮੀ ਬੰਗਾਲ ਉਤੇ ਟਿਕੀ ਰਹੀ ਹੈ। ਇਸ ਦੌਰਾਨ ਉਸ ਨੇ ਖਰੂਦੀ ਅਤੇ ਗ਼ੈਰ-ਭਰੋਸੇਯੋਗ ਤਿਕੜਮਬਾਜ਼ ਤੋਂ ਇਕਾਗਰਚਿੱਤ ਘਾਗ ਸਿਆਸਤਦਾਨ ਦਾ ਰੂਪ ਧਾਰਿਆ ਹੈ। ਇਸ ਬਦਲਾਓ ਵਿਚ ਮੌਜੂਦਾ ਕੇਂਦਰ ਸਰਕਾਰ ਦੀ ਦੂਜੀ ਜਿੱਤ ਨੇ ਅਹਿਮ ਹਿੱਸਾ ਪਾਇਆ ਹੈ। ਦੂਜੀ ਵਾਰ ਮਨਮੋਹਨ ਸਿੰਘ ਸਰਕਾਰ ਬਣੀ ਤਾਂ ਤ੍ਰਿਣਮੂਲ ਕਾਂਗਰਸ ਲੋਕ ਸਭਾ ਵਿਚ ਦਸ ਦੀ ਗਿਣਤੀ ਨਾਲ ਡੀ.ਐਮ.ਕੇ. ਤੋਂ ਬਾਅਦ ਦੂਜੀ ਵੱਡੀ ਧਿਰ ਸੀ। ਲੋਕ ਸਭਾ ਦੀ ਗਿਣਤੀ ਮੁਤਾਬਕ ਕਾਂਗਰਸ ਨੂੰ ਖੱਬੇ ਪੱਖੀ ਧਿਰਾਂ ਦੀ ਲੋੜ ਖ਼ਤਮ ਹੋ ਚੁੱਕੀ ਸੀ। ਸਮਾਜਵਾਦੀ ਪਾਰਟੀ ਤੇ ਬਹੁਜਨ ਸਮਾਜ ਪਾਰਟੀ ਉਤੇ ਵੀ ਕਾਂਗਰਸ ਦੀ ਕੋਈ ਟੇਕ ਨਹੀਂ ਸੀ। ਸਰਕਾਰ ਅਤੇ ਵਿਰੋਧੀ ਧਿਰ ਵਿਚਾਲੇ ਇੰਨੀ ਕੁ ਗਿਣਤੀ ਬਚਦੀ ਹੈ ਕਿ ਮਮਤਾ ਦੇ ਰਵਾਇਤੀ ਨਖ਼ਰੇ ਬਰਦਾਸ਼ਤ ਕਰਨਾ ਕਾਂਗਰਸ ਦੀ ਮਜਬੂਰੀ ਨਹੀਂ ਰਹੀ। ਇਨ੍ਹਾਂ ਹਾਲਾਤ ਦੀ ਮਜਬੂਰੀ ਨੇ ਮਮਤਾ ਦੇ ਖਰੂਦੀ ਸੁਭਾਅ ਨੂੰ ਸੰਜੀਦਾ ਮੋੜ ਦਿੱਤਾ ਹੈ ਜੋ ਬੰਗਾਲੀਆਂ ਦਾ ਭਰੋਸਾ ਜਿੱਤ ਸਕਣ ਵਿਚ ਕਾਮਯਾਬ ਰਿਹਾ।

ਕਾਂਗਰਸ ਅਤੇ ਖੱਬੇ ਪੱਖੀਆਂ ਦੇ ਖਟਮਿੱਠੇ ਰਿਸ਼ਤੇ ਵਿਚ ਇਹ ਤੱਥ ਸਪੱਸ਼ਟ ਰਿਹਾ ਹੈ ਕਿ ਸੋਵੀਅਤ ਯੂਨੀਅਨ ਦੇ ਟੁੱਟਣ ਤੋਂ ਬਾਅਦ ਬਦਲੇ ਮਾਹੌਲ ਵਿਚ ਕਾਂਗਰਸੀਆਂ ਨੇ ਖੱਬੇ ਪੱਖੀਆਂ ਨੂੰ ਖੋਰਾ ਲਾਉਣ ਦਾ ਮੌਕਾ ਤਾੜਿਆ ਹੈ। ਸੱਜੇ-ਪੱਖੀਆਂ ਖ਼ਿਲਾਫ਼ ਧਰਮ ਨਿਰਪੱਖਤਾ ਅਤੇ ਲੋਕ ਸਭਾ ਦੀ ਗਿਣਤੀ ਦੀਆਂ ਮਜਬੂਰੀਆਂ ਕਾਰਨ ਸ਼ਹਿ ਲਾ ਕੇ ਬੈਠੀ ਕਾਂਗਰਸ ਕਦੇ ਵੀ ਪੱਛਮੀ ਬੰਗਾਲ ਵਿਚ ਜ਼ੋਰਦਾਰ ਸਿਆਸੀ ਹੱਲਾ ਨਹੀਂ ਕਰ ਸਕੀ। ਕਾਂਗਰਸ ਆਪਣੀਆਂ ਨੀਤੀਆਂ ਦੀ ਨੁਕਤਾਚੀਨੀ ਖ਼ਤਮ ਕਰਨ ਲਈ ਇਸ ਵਾਰ ਕਿਸੇ ਦੋਚਿਤੀ ਦਾ ਸ਼ਿਕਾਰ ਨਹੀਂ ਸੀ। ਮਮਤਾ ਬੈਨਰਜੀ ਵੱਲੋਂ ਰੇਲ ਮੰਤਰੀ ਵਜੋਂ ਪੱਛਮੀ ਬੰਗਾਲ ਵੱਲ ਦਿਖਾਈ ਦਰਿਆਦਿਲੀ ਕਾਂਗਰਸ ਦੀ ਸ਼ਹਿ ਵਿਚੋਂ ਨਿਕਲੀ ਮਾਤ ਦੀ ਚਾਲ ਸਾਬਤ ਹੋਈ ਹੈ।

ਪੱਛਮੀ ਬੰਗਾਲ ਦੇ ਗੌਣ ਸਿਆਸੀ ਤੱਤ ਵੀ ਬਹੁਤ ਫ਼ੈਸਲਾਕੁਨ ਸਾਬਤ ਹੋਏ ਹਨ। ਸਿੰਗੂਰ ਅਤੇ ਨੰਦੀਗਰਾਮ ਵਿਚ ਮਮਤਾ ਬੈਨਰਜੀ, ਕਾਂਗਰਸ ਅਤੇ ਮਾਓਵਾਦੀ ਇਕ ਧਿਰ ਵਜੋਂ ਲੜੇ ਸਨ। ਮਾਓਵਾਦੀਆਂ ਦੀ ਹਮਾਇਤ ਭਾਵੇਂ ਚੋਣ-ਪ੍ਰਚਾਰ ਦਾ ਹਿੱਸਾ ਨਾ ਰਹੀ ਹੋਵੇ ਪਰ ਇਸ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ। ਅਜਿਹੀ ਹਮਾਇਤ ਜ਼ਿਆਦਾ ਫਸਵੇਂ ਮੁਕਾਬਲੇ ਵਿਚ ਫ਼ੈਸਲਾਕੁਨ ਸਾਬਤ ਹੁੰਦੀ ਹੈ। ਆਂਧਰਾ ਪ੍ਰਦੇਸ਼ ਅਤੇ ਬਿਹਾਰ ਵਿਚ ਨਕਸਲਵਾਦੀਆਂ ਦੀ ਅਜਿਹੀ ਯੁੱਧਨੀਤਕ ਹਮਾਇਤ ਦੀਆਂ ਪੁਰਾਣੀਆਂ ਮਿਸਾਲਾਂ ਹਨ। ਇਸ ਤੋਂ ਇਲਾਵਾ ਭਾਜਪਾ ਪੱਛਮੀ ਬੰਗਾਲ ਵਿਚੋਂ ਖੱਬੇ ਪੱਖੀਆਂ ਨੂੰ ਹਰਾਉਣ ਲਈ ਕਿਸੇ ਵੀ ਹੱਦ ਤੱਕ ਜਾਣ ਲਈ ਤਿਆਰ ਰਹੀ ਹੈ। ਭਾਜਪਾ ਨੇ ਕਦੇ ਸਾਰੀਆਂ ਗ਼ੈਰ-ਖੱਬੇ ਪੱਖੀ ਪਾਰਟੀਆਂ ਨੂੰ ਮਹਾਂ-ਗੱਠਜੋੜ ਬਣਾ ਕੇ ਪੱਛਮੀ ਬੰਗਾਲ ਵਿਚ ਚੋਣਾਂ ਲੜਨ ਦੀ ਤਜਵੀਜ਼ ਪੇਸ਼ ਕੀਤੀ ਸੀ। ਭਾਜਪਾ ਵੱਲੋਂ ਕਾਂਗਰਸ ਨਾਲ ਅਜਿਹੀ ਸਾਂਝ ਦੀ ਤਜਵੀਜ਼ ਅਮਲੀ ਰੂਪ ਨਹੀਂ ਧਾਰ ਸਕੀ ਪਰ ਸੰਘ ਪਰਿਵਾਰ ਦੀ ਮਮਤਾ ਨੂੰ ਗੌਣ ਹਮਾਇਤ ਤੋਂ ਕੌਣ ਨਾਂਹ ਕਰ ਸਕਦਾ ਹੈ? ਇਸ ਹਮਾਇਤ ਦਾ ਪ੍ਰਗਟਾਵਾ ਵੀ ਚੋਣ ਪ੍ਰਚਾਰ ਵਿਚ ਨਹੀਂ ਹੋ ਸਕਦਾ।

ਉਭਰਵੇਂ ਅਤੇ ਗੌਣ ਤੱਤਾਂ ਤੋਂ ਇਲਾਵਾ ਪੱਛਮੀ ਬੰਗਾਲ ਵਿਚ ਤ੍ਰਿਣਮੂਲ ਤੇ ਕਾਂਗਰਸ ਦੀ ਸਿਆਸਤ ਦਾ ਰੁਝਾਨ 'ਕੇਂਦਰ ਤੋਂ ਖੱਬੇ ਵੱਲ' ਹੈ। ਕਾਂਗਰਸ ਜੇ ਗੁਜਰਾਤ ਵਿਚ ਆਪਣੇ ਆਪ ਨੂੰ ਬਿਹਤਰ ਹਿੰਦੂ ਸਾਬਤ ਕਰਨ ਦਾ ਪੈਂਤੜਾ ਅਖ਼ਤਿਆਰ ਕਰਦੀ ਹੈ ਤਾਂ ਪੱਛਮੀ ਬੰਗਾਲ ਵਿਚ ਗ਼ਰੀਬ-ਗ਼ੁਰਬੇ ਦੇ ਨਾਲ ਹੋਣ ਦਾ ਦਾਅਵਾ ਕਰਦੀ ਹੈ। ਪੱਛਮੀ ਬੰਗਾਲ ਵਿਚ ਸਾਰੀਆਂ ਪਾਰਟੀਆਂ ਵੱਲੋਂ ਜਾਰੀ ਕੀਤੇ ਗਏ ਚੋਣ ਮਨੋਰਥ ਪੱਤਰ ਆਪਸ ਵਿਚ ਮੇਲ ਖਾਂਦੇ ਹਨ। ਇਸ ਹਾਲਤ ਵਿਚ ਇਹ ਫ਼ੈਸਲਾ ਕਰਨਾ ਔਖਾ ਹੈ ਕਿ ਪੱਛਮੀ ਬੰਗਾਲ ਦੇ ਚੋਣ ਨਤੀਜਿਆਂ ਵਿਚ ਕਿਸ ਤੱਥ ਦੀ ਕਿੰਨੀ ਅਹਿਮੀਅਤ ਰਹੀ ਹੈ। ਕੁਝ ਤੱਥਾਂ ਤੋਂ ਤਾਂ ਖੱਬੇ ਪੱਖੀ ਮੋਰਚੇ ਦੀ ਆਗੂ ਸੀ.ਪੀ.ਐਮ. (ਮਾਰਕਸਵਾਦੀ ਕਮਿਊਨਿਸਟ ਪਾਰਟੀ) ਵੀ ਮੁਨਕਰ ਨਹੀਂ ਹਨ। ਪਿਛਲੀਆਂ ਲੋਕ ਸਭਾ ਚੋਣਾਂ ਦੇ ਨਤੀਜਿਆਂ ਦੀ ਪੜਚੋਲ ਵਿਚ ਉਨ੍ਹਾਂ ਨੇ ਆਪ ਕਬੂਲ ਕੀਤਾ ਸੀ ਕਿ ਆਗੂਆਂ ਦਾ ਹੰਕਾਰ ਅਤੇ ਲੋਕਾਂ ਤੋਂ ਦੂਰੀ ਹਾਰ ਦੇ ਅਹਿਮ ਕਾਰਨ ਹਨ। ਇਨ੍ਹਾਂ ਤੋਂ ਬਿਨਾ ਖੜੋਤ ਅਤੇ ਅਕੇਵੇਂ ਨੇ ਲੋਕਾਂ ਦੇ ਫ਼ੈਸਲੇ ਵਿਚ ਅਹਿਮ ਭੂਮਿਕਾ ਨਿਭਾਈ ਜਾਪਦੀ ਹੈ।

ਪੱਛਮੀ ਬੰਗਾਲ ਵਿਚ ਖੱਬੇ ਮੋਰਚੇ ਨੇ ਸਰਕਾਰ ਦੇ ਬਰਾਬਰ ਪਾਰਟੀ ਢਾਂਚਾ ਖੜ੍ਹਾ ਕੀਤਾ ਹੈ। ਇਸ ਢਾਂਚੇ ਵਿਚਲਾ ਕਲੇਸ਼ ਅਤੇ ਗ਼ੈਰ-ਸਰਕਾਰੀ 'ਅਫ਼ਸਰਸ਼ਾਹੀ' ਸਿਰਫ਼ ਲੋਕਾਂ ਦੀਆਂ ਮੁਸ਼ਕਲਾਂ ਵਿਚ ਵਾਧਾ ਹੀ ਨਹੀਂ ਕਰਦਾ ਸਗੋਂ ਹੁਣ ਦੂਜੀਆਂ ਧਿਰਾਂ ਦਾ ਹਥਿਆਰ ਵੀ ਬਣਿਆ ਹੈ। ਤ੍ਰਿਣਮੂਲ ਦੀ ਹਮਾਇਤ ਕਰਨਾ ਵਾਲਾ ਬਹੁਤ ਸਾਰਾ ਜੁਝਾਰੂ ਨੌਜਵਾਨ ਤਬਕਾ ਪਹਿਲਾਂ ਮਾਰਕਸਵਾਦੀ ਪਾਰਟੀ ਨਾਲ ਜੁੜਿਆ ਰਿਹਾ ਹੈ। ਇਸ ਤਰ੍ਹਾਂ ਮਮਤਾ ਨੇ ਮਾਰਕਸੀਆਂ ਦੇ ਮੁਹਾਵਰੇ ਦੀ ਹੀ ਨਹੀਂ ਸਗੋਂ ਸ਼ੈਲੀ ਦੀ ਵੀ ਨਕਲ ਕੀਤੀ ਹੈ। ਮੁਹਾਵਰੇ ਅਤੇ ਸ਼ੈਲੀ ਉਪਰ ਹੁਣ ਖੱਬੇ ਪੱਖੀ ਗ਼ਲਬਾ ਟੁੱਟ ਗਿਆ ਹੈ।

ਪੱਛਮੀ ਬੰਗਾਲ ਦੇ ਚੋਣ ਨਤੀਜੇ ਸਿਰਫ਼ ਹਾਰ-ਜਿੱਤ ਪੱਖੋਂ ਹੀ ਅਹਿਮ ਨਹੀਂ ਹਨ ਸਗੋਂ ਕੌਮੀ ਤੇ ਕੌਮਾਂਤਰੀ ਰੁਝਾਨ ਦੀਆਂ ਕੜੀਆਂ ਵਜੋਂ ਵੀ ਵਿਚਾਰਨਯੋਗ ਹਨ। ਮੌਜੂਦਾ ਵਿਧਾਨ ਸਭਾ ਚੋਣਾਂ ਵਾਲੇ ਪੰਜਾਂ ਸੂਬਿਆਂ ਵਿਚ ਸਿਆਸੀ ਵੰਨ-ਸੁਵੰਨਤਾ ਬਹੁਤ ਹੈ। ਪਿਛਲੀਆਂ ਵਿਧਾਨ ਸਭਾ ਚੋਣਾਂ ਵਿਚ ਛੇ ਪਾਰਟੀਆਂ ਨੇ ਆਪਣੇ ਖਾਤੇ ਖੋਲ੍ਹੇ ਸਨ। ਇਨ੍ਹਾਂ ਤੋਂ ਇਲਾਵਾ ਭਾਜਪਾ, ਬਸਪਾ, ਸਮਾਜਵਾਦੀ ਪਾਰਟੀ ਤੇ ਮਾਰਕਸਵਾਦੀ-ਲੈਨਿਨਵਾਦੀ ਪਾਰਟੀ ਖਾਤਾ ਖੋਲ੍ਹਣ ਵਿਚ ਨਾਕਾਮਯਾਬ ਰਹੀਆਂ ਸਨ। ਇਸੇ ਤਰ੍ਹਾਂ ਤਾਮਿਲਨਾਡੂ ਵਿਚ ਨੌਂ, ਆਸਾਮ ਵਿਚ ਸੱਤ, ਕੇਰਲ ਵਿਚ ਛੇ ਅਤੇ ਪੁਡੂਚੇਰੀ ਵਿਚ ਅੱਠ ਪਾਰਟੀਆਂ ਨੇ ਖਾਤੇ ਖੋਲ੍ਹੇ ਸਨ। ਬਾਕੀ ਸੂਬਿਆਂ ਵਿਚ ਚੋਣ ਮੁਕਾਬਲਾ ਦੋ ਕੌਮੀ ਗੁਟਬੰਦੀਆਂ ਤੇ ਇਨ੍ਹਾਂ ਵਿਚ ਵੰਡੀਆਂ ਖੇਤਰੀ ਪਾਰਟੀਆਂ ਵਿਚਕਾਰ ਮਹਿਦੂਦ ਹੋ ਕੇ ਰਹਿ ਗਿਆ ਹੈ। ਇਨ੍ਹਾਂ ਚੋਣ ਨਤੀਜਿਆਂ ਤੋਂ ਸਮੁੱਚੇ ਚੋਣ ਅਮਲ ਦੇ ਦੋ ਗੁੱਟਾਂ ਤੱਕ ਸੀਮਤ ਹੋ ਜਾਣ ਦੇ ਰੁਝਾਨ ਦੇ ਅੱਗੇ ਵਧਣ ਦੀ ਪੁਸ਼ਟੀ ਹੁੰਦੀ ਹੈ ਜਾਂ ਇਹ ਮਹਿਜ਼ ਸੰਯੋਗ ਹੈ? ਸਾਡੇ ਮੁਲਕ ਵਿਚ ਚੋਣਾਂ ਦੇ ਇਤਿਹਾਸ ਵਿਚ ਇਹ ਪਹਿਲੀ ਵਾਰ ਹੋਇਆ ਹੈ ਕਿ ਕਿਸੇ ਸੂਬੇ ਵਿਚ ਇਕ ਧਿਰ ਦੀ ਹਾਰ ਸਮੁੱਚੇ ਮੁਲਕ ਦੀ ਬਾਕੀ ਸਿਆਸੀ ਜਮਾਤ ਦੇ ਜਸ਼ਨ ਦਾ ਸਬੱਬ ਬਣੀ ਹੈ। ਇਸ ਨਾਲ ਖੱਬੇ ਪੱਖੀਆਂ ਉਤੇ ਤੰਗਨਜ਼ਰ ਹੋਣ ਦਾ ਦੋਸ਼ ਲਾਉਣ ਵਾਲੀ ਸਿਆਸੀ ਜਮਾਤ ਦਾ ਕਿਹੋ-ਜਿਹਾ ਖ਼ਾਸਾ ਬੇਪਰਦ ਹੋਇਆ ਹੈ?

ਮਮਤਾ ਦੀ ਜਿੱਤ ਪੱਛਮੀ ਬੰਗਾਲ ਦੀ ਸਰਕਾਰ ਦੀਆਂ ਨਾਕਾਮਯਾਬੀਆਂ ਦੇ ਹੁੰਗਾਰੇ ਵਜੋਂ ਵੇਖੀ ਜਾ ਰਹੀ ਹੈ। ਹੁਣ ਨਵੀਂ ਬਣਨ ਵਾਲੀ ਸਰਕਾਰ ਦੀ ਕਾਮਯਾਬੀ ਨੂੰ ਚੋਣ ਨਤੀਜਿਆਂ ਦੀ ਥਾਂ ਕਾਰਗੁਜ਼ਾਰੀ ਨਾਲ ਵੇਖਣ ਦਾ ਮੌਕਾ ਬਣ ਗਿਆ ਹੈ। ਤ੍ਰਿਣਮੂਲ ਕਾਂਗਰਸ ਨੇ ਆਪਣੇ ਚੋਣ ਮਨੋਰਥ ਪੱਤਰ ਵਿਚ ਸਰਕਾਰ ਬਣਾਉਣ ਤੋਂ ਬਾਅਦ ਦੀ ਯੋਜਨਾਬੰਦੀ ਦਾ ਨਕਸ਼ਾ ਪੇਸ਼ ਕੀਤਾ ਹੋਇਆ ਹੈ। ਕੁਝ ਨਤੀਜੇ ਦੋ ਸੌ ਦਿਨਾਂ ਵਿਚ ਅਤੇ ਦੂਜੇ ਪੜਾਅ ਵਿਚ ਹਜ਼ਾਰ ਦਿਨਾਂ ਦਾ ਸਮਾਂ ਤੈਅ ਕੀਤਾ ਗਿਆ ਹੈ। ਇਹ ਸਮਾਂ ਤਾਂ ਮਮਤਾ ਦਾ ਹੱਕ ਬਣਦਾ ਹੈ। ਅਗਲੀਆਂ ਵਿਧਾਨ ਸਭਾ ਚੋਣਾਂ ਵੇਲੇ ਜਦੋਂ ਮਮਤਾ ਆਪਣੀ ਕਾਰਗੁਜ਼ਾਰੀ ਦਾ ਲੇਖਾ-ਜੋਖਾ ਪੇਸ਼ ਕਰੇਗੀ ਤਾਂ ਪਤਾ ਲੱਗੇਗਾ ਕਿ ਮੌਜੂਦਾ ਚੋਣ ਨਤੀਜਿਆਂ ਵਿਚ ਵਿਖਾਈ ਦਿੰਦਾ ਬਦਲਾਓ ਖੱਬੇ ਪੱਖੀਆਂ ਦੀ ਕਮਜ਼ੋਰੀ ਵਿਚੋਂ ਨਿਕਲਿਆ ਹੈ ਜਾਂ ਇਸ ਦੇ ਹੋਰ ਵੀ ਕਾਰਨ ਹਨ। ਬਾਕੀ ਸੂਬਿਆਂ ਵਿਚ ਹਰ ਪੰਜ ਸਾਲ ਬਾਅਦ ਆਉਣ ਵਾਲਾ ਬਦਲਾਓ ਪੱਛਮੀ ਬੰਗਾਲ ਵਿਚ 34 ਸਾਲ ਬਾਅਦ ਆਇਆ ਹੈ। ਹੋਰ ਸੂਬਿਆਂ ਵਿਚ ਆਉਂਦੇ ਰਹੇ ਇਹ ਬਦਲਾਓ ਲੋਕਾਂ ਦੇ ਬੁਨਿਆਦੀ ਮਸਲਿਆਂ ਦਾ ਜਵਾਬ ਨਹੀਂ ਬਣ ਸਕੇ। ਹੁਣ ਅਗਲੇ ਸਾਲਾਂ ਵਿਚ ਤੈਅ ਹੋਵੇਗਾ ਕਿ ਭਾਰਤੀ ਸਿਆਸਤ ਦੀ ਚੋਣ ਧਾਰਾ ਵਿਚ ਖੱਬੇ ਪੱਖੀਆਂ ਦੀ ਕੀ ਭੂਮਿਕਾ ਬਣਦੀ ਹੈ? ਇਹ ਸਵਾਲ ਤਾਂ ਬਹੁਤ ਸਾਰੇ ਹਵਾਲਿਆਂ ਨਾਲ ਪੁੱਛਿਆ ਜਾਂਦਾ ਰਹੇਗਾ ਕਿ ਮੌਜੂਦਾ ਦੌਰ ਫੂਕੋਯਾਮਾ ਦੇ ਕਥਨ ਮੁਤਾਬਕ 'ਵਿਚਾਰਧਾਰਾ ਦੇ ਅੰਤ' ਦਾ ਅੰਤਿਮ ਐਲਾਨ ਹੈ ਜਾਂ ਵਿਚਾਰਧਾਰਾ ਦੀ ਨਵੀਂ ਵਿਆਖਿਆ ਦੀ ਮੰਗ ਕਰਦਾ ਹੈ।



# ਫ਼ਲਸਤੀਨ ਓ ਫ਼ਲਸਤੀਨ

## ਜੰਗ ਜਾਂ ਅਮਨ

*ਫਲਸਤੀਨੀ ਆਪਣੀ ਹੋਂਦ ਦੀ ਲੜਾਈ ਦਹਾਕਿਆਂ ਤੋਂ ਲੜ ਰਹੇ ਹਨ। ਪਿਛਲੇ ਸਮੇਂ ਦੌਰਾਨ ਫਲਸਤੀਨੀਆਂ ਦੇ ਦੋ ਵੱਡੇ ਗਰੁੱਪਾਂ-ਫਤਿਹ ਅਤੇ ਹਮਾਸ ਵਿਚਕਾਰ ਅਣ-ਬਣ ਹੋ ਗਈ ਸੀ। ਫਲਸਤੀਨ ਦੇ ਗਾਜ਼ਾ ਖਿੱਤੇ ਵਿਚ ਹਮਾਸ ਅਤੇ ਪੱਛਮੀ ਕਿਨਾਰੇ ਵਾਲੇ ਖਿੱਤੇ ਵਿਚ ਫਤਿਹ ਸੱਤਾ ਵਿਚ ਹੈ। ਹੁਣ ਦੋਹਾਂ ਧੜਿਆਂ ਵਿਚਕਾਰ ਏਕਤਾ ਸੰਧੀ ਹੋ ਗਈ ਹੈ ਜਿਸ ਨੂੰ ਹਰ ਸੰਘਰਸ਼ਸੀਲ ਸ਼ਖ਼ਸ ਨੇ ਹੁੰਗਾਰਾ ਭਰਿਆ ਹੈ ਪਰ ਇਸ ਸੰਧੀ ਤੋਂ ਬਾਅਦ ਇਜ਼ਰਾਈਲ ਨੇ ਗੱਲਬਾਤ ਦੇ ਦਰਵਾਜ਼ੇ ਬੰਦ ਕਰ ਦਿੱਤੇ ਹਨ। ਉਸ ਨੂੰ ਡਰ ਹੈ ਕਿ ਹੁਣ ਫਲਸਤੀਨੀ ਫਿਰ ਇਕੱਠੇ ਹੋ ਕੇ ਉਸ ਖਿਲਾਫ ਮੋਰਚਾ ਤਿੱਖਾ ਕਰਨਗੇ। ਹਮਾਸ ਦੇ ਕਰਤਾ-ਧਰਤਾ ਇਸਲਾਮੀ ਖਾੜਕੂ/ਕੱਟੜਪੰਥੀ ਹਨ ਜਿਹੜੇ ਇਜ਼ਰਾਈਲ ਨੂੰ ਉੱਕਾ ਹੀ ਮਾਨਤਾ ਨਹੀਂ ਦਿੰਦੇ। ਹੁਣ ਹਮਾਸ ਨੇ ਇਜ਼ਰਾਈਲ ਨੂੰ ਟੇਢੇ ਢੰਗ ਨਾਲ ਮਾਨਤਾ ਦੇਣ ਦੇ ਸੰਕੇਤ ਦਿੱਤੇ ਹਨ। 'ਫਲਸਤੀਨ ਦੇ ਸਾਰੇ ਖਿੱਤਿਆਂ ਦੀ ਮੁਕਤੀ' ਲਈ ਅਹਿਦ ਕਰਨ ਦੇ ਬਾਵਜੂਦ ਹਮਾਸ ਆਗੂਆਂ ਨੇ ਇਜ਼ਰਾਈਲ ਦੇ ਨਾਲੋ-ਨਾਲ 1967 ਦੀਆਂ ਸਰਹੱਦਾਂ ਵਾਲੇ ਫਲਸਤੀਨ ਨੂੰ ਪ੍ਰਵਾਨ ਕਰਨ ਲਈ ਸਹਿਮਤੀ ਦਿੱਤੀ ਹੈ। ਫਲਸਤੀਨੀਆਂ ਨੇ ਇਜ਼ਰਾਈਲ ਹੱਥੋਂ ਪਹਿਲਾਂ ਵੀ ਬਹੁਤ ਕਸ਼ਟ ਝੱਲੇ ਅਤੇ ਇਹ ਹੁਣ ਵੀ ਝੱਲ ਰਹੇ ਹਨ। ਇਸ ਲੇਖ ਵਿਚ ਮਦੇਆ ਬੈਂਜਮਿਨ ਨੇ 2009 ਦੇ ਸ਼ੁਰੂ ਵਿਚ ਇਜ਼ਰਾਈਲ ਵੱਲੋਂ ਗਾਜ਼ਾ ਉਪਰ ਕੀਤੇ ਫੌਜੀ ਹਮਲੇ ਬਾਰੇ ਖੁਲਾਸਾ ਕੀਤਾ ਹੈ ਜੋ 22 ਦਿਨ ਚਲਦਾ ਰਿਹਾ। ਯਹੂਦੀ ਔਰਤ ਮਦੇਆ ਬੈਂਜਮਿਨ ਉਦੋਂ ਨੇ ਗਾਜ਼ਾ ਦਾ ਦੌਰਾ ਕੀਤਾ। ਉਹ ਗਲੋਬਲ ਐਕਸਚੇਂਜ ਨਾਂ ਦੀ ਸੰਸਥਾ ਦੇ ਬਾਨੀਆਂ ਵਿਚੋਂ ਇਕ ਹੈ ਅਤੇ 'ਕੋਡਪਿੰਕ:ਵਿਮਨ ਫਾਰ ਪੀਸ' ਦੀ ਮੈਂਬਰ ਹੈ। ਇਸ ਦੌਰੇ ਦੌਰਾਨ ਉਸ ਨੇ ਜੋ ਕੁਝ ਗਾਜ਼ਾ ਵਿਚ ਦੇਖਿਆ, ਉਸ ਬਾਰੇ ਇਹ ਲੇਖ ਲਿਖਿਆ।- ਸੰਪਾਦਕ*

**ਮਦੇਆ ਬੈਂਜਮਿਨ**

ਜੋ ਕੁਝ ਮੈਂ ਦੇਖਿਆ, ਉਹ ਸਮਝੋ ਸਮੂਹਿਕ ਸਜ਼ਾ ਹੀ ਸੀ। ਪਿੱਛੇ ਰਹਿ ਗਈਆਂ ਸਨ ਗਮ ਵਿਚ ਡੁੱਬੀਆਂ ਮਾਵਾਂ, ਗੁੱਸੇ ਨਾਲ ਤਪ ਰਹੇ ਬਾਪ ਅਤੇ ਸਦਮੇ ਨਾਲ ਸਹਿਮੇ ਹੋਏ ਬੱਚੇ।

ਪਿਛਲੇ ਹਫਤੇ ਗਾਜ਼ਾ ਗਈ ਸਾਂ ਤਾਂ ਹਰ ਥਾਂ ਮੈਨੂੰ ਇਕ ਫੋਟੋ ਤੰਗ ਕਰਦੀ ਰਹੀ। ਮੈਂ ਇਸ ਨੂੰ ਬਰੌਸ਼ਰ ਵਿਚ ਦੇਖਿਆ ਸੀ ਜਿਸ ਦਾ ਨਾਂ ਸੀ 'ਗਾਜ਼ਾ ਕਦੇ ਨਹੀਂ ਮਰੇਗਾ'। ਇਹ ਬਰੌਸ਼ਰ ਹਮਾਸ ਵਲੋਂ ਗਾਜ਼ਾ ਵਿਚ ਆਉਣ ਵਾਲੇ ਹਰ ਮੁਸਾਫਿਰ ਨੂੰ ਦਿੱਤਾ ਗਿਆ ਸੀ। ਇਸ ਫੋਟੋ ਦੀ ਪੋਸਟਰ ਜਿੱਡੀ ਕਾਪੀ ਗਾਜ਼ਾ ਸ਼ਹਿਰ ਦੇ ਸ਼ੀਫਾ ਹਸਪਤਾਲ ਦੇ ਬਾਹਰ ਆਰਜ਼ੀ ਸਮਾਰਕ ਵਿਖੇ ਵੀ ਲਾਈ ਹੋਈ ਸੀ। ਹੁਣ ਜਦੋਂ ਮੈਂ ਵਾਪਸ ਘਰ ਆ ਗਈ ਹਾਂ ਤਾਂ ਇਹ ਫੋਟੋ ਵਾਰ-ਵਾਰ ਮੇਰੀਆਂ ਅੱਖਾਂ ਸਾਹਮਣੇ ਆ ਜਾਂਦੀ ਹੈ; ਜਦੋਂ ਮੈਂ ਪਾਰਕ ਵਿਚ ਖੇਡਦੇ ਬੱਚਿਆਂ ਵਲ ਦੇਖਦੀ ਹਾਂ; ਜਦੋਂ ਮੈਂ ਸੜਕ ਤੋਂ ਪਾਰਲੇ ਸਕੂਲ ਵਲ ਨਜ਼ਰ ਮਾਰਦੀ ਹਾਂ; ਜਦੋਂ ਮੈਂ ਰਾਤ ਨੂੰ ਸੌਣ ਲਗਦੀ ਹਾਂ।

ਇਹ ਫੋਟੋ ਨਿੱਕੀ ਜਿਹੀ ਫਲਸਤੀਨੀ ਬੱਚੀ ਦੀ ਹੈ ਜੋ ਬੰਬ ਧਮਾਕੇ ਕਾਰਨ ਜਿਉਂਦੀ ਹੀ ਮਲਬੇ ਵਿਚ ਦੱਬੀ ਗਈ ਸੀ। ਸਿਰਫ ਉਸ ਦਾ ਸਿਰ ਹੀ ਮਲਬੇ ਤੋਂ ਬਾਹਰ ਹੈ। ਉਸ ਦੀਆਂ ਅੱਖਾਂ ਬੰਦ ਹਨ, ਮੂੰਹ ਥੋੜ੍ਹਾ ਜਿਹਾ ਖੁੱਲ੍ਹਾ ਹੈ ਜਿਵੇਂ ਉਹ ਡੂੰਘੀ ਨੀਂਦ ਵਿਚ ਹੋਵੇ। ਉਸ ਦੇ ਬੁੱਲ੍ਹਾਂ, ਗੱਲ੍ਹਾਂ ਅਤੇ ਵਾਲਾਂ ਉਤੇ ਸੁੱਕੇ ਖੂਨ ਦੇ ਧੱਬੇ ਹਨ। ਦਸਤਾਨੇ ਵਾਲਾ ਇਕ ਹੱਥ ਉਸ ਦੇ ਮੱਥੇ ਨੂੰ ਛੂਹਣ ਲੱਗਾ ਹੈ। ਇੰਨੇ ਭਿਅੰਕਰ ਵਹਿਸ਼ੀਪੁਣੇ ਵਿਚਕਾਰ ਮਿਹਰ ਦਾ ਆਖਰੀ ਸੰਕੇਤ।

ਮੈਂ ਸੋਚਦੀ ਹਾਂ ਕਿ ਇਸ ਨਿੱਕੀ ਬੱਚੀ ਦਾ ਨਾਂ ਕੀ ਸੀ? ਉਸ ਦੀ ਉਮਰ ਕਿੰਨੀ ਸੀ? ਜਦੋਂ ਉਸ ਦੇ ਘਰ ਉਤੇ ਬੰਬ ਡਿੱਗਿਆ ਸੀ ਤਾਂ ਕੀ ਉਹ ਉਸ ਵੇਲੇ ਸੌਂ ਰਹੀ ਸੀ? ਉਸ ਦੀ ਮੌਤ ਇਕਦਮ ਹੋ ਗਈ ਸੀ ਜਾਂ ਉਹ ਹੌਲੀ-ਹੌਲੀ ਦੁੱਖਦਾਈ ਮੌਤ ਮਰੀ ਸੀ? ਉਹ ਦੇ ਮਾਪੇ ਕਿੱਥੇ ਹਨ? ਉਹਦੇ ਭੈਣ ਭਰਾ ਕਿੱਥੇ ਹਨ? ਉਹਨਾਂ ਦਾ ਕੀ ਹਾਲ ਹੈ?

ਗਾਜ਼ਾ ਉਪਰ ਇਜ਼ਰਾਈਲੀ ਫੌਜ ਦੇ 22 ਦਿਨਾਂ ਦੇ ਫੌਜੀ ਹਮਲੇ ਦੌਰਾਨ ਮਾਰੇ ਗਏ 1330 ਫਲਸਤੀਨੀਆਂ ਵਿਚੋਂ 437 ਬੱਚੇ ਸਨ। ਮੈਂ ਇਕ ਵਾਰ ਫਿਰ ਦੱਸਦੀ ਹਾਂ: 437 ਬੱਚੇ। ਹਰ ਕੋਈ ਸਾਡੇ ਆਪਣੇ ਬੱਚਿਆਂ ਵਰਗਾ ਖੂਬਸੂਰਤ ਅਤੇ ਕੀਮਤੀ।

ਯਹੂਦੀ, ਅਮਰੀਕਨ ਅਤੇ ਮਾਂ ਹੁੰਦੇ ਹੋਏ, ਮੈਂ ਇਹ ਦੇਖ ਕੇ ਲਾਚਾਰ ਮਹਿਸੂਸ ਕੀਤਾ ਕਿ ਮੇਰੇ ਲੋਕਾਂ ਅਤੇ ਮੈਥੋਂ ਟੈਕਸ ਦੇ ਰੂਪ ਵਿਚ ਲਏ ਡਾਲਰਾਂ ਨੇ ਇਸ ਹਮਲੇ ਦੌਰਾਨ ਕੀ ਕੁਝ ਕੀਤਾ ਹੈ? ਗਾਜ਼ਾ ਦੀ ਫੇਰੀ ਨੇ ਮੈਨੂੰ ਅਸਹਿਣਯੋਗ ਉਦਾਸੀ ਨਾਲ ਭਰ ਦਿੱਤਾ। ਹਮਾਸ ਦੇ ਆਦਿ-ਕਾਲੀ ਹਥਿਆਰਾਂ ਦੇ ਮੁਕਾਬਲੇ ਇਜ਼ਰਾਈਲ ਕੋਲ ਲੋਕਾਂ ਨੂੰ ਮਾਰਨ, ਅਪੰਗ ਬਣਾਉਣ ਅਤੇ ਤਬਾਹ ਕਰਨ ਲਈ ਇੰਨੇ ਜ਼ਿਆਦੇ ਆਧੁਨਿਕ ਹਥਿਆਰ ਸਨ। ਬਿਨਾਂ ਆਦਮੀ ਚੱਲਣ ਵਾਲੇ ਛੋਟੇ ਜਹਾਜ਼ (ਡਰੋਨਜ਼), ਸਮਾਰਟ ਬੰਬ ਸੁੱਟਣ ਵਾਲੇ ਐੱਫ 16, ਮਿਜ਼ਾਇਲਾਂ ਦਾਗਣ ਵਾਲੇ ਅਪਾਚੀ ਹੈਲੀਕਾਪਟਰ, ਧਰਤੀ ਤੋਂ ਗੋਲੇ ਸੁੱਟਣ ਵਾਲੇ ਟੈਂਕ ਅਤੇ ਸਮੁੰਦਰ ਵਿਚੋਂ ਫਾਇਰ ਕਰਨ ਵਾਲੇ ਜਹਾਜ਼। 'ਮੇਡ ਇਨ ਯੂ.ਐਸ.ਏ.' ਦੀਆਂ ਮੋਹਰਾਂ ਵਾਲੇ ਇੰਨੇ ਜ਼ਿਆਦਾ ਭਿਆਨਕ ਹਥਿਆਰ। 1330 ਫਲਸਤੀਨੀਆਂ ਦੇ ਮੁਕਾਬਲੇ 13 ਇਜ਼ਰਾਈਲੀ ਮੌਤਾਂ। ਹਮਾਸ ਵਲੋਂ ਇਜ਼ਰਾਈਲ ਦੇ ਪਿੰਡਾਂ ਉੱਤੇ ਹਮਲੇ ਨਿੰਦਣਯੋਗ ਹਨ ਪਰ ਇਜ਼ਰਾਈਲ ਦਾ ਬੇਮੇਲ ਜੁਆਬ ਵੀ ਅਨੈਤਿਕ ਹੈ।

ਜੇ ਹਮਲਾ ਹਮਾਸ ਨੂੰ ਖਤਮ ਕਰਨ ਲਈ ਕੀਤਾ ਗਿਆ ਸੀ ਤਾਂ ਇਹ ਬੁਰੀ ਤਰ੍ਹਾਂ ਫੇਲ੍ਹ ਹੋਇਆ ਹੈ। ਜੇ ਹਮਲਾ ਸਮੂਹਿਕ ਸਜ਼ਾ ਦੇਣ ਲਈ ਕੀਤਾ ਗਿਆ ਸੀ ਤਾਂ ਇਹ ਕਾਮਯਾਬ ਹੋਇਆ ਹੈ ਜਿਸ ਕਾਰਨ ਗਮਗੀਨ ਮਾਵਾਂ, ਗੁੱਸੇ ਨਾਲ ਭਰੇ ਬਾਪ ਅਤੇ ਸਦਮੇ ਨਾਲ ਸਹਿਮੇ ਹੋਏ ਬੱਚੇ ਪਿੱਛੇ ਰਹਿ ਗਏ ਹਨ।

ਤਬਾਹੀ ਦਾ ਅੰਦਾਜ਼ਾ ਲਾਉਣ ਲਈ ਇੰਟਰਨੈੱਟ 'ਤੇ 'ਗਾਜ਼ਾ: ਮੈਸੇਕਰ ਆਫ ਚਿਲਡਰਨ' ਨਾਂ ਦਾ ਸਲਾਈਡ ਸ਼ੋਅ ਅੱਗੇ ਦਿੱਤੇ ਵੈੱਬਸਾਈਟ ਉੱਤੇ www.aztlan.net/gaza/gaza_massacre_of_children.php ਦੇਖੋ। ਇਹ ਉਹਨਾਂ ਸਾਰੇ ਲੋਕਾਂ ਲਈ ਦੇਖਣਾ ਜ਼ਰੂਰੀ ਹੋਣਾ ਚਾਹੀਦਾ ਹੈ ਜਿਹਨਾਂ ਨੇ ਗਾਜ਼ਾ ਦੇ ਹਮਲੇ ਦੀ ਹਮਾਇਤ ਕੀਤੀ ਹੈ। ਕਬਾਬ ਵਾਂਗ ਸੜੇ-ਭੁੱਜੇ ਬੱਚੇ। ਕੱਟੇ ਹੋਏ ਧੜ। ਚਿੱਟੀ ਫਾਸਫੋਰਸ ਕਾਰਨ ਪਿਘਲੇ ਹੋਏ ਨੈਣ-ਨਕਸ਼। ਦਰਦ ਵਿਚ ਰੋਂਦੇ ਹੋਏ ਚਿਹਰੇ। ਡਰ ਕਾਰਨ ਸਹਿਮੇ ਹੋਏ ਅਤੇ ਦੁੱਖ ਵਿਚ ਗੁਸੇ ਹੋਏ ਚਿਹਰੇ।

ਇਹ ਸਲਾਈਡਾਂ ਦੇਖ ਕੇ ਜੇ ਫਿਰ ਵੀ ਕੋਈ ਕਹੇ ਕਿ 'ਇਜ਼ਰਾਈਲ ਨੂੰ ਸਵੈ-ਰੱਖਿਆ ਦਾ ਅਧਿਕਾਰ ਹੈ' ਜਾਂ 'ਹਮਾਸ ਨੇ ਆਪਣੇ ਲੋਕਾਂ ਉਤੇ ਇਹ ਹਮਲਾ ਆਪ ਕਰਵਾਇਆ ਹੈ' ਜਾਂ ਇਸ ਤੋਂ ਅਗਾਂਹ 'ਇਜ਼ਰਾਇਲੀ ਫੌਜ ਧੁਰ ਤੱਕ ਨਹੀਂ ਗਈ' ਤਾਂ ਉਹ ਇਕੱਲੇ ਫਲਸਤੀਨੀਆਂ ਦਾ ਹੀ ਨਹੀਂ ਸਗੋਂ ਸਾਰੀ ਮਨੁੱਖਤਾ ਦਾ ਬਹੁਤ ਵੱਡਾ ਨੁਕਸਾਨ ਕਰ ਰਿਹਾ ਹੈ।

ਹਮਦਰਦੀ ਸਾਰੇ ਧਰਮਾਂ ਦਾ ਸਭ ਤੋਂ ਵੱਡਾ ਗੁਣ ਹੈ। ਇਹ ਮੁੱਢਲੀ ਮਨੁੱਖੀ ਭਾਵਨਾ ਹੈ ਜੋ ਦੂਜਿਆਂ ਦਾ ਦੁੱਖ ਦੇਖ ਕੇ ਪੈਦਾ ਹੁੰਦੀ ਹੈ ਅਤੇ ਇਨਸਾਨ ਦੇ ਮਨ ਵਿਚ ਉਸ ਦੁੱਖ ਨੂੰ ਖਤਮ ਕਰਨ ਦੀ ਇੱਛਾ ਪੈਦਾ ਕਰਦੀ ਹੈ। ਸੱਚੀ ਹਮਦਰਦੀ ਉੱਤੇ ਕਿਸੇ ਦੇ ਆਪਣੇ ਵਿਸ਼ਵਾਸ ਜਾਂ ਪੀੜਤਾਂ ਦੀ ਕੌਮੀਅਤ ਦਾ ਕੋਈ ਅਸਰ ਨਹੀਂ ਹੁੰਦਾ। ਇਹ ਹੱਦਾਂ ਤੋਂ ਅਗਾਂਹ ਲੰਘ ਜਾਂਦੀ ਹੈ; ਇਹ ਸਰਵ-ਸਾਂਝੀ ਬੋਲੀ ਬੋਲਦੀ ਹੈ; ਇਹ ਸਾਂਝੀ ਰੂਹਾਨੀਅਤ ਦੀ ਹਿੱਸੇਦਾਰ ਹੁੰਦੀ ਹੈ। ਉਹਨਾਂ ਤੋਂ ਜਿਹਨਾਂ ਨੇ ਆਪ ਦੁੱਖ ਜ਼ਰਿਆ ਹੋਵੇ ਜਿਵੇਂ ਹੌਲੋਕਾਸਟ ਦਾ ਦੁੱਖ ਜ਼ਰਨ ਵਾਲੇ, ਡੂੰਘੀ ਹਮਦਰਦੀ ਦੀ ਆਸ ਕੀਤੀ ਜਾਂਦੀ ਹੈ।

ਗਾਜ਼ਾ ਦੇ ਦੌਰੇ ਦੌਰਾਨ ਇਜ਼ਰਾਈਲ ਵਿਚ ਇਲੈਕਸ਼ਨ ਦਾ ਪੂਰਾ ਜ਼ੋਰ ਸੀ। ਜਦੋਂ ਮੈਂ ਢੱਠੇ ਹੋਏ ਸਕੂਲਾਂ, ਖੇਡ ਮੈਦਾਨਾਂ, ਘਰਾਂ, ਮਸੀਤਾਂ ਅਤੇ ਕਲਿਨਿਕਾਂ ਦੇ ਮਲਬੇ ਦੇਖ ਰਹੀ ਸਾਂ ਤਾਂ ਮੈਨੂੰ ਬੈਂਜਮਿਨ ਨੇਤਨਯਾਹੂ ਦੇ ਬੋਲ ਯਾਦ ਆ ਰਹੇ ਸਨ, "ਹਮਾਸ ਨੇ ਇਜ਼ਰਾਈਲ ਕੋਲੋਂ ਜਿੰਨੀ ਮਰਜ਼ੀ ਵੱਡੀ ਸੱਟ ਖਾਧੀ ਹੋਵੇ, ਉਹ ਕਾਫੀ ਨਹੀਂ ਹੈ।" ਜਦੋਂ ਮੈਂ ਬੰਬਾਂ ਦੀ ਮਾਰ ਹੇਠ ਆਏ ਹਸਪਤਾਲ ਵਿਚ ਉਹਨਾਂ ਮਾਵਾਂ ਨਾਲ ਗੱਲ ਕੀਤੀ ਜਿਹਨਾਂ ਦੇ ਬੱਚੇ 'ਲਾਈਫ ਸਪੋਰਟ' ਉਤੇ ਸਨ, ਮੈਨੂੰ ਇਲੈਕਸ਼ਨ ਲੜ ਰਹੀ 'ਮਾਡਰੇਟ' ਔਰਤ ਜ਼ਿੱਪੀ ਲਿਵਿਨ ਦੀ ਯਾਦ ਆਈ ਜਿਸ ਦਾ ਕਹਿਣਾ ਸੀ ਕਿ ਉਹ ਕਦੇ ਵੀ ਹਮਾਸ ਨਾਲ ਗੱਲਬਾਤ ਨਹੀਂ ਕਰੇਗੀ।

ਉਸ ਨੇ ਜ਼ੋਰ ਦੇ ਕੇ ਕਿਹਾ ਸੀ, "ਜ਼ਰੂਰੀ ਹੈ ਕਿ ਦਹਿਸ਼ਤਵਾਦ ਦਾ ਜੁਆਬ ਤਾਕਤ ਨਾਲ ਦਿੱਤਾ ਜਾਵੇ, ਪੂਰੀ ਤਾਕਤ ਨਾਲ।" ਨਾਲ ਹੀ ਉਸ ਨੇ ਚਿਤਾਵਨੀ ਦਿੱਤੀ ਸੀ, "ਜੇ ਲੜਾਈ ਰੋਕਣ ਤੱਕ ਅਸੀਂ ਹਮਾਸ ਨੂੰ ਬਾਜ਼ ਆਉਣ ਲਈ ਮਜਬੂਰ ਨਾ ਕਰ ਸਕੇ ਤਾਂ ਅਸੀਂ ਉਤਨੀ ਦੇਰ ਤੱਕ ਲੜਦੇ ਰਹਾਂਗੇ ਜਿੰਨੀ ਦੇਰ ਤੱਕ ਉਹਨਾਂ ਨੂੰ ਸੁਨੇਹਾ ਨਹੀਂ ਮਿਲ ਜਾਂਦਾ।"

ਮੈਂ ਕਹਿ ਸਕਦੀ ਹਾਂ ਕਿ 'ਸੁਨੇਹਾ' ਮਿਲ ਗਿਆ ਹੈ। ਸੁਨੇਹਾ ਇਹ ਹੈ ਕਿ ਇਜ਼ਰਾਈਲ ਉਤੇ ਜੰਗੀ ਮੁਜਰਮਾਂ ਦਾ ਰਾਜ ਹੈ ਅਤੇ ਉਹਨਾਂ ਲਈ ਫਲਸਤੀਨੀ ਜ਼ਿੰਦਗੀਆਂ ਦਾ ਕੋਈ ਅਰਥ ਨਹੀਂ। ਹੋਰ ਵੀ ਉਦਾਸੀ ਵਾਲੀ ਗੱਲ ਇਹ ਹੈ ਕਿ ਇਜ਼ਰਾਈਲ ਦੇ ਲੋਕਾਂ ਨੇ ਨੇਤਨਯਾਹੂ, ਲਿਵਨੀ ਅਤੇ ਅਰਬ ਵਿਰੋਧੀ ਨਸਲਵਾਦੀ ਐਵੀਗਡੋਰ ਲਿਬਰਮੈਨ ਨੂੰ ਵੋਟਾਂ ਪਾ ਕੇ ਜੰਗ ਦੀ ਹਮਾਇਤ ਦਾ ਸੁਨੇਹਾ ਦਿੱਤਾ ਹੈ।

ਕਿੱਡਾ ਵੱਡਾ ਦੁਖਾਂਤ ਹੈ ਕਿ ਹੌਲੋਕਾਸਟ ਦੀ ਨਾ ਬਿਆਨ ਕੀਤੀ ਜਾ ਸਕਣ ਵਾਲੀ ਦਹਿਸ਼ਤ ਤੋਂ ਪੈਦਾ ਹੋਇਆ ਦੇਸ਼ ਖੁਦ ਅਜਿਹਾ ਦੇਸ਼ ਬਣ ਗਿਆ ਹੈ ਜੋ ਫਲਸਤੀਨੀਆਂ ਦੇ ਕਤਲੇਆਮ ਦਾ ਸਮਰਥਨ ਕਰਦਾ ਹੈ।

ਇਥੇ ਅਮਰੀਕਾ ਵਿਚ ਕਾਂਗਰਸ ਨੇ ਫਲਸਤੀਨੀ ਲੋਕਾਂ ਦੇ ਦੁੱਖਾਂ ਨੂੰ ਅਣਗੌਲਿਆਂ ਕਰ ਕੇ ਇਜ਼ਰਾਈਲੀ ਸਟੇਟ ਨੂੰ ਪੂਰਾ ਸਮਰਥਨ ਦਿੱਤਾ। 535 ਮੈਂਬਰਾਂ ਵਿਚੋਂ ਪੰਜਾਂ ਨੂੰ ਛੱਡ ਕੇ ਬਾਕੀ ਸਾਰਿਆਂ ਨੇ ਹਮਲੇ ਨੂੰ ਜਾਇਜ਼ ਸਿੱਧ ਕਰਦੇ ਮਤੇ ਦੀ ਹਿਮਾਇਤ ਕੀਤੀ, ਹਮਾਸ ਉੱਪਰ ਗਲਤ ਦੋਸ਼ ਲਾਇਆ ਕਿ ਉਸ ਨੇ ਗੋਲਾਬੰਦੀ ਦੀ ਉਲੰਘਣਾ ਕੀਤੀ ਹੈ ਅਤੇ ਗਾਜ਼ਾ ਵਿਚ ਮਨੁੱਖੀ ਸਹਾਇਤਾ ਪਹੁੰਚਾਉਣ ਵਿਚ ਮਦਦ ਕਰਨ ਲਈ ਇਜ਼ਰਾਈਲ ਦੀ ਉਸ ਸਮੇਂ ਸ਼ਲਾਘਾ ਕੀਤੀ ਜਦੋਂ ਖਾਣਾ ਨੇੜਲੀਆਂ ਹੱਦਾਂ ਉੱਪਰ ਸੜ ਰਿਹਾ ਸੀ।




ਅਸੀਂ ਦੇਖਿਆ ਕਿ ਗਾਜ਼ਾ ਦੇ ਲੋਕ ਓਬਾਮਾ ਦੀ ਸਰਕਾਰ ਤੋਂ ਛੋਟੀ ਜਿਹੀ ਆਸ ਦੀ ਉਮੀਦ ਰੱਖਦੇ ਹਨ। ਬਹੁਤੇ ਲੋਕ ਇਸ ਗੱਲੋਂ ਦੁਖੀ ਸਨ ਕਿ ਓਬਾਮਾ ਹਮਲੇ ਦੌਰਾਨ ਕਿਉਂ ਨਹੀਂ ਬੋਲਿਆ ਅਤੇ ਉਸ ਦਾ ਸ਼ਾਂਤੀ ਦੂਤ ਜੌਰਜ ਮਿਸ਼ੇਲ, ਮਿਡਲ ਈਸਟ ਦੇ ਆਪਣੇ ਪਹਿਲੇ ਦੌਰੇ ਦੌਰਾਨ ਗਾਜ਼ਾ, ਇਥੋਂ ਤੱਕ ਕਿ ਸੀਰੀਆ ਵਿਚ ਕਿਉਂ ਨਹੀਂ ਆਇਆ? ਉਂਝ ਉਹ ਮਹਿਸੂਸ ਕਰਦੇ ਸਨ ਕਿ ਮਿਸ਼ੇਲ ਚੰਗੀ ਚੋਣ ਹੈ ਅਤੇ ਜੇ ਅਮਰੀਕਾ ਦੇ ਲੋਕ ਓਬਾਮਾ ਨੂੰ ਮੌਕਾ ਦੇਣ ਤਾਂ ਉਹ ਇਕ ਹਾਂ-ਪੱਖੀ ਰੋਲ ਨਿਭਾਅ ਸਕਦਾ ਹੈ।

ਓਬਾਮਾ ਨੂੰ ਉਹ ਮੌਕਾ ਕੌਣ ਦੇ ਸਕਦਾ ਹੈ? ਫਲਸਤੀਨੀ ਲੋਕਾਂ ਵਲੋਂ ਇਨਸਾਫ ਲਈ ਆਈ ਅਵਾਜ਼ ਦਾ ਹੁੰਗਾਰਾ ਕੌਣ ਭਰ ਸਕਦਾ ਹੈ? ਇਜ਼ਰਾਈਲ ਦੇ ਧੱਕੇ ਦੀ ਹਮਾਇਤ ਕਰਨ ਵਾਲੀ ਲੌਬੀ ਏ.ਆਈ.ਪੀ.ਏ.ਸੀ. ਦਾ ਬਦਲ ਕੌਣ ਬਣ ਸਕਦਾ ਭਲਾ?

ਲੋਕਾਂ ਦੇ ਪੱਧਰ ਤੋਂ ਉਠੀ ਜਥੇਬੰਦ, ਗਤੀਸ਼ੀਲ ਅਤੇ ਇਕਸੁਰ ਲਹਿਰ ਹੀ ਇਸ ਦਾ ਮਹੱਤਵਪੂਰਨ ਬਦਲ ਬਣ ਸਕਦੀ ਹੈ ਅਤੇ ਅਮਰੀਕਾ ਦੇ ਯਹੂਦੀ ਲੋਕ ਇਸ ਲਹਿਰ ਵਿਚ ਸ਼ਕਤੀਸ਼ਾਲੀ ਅਵਾਜ਼ ਬਣ ਸਕਦੇ ਹਨ। 'ਟਿਕਮ' ਸੰਸਥਾ ਸਮਾਜਕ ਇਨਸਾਫ ਉੱਤੇ ਆਧਾਰਿਤ ਯਹੂਦੀਆਂ ਦੀ ਰੂਹਾਨੀ ਮੁੜਸੁਰਜੀਤੀ ਬਾਰੇ ਕੰਮ ਕਰ ਰਹੀ ਹੈ। ਇਹ 'ਮਿਡਲ ਈਸਟ ਚਿਲਡਰਨ ਅਲਾਇੰਸ ਐਂਡ ਮਾਦਰੇ ਫਲਸਤੀਨ' ਨੂੰ ਮਾਨਵਵਾਦੀ ਸਹਾਇਤਾ ਭੇਜਦੀ ਹੈ। 'ਵਿਮਨ ਇਨ ਬਲੈਕ' ਪ੍ਰਭਾਵਸ਼ਾਲੀ ਹਫਤਾਵਾਰੀ ਵਿਜ਼ਲਾਂ ਦਾ ਪ੍ਰਬੰਧ ਕਰਦੀ ਹੈ।

'ਅਮਰੀਕਨ ਜਿਊਜ਼ ਫਾਰ ਜਸਟ ਪੀਸ' ਵੈਸਟ ਬੈਂਕ ਵਿਚ ਓਲਿਵ ਦੇ ਬੂਟੇ ਲਾ ਰਹੇ ਹਨ। 'ਜਿਊਜ਼ ਵੁਆਇਸ ਫਾਰ ਪੀਸ' ਉਹਨਾਂ ਕਾਰਪੋਰੇਸ਼ਨਾਂ ਵਿਚੋਂ ਪੈਸੇ ਕੱਢਣ ਬਾਰੇ ਕਹਿ ਰਹੀ ਹੈ ਜਿਹੜੀਆਂ ਕਾਰਪੋਰੇਸ਼ਨਾਂ ਨੂੰ (ਫਲਸਤੀਨ ਦੇ) ਕਬਜ਼ੇ ਤੋਂ ਮੁਨਾਫਾ ਹੁੰਦਾ ਹੋਵੇ। 'ਜਿਊਜ਼ ਅਗੇਂਸਟ ਆਕੂਪੇਸ਼ਨ' ਅਮਰੀਕਾ ਵਲੋਂ ਇਜ਼ਰਾਇਲ ਨੂੰ ਦਿੱਤੀ ਜਾਂਦੀ ਮਦਦ ਨੂੰ ਬੰਦ ਕਰਨ ਲਈ ਕਹਿ ਰਹੇ ਹਨ।

ਸਾਨੂੰ ਇਹਨਾਂ ਸੰਸਥਾਵਾਂ ਅਤੇ ਵੱਡੀ ਲਹਿਰ ਵਿਚਕਾਰ ਹੋਰ ਤਾਲਮੇਲ ਦੀ ਲੋੜ ਹੈ। ਤੇ ਸਾਨੂੰ ਹੋਰ ਲੋਕਾਂ ਅਤੇ ਉਹਨਾਂ ਦੀ ਮਜ਼ਬੂਤ ਸ਼ਮੂਲੀਅਤ ਦੀ ਲੋੜ ਹੈ, ਖਾਸ ਕਰਕੇ ਅਮਰੀਕਾ ਦੇ ਯਹੂਦੀ ਲੋਕਾਂ ਵਲੋਂ। ਆਪਣੇ ਪੁਰਖਿਆਂ ਦੀ ਪਿਆਰ ਭਰੀ ਯਾਦ ਵਿਚ ਅਤੇ ਆਪਣੇ ਤੇ ਫਲਸਤੀਨੀ ਬੱਚਿਆਂ ਦੇ ਭਵਿੱਖ ਲਈ ਅਮਰੀਕਾ ਦੇ ਹੋਰ ਯਹੂਦੀ ਲੋਕਾਂ ਨੂੰ ਅਵਾਜ਼ ਉਠਾਉਣੀ ਚਾਹੀਦੀ ਹੈ।

# ਕੌਣ ਮਾਣ ਕਰੇਗਾ ਪੰਜਾਬ ਸਰਕਾਰ ਦੇ ਸਿਰਜੇ ਇਤਿਹਾਸ 'ਤੇ?

**ਸਿਆਸਤ ਦਾ ਪਿੜ**

**ਜਤਿੰਦਰ ਪਨੂੰ**

***ਬੀਤੀ ਦੋ ਮਈ ਨੂੰ ਜਦੋਂ ਅਕਾਲੀ ਦਲ ਦੇ ਮਾਹਿਲਪੁਰ ਤੋਂ ਤਿੰਨ ਵਾਰੀ ਜਿੱਤੇ ਵਿਧਾਇਕ ਅਤੇ ਚੀਫ ਪਾਰਲੀਮਾਨੀ ਸਕੱਤਰ ਸੋਹਣ ਸਿੰਘ ਠੰਡਲ ਨੂੰ ਅਦਾਲਤ ਨੇ ਤਿੰਨ ਸਾਲ ਕੈਦ ਦੀ ਸਜ਼ਾ ਦਿੱਤੀ, ਓਦੋਂ ਭਾਜਪਾ ਆਗੂ ਦੁਖੀ ਹੋਣ ਦੀ ਥਾਂ ਅੰਦਰਖਾਤੇ ਸੁਖਾਵਾਂ ਮਹਿਸੂਸ ਕਰ ਰਹੇ ਸਨ। ਉਨ੍ਹਾਂ ਦਾ ਖਿਆਲ ਸੀ ਕਿ ਇਹੋ ਜਿਹੀਆਂ ਦੋ ਕੁ ਹੋਰ ਸੱਟਾਂ ਵੱਜ ਜਾਣ ਤਾਂ ਬਾਦਲ ਅਕਾਲੀ ਦਲ ਅਗਲੀਆਂ ਵਿਧਾਨ ਸਭਾ ਚੋਣਾਂ ਲਈ ਸੀਟਾਂ ਦੇ ਲੈਣ-ਦੇਣ ਵੇਲੇ ਥੋੜ੍ਹਾ ਟਿਕਾਣੇ ਸਿਰ ਰਹਿ ਕੇ ਗੱਲ ਕਰਨ ਨੂੰ ਮਜਬੂਰ ਹੋ ਜਾਵੇਗਾ, ਜਿਹੜਾ ਮਨਪ੍ਰੀਤ ਬਾਦਲ ਦੇ ਬਾਗੀ ਹੋ ਜਾਣ ਕਾਰਨ ਉਂਜ ਵੀ ਰਾਜਸੀ ਪੱਖ ਤੋਂ ਵਾਹਵਾ ਕਸੂਤਾ ਫਸਿਆ ਪਿਆ ਹੈ।***

ਪੰਜਾਬ ਦੀ ਮੌਜੂਦਾ ਅਕਾਲੀ-ਭਾਜਪਾ ਸਰਕਾਰ ਤੋੜ ਦਿੱਤੀ ਜਾਵੇ ਜਾਂ ਨਾ, ਇਸ ਬਾਰੇ ਪੰਜਾਬ ਕਾਂਗਰਸ ਦੇ ਪ੍ਰਧਾਨ ਅਤੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੇ ਬਿਆਨ ਬਾਰੇ ਵੱਖੋ-ਵੱਖ ਰਾਏ ਹੋ ਸਕਦੀਆਂ ਹਨ ਪਰ ਇਸ ਗੱਲ ਬਾਰੇ ਸ਼ਾਇਦ ਨਹੀਂ ਕਿ ਮੌਜੂਦਾ ਸਰਕਾਰ ਦੇ ਪੱਲੇ ਜਿੰਨੀ ਬਦਨਾਮੀ ਪੈ ਚੁੱਕੀ ਹੈ, ਓਨੀ ਸਾਡੇ ਰਾਜ ਦੇ ਅੱਜ ਤੱਕ ਦੇ ਇਤਿਹਾਸ ਵਿਚ ਕਦੇ ਕਿਸੇ ਸਰਕਾਰ ਦੇ ਪੱਲੇ ਨਹੀਂ ਪਈ ਹੋਣੀ।

ਗਿਆਰਾਂ ਮਈ ਦੀ ਰਾਤ ਨੂੰ ਤਾਰੇ ਚੜ੍ਹਦੇ ਸਾਰ ਸਰਕਾਰ ਵਿਚ ਛੋਟੀ ਭਾਈਵਾਲ ਭਾਰਤੀ ਜਨਤਾ ਪਾਰਟੀ ਦੇ ਸਾਰੇ ਪੰਜਾਂ ਮੰਤਰੀਆਂ ਅਤੇ ਦੋਵਾਂ ਚੀਫ ਪਾਰਲੀਮਾਨੀ ਸਕੱਤਰਾਂ ਦੇ ਅਸਤੀਫੇ ਮਨਜ਼ੂਰ ਕਰ ਲਏ ਗਏ ਸਨ। ਇਹ ਪਹਿਲੀ ਵਾਰ ਨਹੀਂ ਹੋਇਆ ਕਿ ਇਸ ਭਾਈਵਾਲ ਧਿਰ ਨੇ ਰਾਜ ਦੀ ਅਕਾਲੀ ਸਰਕਾਰ ਦਾ ਸਾਥ ਛੱਡਿਆ ਹੋਵੇ। ਇੱਕ ਵਾਰ ਗੁਰੂ ਨਾਨਕ ਦੇਵ ਯੂਨੀਵਰਸਿਟੀ ਬਣਾਉਣ ਦੇ ਵਿਰੋਧ ਵਿਚ ਭਾਜਪਾ ਬਣਨ ਤੋਂ ਪਹਿਲਾਂ ਜਨ ਸੰਘ ਨੇ ਰੋਸ ਵਜੋਂ ਵਜ਼ੀਰੀਆਂ ਛੱਡੀਆਂ ਸਨ। ਫਿਰ ਕੇਂਦਰ ਵਿਚ ਮੁਰਾਰਜੀ ਡਿਸਾਈ ਅਤੇ ਚੌਧਰੀ ਚਰਨ ਸਿੰਘ ਵਿਚਾਲੇ ਟਕਰਾਓ ਵੇਲੇ ਪੰਜਾਬ ਦੇ ਦੂਜੀ ਵਾਰ ਮੁੱਖ ਮੰਤਰੀ ਬਣੇ ਪ੍ਰਕਾਸ਼ ਸਿੰਘ ਬਾਦਲ ਜਦੋਂ ਸਪੱਸ਼ਟ ਪੈਂਤੜਾ ਨਹੀਂ ਸਨ ਲੈ ਸਕੇ, ਓਦੋਂ ਵੀ 1979 ਵਿਚ ਇਸ ਧਿਰ ਦੇ ਸਾਰੇ ਵਜ਼ੀਰ ਅਸਤੀਫੇ ਦੇ ਗਏ ਸਨ। ਤਦ ਵੀ ਉਹ ਦੋਵੇਂ ਮੌਕੇ ਹੁਣ ਵਾਲੇ ਮੌਕੇ ਤੋਂ ਕਾਫੀ ਵੱਖਰੇ ਸਨ। ਇਸ ਵਾਰੀ ਮੁੱਦਾ ਭ੍ਰਿਸ਼ਟਾਚਾਰ ਦਾ ਹੈ, ਜਿਹੜਾ ਅੱਗੇ ਕਦੇ ਨਹੀਂ ਸੀ ਬਣਿਆ।

ਬੀਤੀ ਦੋ ਮਈ ਨੂੰ ਜਦੋਂ ਅਕਾਲੀ ਦਲ ਦੇ ਮਾਹਿਲਪੁਰ ਤੋਂ ਤਿੰਨ ਵਾਰੀ ਜਿੱਤੇ ਵਿਧਾਇਕ ਅਤੇ ਚੀਫ ਪਾਰਲੀਮਾਨੀ ਸਕੱਤਰ ਸੋਹਣ ਸਿੰਘ ਠੰਡਲ



*ਰਾਜ ਖੁਰਾਣਾ*

ਨੂੰ ਅਦਾਲਤ ਨੇ ਤਿੰਨ ਸਾਲ ਕੈਦ ਦੀ ਸਜ਼ਾ ਦਿੱਤੀ, ਓਦੋਂ ਭਾਜਪਾ ਆਗੂ ਦੁਖੀ ਹੋਣ ਦੀ ਥਾਂ ਅੰਦਰਖਾਤੇ ਸੁਖਾਵਾਂ ਮਹਿਸੂਸ ਕਰ ਰਹੇ ਸਨ। ਉਨ੍ਹਾਂ ਦਾ ਖਿਆਲ ਸੀ ਕਿ ਇਹੋ ਜਿਹੀਆਂ ਦੋ ਕੁ ਹੋਰ ਸੱਟਾਂ ਵੱਜ ਜਾਣ ਤਾਂ ਬਾਦਲ ਅਕਾਲੀ ਦਲ ਅਗਲੀਆਂ ਵਿਧਾਨ ਸਭਾ ਚੋਣਾਂ ਲਈ ਸੀਟਾਂ ਦੇ ਲੈਣ-ਦੇਣ ਵੇਲੇ ਥੋੜ੍ਹਾ ਟਿਕਾਣੇ ਸਿਰ ਰਹਿ ਕੇ ਗੱਲ ਕਰਨ ਨੂੰ ਮਜਬੂਰ ਹੋ ਜਾਵੇਗਾ, ਜਿਹੜਾ ਮਨਪ੍ਰੀਤ ਬਾਦਲ ਦੇ ਬਾਗੀ ਹੋ ਜਾਣ ਕਾਰਨ ਉਂਜ ਵੀ ਰਾਜਸੀ ਪੱਖ ਤੋਂ ਵਾਹਵਾ ਕਸੂਤਾ ਫਸਿਆ ਪਿਆ ਹੈ।

ਭਾਜਪਾ ਲੀਡਰਾਂ ਦੀ ਇਹ ਖੁਸ਼ੀ ਮਸਾਂ ਦੋ ਦਿਨ ਚੱਲੀ ਅਤੇ ਚਾਰ ਮਈ ਨੂੰ ਉਨ੍ਹਾਂ ਦੀ ਆਪਣੀ ਪਾਰਟੀ ਦਾ ਮੁੱਖ ਪਾਰਲੀਮਾਨੀ ਸਕੱਤਰ ਰਾਜ ਖੁਰਾਣਾ ਕੇਂਦਰੀ ਜਾਂਚ ਏਜੰਸੀ ਸੀ ਬੀ ਆਈ ਵਾਲਿਆਂ ਨੇ ਜਾ ਨੱਪਿਆ। ਉਸ ਦੇ ਘਰ ਦਵਿੰਦਰ ਸਿੰਘ ਗਿੱਲ ਨਾਂ ਦਾ ਇੱਕ ਬੰਦਾ ਗਿਆ ਸੀ, ਜਿਸ ਦੀ 45 ਲੱਖ ਰੁਪਏ ਦੀ ਕਾਰ ਵਿਚ ਪੰਦਰਾਂ ਕੁ ਲੱਖ ਰੁਪਏ ਨਕਦ ਤੇ ਡੇਢ ਕਰੋੜ ਰੁਪਏ ਦੇ ਇਹੋ ਜਿਹੇ ਚੈਕ ਸਨ, ਜਿਨ੍ਹਾਂ ਉਤੇ ਕਢਾਉਣ ਵਾਲੇ ਦਾ ਨਾਂ ਭਰਨਾ ਹੀ ਬਾਕੀ ਸੀ। ਜਾਂਚ ਏਜੰਸੀ ਦਾ ਦਾਅਵਾ ਸੀ ਕਿ ਮਕੈਨਿਕਾਂ ਦੀ ਇੱਕ ਐਸੋਸੀਏਸ਼ਨ ਦੀ ਜ਼ਮੀਨ ਦਾ ਕੇਸ ਫਸਾ ਕੇ ਉਸ ਦੇ ਆਗੂ ਤੋਂ ਏਡੀ ਵੱਡੀ ਰਕਮ ਰਿਸ਼ਵਤ ਵਜੋਂ ਵਸੂਲੀ ਗਈ ਸੀ, ਜੋ ਰਾਜ ਖੁਰਾਣਾ ਤੱਕ ਪੁੱਜਣ ਮੌਕੇ ਆਪਣੀ ਕੋਠੀ ਵਿਚ ਖੁਰਾਣਾ ਅਤੇ ਉਸ ਦੀ ਦਲਾਲੀ ਕਰਨ ਵਾਲਾ ਦੋਵੇਂ ਕਾਬੂ ਆ ਗਏ। ਦੂਜੇ ਦਿਨ ਜਦੋਂ ਦੋਵੇਂ ਜਣੇ ਅਦਾਲਤ ਵਿਚ ਪੇਸ਼ ਕੀਤੇ ਗਏ ਤਾਂ ਵਕੀਲ ਨੇ ਇਹ ਪੈਂਤੜਾ ਲਿਆ ਕਿ ਰਾਜ ਖੁਰਾਣਾ ਨੂੰ ਬਿਨਾ ਸਬੂਤਾਂ ਤੋਂ ਫੜਿਆ ਜਾ ਰਿਹਾ ਹੈ, ਜੇ ਪੈਸੇ ਮਿਲੇ ਵੀ ਹਨ ਤਾਂ ਗੱਡੀ ਭਾਵੇਂ ਕੋਠੀ ਵਿਚ ਖੜੀ ਸੀ, ਪੈਸੇ ਖੁਰਾਣਾ ਤੋਂ ਨਹੀਂ ਫੜੇ ਗਏ।

ਜਾਂਚ ਏਜੰਸੀ ਦੇ ਵਕੀਲ ਨੇ ਅਦਾਲਤ ਨੂੰ ਦੱਸਿਆ ਕਿ ਗੱਲ ਏਨੀ ਹੀ ਨਹੀਂ, ਦੋਵਾਂ ਵਿਚਾਲੇ ਸੌਦੇਬਾਜ਼ੀ ਦੀ ਰਿਕਾਰਡਿੰਗ ਵੀ ਕੀਤੀ ਗਈ ਹੈ ਅਤੇ ਹੋਰ ਸਬੂਤ ਵੀ ਹਨ। ਅਦਾਲਤ ਦੇ ਮੰਗਣ ਉਤੇ ਦੋ ਘੰਟਿਆਂ ਦੇ ਅੰਦਰ ਰਿਕਾਰਡਿੰਗ ਵਾਲੀ ਸੀ ਡੀ ਪੇਸ਼ ਕਰ ਦਿੱਤੀ ਗਈ ਤੇ ਜਦੋਂ ਉਸ ਨੂੰ ਸੁਣਿਆ ਗਿਆ ਤਾਂ ਜੱਜ ਨੂੰ ਖੁਰਾਣਾ ਦਾ ਰਿਮਾਂਡ ਦੇਣ ਵਿਚ ਕੋਈ ਅੜਚਣ ਹੀ ਨਾ ਜਾਪੀ। ਪਹਿਲਾ ਰਿਮਾਂਡ ਸਿਰਫ ਦੋ ਦਿਨ ਦਾ ਸੀ, ਦੂਜੀ ਵਾਰੀ ਤਿੰਨ ਹੋਰ ਦਿਨਾਂ ਦਾ ਮਿਲ ਗਿਆ ਤੇ ਉਸ ਪਿੱਛੋਂ ਵੀ ਮੁਲਜ਼ਮ ਦੀ ਜ਼ਮਾਨਤ ਨਹੀਂ ਹੋ ਸਕੀ, ਰਾਜ ਖੁਰਾਣਾ ਜੇਲ੍ਹ ਵਿਚ ਬੈਠਾ ਹੈ।

ਕੇਸ ਝੂਠਾ ਹੈ ਜਾਂ ਸੱਚਾ, ਇਸ ਦੀ ਪੁਣ-ਛਾਣ ਤਾਂ ਏਜੰਸੀ ਨੇ ਕਰਨੀ ਸੀ, ਭਾਜਪਾ ਲੀਡਰਸ਼ਿਪ ਨੂੰ ਇਸ ਨਾਲ ਜਿਵੇਂ ਹੱਥਾਂ-ਪੈਰਾਂ ਦੀ ਪਈ, ਉਸ ਤੋਂ ਪੰਜਾਬ ਦੇ ਲੋਕ ਹੈਰਾਨ ਰਹਿ ਗਏ। ਕਦੇ ਪਾਰਟੀ ਲੀਡਰਾਂ ਦੀਆਂ ਦਿੱਲੀ ਵਿਚ ਮੀਟਿੰਗਾਂ ਲੱਗਣ, ਕਦੇ ਚੰਡੀਗੜ੍ਹ ਤੇ ਕਦੇ ਉਹ ਢਾਣੀ ਬੰਨ੍ਹ ਕੇ ਮੁੱਖ ਮੰਤਰੀ ਬਾਦਲ ਦੀ ਕੋਠੀ ਨੂੰ ਤੁਰ ਪੈਣ। ਸ਼ਾਮ ਤੀਕ ਉਨ੍ਹਾਂ ਨੇ ਏਨਾ ਦਬਾਅ ਵਧਾ ਦਿੱਤਾ ਕਿ ਮੁੱਖ ਮੰਤਰੀ ਨੂੰ ਪੰਜਾਬ ਦੇ ਐਡੀਸ਼ਨਲ ਐਡਵੋਕੇਟ ਜਨਰਲ ਨੂੰ ਸੱਦ ਕੇ ਕਾਨੂੰਨੀ ਰਾਏ ਲੈਣੀ ਪਈ ਤੇ ਫਿਰ ਉਸ ਦੀ ਰਾਏ ਦੇ ਉਲਟ ਜਾ ਕੇ ਰਾਜ ਸਰਕਾਰ ਦੇ ਚੀਫ ਸੈਕਟਰੀ ਤੋਂ ਸੀ ਬੀ ਆਈ ਨੂੰ ਇੱਕ ਚਿੱਠੀ ਵੀ ਲਿਖਵਾਉਣੀ ਪੈ ਗਈ। ਇਸ ਦੇ ਬਾਵਜੂਦ ਖਲਾਸੀ ਨਾ ਹੋ ਸਕੀ। ਅਗਲੇਰੇ ਦਿਨ ਸੀ ਬੀ ਆਈ ਵੱਲੋਂ ਭਾਜਪਾ ਦੇ ਦੋ ਕੈਬਨਿਟ ਮੰਤਰੀਆਂ ਮਨੋਰੰਜਨ ਕਾਲੀਆ ਅਤੇ ਸਵਰਨਾ ਰਾਮ ਨੂੰ ਵੀ ਪੇਸ਼ ਹੋ ਕੇ ਸਵਾਲਾਂ ਦੇ ਜਵਾਬ ਦੇਣ ਲਈ ਸੰਮਨ ਆਣ ਪਹੁੰਚੇ। ਓਦੋਂ ਲੋਕਾਂ ਨੂੰ ਅਸਲ ਕਹਾਣੀ ਸਮਝ ਆਉਣ ਲੱਗੀ ਸੀ।

ਜਦੋਂ ਹੋਰ ਕੋਈ ਰਾਹ ਹੀ ਨਾ ਰਹਿ ਗਿਆ, ਦੋਵੇਂ ਜਣੇ ਵਾਰੀ-ਵਾਰੀ ਸੀ ਬੀ ਆਈ ਅੱਗੇ ਚੌਕੀ ਭਰਨ ਚਲੇ ਗਏ। ਪੇਸ਼ੀ ਪਿੱਛੋਂ ਮਨੋਰੰਜਨ ਕਾਲੀਆ ਦਾ ਸਿੱਧਾ ਸੰਬੰਧ ਭਾਵੇਂ ਨਾ ਜੁੜਿਆ, ਸਵਰਨਾ ਰਾਮ ਬਾਰੇ ਜੋ ਕੁਝ ਸਾਹਮਣੇ ਆ ਗਿਆ, ਉਸ ਪਿੱਛੋਂ ਇਖਲਾਕੀ ਆਧਾਰ ਉਤੇ ਉਸ ਨੂੰ ਓਸੇ ਦੁਪਹਿਰ ਅਸਤੀਫਾ ਦੇ ਦੇਣਾ ਚਾਹੀਦਾ ਸੀ। ਭਾਜਪਾ ਆਗੂ ਕਦੇ ਇਹ ਕਿਹਾ ਕਰਦੇ ਸਨ ਕਿ ਕਾਨੂੰਨੀ ਆਧਾਰ ਉਤੇ ਜੇ ਕੋਈ ਦੋਸ਼ੀ ਸਾਬਤ ਨਾ ਵੀ ਹੁੰਦਾ ਹੋਵੇ, ਦੋਸ਼ ਲੱਗ ਜਾਵੇ ਤਾਂ ਉਸ ਨੂੰ ਇਖਲਾਕੀ



*ਸਵਰਨਾ ਰਾਮ*

ਆਧਾਰ ਉਤੇ ਓਦੋਂ ਹੀ ਅਹੁਦਾ ਛੱਡ ਦੇਣਾ ਚਾਹੀਦਾ ਹੈ। ਪਿਛਲੇ ਸਮੇਂ ਵਿਚ ਉਨ੍ਹਾਂ ਦੀ ਬੋਲੀ ਬਦਲ ਗਈ ਹੈ। ਦੋ ਕੁ ਮਹੀਨੇ ਪਹਿਲਾਂ ਕਰਨਾਟਕ ਦੇ ਭਾਜਪਾ ਮੁੱਖ ਮੰਤਰੀ ਯੇਦੂਰੱਪਾ ਉਤੇ ਭ੍ਰਿਸ਼ਟਾਚਾਰ ਦੇ ਦੋਸ਼ ਲੱਗੇ ਤੇ ਦੋਸ਼ਾਂ ਦੀ ਜੜ੍ਹ ਮੰਨੀ ਜਾਂਦੀ ਜ਼ਮੀਨ ਉਸ ਨੂੰ ਰਾਜ ਸਰਕਾਰ ਨੂੰ ਵਾਪਸ ਕਰਨੀ ਪਈ। ਓਦੋਂ ਭਾਜਪਾ ਦੇ ਕੌਮੀ ਪ੍ਰਧਾਨ ਨਿਤਿਨ ਗਡਕਰੀ ਨੇ ਕਹਿ ਦਿੱਤਾ ਸੀ, "ਜ਼ਮੀਨ ਵਾਪਸ ਕਰਨ ਪਿੱਛੋਂ ਕਾਨੂੰਨੀ ਤੌਰ 'ਤੇ ਤਾਂ ਉਹ ਗਲਤ ਰਿਹਾ ਨਹੀਂ, ਸਿਰਫ ਇਖਲਾਕੀ ਤੌਰ 'ਤੇ ਹੈ, ਇਹ ਕੋਈ ਖਾਸ ਗੱਲ ਨਹੀਂ।" ਏਦਾਂ ਦਾ ਪੈਂਤੜਾ



*ਮਨੋਰੰਜਨ ਕਾਲੀਆ*

ਯੇਦੂਰੱਪਾ ਬਾਰੇ ਲੈਣ ਪਿੱਛੋਂ ਇਸ ਪਾਰਟੀ ਨੇ ਇਖਲਾਕੀ ਆਧਾਰ ਨੂੰ ਮਾਨਤਾ ਦੇਣੀ ਛੱਡ ਦਿੱਤੀ ਹੈ। ਜੇ ਇਖਲਾਕੀ ਆਧਾਰ ਮੰਨਦੇ ਹੁੰਦੇ ਤਾਂ ਜਦੋਂ ਰਾਜ ਖੁਰਾਣਾ ਨੂੰ ਫੜੇ ਜਾਣ ਮਗਰੋਂ ਅਦਾਲਤ ਨੇ ਉਸ ਦਾ ਰਿਮਾਂਡ ਦਿੱਤਾ ਸੀ, ਓਦੋਂ ਹੀ ਉਸ ਨੂੰ ਅਸਤੀਫਾ ਦੇ ਦੇਣਾ ਚਾਹੀਦਾ ਸੀ ਪਰ ਦਿੱਤਾ ਉਸ ਨੇ ਦੋ ਦਿਨ ਪਿੱਛੋਂ ਓਦੋਂ ਸੀ, ਜਦੋਂ ਮੁੱਖ ਮੰਤਰੀ ਦਾ ਬਿਆਨ ਵੀ ਆ ਗਿਆ ਕਿ ਇਖਲਾਕੀ ਆਧਾਰ ਉਤੇ ਅਸਤੀਫਾ ਦੇ ਦੇਣਾ ਬਣਦਾ ਹੈ। ਮੁੱਢਲੀ ਪੁੱਛਗਿੱਛ ਪਿੱਛੋਂ ਮਨੋਰੰਜਨ ਕਾਲੀਆ ਕੋਲ ਤਾਂ ਦਲੀਲ ਸੀ ਕਿ ਉਸ ਦਾ ਇਸ ਮਾਮਲੇ ਨਾਲ ਸਿੱਧਾ ਸੰਬੰਧ ਨਹੀਂ ਜੁੜਦਾ, ਦੋ ਬੰਦਿਆਂ ਵਿਚਾਲੇ ਹੋਈ ਗੱਲਬਾਤ ਦੇ ਆਧਾਰ ਉਤੇ ਉਸ ਦੀ ਪੁੱਛਗਿੱਛ ਹੋਈ ਹੈ, ਸਵਰਨਾ ਰਾਮ ਨੂੰ ਹੀ ਇਖਲਾਕੀ ਆਧਾਰ ਉਤੇ ਅਹੁਦਾ ਛੱਡ ਦੇਣਾ ਚਾਹੀਦਾ ਸੀ ਪਰ ਛੱਡਿਆ ਉਸ ਨੇ ਵੀ ਨਹੀਂ ਸੀ।


ਇਸ ਪੇਸ਼ੀ ਪਿੱਛੋਂ ਭਾਜਪਾ ਆਗੂ ਤਾਂ ਲੋਕਾਂ ਦਾ ਸਾਹਮਣਾ ਕਰਨ ਤੋਂ ਤ੍ਰਹਿਣ ਲੱਗ ਪਏ ਤੇ ਅਕਾਲੀ ਦਲ ਦੇ ਜਿਹੜੇ ਆਗੂ ਸੋਹਣ ਸਿੰਘ ਠੰਡਲ ਦੇ ਕੇਸ ਕਾਰਨ ਪਾਸਾ ਵੱਟ ਰਹੇ ਸਨ, ਉਹ ਆਪਣੀ ਗੱਲ ਥੋੜ੍ਹੀ ਪਿੱਛੇ ਚਲੀ ਗਈ ਸਮਝ ਕੇ ਭਾਜਪਾ ਵਾਲਿਆਂ ਨੂੰ ਅਸਤੀਫੇ ਦੇਣ ਦੀਆਂ ਸਲਾਹਾਂ ਦੇਣ ਲੱਗ ਪਏ ਸਨ। ਬਹੁਤਾ ਜ਼ੋਰ ਉਨ੍ਹਾਂ ਦਾ ਵੀ ਸਵਰਨਾ ਰਾਮ ਉਤੇ ਨਹੀਂ, ਸਗੋਂ ਉਸ ਮਨੋਰੰਜਨ ਕਾਲੀਆ ਦੇ ਅਸਤੀਫੇ ਉਤੇ ਸੀ, ਜਿਹੜਾ ਸੁਖਬੀਰ ਸਿੰਘ ਬਾਦਲ ਦੇ ਡਿਪਟੀ ਮੁੱਖ ਮੰਤਰੀ ਬਣਨ ਵੇਲੇ ਆਪਣੇ ਲਈ ਉਸ ਦੇ ਬਰਾਬਰ ਦੀ ਕੁਰਸੀ ਮੰਗਦਾ ਸੀ। ਬਲਰਾਮਜੀ ਦਾਸ ਨੂੰ ਵੀ ਕਦੇ ਅਕਾਲੀਆਂ ਨੇ ਏਸੇ ਇੱਛਾ ਕਾਰਨ ਖੂੰਜੇ ਲਾਇਆ ਅਤੇ ਉਸ ਦੀ ਥਾਂ ਰਾਜ ਖੁਰਾਣਾ ਨੂੰ ਭਾਜਪਾ ਦੀ ਝੋਲੀ ਪਾ ਕੇ ਦਿੱਲੀ ਵਾਲੇ ਲੀਡਰਾਂ ਰਾਹੀਂ ਰਾਜਸੀ ਦਾਅ ਖੇਡਿਆ ਸੀ, ਇਸ ਵਾਰੀ ਮੌਕਾ ਬਣੇ ਤੋਂ ਉਹ ਮਨੋਰੰਜਨ ਕਾਲੀਆ ਨੂੰ ਵੀ ਰਗੜ ਦੇਣਾ ਚਾਹੁੰਦੇ ਸਨ। ਕਾਲੀਆ ਬਾਰੇ ਉਸ ਦੀ ਪਾਰਟੀ ਵਿਚ ਵੀ ਇੱਕ ਰਾਏ ਨਹੀਂ ਸੀ। ਜਿਨ੍ਹਾਂ ਨੂੰ ਕਾਲੀਆ ਵਿਚ ਕੋਈ ਭੈੜ ਨਹੀਂ ਸੀ ਲੱਭਦਾ, ਉਹ ਜਲੰਧਰ ਵਿਚ ਬੈਠੇ ਉਸ ਦੇ ਇੱਕ ਕਾਰ-ਮੁਖਤਾਰ ਦੇ ਕਿੱਸੇ ਗਿਣੀ ਜਾਂਦੇ ਸਨ, ਜਿਸ ਉਤੇ ਹਰ ਦੋਸ਼ ਲਾਇਆ ਜਾਣ ਉਤੇ ਵੀ ਕਾਲੀਆ ਸਾਹਿਬ ਦੀ ਚੁੱਪ ਨਹੀਂ ਟੁੱਟਦੀ।

ਹਾਲਾਤ ਏਦਾਂ ਦੇ ਬਣਦੇ ਗਏ ਕਿ ਅੰਤ ਨੂੰ ਭਾਜਪਾ ਦੇ ਕੇਂਦਰੀ ਆਗੂਆਂ ਨੇ ਸਮਝ ਲਿਆ ਕਿ ਪੰਜਾਬ ਵਿਚ ਪਾਰਟੀ ਦਾ ਨੱਕ ਅਤੇ ਲੱਕ ਬਚਾਉਣ ਲਈ ਇਨ੍ਹਾਂ ਦੋਵਾਂ ਕੈਬਨਿਟ ਮੰਤਰੀਆਂ ਦੀ ਬਲੀ ਦੇਣੀ ਹੀ ਪਵੇਗੀ। ਜਦੋਂ ਦੋਵਾਂ ਦੇ ਅਸਤੀਫੇ ਦੇਣ ਦਾ ਫੈਸਲਾ ਲਗਭਗ ਲੈ ਲਿਆ ਗਿਆ, ਓਦੋਂ ਦੋਵਾਂ ਦੇ ਹਮਾਇਤੀਆਂ ਨੇ ਇਹ ਦੁਹਾਈ ਜਾ ਪਾਈ ਕਿ ਸਿਰਫ ਦੋਂਹ ਦੇ ਅਸਤੀਫੇ ਦੇਣ ਨਾਲ ਲੋਕਾਂ ਵਿਚ ਇਹ ਸੰਕੇਤ ਜਾਵੇਗਾ ਕਿ ਪਾਰਟੀ ਵੀ ਇਨ੍ਹਾਂ ਨੂੰ ਦੋਸ਼ੀ ਮੰਨਦੀ ਹੈ। ਮੰਗ ਇਹ ਕਰ ਦਿੱਤੀ ਕਿ ਜਾਂ ਇਨ੍ਹਾਂ ਨੂੰ ਵੀ ਨਾ ਛੇੜਿਆ ਜਾਵੇ, ਜਾਂ ਸਾਰੇ ਮੰਤਰੀ ਅਸਤੀਫੇ ਦੇ ਦੇਣ ਅਤੇ ਮੰਤਰੀ ਮੰਡਲ ਵਿਚ ਪਾਰਟੀ ਦੇ ਨਵੇਂ ਪ੍ਰਤੀਨਿਧ ਭੇਜ ਦਿੱਤੇ ਜਾਣ। ਇੱਕ ਤੀਜਾ ਰਾਹ ਇਹ ਤਜਵੀਜ਼ ਕੀਤਾ ਗਿਆ ਕਿ ਪਾਰਟੀ ਹੁਣ ਬਾਕੀ ਦੇ ਨੌਂ ਮਹੀਨੇ ਸਰਕਾਰ ਤੋਂ ਬਾਹਰ ਰਹਿ ਕੇ ਅਕਾਲੀ ਦਲ ਨੂੰ ਹਮਾਇਤ ਦੇਂਦੀ ਰਹੇ ਅਤੇ ਇਖਲਾਕੀ ਪੱਖ ਤੋਂ ਅਸਤੀਫੇ ਦੇਣ ਦੀ ਗੱਲ ਲੈ ਕੇ ਲੋਕਾਂ ਵਿਚ ਚਲੀ ਜਾਵੇ। ਜੋ ਵੀ ਹੁੰਦਾ ਰਿਹਾ, ਅੰਤ ਵਿਚ ਪਾਰਟੀ ਨੂੰ ਇਹ ਫੈਸਲਾ ਹੀ ਲੈਣਾ ਪਿਆ ਕਿ ਸਾਰੇ ਮੰਤਰੀ ਅਤੇ ਪਾਰਲੀਮਾਨੀ ਸਕੱਤਰ ਆਪਣੇ ਅਹੁਦੇ ਛੱਡ ਦੇਣ ਪਰ ਇਸ ਉਤੇ ਅਮਲ ਵੀ ਪਾਰਟੀ ਦੀ ਕੌਮੀ ਹਾਈ ਕਮਾਨ ਦੇ ਸਖਤ ਦਖਲ ਦੇ ਨਾਲ ਹੀ ਹੋ ਸਕਿਆ, ਉਂਜ ਵਜ਼ੀਰੀ ਕੌਣ ਛੱਡਦਾ ਸੀ?

ਕਦੇ ਆਪਣੇ ਆਪ ਨੂੰ ਇੱਕ 'ਵੱਖਰੀ ਨਿਆਰੀ' ਪਾਰਟੀ ਅਖਵਾਉਣ ਵਾਲੇ ਭਾਜਪਾ ਆਗੂ ਪਹਿਲੀ ਵਾਰੀ ਇਹੋ ਜਿਹੇ ਹਾਲਾਤ ਵਿਚ ਫਸੇ ਹਨ ਕਿ ਉਨ੍ਹਾਂ ਨੂੰ ਆਪਣੇ ਬੰਦਿਆਂ ਦੀ ਸਫਾਈ ਦੇਣੀ ਔਖੀ ਹੋ ਰਹੀ ਹੈ। ਸਵਰਨਾ ਰਾਮ ਦੇ ਦਫਤਰ ਵਿਚੋਂ ਮਿਲੀਆਂ ਉਨ੍ਹਾਂ ਪਰਚੀਆਂ ਬਾਰੇ ਤਾਂ ਕੋਈ ਬਹਾਨਾ ਵੀ ਨਹੀਂ ਬਣ ਰਿਹਾ, ਜਿਹੜੀਆਂ ਸਾਫ ਕਹਿੰਦੀਆਂ ਹਨ ਕਿ ਮਿਲਣ ਵਾਲੀ ਰਕਮ ਵਿਚੋਂ ਹਰ ਇੱਕ ਦਾ ਐਨਾ-ਐਨਾ ਹਿੱਸਾ ਸੀ। ਉਹੋ ਪਰਚੀਆਂ ਵਿਖਾ ਕੇ ਫਸੇ ਹੋਏ ਉਸ ਬੰਦੇ ਤੋਂ ਰਕਮ ਲੈਣੀ ਸੀ ਕਿ ਸਾਰੇ ਜਣਿਆਂ ਦਾ ਗੁੱਗਾ ਪੂਜਣ ਤੋਂ ਬਿਨਾ ਫਾਈਲ ਅੱਗੇ ਨਹੀਂ ਤੁਰਨੀ। ਸਵਰਨਾ ਰਾਮ ਦੇ ਨਿੱਜੀ ਸਹਾਇਕ ਭਾਗ ਸਿੰਘ ਦੇ ਰਾਹੀਂ ਇਹ ਪਰਚੀਆਂ ਦਵਿੰਦਰ ਸਿੰਘ ਗਿੱਲ ਦੇ ਹੱਥ ਪੁੱਜੀਆਂ ਤੇ ਉਸ ਨੇ ਅੱਗੇ ਸੌਦਾ ਮਾਰਿਆ ਸੀ, ਜਿਹੜਾ ਸਿਰੇ ਚੜ੍ਹਨ ਤੋਂ ਪਹਿਲਾਂ ਇਨ੍ਹਾਂ ਸਾਰਿਆਂ ਦੀ ਗਰਦਨ ਨੂੰ ਇੰਜ ਰੱਸੇ ਵਾਂਗ ਲਿਪਟ ਗਿਆ ਕਿ ਉਸ ਵਿਚੋਂ ਨਿਕਲ ਸਕਣਾ ਔਖਾ ਹੋ ਗਿਆ ਹੈ।

ਹੁਣ ਆਈਏ ਉਸ ਦਲਾਲ ਵੱਲ ਜਿਸ ਨੂੰ ਚੰਡੀਗੜ੍ਹ ਦੇ ਕਾਲੀ ਕਮਾਈ ਕਰਨ ਵਾਲੇ ਆਗੂ ਅਤੇ ਅਫਸਰ 'ਦਵਿੰਦਰ ਸਿੰਘ ਗਿੱਲ' ਵਜੋਂ ਜਾਣਦੇ ਹਨ। ਕੇਸ ਵਿਚ ਫਸਣ ਮਗਰੋਂ ਹੋਈ ਜਾਂਚ ਵਿਚ ਭੇਦ ਖੁੱਲ੍ਹਾ ਕਿ ਉਹ ਦਵਿੰਦਰ ਥਾਪਾ ਨਾਂ ਦਾ ਨੇਪਾਲੀ ਮੂਲ ਦਾ ਬੰਦਾ ਹੈ ਤੇ ਏਥੇ ਪੰਜਾਬ ਸਰਕਾਰ ਦੇ ਚਪੜਾਸੀ ਲੱਗੇ ਹੋਏ ਆਪਣੇ ਬਾਪ ਦੀ ਮੌਤ ਪਿੱਛੋਂ ਉਸ ਦੀ ਥਾਂ 'ਤਰਸ ਦੇ ਆਧਾਰ ਉਤੇ' ਕਲਰਕ ਭਰਤੀ ਕੀਤਾ ਗਿਆ ਸੀ। ਥੋੜ੍ਹਾ ਚਿਰ ਨੌਕਰੀ ਕਰ ਕੇ ਉਸ ਨੇ ਕੰਮ ਦਾ ਤਜਰਬਾ ਘੱਟ ਤੇ ਦਲਾਲੀ ਦੇ ਗੁਰ ਵੱਧ ਸਿੱਖ ਲਏ ਤੇ ਫਿਰ ਮਹਿਕਮੇ ਦੇ ਕੰਮ ਨੂੰ ਭੁੱਲ ਕੇ ਉਸ ਨੇ ਇਹੋ ਕੰਮ ਸ਼ੁਰੂ ਕਰ ਦਿੱਤਾ। ਪਿਛਲੇ ਦੋਂਹ ਸਾਲਾਂ ਤੋਂ ਉਹ ਕਦੇ ਆਪਣੀ ਨੌਕਰੀ ਦੇ ਦਫਤਰ ਨਹੀਂ ਗਿਆ। ਜਿਸ ਦਫਤਰ ਵਿਚ ਨੌਕਰੀ ਹੈ, ਓਥੇ ਕਿਸੇ ਨੂੰ ਇਹ ਨਹੀਂ ਪਤਾ ਕਿ ਉਸ ਨੇ ਛੁੱਟੀ ਲਈ ਹੈ ਜਾਂ ਗੈਰ-ਹਾਜ਼ਰ ਚੱਲ ਰਿਹਾ ਹੈ, ਕਿਉਂਕਿ ਉਸ ਦੀ ਸਰਵਿਸ ਫਾਈਲ ਨਹੀਂ ਲੱਭਦੀ। ਛੁੱਟੀ ਉਤੇ ਹੋਵੇ ਜਾਂ ਗੈਰ-ਹਾਜ਼ਰ, ਮਹੱਤਵ ਉਸ ਦਾ ਏਨਾ ਹੈ ਕਿ ਪੰਜਾਬ ਪੁਲਿਸ ਨੇ ਉਸ ਨੂੰ ਗੰਨਮੈਨ ਦੇ ਰੱਖਿਆ ਹੈ। ਡਿਊਟੀ ਤੋਂ ਭਗੌੜਾ ਅਤੇ 'ਦਵਿੰਦਰ ਥਾਪਾ' ਤੋਂ 'ਦਵਿੰਦਰ ਸਿੰਘ ਗਿੱਲ' ਬਣਿਆ ਮੰਤਰੀਆਂ ਦੀ ਦਲਾਲੀ ਕਰਨ ਵਾਲਾ ਬੰਦਾ ਜੇ ਪੁਲਿਸ ਦੇ ਸੂਬਾ ਹੈਡ ਕੁਆਰਟਰ ਤੋਂ ਗੰਨਮੈਨ ਲੈ ਸਕਦਾ ਹੈ ਤਾਂ ਏਦਾਂ ਦੇ ਫਰਾਡੀਆਂ ਦੀ ਪੜਤਾਲ ਇਹ ਪੁਲਿਸ ਕਿਵੇਂ ਕਰੇਗੀ? ਇਸ ਸਵਾਲ ਦਾ ਸਬੰਧ ਮੰਤਰੀਆਂ ਦੇ ਅਸਤੀਫੇ ਨਾਲ ਨਹੀਂ, ਪੰਜਾਬ ਦੇ ਉਨ੍ਹਾਂ ਹਾਲਾਤ ਨਾਲ ਹੈ, ਜਿਨ੍ਹਾਂ ਵਿਚ ਸਰਕਾਰ ਚੱਲਦੀ ਪਈ ਹੈ।

ਅਸੀਂ ਉਸ ਦੌਰ ਵਿਚੋਂ ਲੰਘ ਰਹੇ ਹਾਂ, ਜਿੱਥੇ ਇਤਿਹਾਸ ਸਿਰਜਿਆ ਜਾ ਰਿਹਾ ਹੈ। ਇੱਕ ਮਿਸਾਲ ਇਹ ਸੀ ਕਿ ਸੋਹਣ ਸਿੰਘ ਠੰਡਲ ਨਾਂ ਦੇ ਇੱਕ ਬੰਦੇ ਨੂੰ ਓਦੋਂ ਅਦਾਲਤ ਨੇ ਭ੍ਰਿਸ਼ਟਾਚਾਰ ਦੇ ਦੋਸ਼ ਵਿਚ ਤਿੰਨ ਸਾਲ ਦੀ ਕੈਦ ਦੀ ਸਜ਼ਾ ਦਿੱਤੀ, ਜਦੋਂ ਉਹ ਪੰਜਾਬ ਸਰਕਾਰ ਦੀ ਵਜ਼ੀਰੀ ਝੰਡੀ ਵਾਲੀ ਕਾਰ ਵਿਚ ਤਰੀਕ ਭੁਗਤਣ ਪੁੱਜਾ ਸੀ। ਇਸ ਤਰ੍ਹਾਂ ਅੱਜ ਤੱਕ ਕਦੇ ਨਹੀਂ ਸੀ ਹੋਇਆ। ਦੂਜੀ ਮਿਸਾਲ ਇਹ ਸੀ ਕਿ ਰਾਜ ਖੁਰਾਣਾ ਨਾਂ ਦਾ ਬੰਦਾ ਸੀ ਬੀ ਆਈ ਦਾ ਰਿਮਾਂਡ ਓਦੋਂ ਕੱਟ ਰਿਹਾ ਸੀ, ਜਦੋਂ ਉਹ ਪੰਜਾਬ ਦਾ ਵਜ਼ੀਰੀ ਅਹੁਦੇ ਵਰਗਾ ਚੀਫ ਪਾਰਲੀਮਾਨੀ ਸਕੱਤਰ ਸੀ। ਇਸ ਤਰ੍ਹਾਂ ਵੀ ਅੱਗੇ



*ਸੋਹਣ ਸਿੰਘ ਠੰਡਲ*

ਕਦੇ ਨਹੀਂ ਸੀ ਹੋਇਆ। ਤੀਜੀ ਮਿਸਾਲ ਇਹ ਕਿ ਸਵਰਨਾ ਰਾਮ ਤੇ ਮਨੋਰੰਜਨ ਕਾਲੀਆ ਨਾਂ ਦੇ ਦੋ ਬੰਦੇ ਓਦੋਂ ਭ੍ਰਿਸ਼ਟਾਚਾਰ ਦੇ ਦੋਸ਼ ਵਿਚ ਸੀ ਬੀ ਆਈ ਦੀ ਪੁੱਛ-ਪੜਤਾਲ ਦਾ ਸਾਹਮਣਾ ਕਰਨ ਪਹੁੰਚੇ, ਜਦੋਂ ਉਹ ਕੈਬਨਿਟ ਰੈਂਕ ਦੇ ਮੰਤਰੀ ਸਨ। ਇਸ ਤਰ੍ਹਾਂ ਵੀ ਪਹਿਲਾਂ ਕਦੇ ਨਹੀਂ ਸੀ ਹੋਇਆ। ਚੌਥੀ, ਇਹ ਵੀ ਕਿ 'ਵੱਖਰੀ-ਨਿਆਰੀ' ਕਹਾਉਣ ਵਾਲੀ ਪਾਰਟੀ ਦੇ ਸਾਰੇ ਮੰਤਰੀਆਂ ਨੂੰ ਭ੍ਰਿਸ਼ਟਾਚਾਰ ਦੇ ਦੋਸ਼ ਲੱਗਣ ਕਾਰਨ ਅਸਤੀਫੇ ਦੇਣੇ ਪਏ ਹਨ। ਹੋਇਆ ਤਾਂ ਇਸ ਤਰ੍ਹਾਂ ਵੀ ਅੱਗੇ ਕਦੀ ਨਹੀਂ ਸੀ।

ਹਾਲੇ ਨੌਂ ਮਹੀਨੇ ਰਹਿੰਦੇ ਹਨ ਇਸ ਸਰਕਾਰ ਦੇ, ਜਿਨ੍ਹਾਂ ਵਿਚ ਕੁਝ ਹੋਰ 'ਇਤਿਹਾਸਕ' ਮਿਸਾਲਾਂ ਪੇਸ਼ ਹੋ ਸਕਦੀਆਂ ਹਨ, ਪਰ ਇਨ੍ਹਾਂ ਵਿਚ ਇਹੋ ਜਿਹੀ ਕਿਹੜੀ ਹੈ, ਜਿਸ ਉਤੇ ਪੰਜਾਬ ਦੇ ਲੋਕ ਮਾਣ ਕਰ ਸਕਣ?


**ਜਾਇਦਾਦ ਦੀ ਖਰੀਦ-ਵੇਚ**

**ਚੰਡੀਗੜ੍ਹ, ਮੋਹਾਲੀ, ਪੰਚਕੂਲਾ ਅਤੇ ਆਸ-ਪਾਸ ਦੇ ਇਲਾਕਿਆਂ ਵਿਚ ਜ਼ਮੀਨ-ਜਾਇਦਾਦ ਦੀ ਖਰੀਦ-ਵੇਚ ਲਈ ਸੰਪਰਕ ਕਰੋ**

**ਪੂਨੀਆ ਰੀਅਲ ਅਸਟੇਟ:94173-34049**

**ਅਸੀਂ ਜਾਇਦਾਦ ਦੀ ਮੈਨੇਜਮੈਂਟ ਦਾ ਕੰਮ ਵੀ ਕਰਦੇ ਹਾਂ**

# ਅੰਨ੍ਹਾ ਵੰਡੇ ਰਿਉੜੀਆਂ ਮੁੜ-ਮੁੜ ਆਪਣਿਆਂ ਨੂੰ

**ਬਠਿੰਡਾ:** ਪੰਜਾਬ ਦੀ ਅਕਾਲੀ-ਭਾਜਪਾ ਸਰਕਾਰ ਲਈ 'ਅੰਨ੍ਹਾ ਵੰਡੇ ਰਿਉੜੀਆਂ ਮੁੜ-ਮੁੜ ਆਪਣਿਆਂ ਨੂੰ' ਕਹਾਵਤ ਬਿੱਲਕੁਲ ਢੁਕਵੀਂ ਬੈਠ ਰਹੀ ਹੈ। ਭਾਵੇਂ ਸਾਰਾ ਪੰਜਾਬ ਅਰਥਿਕ ਥੋੜਾਂ ਨਾਲ ਜੂਝ ਰਿਹਾ ਹੈ ਪਰ ਬਾਦਲਾਂ ਨੇ ਖ਼ਜ਼ਾਨੇ ਦਾ ਮੂੰਹ ਆਪਣੇ ਹਲਕਿਆਂ ਵੱਲ ਖੋਲ੍ਹ ਦਿੱਤਾ ਹੈ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਤਾਂ ਆਪਣੇ ਹਲਕੇ ਲਈ ਫੰਡਾਂ ਦਾ ਮੀਂਹ ਵਰ੍ਹਾ ਦਿੱਤਾ ਹੈ। ਬੰਧਨ ਮੁਕਤ ਫੰਡ ਏਨੇ ਪੰਜਾਬ ਦੇ ਹਿੱਸੇ ਨਹੀਂ ਆਏ ਜਿੰਨੇ ਹਲਕਾ ਲੰਬੀ ਵਿਚ ਪੁੱਜੇ ਹਨ। ਉਧਰ ਉਪ ਮੁੱਖ ਮੰਤਰੀ ਨੇ ਬਠਿੰਡਾ ਹਲਕੇ ਨੂੰ ਇਨ੍ਹਾਂ ਫੰਡਾਂ ਨਾਲ 'ਨਿਹਾਲ' ਕਰ ਦਿੱਤਾ ਹੈ ਤੇ ਮਨਪ੍ਰੀਤ ਸਿੰਘ ਬਾਦਲ ਇਸ ਮਾਮਲੇ ਵਿਚ ਤਾਂ ਵੱਡੇ-ਛੋਟੇ ਬਾਦਲ ਨੂੰ ਵੀ ਪਿੱਛੇ ਛੱਡ ਗਏ ਹਨ। ਬੰਧਨ-ਮੁਕਤ ਫੰਡਾਂ ਦੀ ਚਾਰ ਵਰ੍ਹਿਆਂ ਦੀ ਸੂਚਨਾ ਇਹ ਗਵਾਹੀ ਭਰਦੀ ਹੈ ਕਿ ਖ਼ਜ਼ਾਨੇ ਦਾ ਮੂੰਹ ਸਿਰਫ਼ ਬਾਦਲ ਪਰਿਵਾਰ ਦੇ ਹਲਕਿਆਂ ਵਿਚ ਖੁੱਲ੍ਹਿਆ ਹੈ। ਇਸ 'ਖਾਸ' ਪਰਿਵਾਰ ਨੇ 67.50 ਫੀਸਦੀ ਬੰਧਨ ਮੁਕਤ ਫੰਡ ਆਪਣੇ ਹਲਕਿਆਂ ਵਿਚ ਵੰਡੇ ਹਨ।

ਬੰਧਨ-ਮੁਕਤ ਫੰਡਾਂ ਦੀ ਧਾਰਨਾ ਸਾਲ 1988-89 ਦੌਰਾਨ ਹੰਗਾਮੀ ਕਾਰਜ ਕਰਨ ਦੇ ਮਕਸਦ ਨਾਲ ਸ਼ੁਰੂ ਕੀਤੀ ਗਈ ਸੀ। ਇਹ ਫੰਡ ਮੁੱਖ ਤੌਰ 'ਤੇ ਰਹਿ ਗਏ ਖੱਪਿਆਂ ਨੂੰ ਭਰਨ ਤੇ ਅਧੂਰੀਆਂ ਜਨ ਉਪਯੋਗੀ ਸੰਪਤੀਆਂ/ਸੇਵਾਵਾਂ ਨੂੰ ਮੁਕੰਮਲ ਕਰਨ ਲਈ ਰੱਖੇ ਜਾਂਦੇ ਹਨ। ਮੁੱਖ ਮੰਤਰੀ, ਉਪ ਮੁੱਖ ਮੰਤਰੀ ਤੇ ਵਿੱਤ ਮੰਤਰੀ ਵੱਲੋਂ ਇਹ ਫੰਡ ਵੰਡੇ ਜਾਂਦੇ ਹਨ। ਇਸ ਤਹਿਤ ਇਕ ਕੰਮ ਨੂੰ ਵੱਧ ਤੋਂ ਵੱਧ 50 ਲੱਖ ਰੁਪਏ ਦੀ ਰਾਸ਼ੀ ਜਾਰੀ ਹੋ ਸਕਦੀ ਹੈ। ਯੋਜਨਾਬੰਦੀ ਵਿਭਾਗ ਨੇ 14 ਫਰਵਰੀ 2011 ਨੂੰ ਇਹ ਫੰਡ ਮਹਿਲਾ ਮੰਡਲਾਂ, ਰਜਿਸਟਰਡ ਸੰਸਥਾਵਾਂ ਤੇ ਨਵਾਂ ਸਾਜ਼ੋ ਸਾਮਾਨ ਖਰੀਦਣ ਆਦਿ ਲਈ ਦੇਣ ਦੀਆਂ ਸੋਧਾਂ ਪਾਸ ਕੀਤੀਆਂ ਹਨ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਮਾਲੀ ਸਾਲ 2010-11 ਦੌਰਾਨ 6 ਕਰੋੜ ਰੁਪਏ ਦੇ ਬੰਧਨ ਮੁਕਤ ਫੰਡ ਵੰਡੇ ਹਨ ਜਿਨ੍ਹਾਂ ਵਿਚੋਂ 5.23 ਕਰੋੜ ਰੁਪਏ ਇਕੱਲੇ ਹਲਕਾ ਲੰਬੀ ਵਿਚ ਵੰਡੇ ਗਏ ਜੋ 87.10 ਫੀਸਦੀ ਬਣਦੇ ਹਨ। ਇਸ ਮਾਲੀ ਵਰ੍ਹੇ ਦੌਰਾਨ ਮੁੱਖ ਮੰਤਰੀ ਨੇ ਪੰਜਾਬ ਦੇ 13 ਜ਼ਿਲ੍ਹਿਆਂ ਨੂੰ ਇਨ੍ਹਾਂ ਫੰਡਾਂ ਵਿਚੋਂ ਇਕ ਪਾਈ ਵੀ ਨਹੀਂ ਦਿੱਤੀ ਤੇ ਬਾਕੀ ਪੰਜਾਬ ਦੇ ਹਿੱਸੇ ਕੇਵਲ 77 ਲੱਖ ਰੁਪਏ ਹੀ ਆਏ।

ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਸਾਲ 2010-11 ਵਿਚ ਪੰਜ ਕਰੋੜ ਰੁਪਏ ਇਨ੍ਹਾਂ ਫੰਡਾਂ ਵਿਚੋਂ ਵੰਡੇ ਜਿਨ੍ਹਾਂ ਵਿਚੋਂ 4.02 ਕਰੋੜ ਰੁਪਏ ਇਕੱਲੇ ਬਠਿੰਡਾ ਹਲਕੇ ਵਿਚ ਵੰਡ ਦਿੱਤੇ ਗਏ ਜੋ 80 ਫੀਸਦੀ ਬਣਦੇ ਹਨ। ਉਪ ਮੁੱਖ ਮੰਤਰੀ ਨੇ ਬਾਕੀ ਬਚੇ ਫੰਡਾਂ ਵਿਚੋਂ 50 ਲੱਖ ਦੇ ਫੰਡ ਆਪਣੇ ਰਿਸ਼ਤੇਦਾਰ ਬਿਕਰਮ ਸਿੰਘ ਮਜੀਠੀਆ ਦੇ ਹਲਕਾ ਮਜੀਠਾ ਵਿਚ ਵੰਡੇ ਹਨ। ਪੰਜਾਬ ਦੇ 14 ਜ਼ਿਲ੍ਹਿਆਂ ਵਿਚ ਉਨ੍ਹਾਂ ਦਾ ਕੋਈ ਫੰਡ ਨਹੀਂ ਪੁੱਜਿਆ ਹੈ। ਸੁਖਬੀਰ ਬਾਦਲ ਨੇ ਇਨ੍ਹਾਂ ਫੰਡਾਂ ਵਿਚੋਂ 3.96 ਕਰੋੜ ਰੁਪਏ ਇਕੱਲੇ ਟੇਲਾਂ 'ਤੇ ਟਿਊਬਵੈੱਲ ਲਾਉਣ ਲਈ ਵੰਡੇ। ਮੁੱਖ ਮੰਤਰੀ ਨੇ 2007-08 ਤੋਂ 2010-11 ਤੱਕ ਦੇ ਚਾਰ ਵਰ੍ਹਿਆਂ ਦੌਰਾਨ ਕੁੱਲ 38.50 ਕਰੋੜ ਰੁਪਏ ਬੰਧਨ-ਮੁਕਤ ਫੰਡ ਵੰਡੇ ਗਏ ਹਨ ਜਿਨ੍ਹਾਂ ਵਿਚੋਂ 21.97 ਕਰੋੜ ਰੁਪਏ ਇਕੱਲੇ ਲੰਬੀ ਹਲਕੇ ਵਿਚ ਵੰਡੇ ਗਏ।

ਇਸ ਸਮੇਂ ਦੌਰਾਨ ਮੁੱਖ ਮੰਤਰੀ ਨੇ 467 ਗਰਾਂਟਾਂ ਦੀ ਵੰਡੀਆਂ ਜਿਸ ਵਿਚੋਂ ਲੰਬੀ ਹਲਕੇ ਵਿਚ 284 ਗਰਾਂਟਾਂ ਵੰਡੀਆਂ ਗਈਆਂ ਹਨ। ਮਾਲੀ ਸਾਲ 2009-10 ਦੌਰਾਨ ਮੁੱਖ ਮੰਤਰੀ ਨੇ 5.50 ਕਰੋੜ ਰੁਪਏ ਬੰਧਨ ਮੁਕਤ ਫੰਡਾਂ ਦੇ ਵੰਡੇ ਜਿਨ੍ਹਾਂ ਵਿਚੋਂ 3.51 ਕਰੋੜ ਰੁਪਏ ਇਕੱਲੇ ਆਪਣੇ ਹਲਕੇ ਵਿਚ ਵੰਡੇ। ਉਸ ਸਾਲ ਪੰਜਾਬ ਦੇ 9 ਜ਼ਿਲ੍ਹਿਆਂ ਨੂੰ ਇਨ੍ਹਾਂ ਫੰਡਾਂ ਵਿਚੋਂ ਕੋਈ ਹਿੱਸਾ ਨਹੀਂ ਮਿਲਿਆ। ਇਸ ਤਰ੍ਹਾਂ ਸਾਲ 2008-09 ਵਿਚ ਮੁੱਖ ਮੰਤਰੀ ਨੇ 17 ਕਰੋੜ ਦੇ ਇਹ ਫੰਡ ਵੰਡੇ ਜਿਨ੍ਹਾਂ ਵਿਚੋਂ 11.12 ਕਰੋੜ ਰੁਪਏ ਇਕੱਲੇ ਲੰਬੀ ਵਿਚ ਵੰਡੇ ਗਏ ਹਨ। ਸਾਲ 2008-09 ਵਿਚ ਮੁੱਖ ਮੰਤਰੀ ਨੇ 1.70 ਕਰੋੜ ਰੁਪਏ ਬਠਿੰਡਾ ਹਲਕੇ ਵਿਚ ਵੰਡੇ। ਸਾਲ 2007-08 ਦੌਰਾਨ ਮੁੱਖ ਮੰਤਰੀ ਨੇ 10 ਕਰੋੜ ਵਿਚੋਂ 2.11 ਕਰੋੜ ਰੁਪਏ ਲੰਬੀ ਹਲਕੇ ਵਿਚ ਵੰਡੇ।

ਉਧਰ ਬਾਗੀ ਆਗੂ ਮਨਪ੍ਰੀਤ ਸਿੰਘ ਬਾਦਲ ਨੇ ਬਤੌਰ ਖ਼ਜ਼ਾਨਾ ਮੰਤਰੀ ਚਾਰ ਵਰ੍ਹਿਆਂ ਦੌਰਾਨ 93.37 ਫੀਸਦੀ ਬੰਧਨ ਮੁਕਤ ਫੰਡ ਇਕੱਲੇ ਹਲਕਾ ਗਿੱਦੜਬਾਹਾ ਨੂੰ ਵੰਡੇ ਹਨ। ਖਾਸ ਗੱਲ ਇਹ ਰਹੀ ਹੈ ਕਿ ਇਨ੍ਹਾਂ ਫੰਡਾਂ ਵਿਚੋਂ ਇਕ ਪੈਸਾ ਵੀ ਉਸ ਕਲੱਬ ਜਾਂ ਸੰਸਥਾ ਦੇ ਹਿੱਸੇ ਨਹੀਂ ਆਇਆ ਜੋ ਸ਼ਹੀਦਾਂ ਦੇ ਨਾਂ 'ਤੇ ਬਣੀ ਹੋਈ ਸੀ। ਪੰਜਾਬ ਦੇ 15 ਤੋਂ 17 ਜ਼ਿਲ੍ਹੇ ਹਰ ਸਾਲ ਮਨਪ੍ਰੀਤ ਵੱਲੋਂ ਵੰਡੇ ਫੰਡਾਂ ਤੋਂ ਵਾਂਝੇ ਰਹੇ ਹਨ। ਮਨਪ੍ਰੀਤ ਬਾਦਲ ਨੇ ਮਾਲੀ ਸਾਲ 2010-11 ਦੌਰਾਨ 1.22 ਕਰੋੜ ਦੇ ਬੰਧਨ-ਮੁਕਤ ਫੰਡ ਵੰਡੇ ਜਿਨ੍ਹਾਂ ਵਿਚੋਂ ਉਨ੍ਹਾਂ ਨੇ ਗਿੱਦੜਬਾਹਾ ਹਲਕੇ ਵਿਚ 1.11 ਕਰੋੜ ਰੁਪਏ ਵੰਡੇ। ਸਾਲ 2009-10 ਦੌਰਾਨ ਤਤਕਾਲੀ ਵਿੱਤ ਮੰਤਰੀ ਨੇ 4.90 ਕਰੋੜ ਦੇ ਇਹ ਕੁੱਲ ਫੰਡ ਜਾਰੀ ਕੀਤੇ ਸਨ ਜਿਨ੍ਹਾਂ ਵਿਚੋਂ 4.58 ਕਰੋੜ ਰੁਪਏ ਇਕੱਲੇ ਗਿੱਦੜਬਾਹਾ ਹਲਕੇ ਦੇ ਹਿੱਸੇ ਆਏ। ਪੰਜਾਬ ਦੇ 15 ਜ਼ਿਲ੍ਹੇ ਇਨ੍ਹਾਂ ਫੰਡਾਂ ਨੂੰ ਤਰਸਦੇ ਰਹੇ।ਬਾਕੀ ਪੰਜਾਬ ਦੇ ਹਿੱਸੇ ਕੇਵਲ 32 ਲੱਖ ਰੁਪਏ ਹੀ ਆਏ। ਸਾਲ 2008-09 ਦੌਰਾਨ ਮਨਪ੍ਰੀਤ ਸਿੰਘ ਬਾਦਲ ਨੇ 3 ਕਰੋੜ ਦੇ ਫੰਡ ਜਾਰੀ ਕੀਤੇ ਤੇ ਇਨ੍ਹਾਂ ਫੰਡਾਂ ਵਿਚੋਂ 2.79 ਕਰੋੜ ਦੇ ਫੰਡਾਂ ਦੀ ਵੰਡ ਹਲਕਾ ਗਿੱਦੜਬਾਹਾ ਵਿਚ ਹੋਈ। ਉਸ ਵਰ੍ਹੇ ਵਿਚ ਮਨਪ੍ਰੀਤ ਸਿੰਘ ਬਾਦਲ ਨੇ ਆਪਣੇ ਰਿਸ਼ਤੇਦਾਰ ਵਿਧਾਇਕ ਦੇ ਹਲਕਾ ਜਲੰਧਰ ਛਾਉਣੀ ਨੂੰ 20 ਲੱਖ ਰੁਪਏ ਦਿੱਤੇ। ਪੰਜਾਬ ਦੇ ਬਾਕੀ 17 ਜ਼ਿਲ੍ਹਿਆਂ ਨੂੰ ਕੋਈ ਗਰਾਂਟ ਨਸੀਬ ਨਾ ਹੋ ਸਕੀ। ਸਾਲ 2007-08 ਦੌਰਾਨ ਤਤਕਾਲੀ ਵਿੱਤ ਮੰਤਰੀ ਨੇ 4 ਕਰੋੜ ਵਿਚੋਂ 3.68 ਕਰੋੜ ਰੁਪਏ ਗਿੱਦੜਬਾਹਾ ਹਲਕੇ ਵਿਚ ਵੰਡੇ ਤੇ ਪੰਜ ਲੱਖ ਰੁਪਏ ਜਲੰਧਰ ਕੈਂਟ ਹਲਕੇ ਵਿਚ ਦਿੱਤੇ। ਤਤਕਾਲੀ ਵਿਤ ਮੰਤਰੀ ਨੇ ਇਸ ਸਮੇਂ ਦੌਰਾਨ ਆਪਣੇ ਓ.ਐਸ.ਡੀ ਦੇ ਪਿੰਡ ਘੁੱਦਾ ਨੂੰ ਵੀ ਗਰਾਂਟਾਂ ਦਿੱਤੀਆਂ। ਮੌਜੂਦਾ ਵਿੱਤ ਮੰਤਰੀ ਬੀਬੀ ਉਪਿੰਦਰਜੀਤ ਕੌਰ ਵੀ ਇਸ ਮਾਮਲੇ ਵਿਚ ਘੱਟ ਨਹੀਂ। ਜਦੋਂ ਉਨ੍ਹਾਂ ਦੇ ਹੱਥ ਖ਼ਜ਼ਾਨਾ ਵਿਭਾਗ ਆਇਆ ਤਾਂ ਉਨ੍ਹਾਂ ਨੇ ਬਾਕੀ ਪੰਜਾਬ ਨੂੰ ਫੁੱਟੀ ਕੌਡੀ ਵੀ ਨਹੀਂ ਦਿੱਤੀ।

ਮਾਲੀ ਸਾਲ 2010-11 ਦੌਰਾਨ ਬੀਬੀ ਉਪਿੰਦਰਜੀਤ ਕੌਰ ਵੱਲੋਂ 4.77 ਕਰੋੜ ਰੁਪਏ ਦੇ ਬੰਧਨ ਮੁਕਤ ਫੰਡ ਵੰਡੇ ਗਏ ਤੇ ਇਹ ਸਾਰੇ ਫੰਡ ਹੀ ਉਨ੍ਹਾਂ ਨੇ ਕਪੂਰਥਲਾ ਵਿਚ ਵੰਡ ਦਿੱਤੇ ਹਨ। ਤਿੰਨ ਮਹੀਨਿਆਂ ਵਿਚ ਉਨ੍ਹਾਂ ਨੇ 14 ਗਰਾਂਟਾਂ ਵੰਡੀਆਂ ਹਨ। ਬੀਬੀ ਉਪਿੰਦਰਜੀਤ ਕੌਰ ਨੇ ਪੰਜਾਬ ਦੇ ਬਾਕੀ 19 ਜ਼ਿਲ੍ਹਿਆਂ ਵੱਲ ਕੋਈ ਧਿਆਨ ਨਹੀਂ ਦਿੱਤਾ।

## ਭ੍ਰਿਸ਼ਟਾਚਾਰ ਦੇ ਜਿੰਨ ਨੇ ਪੰਜਾਬ ਭਾਜਪਾ ਦੀਆਂ ਚੂਲਾਂ ਹਿਲਾਈਆਂ

ਐਫ.ਆਈ.ਆਰ. ਵਿਚ ਮੰਤਰੀ ਮਨੋਰੰਜਨ ਕਾਲੀਆ ਤੇ ਸਵਰਨਾ ਰਾਮ ਦਾ ਨਾਂ ਵੀ ਆਇਆ ਸੀ। ਸੀ.ਬੀ. ਆਈ. ਨੇ ਪਾਰਟੀ ਦੇ ਦੋਵੇਂ ਮੰਤਰੀਆਂ ਨੂੰ ਨਿੱਜੀ ਤੌਰ 'ਤੇ ਬੁਲਾ ਕੇ ਪੁੱਛਗਿੱਛ ਕੀਤੀ ਸੀ। ਇਸ ਤੋਂ ਬਾਅਦ ਭਾਜਪਾ ਦੇ ਮੰਤਰੀਆਂ ਮਨੋਰੰਜਨ ਕਾਲੀਆ, ਤੀਕਸ਼ਣ ਸੂਦ, ਲਕਸ਼ਮੀ ਕਾਂਤਾ ਚਾਵਲਾ, ਮਾਸਟਰ ਮੋਹਣ ਲਾਲ ਤੇ ਸਵਰਨਾ ਰਾਮ ਤੋਂ ਇਲਾਵਾ ਸੰਸਦੀ ਸਕੱਤਰ ਸੁਖਪਾਲ ਸਿੰਘ ਨੰਨੂ ਤੇ ਡਿਪਟੀ ਸਪੀਕਰ ਸੱਤਪਾਲ ਗੁਸਾਈਂ ਨੂੰ ਅਸਤੀਫ਼ੇ ਦੇਣੇ ਪਏ ਸਨ। ਪਾਰਟੀ ਦੇ ਸੰਸਦੀ ਸਕੱਤਰ ਜਗਦੀਸ਼ ਸਾਹਨੀ ਪਹਿਲਾਂ ਹੀ ਅੰਦਰੂਨੀ ਵਿਵਾਦ ਕਾਰਨ ਅਸਤੀਫਾ ਦੇ ਚੁੱਕੇ ਹਨ। ਰਾਜ ਕੁਮਾਰ ਖੁਰਾਣਾ ਦਾ ਨਾਂ ਭ੍ਰਿਸ਼ਟਾਚਾਰ ਦੇ ਕੇਸ ਵਿਚ ਵੱਜਣ ਕਾਰਨ ਉਨ੍ਹਾਂ ਦਾ ਅਹੁਦਾ ਕੁਝ ਅਰਸਾ ਪਹਿਲਾਂ ਖੁੱਸ ਗਿਆ ਸੀ।

ਭਾਜਪਾ ਵੱਲੋਂ ਦਾਗੀ ਮੰਤਰੀਆਂ ਨੂੰ ਲਾਂਭੇ ਕਰਨ ਨਾਲ ਪਾਰਟੀ 'ਚ ਖਿਚੋ-ਤਾਣ ਵਾਲਾ ਮਾਹੌਲ ਬਣ ਗਿਆ ਹੈ। ਇਸ ਦੇ ਰੋਸ ਵਜੋਂ 15 ਮਈ ਨੂੰ ਚੰਡੀਗੜ੍ਹ 'ਚ ਹੋਈ ਪੰਜਾਬ ਭਾਜਪਾ ਦੀ ਸੂਬਾਈ ਕਾਰਜਕਾਰਨੀ ਦੀ ਮੀਟਿੰਗ 'ਚੋਂ ਬੀਬੀ ਲਕਸ਼ਮੀ ਕਾਂਤਾ ਚਾਵਲਾ ਤੇ ਸਾਬਕਾ ਟਰਾਂਸਪੋਰਟ ਮੰਤਰੀ ਮਾਸਟਰ ਮੋਹਣ ਲਾਲ ਗੈਰਹਾਜ਼ਰ ਰਹੇ। ਬੀਬੀ ਚਾਵਲਾ ਮੀਟਿੰਗ ਦੇ ਸ਼ੁਰੂ ਹੋਣ ਸਮੇਂ ਚੰਡੀਗੜ੍ਹ ਵਿਚ ਹੋਣ ਦੇ ਬਾਵਜੂਦ ਸ਼ਾਮਲ ਨਾ ਹੋਏ ਜਦੋਂਕਿ ਮਾਸਟਰ ਮੋਹਣ ਲਾਲ ਨੇ ਤਾਂ ਮੰਤਰੀ ਮੰਡਲ ਦੇ ਵਿਸਥਾਰ ਸਮਾਗਮ ਵਿਚ ਵੀ ਸ਼ਿਰਕਤ ਨਾ ਕਰਕੇ ਆਪਣੀ ਨਾਰਾਜ਼ਗੀ ਜ਼ਾਹਿਰ ਕੀਤੀ। ਮੀਟਿੰਗ ਵਿਚ ਵਿਧਾਇਕ ਸੀਤਾ ਰਾਮ ਤੇ ਅਨਿਲ ਜੋਸ਼ੀ ਵੀ ਨਹੀਂ ਆਏ।

ਸਮਝਿਆ ਜਾ ਰਿਹਾ ਹੈ ਕਿ ਇਹ ਦੋਵੇਂ ਵਿਧਾਇਕ ਮੁੱਖ ਸੰਸਦੀ ਸਕੱਤਰ ਦੇ ਅਹੁਦੇ ਦੇ ਦਾਅਵੇਦਾਰ ਸਨ ਪਰ ਦੋਵਾਂ ਦੀਆਂ ਆਸਾਂ ਨੂੰ ਬੂਰ ਨਹੀਂ ਪਿਆ।। ਉਂਜ ਭਾਜਪਾ ਦੇ ਪੰਜਾਬ ਬਾਰੇ ਇੰਚਾਰਜ ਤੇ ਕੌਮੀ ਮੀਤ ਪ੍ਰਧਾਨ ਸ਼ਾਂਤਾ ਕੁਮਾਰ ਨੇ ਦਾਅਵਾ ਕੀਤਾ ਕਿ ਬੀਬੀ ਚਾਵਲਾ ਸਿਹਤ ਖਰਾਬ ਹੋਣ ਕਰਕੇ ਮੀਟਿੰਗ ਵਿਚ ਸ਼ਾਮਲ ਨਹੀਂ ਹੋ ਸਕੇ। ਦੂਜੇ ਪਾਸੇ ਬੀਬੀ ਚਾਵਲਾ ਦੇ ਕਰੀਬੀਆਂ ਅਨੁਸਾਰ ਉਹ ਉਸ ਦਿਨ ਬਾਅਦ ਦੁਪਹਿਰ ਪੀ.ਜੀ.ਆਈ. 'ਚ ਮੁੱਖ ਮੰਤਰੀ ਦੀ ਪਤਨੀ ਸੁਰਿੰਦਰ ਕੌਰ ਬਾਦਲ ਦੀ ਖ਼ਬਰ ਲੈਣ ਲਈ ਗਏ ਹੋਏ ਸਨ।

ਬੀਬੀ ਚਾਵਲਾ ਅਤੇ ਉਨ੍ਹਾਂ ਦੇ ਸਮਰਥਕਾਂ ਦਾ ਰੋਸਾ ਹੈ ਕਿ ਬੀਬੀ ਚਾਵਲਾ ਨੂੰ ਘੱਟ ਮਹੱਤਤਾ ਵਾਲਾ ਮਹਿਕਮਾ ਦਿੱਤਾ ਗਿਆ ਹੈ। ਬੀਬੀ ਚਾਵਲਾ ਨੇ ਨਵੇਂ ਮਿਲੇ ਮਹਿਕਮੇ 'ਤੇ ਨਾਖੁਸ਼ੀ ਪ੍ਰਗਟ ਕਰਦਿਆਂ ਕਿਹਾ ਕਿ ਉਹ ਮੁੱਖ ਮੰਤਰੀ ਤੋਂ ਸਿਹਤ ਵਿਭਾਗ ਦੀ ਹੀ ਮੰਗ ਕਰਨਗੇ। ਮੀਟਿੰਗ ਵਿਚ ਵੀ ਸਾਬਕਾ ਮੰਤਰੀ ਮਨੋਰੰਜਨ ਕਾਲੀਆ ਸਮੇਤ ਕਈ ਵਿਧਾਇਕਾਂ ਵੱਲੋਂ ਵੀ ਰੋਸ ਪ੍ਰਗਟ ਕੀਤਾ ਗਿਆ। ਸ੍ਰੀ ਕਾਲੀਆ ਨੇ ਪਾਰਟੀ ਦੀ ਕੌਮੀ ਲੀਡਰਸ਼ਿਪ 'ਤੇ ਉਨ੍ਹਾਂ ਨੂੰ 'ਬੇਇੱਜ਼ਤ' ਕੀਤੇ ਜਾਣ ਦੇ ਦੋਸ਼ ਲਾਏ ਹਨ।


**Law Offices of Gill & Heridis**

Immigration Services
- Family Petitions
- Marriage Petitions
- Fiance Visas
- Vawa Petitions
- Consular Processing
- Worker Visas

- 9th Circuit Appeals
- BIA Appeals
- Removal Defense
- Asylum

Personal Injury
- Auto Collision



Bhupinder Gill
Attorney at Law
(Admitted in CA)

*Call for free initial consultation*

(408) 940-6065, (408) 736-5203

Email: gill@ghfirm.com Web: www.ghfirm.com

830 Stewart Drive, Suite#231, Sunnyvale, CA 94085



**ਯੂਬਾ ਸਿਟੀ ਵਿਚ ਤੁਹਾਡੀ ਆਪਣੀ ਟਾਇਰ ਅਤੇ ਆਟੋ ਰਿਪੇਅਰ ਸ਼ਾਪ**

**Lucky Tire & Auto Repair**

ਤੁਹਾਡੀ ਸੇਵਾ ਲਈ ਦੋ ਲੋਕੇਸ਼ਨਾਂ

*909 Garden Hwy*

*660 Culussa Hwy*




ਟਾਇਰ ਸਪੈਸ਼ਲ $99/-

ਆਇਲ ਚੇਂਜ਼ ਸਪੈਸ਼ਲ $24.99+ਲੇਬਰ ਅਤੇ ਡਿਸਪੋਜ਼ਲ ਫੀਸ

ਫਰੰਟ ਐਕਸਲ ਬਰੇਕ ਜਾਬ ਸਪੈਸ਼ਲ $44.95 (ਸਿਰਫ਼ ਲੇਬਰ)

ਟਿਊਨ ਅਪ ਸਪੈਸ਼ਲ $79.99 (ਬੇਸਿਕ ਕਾਰ)

ਫੋਨ:530-755-4037, 530-673-4001



**ATM's & Credit Card Terminals at Lowest Prices! No Hidden Fees.**

Merchant Accounts-Grocery, Motels, Limos/Taxis, Gas stations.

Credit card terminals -Verifone, Hypercom...

Transfer existing CC processing to us for lower rates.

*99% approved same day.* We specialize in high risk businesses.

ATMs – TRANAX/TRITON/WRG, starting at $69/mo.*
*(Perfect for retail stores, hotels, gas stations, etc.)*

*Need Money?* We provide cash advance against credit card processing with NO collateral or personal guaran-tee.

Online Data Corp. is a registered ISO/MSP of Wells Fargo Bank N.A.
*Credit restrictions apply.




Call SAGAR HANDA at: 773-416-8526
or 773-935-VISA, SagarATM@yahoo.com

www.GoldCoastATM.com

FREE CREDIT CARD TERMINAL!

# ਪੰਜਾਬੀ ਕਲਚਰਲ ਸੁਸਾਇਟੀ ਦੀਆਂ ਨਿਵੇਕਲੀਆਂ ਪੈੜਾਂ

**ਹਰਜਿੰਦਰ ਸਿੰਘ ਪੰਧੇਰ**

**ਸਟਾਕਟਨ:** 'ਪੰਜਾਬੀ ਕਲਚਰਲ ਸੁਸਾਇਟੀ ਲੋਡਾਈ ਤੇ ਸਟਾਕਟਨ' ਨਵੇਂ ਫੁੱਟ ਰਹੇ ਸਿਤਾਰੇ ਵਰਗੀ ਹੈ ਜਿਸ ਨੇ ਆਪਣੀ ਰੋਸ਼ਨੀ ਤੇ ਰੰਗ ਹਾਲੇ ਰੁਕ-ਰੁਕ ਕੇ ਬਖੇਰਨੇ ਸ਼ੁਰੂ ਕੀਤੇ ਹਨ। ਕੋਈ 6 ਕੁ ਵਰ੍ਹੇ ਪਹਿਲਾਂ 2004 ਵਿਚ ਇਹ ਸੰਸਥਾ ਪੰਜਾਬ ਤੋਂ ਆਏ ਪਰਿਵਾਰਾਂ ਅਤੇ ਉਨ੍ਹਾਂ ਦੇ ਬੱਚਿਆਂ ਨੂੰ ਕਿਸੇ ਨਾ ਕਿਸੇ ਢੰਗ ਨਾਲ ਪੰਜਾਬੀ ਸੱਭਿਆਚਾਰ ਨਾਲ ਜੋੜ ਕੇ ਰੱਖਣ ਦੇ ਮੰਤਵ ਨਾਲ ਸ਼ੁਰੂ ਹੋਈ।

ਇਸ ਸੰਸਥਾ ਨੇ ਆਪਣਾ ਕੰਮ ਬਾਕਾਇਦਾ 2006 ਵਿਚ ਜਗਤਾਰ ਸਿੰਘ ਪ੍ਰੀਤ ਦੀ ਪ੍ਰਧਾਨਗੀ ਹੇਠ, ਬਲਬਹਾਦਰ ਪਾਲ, ਮਨਜੀਤ ਸਿੰਘ ਬਸਰਾਮ ਅਤੇ ਕੁਲਦੀਪ ਕੌਰ ਢੱਟ ਤੋਂ ਇਲਾਵਾ 17 ਮੈਂਬਰਾਂ ਦੀ ਟੀਮ ਨਾਲ ਅਰੰਭ ਕਰਦਿਆਂ ਕੁਝ ਨਿਸ਼ਾਨੇ ਮਿਥੇ। ਇਨ੍ਹਾਂ ਵਿਚ ਮੁੱਖ ਧਰਮ, ਸਭਿਆਚਾਰ ਅਤੇ ਵਿੱਦਿਅਕ ਪਾਸਾਰ ਦੇ ਪ੍ਰੋਗਰਾਮ ਹਨ। 2006 ਵਿਚ ਇਸ ਸੰਸਥਾ ਨੇ ਲੋਹੜੀ ਦਾ ਤਿਉਹਾਰ ਮਨਾਇਆ ਅਤੇ ਆਏ ਲੋਕਾਂ ਦੇ ਮਨਾਂ ਵਿਚ ਪੰਜਾਬ ਦੀ ਲੋਹੜੀ ਦੀ ਯਾਦ ਤਾਜ਼ਾ ਕਰਵਾ ਦਿੱਤੀ ਸੀ। ਪ੍ਰੋਗਰਾਮ ਵਾਹਵਾ ਸਲਾਹਿਆ ਗਿਆ। 2007 ਵਿਚ ਲੋਹੜੀ ਦਾ ਅਗਲਾ ਪ੍ਰੋਗਰਾਮ ਸਟਾਕਟਨ ਦੇ 'ਸਕਾਟਿਸ਼ ਇੰਨ' ਹਾਲ ਵਿਚ ਮਨਾਇਆ। ਇਹ ਵੀ ਕਾਮਯਾਬ ਰਿਹਾ, ਪਰ ਇਸ ਤੋਂ ਬਾਅਦ ਕੁਝ ਕਾਰਨਾਂ ਕਰਕੇ ਲਗਾਤਾਰ ਤਿੰਨ ਸਾਲ ਇਸ ਸੰਸਥਾ ਨੇ ਖਾਮੋਸ਼ੀ ਅਖ਼ਤਿਆਰ ਕਰੀ ਰੱਖੀ। ਨਿੱਕੀ ਕਾਲਰਾ ਦੀ ਪ੍ਰਧਾਨਗੀ ਹੇਠ ਇਸ ਦੀ ਸੁਰਜੀਤੀ ਹੋਈ ਅਤੇ ਇਸ ਵਿਚ ਕੁਝ ਨਵੇਂ ਪ੍ਰੋਗਰਾਮ ਸ਼ਾਮਲ ਕਰਦਿਆਂ ਨਵੀਂ ਦਿੱਖ ਦਿੱਤੀ ਗਈ। ਇਕ ਤਾਂ ਸੀ ਦੇਸੋਂ ਆਏ ਪੰਜਾਬੀ ਪਰਿਵਾਰਾਂ ਦੀ ਸੱਭਿਆਚਾਰਕ ਭੁੱਖ ਦੀ ਤ੍ਰਿਪਤੀ; ਦੂਸਰਾ ਇਥੇ ਜਨਮੇ ਬੱਚਿਆਂ ਵਿਚ ਪੰਜਾਬੀ ਸੱਭਿਆਚਾਰ ਲਈ ਸਨੇਹ ਪੈਦਾ ਕਰਨਾ ਤੇ ਤੀਸਰਾ ਪੰਜਾਬੀ ਸਕੂਲਾਂ ਦੀ ਮਾਲੀ ਇਮਦਾਦ ਕਰਨਾ ਅਤੇ ਨਾਲ ਹੀ ਸ਼ਾਨਦਾਰ ਪ੍ਰਾਪਤੀਆਂ ਕਰਨ ਵਾਲੇ ਬੱਚਿਆਂ ਨੂੰ ਇਨਾਮਾਂ ਤੇ ਵਜ਼ੀਫਿਆਂ ਨਾਲ ਸਨਮਾਨਿਤ ਕਰਨਾ।

ਇਸ ਬਹੁ-ਸਭਿਆਚਾਰੀ ਧਰਤੀ 'ਤੇ ਆਪਣੇ ਸਭਿਆਚਾਰ ਦੀ ਸਥਾਪਨਾ, ਬੇਹੱਦ ਸੰਜੀਦਗੀ ਦੀ ਮੰਗ ਕਰਦਾ ਹੈ; ਨਹੀਂ ਤਾਂ ਇਹ ਸਭ ਕੁਝ ਤਮਾਸ਼ਾ ਬਣ ਕੇ ਰਹਿ ਜਾਵੇਗਾ। ਸਾਡੇ ਬੱਚੇ ਜਦੋਂ ਘਰ ਦੀ ਦਹਿਲੀਜ਼ ਤੋਂ ਬਾਹਰ ਪੈਰ ਧਰਦੇ ਹਨ ਤਾਂ ਉਨ੍ਹਾਂ ਲਈ ਨਵੇਂ ਸੰਸਾਰ ਦੇ ਦਰਵਾਜ਼ੇ ਖੁੱਲ੍ਹਦੇ ਹਨ। ਉਨ੍ਹਾਂ ਦਾ ਵਾਹ ਦੇਸ਼, ਕੌਮ, ਧਰਮ, ਬੋਲੀ, ਪਹਿਰਾਵਾ, ਖਾਣਪੀਣ ਅਤੇ ਹੋਰ ਬਹੁਤ ਸਾਰੀਆਂ ਗੱਲਾਂ ਪੱਖੋਂ ਭਾਂਤ-ਸੁਭਾਂਤੇ ਬੱਚਿਆਂ ਨਾਲ ਪੈਂਦਾ ਹੈ। ਉਹ ਇਸ ਸਭ ਕਾਸੇ ਨੂੰ ਆਪਣੇ ਘਰਾਂ ਜਾਂ ਆਲੇ-ਦੁਆਲੇ ਵਿਚ ਹੁੰਦਾ ਵੇਖਦੇ ਹਨ; ਉਸ ਨਾਲ ਮੇਚਦੇ ਹਨ ਅਤੇ ਆਪਣੇ ਕੁਝ ਫੈਸਲੇ ਕਰਦੇ ਹਨ। ਇਸ ਮਾਨਸਿਕ ਪ੍ਰਕਿਰਿਆ ਨੂੰ ਥੰਮ੍ਹਿਆ ਨਹੀਂ ਜਾ ਸਕਦਾ ਅਤੇ ਜਬਰੀ ਉਨ੍ਹਾਂ 'ਤੇ ਕੁਝ ਥੋਪਿਆ ਨਹੀਂ ਜਾ ਸਕਦਾ। ਅਜਿਹੇ ਹਾਲਾਤ ਵਿਚ ਜੇ ਅਸੀਂ ਆਪਣੇ ਸਮਾਜ ਦਾ ਕੋਈ ਵਧੀਆ ਮਾਡਲ ਉਨ੍ਹਾਂ ਅੱਗੇ ਨਹੀਂ ਰੱਖਾਂਗੇ, ਤਾਂ ਉਹ ਸਾਡੇ ਨਾਲੋਂ ਵਿੱਥ ਪਾ ਜਾਣਗੇ ਜਿਸ ਦੀ ਪੀੜ ਸਾਡੇ ਲਈ ਅਸਹਿ ਹੋ ਜਾਵੇਗੀ।

ਪੰਜਾਬੀ ਕਲਚਰਲ ਸੁਸਾਇਟੀ ਲੋਡਾਈ ਤੇ ਸਟਾਕਟਨ ਨੇ ਕੁਝ ਸਕੂਲਾਂ ਨੂੰ ਅਪਨਾਇਆ ਹੈ ਜਿਥੇ ਸੁਯੋਗ ਤੇ ਲੋੜਵੰਦ ਬੱਚਿਆਂ ਲਈ ਵਜ਼ੀਫਿਆਂ ਦਾ ਪ੍ਰਬੰਧ ਕੀਤਾ ਜਾਵੇਗਾ। ਇਕ ਬਹੁ-ਪੱਖੀ ਕਮਿਊਨਿਟੀ ਹਾਲ ਬਣਾਉਣਾ ਵੀ ਇਸ ਸੰਸਥਾ ਦੇ ਵਿਚਾਰ-ਅਧੀਨ ਹੈ। ਸੰਸਥਾ ਵੱਲੋਂ

(ਬਾਕੀ ਅਗਲੇ ਸਫੇ 'ਤੇ)



















'ਦਸਮੇਸ਼ ਦਰਬਾਰ, ਲੋਡਾਈ ਤੇ ਸਟਾਕਟਨ' ਦੀ ਸਮੇਂ-ਸਮੇਂ 'ਤੇ ਮਾਇਕ ਸੇਵਾ ਕੀਤੀ ਜਾਂਦੀ ਹੈ। ਇਸ ਗੁਰੂ ਘਰ ਦੀ ਚਾਰ ਦੀਵਾਰੀ 'ਚ ਚਲ ਰਹੇ ਪੰਜਾਬੀ ਸਕੂਲ ਦੀ ਵੀ ਮਾਲੀ ਇਮਦਾਦ ਕਰਕੇ ਨਾਮ ਖੱਟਿਆ ਹੈ। ਗੁਰੂ ਘਰ ਦੇ ਕੈਂਪਸ ਵਿਚ ਬਾਸਕਿਟਬਾਲ ਦਾ ਗਰਾਊਂਡ ਵੀ ਇਸ ਸੰਸਥਾ ਦੇ ਸੁਹਿਰਦ ਯਤਨਾਂ ਦਾ ਹਿੱਸਾ ਹੈ।



ਇਸ ਵਰ੍ਹੇ 9 ਅਪਰੈਲ ਨੂੰ ਲੋਡਾਈ ਦੇ 'ਪਰਫਾਰਮਿੰਗ ਆਰਟ ਥੀਏਟਰ' ਵਿਚ ਵਿਸਾਖੀ ਦਾ ਮੇਲਾ ਲਾਇਆ ਗਿਆ ਜਿਸ ਵਿਚ ਸਕੂਲਾਂ ਦੇ ਬੱਚਿਆਂ ਨੇ ਗਿੱਧੇ, ਭੰਗੜੇ, ਨ੍ਰਿਤ ਦੀਆਂ ਆਈਟਮਾਂ ਤੋਂ ਇਲਾਵਾ ਸਕਿੱਟਾਂ ਪੇਸ਼ ਕੀਤੀਆਂ। ਸ੍ਰੀਮਤੀ ਭੁਪਿੰਦਰ ਕੌਰ ਤੇ ਅਨੂਪਮ ਸਿੱਧੂ ਦਾ ਬੱਚਿਆਂ ਨੂੰ ਦਿੱਤਾ ਸਹਿਯੋਗ ਸ਼ਲਾਘਾਯੋਗ ਸੀ। ਪੰਜਾਬੀ ਗਾਇਕਾਂ-ਪ੍ਰੀਤਮ ਸੋਹੀ, ਸੁਖਵੰਤ ਸੁੱਖੀ ਅਤੇ ਭਿੰਦੇ ਜੱਟ ਨੇ ਵੀ ਸਰੋਤਿਆਂ ਦਾ ਮਨੋਰੰਜਨ ਕੀਤਾ।

ਪ੍ਰੋਗਰਾਮ ਵਿਚ ਸ਼ਾਮਲ ਬੱਚਿਆਂ ਦੀ ਹੌਸਲਾ-ਅਫ਼ਜਾਈ ਲਈ ਇਨਾਮ ਵੰਡੇ ਗਏ। ਆਏ ਦਰਸ਼ਕਾਂ ਲਈ ਖਾਣ-ਪੀਣ ਦਾ ਸੁਚੱਜਾ ਪ੍ਰਬੰਧ ਸੀ। ਸਟੇਜ ਸੰਚਾਲਨ ਬਲਬਹਾਦਰ ਪਾਲ ਅਤੇ ਜਗਤਾਰ ਸਿੰਘ ਪ੍ਰੀਤ ਨੇ ਕੀਤਾ।

ਇਸ ਗੈਰ ਮੁਨਾਫਾ ਸੰਸਥਾ ਦਾ ਪ੍ਰਬੰਧ 18 ਮੈਂਬਰੀ ਟੀਮ ਚਲਾ ਰਹੀ ਹੈ ਜਿਸ ਵਿਚ ਪ੍ਰਧਾਨ ਨਿੱਕੀ ਕਾਲਰਾ, ਮੀਤ ਪ੍ਰਧਾਨ ਅਮਰਜੀਤ ਸਿੰਘ ਬੇਦੀ, ਸਕੱਤਰ ਬਲਬਹਾਦਰ ਪਾਲ ਤੇ ਜਗਤਾਰ ਸਿੰਘ ਪ੍ਰੀਤ ਤੋਂ ਇਲਾਵਾ ਅਮਰਜੀਤ ਸਿੰਘ ਦੋਸਾਂਝ, ਅਮਰੀਕ ਸਿੰਘ, ਬਲਬੀਰ ਸਿੰਘ ਢਿੱਲੋਂ, ਬਲਵਿੰਦਰ ਸਿੰਘ, ਚਿਰੰਜੀਵ ਸਿੰਘ ਮਾਂਗਟ, ਗੈਰੀ ਗਰੇਵਾਲ, ਜਸਪਾਲ ਸਿੰਘ ਬਰਾੜ, ਕੁਲਦੀਪ ਕੌਰ ਢੱਟ, ਕੁਲਬੀਰ ਕੌਰ ਢੱਟ, ਮਹੇਸ਼ ਇੰਦਰ ਸਿੱਧੂ, ਮਨਜੀਤ ਸਿੰਘ ਬਸਰਾਮ, ਮਨਮੋਹਨ ਸਿੰਘ ਮਹਿਰੋਕ, ਮਨਰੂਪ ਕੌਰ ਸ਼ੇਰਗਿੱਲ ਤੇ ਪਿਆਰਾ ਸਿੰਘ ਸ਼ਾਮਲ ਹਨ।

# ਮੁਦਰਾ ਕੋਸ਼ ਦਾ ਮੁਖੀ ਜਿਣਸੀ ਛੇੜਛਾੜ ਦੇ ਦੋਸ਼ 'ਚ ਕਾਬੂ

**ਨਿਊ ਯਾਰਕ:** ਕੌਮਾਂਤਰੀ ਮੁਦਰਾਕੋਸ਼ ਦੇ ਮੁਖੀ ਡੌਮਿਨਿਕ ਸਟਰਾਸ ਕਾਹਨ ਨੂੰ ਪੈਰਿਸ ਲਈ ਰਵਾਨਾ ਹੋਣ ਤੋਂ ਕੁਝ ਮਿੰਟ ਪਹਿਲਾਂ ਜਹਾਜ਼ 'ਚੋਂ ਗ੍ਰਿਫ਼ਤਾਰ ਕਰ ਲਿਆ ਗਿਆ। ਉਸ 'ਤੇ ਹੋਟਲ ਦੀ ਇਕ ਵਰਕਰ ਨਾਲ ਜਿਣਸੀ ਛੇੜਛਾੜ ਕਰਨ ਦੇ ਦੋਸ਼ ਹਨ। ਡੌਮਿਨਿਕ ਨੂੰ ਅਗਲੇ ਸਾਲ ਫਰਾਂਸ 'ਚ ਰਾਸ਼ਟਰਪਤੀ ਦੇ ਅਹੁਦੇ ਦਾ ਦਾਅਵੇਦਾਰ ਮੰਨਿਆ ਜਾ ਰਿਹਾ ਹੈ। 62 ਸਾਲਾ ਆਈ.ਐਮ.ਐਫ. ਮੁਖੀ ਨੂੰ ਜੌਹਨ ਐਫ ਕੈਨੇਡੀ ਇੰਟਰਨੈਸ਼ਨਲ ਏਅਰਪੋਰਟ 'ਤੇ ਏਅਰ ਫਰਾਂਸ ਦੇ ਜਹਾਜ਼ ਦੇ ਫਸਟ ਕਲਾਸ ਕੈਬਿਨ 'ਚੋਂ ਨਿਊ ਯਾਰਕ ਤੇ ਨਿਊ ਜਰਸੀ ਦੇ ਪੋਰਟ ਅਥਾਰਟੀ ਦੇ ਅਫਸਰਾਂ ਨੇ ਲਾਹ ਲਿਆ।

ਡੌਮਿਨਿਕ ਮਨਹੱਟਨ ਵਿਚਲੇ ਹੋਟਲ ਦੇ ਕਮਰੇ ਵਿਚ ਉਦੋਂ ਸ਼ਾਵਰ ਲੈ ਰਿਹਾ ਸੀ ਜਦੋਂ ਹੋਟਲ ਦੀ 32 ਸਾਲਾ ਵਰਕਰ ਉਸ ਦੇ ਕਮਰੇ 'ਚ ਆਈ। ਉਹ ਇਕਦਮ ਸ਼ਾਵਰ ਰੂਮ 'ਚੋਂ ਬਾਹਰ ਆਇਆ ਤੇ ਵਰਕਰ ਨਾਲ ਛੇੜਛਾੜ ਤੇ ਧੱਕੇਸ਼ਾਹੀ ਕੀਤੀ ਜਿਸ ਦੀ ਉਸ ਨੇ ਸ਼ਿਕਾਇਤ ਕਰ ਦਿੱਤੀ ਤੇ ਅਖੀਰ ਕਾਹਨ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਉਧਰ ਫਰਾਂਸ ਸਰਕਾਰ ਨੇ ਕਿਹਾ ਹੈ ਕਿ ਡੌਮਿਨਿਕ ਸਟਰਾਸ ਕਾਹਨ ਉਦੋਂ ਤੱਕ ਬੇਕਸੂਰ ਮੰਨੇ ਜਾਣਗੇ ਜਦੋਂ ਤਕ ਉਨ੍ਹਾਂ ਖਿਲਾਫ਼ ਦੋਸ਼ ਸਾਬਤ ਨਹੀਂ ਹੋ ਜਾਂਦੇ।


Omni Video Productions
Professional Videography & Photography
of Bakersfield
For Booking & Information Contact :
Tel: 661-835-8230
Cell: 661-703-6664
email : omnivideo@hotmail.com
Your Photos Visit
www.omnivideousa.com
Shiara Singh Dhindsa
*Weddings & Receptions *Anniversaries & Birthday Parties
*Stage Show & TV Ads *Interviews & Documentaries
CRANE SETUP
- Photography
- Studio Portraits
- Family Photos
- Business Photography
- Digital Photo Mixing
- Designed Wedding Albums
Quality & Creativity



M.K. Nijjar DDS
Ruchi Nijjar DDS
Laser Dentistry
No shots, No Drill, No Pain.
Family Dentistry
Cosmetic Dentistry
Esthetic Crowns, Bridges & Dentures Teeth Whitening * Oral Surgery Root Canal Treatments
Treatments & Prevention of Gum Diseases New Patients & Children Welcome
510-794-7058
WWW.DRNIJJAR.COM
(Across From Washigton Hospital & Bart)
1895 Mowry Ave. Ste 104 Fremont



Dhillon Truck Stop
Dhillon Road Service
Interstate 40, exit 356, San Jon, NM
Gill Manj Gurdaspur Wale
ਪੰਜਾਬੀ ਢਾਬਾ
ਡੀਜ਼ਲ ਅਤੇ ਰੋਡ ਸਰਵਿਸ
New & Used Tires
Oil Change
ਨਿਊ ਮੈਕਸੀਕੋ ਦੀ ਸਕੇਲ ਉਤੇ ਵੀ ਸਰਵਿਸ ਦਿੰਦੇ ਹਾਂ
Ph:575-576-4111, 317-918-6776



Are Worries Keeping You Awake?
Watch Your Business AnyTime Any Place.
ALL-IN-ONE
Attention Business Owners!!
Are You Worried About Your Business When You`re Not There?
Watch your business from anywhere on iPhone with our new technology
QuikStop Shell pm 7 ELEVEN 76 Holiday Inn Denny's Arby's
ਆਪਣੇ ਘਰ ਜਾਂ ਬਿਜਨਸ 'ਤੇ ਸਿਕਿਉਰਟੀ ਸਿਸਟਮ ਲਵਾਓ ਅਤੇ ਨਿਸ਼ਚਿੰਤ ਹੋ ਜਾਓ
Financing & Lease Options For 12, 24, 36 Months Available.
ਵਾਜਬ ਕੀਮਤ ਸਹੀ ਕੰਮ
DVR UNLIMITED
Call:1-(888) 233-4566 www.dvrunlimited.com

# ਨਿਊ ਯਾਰਕ ਦਾ ਦਸਵਾਂ ਕਬੱਡੀ ਕੱਪ ਕੈਲੀਫੋਰਨੀਆ ਨੇ ਜਿੱਤਿਆ

**ਪ੍ਰਿੰ. ਸਰਵਣ ਸਿੰਘ**

**ਨਿਊ ਯਾਰਕ:** ਇੰਟਰਨੈਸ਼ਨਲ ਸਪੋਰਟਸ ਐਂਡ ਕਲਚਰਲ ਆਰਗੇਨਾਈਜੇਸ਼ਨ ਆਫ਼ ਪੰਜਾਬ ਇੰਕ ਵਲੋਂ ਇਥੇ ਸਮੋਕੀ ਪਾਰਕ ਵਿਚ ਲੰਘੀ 15 ਮਈ ਨੂੰ ਕਰਵਾਏ ਗਏ ਕਬੱਡੀ ਕੱਪ ਟੂਰਨਾਮੈਂਟ ਵਿਚ ਗਿਆਰਾਂ ਹਜ਼ਾਰ ਡਾਲਰ ਦਾ ਪਹਿਲਾ ਇਨਾਮ ਅਮਰੀਕਾ ਦੀ ਟੀਮ ਵਜੋਂ ਖੇਡੀ ਕੈਲੀਫੋਰਨੀਆ ਕਬੱਡੀ ਫੈਡਰੇਸ਼ਨ ਦੀ ਟੀਮ ਨੇ ਕੈਨੇਡਾ ਵੈਸਟ ਵਜੋਂ ਖੇਡੀ ਵੈਨਕੂਵਰ ਦੀ ਟੀਮ ਨੂੰ 42 ਦੇ ਮੁਕਾਬਲੇ 44 ਅੰਕਾਂ ਨਾਲ ਹਰਾ ਕੇ ਜਿੱਤ ਲਿਆ। ਇਸ ਮੇਲੇ ਵਿਚ ਬੱਲੀ ਨੂੰ ਬੈਸਟ ਰੇਡਰ ਅਤੇ ਤਾਊ ਨੂੰ ਵਧੀਆ ਜਾਫੀ ਐਲਾਨਿਆ ਗਿਆ।

ਇੰਟਰਨੈਸ਼ਨਲ ਸਪੋਰਟਸ ਐਂਡ ਕਲਚਰਲ ਆਰਗੇਨਾਈਜੇਸ਼ਨ ਦਸਾਂ ਸਾਲਾਂ ਤੋਂ ਕਬੱਡੀ ਟੂਰਨਾਮੈਂਟ ਕਰਾ ਰਹੀ ਹੈ। ਦੋ ਸਾਲ ਪਹਿਲਾਂ ਭਾਰਤ ਤੋਂ ਆਏ ਦੋ ਹੋਛੇ ਖਿਡਾਰੀ ਕਲੱਬ ਦੇ ਪ੍ਰਬੰਧਕਾਂ ਨਾਲ ਵਿਸਾਹਘਾਤ ਕਰ ਕੇ ਕਿਧਰੇ ਲੁਕ ਛਿਪ ਗਏ ਸਨ। ਉਨ੍ਹਾਂ ਦੀ ਰਿਪੋਰਟ ਤੁਰਤ ਪੁਲਿਸ ਨੂੰ ਦੇ ਦਿੱਤੀ ਸੀ ਪਰ ਉਹ ਹੱਥ ਨਹੀਂ ਆਏ। ਪਤਾ ਨਹੀਂ ਉਹ ਕਦੇ ਪੱਕੇ ਹੋਣਗੇ ਜਾਂ ਧੱਕੇ ਹੀ ਖਾਣਗੇ ਪਰ ਉਨ੍ਹਾਂ ਨੇ ਕਬੱਡੀ ਦੀ ਖੇਡ ਤੇ ਖਿਡਾਰੀਆਂ ਦਾ ਕਾਫੀ ਨੁਕਸਾਨ ਕਰ ਦਿੱਤੈ। ਪ੍ਰਬੰਧਕਾਂ ਨੂੰ ਇਕ ਏਜੰਸੀ ਸਹੇੜਨੀ ਪਈ ਜੋ ਉਨ੍ਹਾਂ ਦਾ ਖੁਰਾ ਖੋਜ ਲੱਭੇ। ਉਨ੍ਹਾਂ ਦੇ ਕਾਰਨ ਪਿਛਲੇ ਸਾਲ ਕਬੱਡੀ ਕੱਪ ਨਹੀਂ ਸੀ ਹੋ ਸਕਿਆ ਤੇ ਨਿਊਯਾਰਕੀਏ ਕਬੱਡੀ ਦੇ ਨਜ਼ਾਰੇ ਵੇਖਣੋਂ ਰਹਿ ਗਏ ਸਨ। ਉਨ੍ਹਾਂ ਦੀ ਬਦਨੀਤੀ ਦਾ ਪਰਛਾਵਾਂ ਦਸਵੇਂ ਕਬੱਡੀ ਟੂਰਨਾਮੈਂਟ 'ਤੇ ਵੀ ਪਿਆ ਤੇ ਪੰਜਾਬ ਤੋਂ ਕਈ ਨਾਮਵਰ ਖਿਡਾਰੀ ਇਸ ਟੂਰਨਾਮੈਂਟ ਵਿਚ ਨਹੀਂ ਪਹੁੰਚ ਸਕੇ।

ਇਸ ਕਬੱਡੀ ਮੇਲੇ ਵਿਚ ਪੰਜ ਕਬੱਡੀ ਟੀਮਾਂ ਨੇ ਭਾਗ ਲਿਆ। ਮੇਲਾ ਰਿਚਮੰਡ ਹਿੱਲ ਦੇ ਸਮੋਕੀ ਓਵਲ ਪਾਰਕ ਵਿਚ ਭਰਿਆ ਜੀਹਦੇ ਆਲੇ ਦੁਆਲੇ ਪੰਜਾਬੀਆਂ ਦੀ ਕਾਫੀ ਵਸੋਂ ਹੈ। ਅਸੀਂ ਦਸ ਕੁ ਵਜੇ ਪਾਰਕ ਵਿਚ ਪੁੱਜੇ ਤਾਂ ਮੀਂਹ ਪੈਣ ਕਾਰਨ ਸਾਵਾ ਘਾਹ ਅੱਖਾਂ ਨੂੰ ਤਰਾਵਟ ਬਖ਼ਸ਼ ਰਿਹਾ ਸੀ ਜਿਸ ਉਤੇ ਕਬੱਡੀ ਦਾਇਰੇ ਦੀਆਂ ਸਫੈਦ ਲਕੀਰਾਂ ਲਿਸ਼ਕ ਰਹੀਆਂ ਸਨ। ਪਹਿਲਾਂ ਅਰਦਾਸ ਹੋਈ ਤੇ ਫਿਰ ਢੋਲ ਦੀ ਤਾਲ ਉਤੇ ਟੀਮਾਂ ਦਾ ਮਾਰਚ ਪਾਸਟ ਹੋਇਆ। ਮਾਈਕ ਉਤੇ ਮੇਰੇ ਨਾਲ ਕਲੱਬ ਦਾ



ਜਨਰਲ ਸੈਕਟਰੀ ਰਾਜਕਰਮਬੀਰ ਸਿੰਘ ਤੇ ਹਾਸਿਆਂ ਦਾ ਵਣਜਾਰਾ ਨਰਿੰਦਰ ਪੰਡਤ ਸੀ। ਮੈਚਾਂ ਦੀ ਕੁਮੈਂਟਰੀ ਸੁਖਚੈਨ ਬਰਾੜ ਨੇ ਕੀਤੀ। ਉਸ ਦੀ ਕੁਮੈਂਟਰੀ ਵਿਚ ਹਾਸਾ ਖੇਡਾ ਵੀ ਚਲਦੈ। ਹਾਸੇ ਮਜ਼ਾਕ 'ਚ ਉਹ ਘਰ ਵਾਲੀ ਨੂੰ ਵੀ ਨਹੀਂ ਬਖਸ਼ਦਾ। ਆਖੂ, ਜੀਹਨੇ ਰੁੱਸੀ ਹੋਈ ਘਰ ਵਾਲੀ ਮਨਾ ਲਈ ਸਮਝੋ ਵਿਗੜੀ ਹੋਈ ਮਸ਼ੀਨ ਲੋਟ ਕਰ ਲਈ। ਜਿਹੀ ਘਰ ਵਾਲੀ ਤੋਂ ਛੁੱਟੀ ਲੈ ਲਈ, ਜਿਹਾ ਪੰਜਾਬ ਦੇ ਕਿਸੇ ਠਾਣੇ 'ਚੋਂ ਛੁੱਟ ਗਿਆ!

ਪਹਿਲਾ ਮੈਚ ਕੈਨੇਡਾ ਈਸਟ ਯਾਨਿ ਟੋਰਾਂਟੋ ਤੇ ਨਿਊ ਯਾਰਕ ਦੀਆਂ ਟੀਮਾਂ ਵਿਚਾਲੇ ਹੋਇਆ ਜੋ ਟੋਰਾਂਟੋ ਦੀ ਟੀਮ ਨੇ ਜਿੱਤਿਆ। ਟੋਰਾਂਟੋ ਦੀ ਟੀਮ ਰੇਸ਼ਮ ਰਾਜਸਥਾਨੀ ਤੇ ਹਰਸੇਵਕ ਸਿੰਘ ਲੈ ਕੇ ਆਏ ਸਨ। ਅੰਪਾਇਰਿੰਗ ਲਈ ਟੋਰਾਂਟੋ ਤੋਂ ਸਾਹਬੀ ਸਿੰਘ ਨੂੰ ਸੱਦਿਆ ਗਿਆ ਸੀ। ਕੈਲੀਫੋਰਨੀਆ ਤੋਂ ਦਲਬੀਰ ਚੌਧਰੀ ਤੇ ਗੁਰਮੇਲ ਸਿੰਘ ਦਿਓਲ ਟੀਮ ਲੈ ਕੇ ਆਏ ਤੇ ਅੰਪਾਇਰਿੰਗ ਕਰਨ ਵਿਚ ਸਾਹਬੀ ਦਾ ਸਾਥ ਦਿੱਤਾ। ਦੂਜਾ ਮੈਚ ਕੈਲੀਫੋਰਨੀਆ ਤੇ ਇੰਟਰਨੈਸ਼ਨਲ ਕਲੱਬ ਨਿਊ ਯਾਰਕ ਦੀਆਂ ਟੀਮਾਂ ਵਿਚਕਾਰ ਹੋਇਆ ਜੋ ਕੈਲੀਫੋਰਨੀਆ ਦੀ ਟੀਮ ਨੇ ਸੌਖਿਆਂ ਹੀ ਜਿੱਤ ਲਿਆ। ਤੀਜਾ ਮੈਚ ਕੈਨੇਡਾ ਵੈਸਟ ਯਾਨਿ ਵੈਨਕੂਵਰ ਦੀ ਟੀਮ ਨੇ ਨਿਊ ਯਾਰਕ ਦੀ ਟੀਮ ਨੂੰ ਹਰਾ ਕੇ ਜਿੱਤਿਆ। ਵੈਨਕੂਵਰ ਦੀ ਟੀਮ ਵਿਚ ਸਟਾਰ ਖਿਡਾਰੀ ਕੁਲਜੀਤਾ ਮਲਸੀਹਾਂ ਤੇ ਹਰਦੀਪ ਤਾਊ ਵਰਗੇ ਖਿਡਾਰੀ ਖੇਡ ਰਹੇ ਸਨ ਜਿਨ੍ਹਾਂ ਨੇ ਪੰਜਾਬ ਵਿਚ ਹੋਏ ਕਬੱਡੀ ਵਰਲਡ ਕੱਪ ਵਿਚ ਕਮਾਲ ਦੀ ਖੇਡ ਵਿਖਾਈ ਸੀ।

ਚੌਥਾ ਮੈਚ ਟੋਰਾਂਟੋ ਤੇ ਕੈਲੀਫੋਰਨੀਆ ਦੀਆਂ ਟੀਮਾਂ ਦਰਮਿਆਨ ਹੋਇਆ ਜੋ ਕੈਲੀਫੋਰਨੀਆ ਦੀ ਟੀਮ ਨੇ ਜਿੱਤਿਆ। ਜੌਨ੍ਹੀ ਗਿੱਲ ਤੇ ਦੁੱਲਾ ਕਿਸੇ ਤੋਂ ਨਾ ਰੁਕੇ। ਤੀਰਥ ਗਾਖਲ ਨੇ ਸੋਹਣੇ ਜੱਫੇ ਲਾਏ ਪਰ ਕਿੰਦਾ ਬਿਹਾਰੀਪੁਰੀਆ ਕਿਸੇ ਦੇ ਹੱਥ ਨਾ ਆਇਆ। ਪੰਜਵੇਂ ਮੈਚ ਵਿਚ ਵੈਨਕੂਵਰ ਦੀ ਟੀਮ ਨੇ ਨਿਊਯਾਰਕ ਦੀ ਟੀਮ ਨੂੰ ਪਛਾੜ ਦਿੱਤਾ।

ਟੂਰਨਾਮੈਂਟ ਦੇ ਪ੍ਰਧਾਨ ਅਨੂਪ ਸਿੰਘ, ਚੇਅਰਮੈਨ ਜਰਨੈਲ ਸਿੰਘ ਸੰਧੂ, ਮੀਤ ਚੇਅਰਮੈਨ ਭੁਪਿੰਦਰ ਸਿੰਘ ਜਸਵਾਲ, ਮੀਤ ਪ੍ਰਧਾਨ ਜਸਵੰਤ ਸਿੰਘ ਜੱਸਾ ਤੇ ਰਾਜ ਕੁਮਾਰ, ਖ਼ਜ਼ਾਨਚੀ ਤਰਸੇਮ ਕੁਮਾਰ ਤੇ ਸਮੁੱਚੀ ਪ੍ਰਬੰਧਕੀ ਟੀਮ ਨੂੰ ਵਧਾਈਆਂ ਮਿਲਣ ਲੱਗੀਆਂ।

ਫਾਈਨਲ ਮੈਚ ਕੈਲੀਫੋਰਨੀਆ ਦੀ ਟੀਮ ਜੋ ਅਮਰੀਕਾ ਦੇ ਨਾਂ 'ਤੇ ਖੇਡ ਰਹੀ ਸੀ ਅਤੇ ਵੈਨਕੂਵਰ ਦੀ ਟੀਮ ਜੋ ਕੈਨੇਡਾ ਵੈਸਟ ਦੇ ਨਾਂ 'ਤੇ ਖੇਡ ਰਹੀ ਸੀ, ਵਿਚਕਾਰ ਸਵਾ ਪੰਜ ਵਜੇ ਸ਼ੁਰੂ ਹੋਇਆ। ਇਕ ਬੰਨੇ ਕੁਲਜੀਤਾ, ਲੱਕੀ, ਜੀਤਾ, ਗੋਰਾ, ਭੂਰਾ, ਅਨੀਕੇਤ, ਥਾਂਦੀ, ਤਾਊ ਤੇ ਬਲਜਿੰਦਰ ਹੋਰੀਂ ਸਨ ਅਤੇ ਦੂਜੇ ਪਾਸੇ ਜੌਨ੍ਹੀ, ਬੱਲੀ, ਦੁੱਲਾ, ਮੌਲਾ, ਜੱਸਾ, ਸੀਪੂ, ਨਵੀ, ਬਿੱਲਾ, ਅਰਸ਼ੀ ਤੇ ਤੀਰਥ ਗਾਖਲ ਹੋਰੀਂ ਸਨ। ਮੁਕਾਬਲਾ ਬੜਾ ਜ਼ਬਰਦਸਤ ਸੀ। ਕਈ ਮਨਚਲਿਆਂ ਨੇ ਖੜ੍ਹੇ ਪੈਰੀ ਸ਼ਰਤਾਂ ਲਾ ਲਈਆਂ। ਫਾਈਨਲ ਮੈਚ ਏਨਾ ਫਸ ਕੇ ਹੋਇਆ ਕਿ ਕਬੱਡੀ ਪ੍ਰੇਮੀਆਂ ਦਾ ਦਿਲ ਲੁੱਟ ਕੇ ਲੈ ਗਿਆ। ਖਿਡਾਰੀਆਂ ਨੂੰ ਸੌ ਸੌ ਡਾਲਰਾਂ ਦੇ ਇਨਾਮ ਤਾਂ ਮਿਲਦੇ ਰਹੇ ਪਰ ਹਜ਼ਾਰ ਡਾਲਰ ਦਾ ਇਨਾਮ ਕਿਸੇ ਨੂੰ ਨਾ ਮਿਲ ਸਕਿਆ। ਇਹਦੇ ਤੋਂ ਸਾਬਤ ਹੋ ਗਿਆ ਕਿ ਅਮਰੀਕਾ ਅਜੇ ਮੰਦੇ 'ਚ ਈ ਚੱਲ ਰਿਹੈ। ਕਬੱਡੀ ਮੇਲਿਆਂ 'ਤੇ ਦਿੱਤੇ ਜਾਂਦੇ ਇਨਾਮਾਂ ਤੋਂ ਮੈਂ ਅੰਦਾਜ਼ਾ ਲਾ ਲੈਨਾਂ ਕਿ ਕਿਹੜੇ ਸ਼ਹਿਰ ਦੀ ਆਰਥਕ ਹਾਲਤ ਦਾ ਕੀ ਗਰਾਫ ਹੈ? ਇਕ ਗੱਲ ਹੋਰ ਵੀ ਹੈ ਕਿ ਫਾਈਨਲ ਮੈਚ ਪੀਤੀ ਖਾਧੀ ਵੇਲੇ ਹੋਵੇ ਤਾਂ ਡਾਲਰ ਵੱਧ ਝੜਦੇ ਹਨ। ਮੈਚ ਦੇ ਅੱਧੇ ਸਮੇਂ ਤਕ ਵੈਨਕੂਵਰ ਦੀ ਟੀਮ 25-22 ਅੰਕਾਂ ਨਾਲ ਅੱਗੇ ਸੀ। ਪਰ ਦੂਜੇ ਅੱਧ ਵਿਚ ਦੋਹੇਂ ਟੀਮਾਂ 42-42 ਅੰਕਾਂ ਨਾਲ ਬਰਾਬਰ ਹੋ ਗਈਆਂ। ਅਜੇ ਦੋ ਦੋ ਰੇਡਾਂ ਰਹਿੰਦੀਆਂ ਸਨ ਜੋ ਅਮਰੀਕਾ ਦੀ ਟੀਮ ਦੇ ਹੱਕ ਵਿਚ ਗਈਆਂ। ਕੈਲੀਫੋਰਨੀਆ ਅਮਰੀਕਾ ਦੀ ਟੀਮ 44-42 ਅੰਕਾਂ ਨਾਲ ਗੋਡੇ ਜਿੱਡਾ ਕੱਪ ਤੇ ਗਿਆਰਾਂ ਹਜ਼ਾਰ ਡਾਲਰ ਦਾ ਇਨਾਮ ਜਿੱਤ ਗਈ। ਬੱਲੀ ਬੈਸਟ ਰੇਡਰ ਤੇ ਤਾਊ ਵਧੀਆ ਜਾਫੀ ਐਲਾਨੇ ਗਏ।

ਰਾਤ ਦੀ ਰੋਟੀ ਵੇਲੇ ਮਹਿਫ਼ਲ ਜੁੜੀ ਤਾਂ ਅਨੂਪ ਸਿੰਘ ਨੇ ਆਪਣੇ ਮਨਪਸੰਦ ਦੋ ਗੀਤ ਗਾ ਕੇ ਪ੍ਰਬੰਧਕੀ ਟੀਮ ਦੀ ਖੁਸ਼ੀ ਹੋਰਨਾਂ ਨਾਲ ਸਾਂਝੀ ਕੀਤੀ।

## ਦਾਊਦ ਦੀ 'ਡੀ ਕੰਪਨੀ' ਹਿੱਟ ਲਿਸਟ 'ਤੇ

**ਨਵੀਂ ਦਿੱਲੀ:** ਭਾਰਤ ਨੇ ਪਾਕਿਸਤਾਨ ਵਿਚਲੇ ਆਪਣੇ 50 ਭਗੌੜਿਆਂ ਦੀ ਜਿਹੜੀ ਸੂਚੀ ਜਾਰੀ ਕੀਤੀ ਹੈ, ਉਸ ਵਿਚ ਸਭ ਤੋਂ ਵੱਧ ਧਿਆਨ ਦਾਊਦ ਇਬਰਾਹਿਮ 'ਤੇ ਦਿੱਤਾ ਗਿਆ ਹੈ। ਇਸ ਸੂਚੀ ਵਿਚ ਦਾਊਦ ਗਰੋਹ ਦੇ 20 ਮੈਂਬਰਾਂ ਦੇ ਨਾਂ ਹਨ।

ਦਾਊਦ ਦੀ ਡੀ ਕੰਪਨੀ ਭਾਰਤ ਵਿਚ ਕੀਤੇ ਕਿਸੇ ਇਕ ਅਪਰਾਧ ਲਈ ਨਹੀਂ ਸਗੋਂ ਕਈ ਕਾਰਵਾਈਆਂ ਲਈ ਲੋੜੀਂਦੀ ਹੈ। ਇਹ 'ਕੰਪਨੀ' ਅਤਿਵਾਦੀ ਕਾਰਵਾਈਆਂ, ਹਥਿਆਰਾਂ ਦੀ ਸਮਗਲਿੰਗ, ਉਘੇ ਵਿਅਕਤੀਆਂ ਨੂੰ ਮਾਰਨ ਦੀ ਸਾਜ਼ਿਸ਼ ਤੇ ਜਾਅਲੀ ਕਰੰਸੀ ਮਾਮਲਿਆਂ ਵਿਚ ਲੋੜੀਂਦੇ ਹਨ। ਸਭ ਤੋਂ ਦਿਲਚਸਪ ਗੱਲ ਇਹ ਹੈ ਕਿ ਡੀ ਕੰਪਨੀ ਦੇ ਸਾਰੇ 20 ਭਗੌੜੇ ਭਾਰਤੀ ਹਨ ਤੇ ਉਹ ਹੁਣ ਪਾਕਿਸਤਾਨ ਵਿਚ ਰਹਿ ਰਹੇ ਹਨ।








Vista
CCTV TECHNOLOGY
A leader of worldwide CCTV surveillance
Now buy Vista Products
Www.ezchase.com
(Division of vista cctv tech.)
Protect Your home and Business
Now 700 T.V. Line HD Camera available
PRO PACKAGE
$599
ADVANCE PACKAGE
$1199
READY TO INSTALL
14 years old experience in cctv tech.
We install anywhere in California
*H.264 Network DVR
*D1 Resolution
*Real Time Recording
*Dual Streaming Multiplex
*Remote Control
*CMS Central Station
*DDNS Supported
*HDD/DVD-RW/USB Backup
*PTZ Control
BEST PRICE GUARANTEE
View CCTV
on your iPhone!
3G
Mobile
Monitoring
Call Direct: Sukhpal@661-586-5080
Customer Service: 1-800-235-1391
Email: commvision@sbcglobal.net


ਇੰਡੀਆ ਕਾਲ ਕਰਨ ਲਈ ਸਭ ਤੋਂ
ਵਧੀਆ ਤੇ ਭਰੋਸੇਮੰਦ ਸਰਵਿਸ
www.011india.com
$25
2000
MINUTES*
* SOME RESTRICTIONS APPLY
✓ No Pin Needed
✓ No Connection Fee
✓ No Monthly Fee
USE FROM HOME OR CELL PHONE
GlobeTel Comm.
ਇਹ ਸਰਵਿਸ ਹਰ ਦੇਸ਼ ਲਈ ਵਰਤੋ।
ਪੰਜਾਬੀ, ਹਿੰਦੀ ਜਾਂ ਅੰਗਰੇਜ਼ੀ ਵਿਚ ਹੋਰ ਜਾਣਕਾਰੀ ਲਈ ਕਾਲ ਕਰੋ:
1.800.914.1013


WRONGFUL DEATH | AUTO | PEDESTRIAN | BICYCLE | DOG BITES | TRUCK ACCIDENTS
LAW OFFICES OF MARK COHEN
ਪਿਛਲੇ 27 ਸਾਲ ਤੋਂ ਫਰੀਮਾਂਟ, ਨਿਊਆਰਕ,
ਯੂਨੀਅਨ ਸਿਟੀ ਅਤੇ ਬੇ-ਏਰੀਆ ਦੀ ਸੇਵਾ ਵਿਚ
"I take your accident personally"
Free initial consultation. No fee if no recovery.
ਮੁਢਲਾ ਸਲਾਹ ਮਸ਼ਵਰਾ ਬਿਲਕੁਲ ਮੁਫਤ, ਕੋਈ ਮੁਆਵਜ਼ਾ ਨਹੀਂ ਕੋਈ ਫੀਸ ਨਹੀਂ
Please visit our web site for more information
www. markcohenlaw.com or call us at 510.792.4008
STOP
ਕਾਨੂੰਨ ਪ੍ਰਤੀ ਸਮੁਚਿਤ ਪਹੁੰਚ ਵਾਲੀ ਪਰਸਨਲ ਇੰਜਰੀ ਲਾਅ ਪ੍ਰੈਕਟਿਸ। ਪਰਸਨਲ ਇੰਜਰੀ ਲਾਅ, ਫਾਰ ਪ੍ਰਾਫਿਟ, ਨਾਨ ਪ੍ਰਾਫਿਟ ਅਤੇ ਧਾਰਮਿਕ ਕਾਰਪੋਰੇਸ਼ਨਾਂ, ਅਤੇ ਭੂਮੀ ਦੀ ਵਰਤੋਂ 'ਤੇ ਜ਼ੋਨਿੰਗ ਲਾਅ ਵਿਚ 27 ਸਾਲ ਦਾ ਤਜ਼ਰਬਾ। "ਕਿਉਂਕਿ ਕਾਨੂੰਨ ਦੇ ਇਕ ਖੇਤਰ ਬਾਰੇ ਹੀ ਜਾਣਕਾਰੀ ਕਾਫੀ ਨਹੀਂ ਹੈ।"

# ਰਣਜੀਤ ਭਾਬੀ ਨੂੰ ਯਾਦ ਕਰਦਿਆਂ

## ਸ਼ਰਧਾਂਜਲੀ

**ਗੁਰਦਿਆਲ ਸਿੰਘ ਬੱਲ**

ਅੱਜ ਤੋਂ 40 ਕੁ ਵਰ੍ਹੇ ਪਹਿਲਾਂ, ਸਾਲ 1971 ਦੇ ਸਤੰਬਰ ਜਾਂ ਅਕਤੂਬਰ ਮਹੀਨੇ ਦੇ ਕਿਸੇ ਦਿਨ ਸ਼ਾਮ ਦਾ ਸਮਾਂ ਸੀ, ਜਦੋਂ ਦੇਹਰਾਦੂਨ ਅਤੇ ਹਰਿਦੁਆਰ ਦੇ ਐਨ ਵਿਚਾਲੇ, ਡੋਈਵਾਲਾ ਤੋਂ ਜੰਗਲ ਵਿਚਲੇ ਪਹੇ 'ਤੇ ਕਿਸੇ ਬਜ਼ੁਰਗ ਰਾਹਗੀਰ ਦਾ ਆਸਰਾ ਤਕਦਿਆਂ ਮੈਂ 5-7 ਕਿਲੋਮੀਟਰ ਪੈਂਡਾ ਪੈਦਲ ਕੱਟ ਕੇ ਪਹਿਲੀ ਵਾਰ ਪਿੰਡ ਰੇਸ਼ਮ ਮਾਜਰੀ ਪੰਜਾਬੀ ਦੇ ਅਜ਼ੀਮ ਸ਼ਾਇਰ ਭਾਅ ਜੀ ਗੁਰਦੀਪ ਦੇ ਘਰੇ ਪਹੁੰਚਿਆ।

ਉਨ੍ਹਾਂ ਨੇ ਦੋ-ਚਾਰ ਪੱਕੇ ਕੋਠੇ ਤਾਂ ਸ਼ਾਇਦ ਬਣਾ ਲਏ ਸਨ ਪਰ ਰਿਹਾਇਸ਼ ਅਜੇ ਬਹੁਤ ਹੀ ਸਲੀਕੇ ਨਾਲ ਬਣੇ ਹੋਏ ਵੱਡੇ ਛੱਪਰਨੁਮਾ ਜੁਗਾੜ ਅੰਦਰ ਹੀ ਸੀ। ਗੁਰਦੀਪ ਭਾਅ ਜੀ ਬਾਹਰ ਖੇਤਾਂ ਵਿਚ ਸਨ ਅਤੇ ਜਬ੍ਹੇ ਵਾਲੀ ਸ਼ਖ਼ਸੀਅਤ ਵਾਲੇ ਉਨਾਂ ਦੇ ਮਾਤਾ ਜੀ ਇਧਰ-ਉਧਰ ਕਿਸੇ ਕੰਮ ਵਿਚ ਲੱਗੇ ਹੋਏ ਸਨ। ਮੈਂ ਅਜੇ ਬਹਿਣ-ਖਲੋਣ ਦੇ ਚੱਕਰ ਵਿਚ ਹੀ ਸੀ ਕਿ ਗੁਰਦੀਪ ਹੋਰੀਂ ਘਰ ਵੱਲ ਆਉਂਦੇ ਨਜ਼ਰ ਆ ਗਏ। ਮੈਨੂੰ ਹੈਰਾਨੀ ਹੋਈ ਜਦੋਂ ਘਰ ਵਿਚ ਬੈਠੀ ਇਕ ਸੁਆਣੀ ਨੇ ਨਰਮ ਨਿੱਘੇ ਬੋਲਾਂ ਨਾਲ ਆਪਣੇ ਪਤੀ ਦੇਵ ਨੂੰ ਸੁਣਾਉਂਦਿਆਂ ਆਖਿਆ, "ਜਲਦੀ ਆ ਜਾਉ, ਗੁਰਦਿਆਲ ਆ ਗਿਆ ਹੈ। ਲੋਪਚੂ ਚਾਹ ਪਿਆਉਣ ਲਈ ਤੁਸੀਂ ਇਸੇ ਦੀ ਉਡੀਕ ਕਰ ਰਹੇ ਸੀ। ਮੈਂ ਚਾਹ ਤਿਆਰ ਕਰਨੀ ਸ਼ੁਰੂ ਕਰ ਦਿਤੀ ਹੈ।" ਗੁਰਦੀਪ ਹੋਰਾਂ ਦੀ ਰਿਹਾਇਸ਼ ਉਨ੍ਹੀਂ ਦਿਨੀਂ ਦੇਹਰਾਦੂਨ ਸਥਿਤ 'ਅਰੀਕ ਹਾਊਸ' ਨਾਂ ਦੀ ਇਮਾਰਤ ਵਿਚ ਸੀ ਅਤੇ ਉਨ੍ਹਾਂ ਦੀ ਪਤਨੀ ਸ਼ਾਇਦ ਕਿਸੇ ਵਿਸ਼ੇਸ਼ ਤਿੱਥ-ਤਿਉਹਾਰ ਕਾਰਨ ਖੇਤਾਂ ਵਿਚਲੀ ਉਸ ਠਹਿਰ 'ਤੇ ਆਈ ਹੋਈ ਸੀ।

ਰਣਜੀਤ ਭਾਬੀ ਨਾਲ ਮੇਰਾ ਇਹ ਪਹਿਲਾ ਤੁਆਰੁਫ ਸੀ ਅਤੇ ਉਸੇ ਪਹਿਲੀ ਮੁਲਾਕਾਤ ਨਾਲ ਹੀ ਮਾਨੋ ਰਿਸ਼ਤੇ ਦੀ ਭਵਿੱਖੀ ਰੂਪ-ਰੇਖਾ ਤੈਅ ਹੋ ਗਈ ਸੀ। ਗੁਰਦੀਪ ਹੋਰੀਂ ਮੇਰੇ ਦੋਸਤ ਵੀ ਹਨ, ਉਸਤਾਦ ਵੀ ਅਤੇ ਵੱਡੇ ਭਰਾ ਵੀ। ਗੁਰਦੀਪ ਭਾਅ ਜੀ ਦਾ ਘਰ ਮੇਰੇ ਲਈ ਜ਼ਿਆਰਤਗਾਹ ਹੈ ਜਿਥੇ ਮੈਨੂੰ ਪਿਛਲੇ 4 ਦਹਾਕਿਆਂ ਦੌਰਾਨ ਹਰ ਵਰ੍ਹੇ-ਛਿਮਾਹੀ ਗੇੜਾ ਮਾਰਨਾ ਪੈਂਦਾ ਰਿਹਾ ਹੈ। ਸਾਡੇ ਜੀਵਨ ਦਰਸ਼ਨ, ਕਦਰਾਂ-ਕੀਮਤਾਂ ਵਿਚ ਵੱਡੇ ਵਖਰੇਵੇਂ ਸਨ, ਕਿਧਰੇ-ਕਿਧਰੇ ਜ਼ਮੀਨ ਤੇ ਅਸਮਾਨ ਦੇ ਫਰਕ ਵਰਗੇ; ਪਰ ਫਿਰ ਵੀ ਸੰਵੇਦਨਾ ਦੀ ਕੋਈ ਐਸੀ ਤੰਦ ਸੀ ਕਿ ਪਹਿਲੀ ਨਜ਼ਰੇ ਪਿਆਰ ਵਾਂਗ ਆਪਸ ਵਿਚ ਅਜਿਹੀ ਜੁੜੀ ਕਿ ਸਭ ਮਤਭੇਦਾਂ ਅਤੇ ਵਖਰੇਵਿਆਂ ਦੇ ਬਾਵਜੂਦ ਮੇਰਾ ਉਨ੍ਹਾਂ ਪ੍ਰਤੀ ਸਤਿਕਾਰ ਦਾ ਰਿਸ਼ਤਾ ਬਣਿਆ ਰਿਹਾ, ਸਗੋਂ ਹਰ ਮੁਲਾਕਾਤ ਨਾਲ ਪੱਕਾ-ਪੀਡਾ ਹੁੰਦਾ ਚਲਿਆ ਗਿਆ।

ਭਾਬੀ ਰਣਜੀਤ ਨੂੰ ਸਾਡੀ ਇਕ-ਦੂਸਰੇ ਲਈ ਆਪਸੀ ਲੋੜ ਦਾ ਸਹਿਜ ਅਹਿਸਾਸ ਸੀ। ਪਿਛਲੇ 10-12 ਵਰ੍ਹਿਆਂ ਦੌਰਾਨ ਅਕਸਰ ਹੀ ਉਨਾਂ ਦਾ ਫੋਨ ਆਉਣਾ ਤਾਂ ਇਹੋ ਹੀ ਸੰਖੇਪ ਸ਼ਬਦ ਹੁੰਦੇ ਸਨ, "ਗੁਰਦਿਆਲ ਤੂੰ ਇਤਨੀ ਦੇਰ ਤੋਂ ਆਇਆ ਕਿਉਂ ਨਹੀਂ। ਭਾਅ ਜੀ ਤੇਰੇ ਉਦਰੇ ਹੋਏ ਹਨ, ਲੈ ਉਨ੍ਹਾਂ ਦੀ ਗੱਲ ਸੁਣ ਲੈ।"



*ਰਣਜੀਤ ਕੌਰ*

ਸਾਲਾਂ ਬੱਧੀ ਇਉਂ ਸੰਪਰਕ ਕੜੀ ਬਣੀ ਰਹਿਣ ਵਾਲੀ ਭਾਬੀ ਰਣਜੀਤ ਥੋੜ੍ਹੀ ਬਿਮਾਰੀ ਤੋਂ ਬਾਅਦ 8 ਮਈ ਨੂੰ ਸਦਾ ਲਈ ਸਾਡਾ ਸਾਥ ਛੱਡ ਗਈ। 15 ਮਈ ਨੂੰ ਉਨਾਂ ਦੀ ਅੰਤਿਮ ਅਰਦਾਸ ਸਮੇਂ ਘਰ ਦੇ ਵਿਹੜੇ ਵਿਚ ਜੁੜੇ ਮਿੱਤਰਾਂ, ਦੋਸਤਾਂ, ਸਨੇਹੀਆਂ ਦੇ ਇਕੱਠ ਵਿਚ ਬੈਠਿਆਂ ਲਗਾਤਾਰ ਭਾਬੀ ਜੀ ਦੀ ਅਤਿ ਸਾਦਾ ਅਤੇ ਅਤਿ ਨਿਮਰ ਸ਼ਖ਼ਸੀਅਤ ਨਾਲ ਜੁੜੀਆਂ ਅਨੇਕਾਂ ਯਾਦਾਂ ਮਨ ਵਿਚ ਉਭਰੀ ਜਾ ਰਹੀਆਂ ਸਨ। ਲੋਪਚੂ ਚਾਹ ਦੇ ਜ਼ਾਇਕੇ, ਮਲਿਕਾ ਪੁਖਰਾਜ ਦੀ ਗਾਇਕੀ, ਗਾਲਿਬ ਅਤੇ ਫੈਜ਼ ਦੀਆਂ ਗਜ਼ਲਾਂ 'ਚ ਅਰਥਾਂ ਦੀਆਂ ਤਹਿਆਂ ਜਾਂ ਐਂਤਨ ਚੈਖੋਵ ਦੀਆਂ ਕਹਾਣੀਆਂ ਵਿਚਲੇ ਸੋਹਜ ਅਤੇ ਦਰਦ ਦਾ ਇਲਮ ਸਾਨੂੰ ਸਭਨਾਂ ਨੂੰ ਭਾਅ ਜੀ ਗੁਰਦੀਪ ਹੋਰਾਂ ਤੋਂ ਹੀ ਹੋਇਆ ਸੀ। ਰਣਜੀਤ ਭਾਬੀ ਅੰਦਰ ਕਲਾਤਮਿਕ ਨਿਪੁੰਨਤਾ ਨਾਲ ਲੋਪਚੂ ਟੀ ਸਰਵ ਕਰਨ ਦਾ ਸਲੀਕਾ ਤਾਂ ਸੀ ਹੀ, ਕੁਦਰਤ ਨੇ ਉਨ੍ਹਾਂ ਨੂੰ ਆਵਾਜ਼ ਵੀ ਬੜੀ ਪੁਰਸੋਜ਼ ਦਿੱਤੀ ਹੋਈ ਸੀ।

ਗੁਰਦੀਪ ਹੋਰਾਂ ਦੇ ਘਰ ਦਾ ਵਿਧੀ-ਵਿਧਾਨ ਬਹੁਤ ਹੀ ਸਵੱਛ ਅਤੇ ਸੁਅੱਸਥ ਕਦਰਾਂ 'ਤੇ ਉਸਰਿਆ ਹੋਇਆ ਸੀ ਜਿਨ੍ਹਾਂ ਦਾ ਸਿਹਰਾ ਮੂਲ ਰੂਪ ਵਿਚ ਸ਼ਾਇਦ ਉਨ੍ਹਾਂ ਦੀ ਮਾਤਾ ਜੀ ਦੇ ਸਿਰ ਸੀ। ਘਰ ਵਿਚੋਂ ਕਿਸੇ ਲੋੜਵੰਦ ਸਵਾਲੀ ਨੂੰ ਕਦੇ ਸ਼ਾਇਦ ਹੀ ਨਿਰਾਸ਼ ਹੋ ਕੇ ਵਾਪਸ ਪਰਤਣਾ ਪਿਆ ਹੋਵੇ। ਖੇਤੀਬਾੜੀ ਦਾ ਸਾਰਾ ਕੰਮ-ਕਾਰ ਆਪ ਹੀ ਕਰਨ ਕਰਕੇ ਘਰ ਵਿਚ ਕੰਮ ਕਰਨ ਵਾਲੇ ਲੋਕਾਂ ਦੀ ਵੀ ਕਾਫੀ ਭਰਮਾਰ ਰਹਿੰਦੀ ਸੀ। ਇਹ ਸਾਰੇ ਲੋਕ ਘਰ ਦੇ ਮੈਂਬਰਾਂ ਵਾਂਗ ਹੀ ਵਿਚਰਦੇ ਸਨ ਅਤੇ ਕਿਸੇ ਨੂੰ ਕਦੀ ਕੋਈ ਵੀ ਸ਼ਿਕਾਇਤ ਸ਼ਾਇਦ ਹੀ ਮਹਿਸੂਸ ਹੋਈ ਹੋਵੇ। ਇਹ ਪਿਰਤ ਵੀ ਮਾਤਾ ਜੀ ਦੀ ਹੀ ਪਾਈ ਹੋਈ ਸੀ ਅਤੇ ਕਈ ਵਰ੍ਹੇ ਪਹਿਲਾਂ ਉਨ੍ਹਾਂ ਦੀ ਮੌਤ ਤੋਂ ਬਾਅਦ ਘਰ ਦੀ ਇਸ ਕੀਮਤੀ ਰਵਾਇਤ ਦੀ ਰਾਖੀ ਕਰਨ ਦੀ ਜ਼ਿੰਮੇਵਾਰੀ ਵੀ ਚੰਡੀਗੜ੍ਹ ਵਰਗੇ ਸ਼ਹਿਰ ਤੋਂ ਪੜ੍ਹਾਈ ਕਰਕੇ ਉਸ ਘਰੇ ਬਹੂ ਬਣਕੇ ਆਈ ਭਾਬੀ ਰਣਜੀਤ ਦੇ ਹੀ ਜ਼ੁੰਮੇ ਆ ਪਈ ਸੀ।...ਤੇ ਰਣਜੀਤ ਭਾਬੀ ਦੀ ਵਡਿਆਈ ਇਸ ਗੱਲ ਵਿਚ ਵੀ ਸੀ ਕਿ ਉਸਨੇ ਨਾ ਕੇਵਲ ਇਸ ਰਵਾਇਤ ਨੂੰ ਕਾਇਮ ਹੀ ਰੱਖਿਆ ਸਗੋਂ ਹੋਰ ਵੀ ਰੂੜ ਕੀਤਾ। ਆਏ-ਗਏ ਮਹਿਮਾਨਾਂ ਨੂੰ ਲੋਪਚੂ ਚਾਹ ਪੂਰੇ ਸਲੀਕੇ ਨਾਲ ਪਿਆਉਣ ਦਾ ਸਿਲਸਿਲਾ ਵੀ ਨਿਰੰਤਰ ਜਾਰੀ ਰਿਹਾ।

ਭਾਬੀ ਰਣਜੀਤ ਦੀ ਸਮਰਪਣ ਭਾਵਨਾ ਕਮਾਲ ਹੀ ਸੀ। ਪਿਛਲੇ 40 ਵਰ੍ਹਿਆਂ ਦੌਰਾਨ ਮੈਨੂੰ ਇਕ ਪਲ ਵੀ ਯਾਦ ਨਹੀਂ ਹੈ ਕਿ ਉਨਾਂ ਨੇ ਆਪਣੇ ਪਤੀ ਦੇਵ ਦੀ ਉਦਾਤ ਕਿਸਮ ਦੀ 'ਬੇਨਿਆਜ਼ੀ' ਜਾਂ ਕਹੋ ਕਿ 'ਮਹਾਂ ਬੇਨਿਆਜ਼ੀ' ਦੀ ਕਦੀ ਭੁੱਲ ਕੇ ਵੀ ਸ਼ਿਕਾਇਤ ਕੀਤੀ ਹੋਵੇ। ਬਹੁਤ ਹੀ ਸਹਿਜ ਰਿਸ਼ਤਾ ਸੀ, ਇਸ ਵਿਰਾਟ ਮਨੁੱਖ ਅਤੇ ਉਸਦੀ ਸਾਥਣ ਦਾ। ਮੈਨੂੰ ਹੈਰਾਨੀ ਹੋਈ ਸੀ ਇਕ ਵਾਰ ਡਬਲ ਬੈਡ ਕਲਚਰ ਦੀ ਗੱਲ ਕਰਨ ਸਮੇਂ ਉਨਾਂ ਨੇ ਮੈਨੂੰ ਸਖਤੀ ਨਾਲ ਇਹ ਕਹਿੰਦਿਆਂ ਵਰਜ ਦਿਤਾ ਸੀ, "ਬੰਦ ਕਰ ਊਲ-ਜਲੂਲ ਮੈਨੂੰ ਕੋਫਤ ਹੋ ਰਹੀ ਹੈ।"

ਗੱਲ ਗਾਲਿਬ ਦੀ ਕਿਸੇ ਗਜ਼ਲ ਦੇ ਇਸ ਮਿਸਰੇ ਦੀ ਸੀ:

ਦਿਲ ਸੇ ਮਿਟਨਾ ਤੇਰੀ ਅੰਗੁਸ਼ਤ  
ਹਿਨਾਈ ਕਾ ਖਿਆਲ  
ਹੋ ਗਯਾ ਗੋਸ਼ਤ ਸੇ ਨਾਖੁਨ ਕਾ  
ਜੁਦਾ ਹੋ ਜਾਨਾ।

ਗੁਰਦੀਪ ਹੋਰੀਂ ਨਿਰਪੇਖ ਤਸੱਵਰ ਦੇ ਪੱਧਰ 'ਤੇ ਅਜਿਹੀ ਹੀ ਸ਼ਿੱਦਤ ਨਾਲ ਜਿਉਣ ਦੇ ਮੁੱਦਈ ਹਨ ਜਦੋਂ ਕਿ ਮੇਰਾ ਵਿਸ਼ਵਾਸ ਸੀ ਕਿ ਅਜਿਹੀ ਤਾਂਘ ਜਿਉਂਦੇ ਇਨਸਾਨ ਦੀ ਨਸ-ਨਸ 'ਚੋਂ ਨਿਰੰਤਰ ਜੇਕਰ ਨਹੀਂ ਝਰਦੀ ਤਾਂ ਉਸਦੇ ਜਿਉਣ ਦਾ ਕੋਈ ਅਰਥ ਨਹੀਂ ਹੈ। ਖੈਰ, ਸੰਵੇਦਨਾ ਦੇ ਗਹਿਰੇ ਪਾੜ ਕਾਰਨ ਸਾਡੀਆਂ ਅਜਿਹੀਆਂ ਬਹਿਸਾਂ ਚਲਦੀਆਂ ਹੀ ਰਹਿੰਦੀਆਂ ਸਨ।

ਲੋਪਚੂ ਚਾਹ ਗੁਰਦੀਪ ਹੋਰਾਂ ਦੀ ਆਪਣੇ ਦੋਸਤਾਂ ਲਈ ਵਿਸ਼ੇਸ਼ ਸੌਗਾਤ ਸੀ। ਰਣਜੀਤ ਭਾਬੀ ਨੇ ਹਮੇਸ਼ਾ ਬਹੁਤ ਹੀ ਚਾਅ ਨਾਲ ਇਹ ਚਾਹ ਤਿਆਰ ਕਰਿਆ ਕਰਨੀ। ਪਤਾ ਨਹੀਂ ਕਿਤਨੀ ਕੁ ਗਿਣਤੀ 'ਚ ਮਿੱਤਰਾਂ-ਯਾਰਾਂ ਨੇ ਉਨ੍ਹਾਂ ਦੇ ਹੱਥਾਂ ਦੀ ਇਸ ਚਾਹ ਦਾ ਆਨੰਦ ਮਾਣਿਆ ਹੋਵੇਗਾ।

ਰਣਜੀਤ ਭਾਬੀ ਅਤੇ ਗੁਰਦੀਪ ਹੋਰਾਂ ਨੂੰ ਵੇਖਦਿਆਂ ਲਗਦਾ ਸੀ ਜਿਵੇਂ ਇਕ ਨਦੀ ਤੇ ਦਰਿਆ ਨਾਲੋ ਨਾਲ ਸਹਿਜ ਰੂਪ ਵਿਚ ਆਪੋ-ਆਪਣੀ ਚਾਲ ਅੰਦਰ ਸਮਾਨੰਤਰ ਵਹਿ ਰਹੇ ਹੋਵਣ ਅਤੇ ਦੋਵਾਂ ਦੇ ਕਿਨਾਰਿਆਂ ਨੂੰ ਸਮੇਂ-ਸਮੇਂ 'ਤੇ ਇਕ-ਦੂਸਰੇ ਤੇ ਨਿਰਭਰਤਾ ਦੀ ਜ਼ਰੂਰਤ ਵੀ ਹੋਵੇ।

8 ਮਈ ਨੂੰ ਭਾਬੀ ਦੀ ਅਚਾਨਕ ਮੌਤ ਦੀ ਖਬਰ ਸੁਣੀ ਤਾਂ ਧੱਕਾ ਜਿਹਾ ਲੱਗਾ। 6-7 ਸਾਲ ਪਹਿਲਾਂ ਇਨ੍ਹਾਂ ਕੁ ਦਿਨਾਂ 'ਚ ਹੀ ਮੇਰੀ ਮਾਂ ਦੀ ਵੀ ਅਚਾਨਕ ਇਸੇ ਤਰ੍ਹਾਂ ਹੀ ਮੌਤ ਹੋ ਗਈ ਸੀ। ਮੇਰਾ ਗਵਾਂਢੀ ਦੋਸਤ ਪਰਮਪਾਲ ਸਿੰਘ ਧਾਲੀਵਾਲ ਉਸ ਨੂੰ ਦਰਦ ਦਾ ਟੀਕਾ ਲਾਉਣ ਲਈ ਦਵਾਈ ਭਰ ਹੀ ਰਿਹਾ ਸੀ ਕਿ ਮਾਤਾ ਬੈਠੀ-ਬੈਠੀ ਸਵਾਸ ਛੱਡ ਗਈ। ਡਾਕਟਰ ਨੂੰ ਭਾਣਾ ਵਾਪਰਨ ਦਾ ਪਤਾ ਤੁਰੰਤ ਲਗ ਗਿਆ, ਪਰ ਮੈਨੂੰ ਅਹਿਸਾਸ ਪਲ ਕੁ ਬਾਅਦ ਹੋਇਆ। ਕੁਝ ਛਿਣ ਲਈ ਤਾਂ ਪੈਰਾਂ ਹੇਠੋਂ ਜ਼ਮੀਨ ਨਿਕਲਦੀ ਲੱਗੀ-ਪਰ ਝਟ ਕੁ 'ਚ ਹੀ ਸੰਭਲਦੇ ਸਾਰ ਮੈਂ ਪਿੰਡ ਆਪਣੇ ਛੋਟੇ ਭਾਈ ਛਿੰਦੇ ਨੂੰ ਫੋਨ ਕਰਕੇ ਦੱਸਿਆ ਤਾਂ ਉਸ ਦੀਆਂ ਧਾਹਾਂ ਨਿਕਲ ਗਈਆਂ। ਮੈਂ ਸਖਤ ਗੁੱਸੇ ਨਾਲ ਅਜਿਹੇ ਪ੍ਰਤੀਕਰਮ ਤੋਂ ਵਰਜਦਿਆਂ ਉਸਨੂੰ ਯਾਦ ਕਰਵਾਇਆ ਕਿ ਉਸਨੂੰ ਆਪਣੀ ਜ਼ਿੰਮੇਵਾਰੀ ਦਾ ਪਤਾ ਸੀ।

ਸ਼ਾਮ ਨੂੰ ਅਸੀਂ ਤਿੰਨੇ ਬੈਠੇ ਸਾਂ। ਅੰਮ੍ਰਿਤਸਰ ਜ਼ਿਲ੍ਹੇ 'ਚ ਝਬਾਲ ਏਰੀਏ ਦਾ ਜੰਮਪਲ ਅਤੇ ਅੱਜਕਲ ਉਤਰਾਂਚਲ ਦਾ ਹਿੰਦੀ ਭਾਸ਼ਾਈ ਇਨਕਲਾਬੀ ਸ਼ਾਇਰ ਬਲੀ ਸਿੰਘ ਚੀਮਾ ਵੀ ਸਾਡੇ ਕੋਲ ਹੀ ਸੀ। ਗੁਰਦੀਪ ਹੋਰੀਂ ਬੜੇ ਹੀ ਸਹਿਜ ਅੰਦਾਜ਼ ਵਿਚ ਭਾਬੀ ਰਣਜੀਤ ਨੂੰ ਯਾਦ ਕਰ ਰਹੇ ਸਨ। ਅਖੇ-ਉਨ੍ਹਾਂ ਨੇ ਪੰਜਾਬ ਗਿਆਂ ਜਾਂ ਨਜੀਬਾਬਾਦ ਖੇਤਾਂ 'ਚ ਗਿਆਂ ਕਿਧਰੇ ਦੋ-ਚਾਰ ਦਿਨ ਲੇਟ ਹੋ ਜਾਣਾ ਤਾਂ ਰਣਜੀਤ ਨੇ ਫੋਨ ਕਰਨਾ, "ਦੀਪ ਜੀ, ਤੁਹਾਡੀਆਂ ਪੀਲੀਆਂ ਪੋਂਜੀਆਂ ਖਿੜ ਗਈਆਂ ਹਨ ਤਾਂ ਉਨ੍ਹਾਂ ਅੱਗੋਂ ਹੱਸਦਿਆਂ-ਹੱਸਦਿਆਂ ਕਹਿਣਾ ਕਿ ਨੀਲੀਆਂ ਪੋਂਜੀਆਂ ਜਿੰਦਣ ਖਿੜਨ 'ਤੇ ਹੋਣਗੀਆਂ-ਉਸੇ ਦਿਨ ਉਹ ਪਰਤ ਆਉਣਗੇ।"

ਗੁਰਦੀਪ ਹੋਰੀਂ ਦੱਸ ਰਹੇ ਸਨ ਕਿ ਰਣਜੀਤ ਭਾਬੀ ਨੂੰ ਓਰੀਓਲ ਅਤੇ ਮਿੰਨੀ ਵਿਟਸ (ਛੋਟੀਆਂ ਚਿੜੀਆਂ) ਦੀ ਵੀ ਬਰਾਬਰ ਫਿਕਰ ਹੁੰਦੀ ਸੀ। ਅਕਸਰ ਹੀ ਸਬੰਧਿਤ ਮੌਸਮ ਵਿਚ ਉਨ੍ਹਾਂ ਫੋਨ 'ਤੇ ਉਨ੍ਹਾਂ ਨੂੰ ਦੱਸਿਆ ਕਰਨਾ ਕਿ ਐਂਤਕੀਂ ਓਰੀਓਲ ਨੇ ਅਜੇ ਤੱਕ ਆਲ੍ਹਣਾ ਪਾਇਆ ਕਿਉਂ ਨਹੀਂ ਹੈ।

ਗੁਰਦੀਪ ਦਾ ਵਿਸ਼ਵਾਸ ਹੈ ਕਿ ਜ਼ਿੰਦਗੀ ਖੂਬਸੂਰਤ ਹੈ। ਇਹ ਆਪਣੀ ਖੂਬਸੂਰਤ ਚਾਲ ਚਲਦੀ ਜਾਵੇਗੀ। ਪਰ ਰਣਜੀਤ ਭਾਬੀ ਦੇ ਤੁਰ ਜਾਣ ਪਿੱਛੋਂ ਹੁਣ ਕਿਸੇ ਇਹ ਨਹੀਂ ਕਹਿਣਾ, "ਦੀਪ ਜੀ, ਲਓ ਕਾਲਾ ਤਿੱਤਰ ਬੋਲ ਪਿਆ ਹੈ-ਹੁਣ ਸਿਆਲੀ ਦਿਨ ਗਏ ਸਮਝੋ।"

ਗੁਰਦੀਪ ਹੋਰਾਂ ਦੇ ਦੋਵੇਂ ਬੇਟੇ ਨਜ਼ਰ ਨਿਵਾਜ ਅਤੇ ਇਖਲਾਕ ਸਿੰਘ ਜੀਵਨ 'ਚ ਸਹਿਜ ਤੇ ਸੋਹਜ ਦੀ ਲੋੜ ਦੇ ਅਹਿਸਾਸ ਦੇ ਮਾਮਲੇ ਵਿਚ ਆਪਣੇ ਪਿਤਾ ਦੇ ਸਹੀ ਵਾਰਸ ਬਣਨ ਦੇ ਸਮਰੱਥ ਹਨ-



**ਫੁਰਸਤ ਦੇ ਪਲ: ਪਟਿਆਲਾ ਵਿਖੇ ਅਰਬਨ ਅਸਟੇਟ ਅੰਦਰ ਅਨਾਰ ਦੇ ਦਰੱਖਤ ਹੇਠ ਬੈਠੇ ਗੁਰਦੀਪ ਭਾਅ ਜੀ ਗੁਰਦਿਆਲ ਬੱਲ ਨੂੰ ਸੋਹਜ ਦਾ ਕੋਈ ਨੁਕਤਾ ਸਮਝਾਉਂਦੇ ਹੋਏ**

ਮਾਤਾ ਨੇ ਸਾਡੀ ਤੇ ਸਾਡੇ ਪਿਆਰੇ ਯਾਰਾਂ ਦੀ ਬਥੇਰੀ ਸੇਵਾ ਕਰ ਲਈ ਸੀ ਅਤੇ ਹੋਰ ਦੋ ਵਰ੍ਹੇ ਜੇਕਰ ਜ਼ਿਆਦਾ ਉਹ ਅਜਿਹੀ ਜ਼ਿੰਮੇਵਾਰੀ ਨਿਭਾਅ ਜਾਂਦੀ ਤਾਂ ਕਿਹੜਾ ਰੱਜ ਆ ਜਾਣਾ ਸੀ! ਭਰਾ ਮੇਰਾ ਤੁਰੰਤ ਇਸ਼ਾਰਾ ਸਮਝ ਗਿਆ ਅਤੇ ਉਹਨੇ ਮੇਰੇ ਕਹੇ ਅਨੁਸਾਰ ਮਾਤਾ ਦੇ ਅੰਤਿਮ ਸਸਕਾਰ ਦੀ ਤਿਆਰੀ ਕਰਨੀ ਸ਼ੁਰੂ ਕਰ ਦਿੱਤੀ।

ਹਰ ਮੌਤ ਭਿਆਨਕ ਹੁੰਦੀ ਹੈ। ਅਜਿਹੀ ਕੋਈ ਵੀ ਘਟਨਾ ਇਨਸਾਨ ਦੀ ਜ਼ਿੰਦਗੀ ਵਿਚ ਵੱਡਾ ਖੱਪਾ ਛੱਡ ਜਾਂਦੀ ਹੈ ਪਰ ਰਣਜੀਤ ਭਾਬੀ ਦੀ ਮੌਤ ਦੀ ਖਬਰ ਨਾਲ ਮੇਰਾ ਆਤਮ-ਵਿਸ਼ਵਾਸ ਹਿੱਲ ਗਿਆ। ਉਸਦੀ ਅੰਤਿਮ ਕਿਰਿਆ ਵਿਚ ਮੈਂ ਮਹਿਜ਼ ਇਸ ਗੱਲੋਂ ਡਰਦਿਆਂ ਹੀ ਨਾ ਜਾ ਸਕਿਆ ਕਿ ਭਾਅ ਜੀ ਦਾ ਸਾਹਮਣਾ ਕਿੰਜ ਕਰਾਂਗਾ।

ਦੋ-ਚਾਰ ਦਿਨ ਬਾਅਦ ਹੌਂਸਲਾ ਕਰਕੇ ਮੈਂ ਗੁਰਦੀਪ ਹੋਰਾਂ ਦੀ ਭੈਣ ਮਲਕੀਤ-ਜੋ ਸਾਡੀ ਸਾਰਿਆਂ ਦੀ ਪਿਆਰੀ ਭੈਣ ਹੈ-ਕੋਲੋਂ ਬਾਈ ਜੀ ਦੀ ਮਨੋਦਸ਼ਾ ਬਾਰੇ ਪਤਾ ਕੀਤਾ। ਖੈਰ, ਭੈਣ ਜੀ ਨੇ ਜੋ ਦੱਸਿਆ ਉਸ ਤੋਂ ਮੈਨੂੰ ਲੋੜੀਂਦੀ ਤਸੱਲੀ ਹੋ ਗਈ।

ਭੋਗ ਤੋਂ ਇਕ ਦਿਨ ਪਹਿਲਾਂ ਮੈਂ ਰੇਸ਼ਮ ਮਾਜਰੀ ਪਹੁੰਚ ਗਿਆ। ਦਲਜੀਤ ਮੇਰੇ ਤੋਂ ਵੀ ਇਕ ਦਿਨ ਪਹਿਲਾਂ ਹੀ ਉਥੇ ਪਹੁੰਚਿਆ ਹੋਇਆ ਸੀ। ਬਾਈ ਜੀ ਨੂੰ ਉਸਦਾ ਵੱਡਾ ਆਸਰਾ ਹੈ ਅਤੇ ਪਰ ਗੁਰਦੀਪ ਨੂੰ ਝੋਰਾ ਹੈ ਕਿ ਉਨ੍ਹਾਂ ਨੂੰ ਰਣਜੀਤ ਤੋਂ ਪਿੱਛੋਂ ਕੋਇਲ ਦੀ ਪਹਿਲੀ ਕੂਕ ਨੂੰ ਨਮੋ ਕਰਨ ਲਈ ਸ਼ਾਇਦ ਕੋਈ ਉਵੇਂ ਆਗਾਹ ਨਹੀਂ ਕਰੇਗਾ।

ਗੁਰਦੀਪ ਹੋਰਾਂ ਵੱਲੋਂ ਇਨ੍ਹਾਂ ਉਦਾਸੀ ਦੇ ਪਲਾਂ ਦੌਰਾਨ ਕਹੇ ਕੁਝ ਸ਼ੇਅਰ:

ਬਹਾਰਾਂ ਵਿਚ ਭਾਵੇਂ ਸੜ ਗਿਆ ਹੈ ਆਲ੍ਹਣਾ ਮੇਰਾ,  
ਖੇੜੇ ਨਾਲ ਪਰ ਰਿਸ਼ਤਾ ਮੇਰਾ ਮਨਫੀ ਨਹੀਂ ਹੋਣਾ।

×××

ਸਭ ਦਿਲਾਸੇ ਹੋ ਗਏ ਨੇ ਬੇਅਸਰ  
ਕਿਸਦਾ ਕਹਿਣਾ ਮੰਨਦੀ ਹੈ ਚਸ਼ਮੇਤਰ।  
ਮਾਰ ਕੇ ਧਾਅ ਹੋਣ ਵਾਲੇ ਕਹਿਰ 'ਤੇ  
ਹਰ ਕੋਈ ਕਹਿੰਦਾ ਹੈ ਮੈਨੂੰ ਸਬਰ ਕਰ।  
ਕੋਈ ਖੁਸ਼ ਹੁੰਦਾ ਨਹੀਂ ਮੈਂ ਵੇਖਿਆ  
ਜਦ ਕੋਈ ਸਾਥੀ ਮੁਕਾਉਂਦਾ ਹੈ ਸਫਰ।  
ਹਰ ਖੁਸ਼ੀ ਮੁੱਢੋਂ ਸਰਾਪੀ ਹੋਈ ਹੈ  
ਖੂਬਸੂਰਤ ਹੈ ਖੁਸ਼ੀ ਦੀ ਭਾਲ ਪਰ।  
ਕੀ ਬਹਾਰਾਂ ਰੁੱਸਣਾ ਸੀ ਬਾਗ ਨਾਲ  
ਆਪਣੀ ਲੱਗੀ ਹੈ ਨਰਗਿਸ ਦੀ ਨਜ਼ਰ।  
ਹਰ ਕਦਮ ਅੱਗੇ ਧਰਨ ਦੇ ਬਾਵਜੂਦ  
ਲੰਬੀ ਹੁੰਦੀ ਜਾ ਰਹੀ ਹੈ ਰਾਹ ਗੁਜ਼ਰ।  
ਸਿਤਮ ਵਧਦੇ ਜਾ ਰਹੇ ਨੇ ਵਕਤ ਦੇ  
ਫੈਜ਼* ਹੁੰਦੇ ਜਾ ਰਹੇ ਨੇ ਮੁਖਤਸਰ।

*(*ਫੈਜ਼-ਅਹਿਸਾਨ)*

## ਵਿਕਟੋਰੀਆ ਪੁਲਿਸ 'ਚ ਪਹਿਲੇ ਅੰਮ੍ਰਿਤਧਾਰੀ ਸਿੱਖ ਨੌਜਵਾਨ ਦੀ ਨਿਯੁਕਤੀ

**ਮੈਲਬਰਨ:** ਆਸਟਰੇਲੀਆ ਦੇ ਦੱਖਣ-ਪੂਰਬੀ ਸੂਬੇ ਵਿਕਟੋਰੀਆ ਦੀ ਪੁਲਿਸ ਫੋਰਸ 'ਚ ਪਹਿਲੇ ਅੰਮ੍ਰਿਤਧਾਰੀ ਸਿੱਖ ਦੀ ਨਿਯੁਕਤੀ ਹੋਈ ਹੈ। ਅੱਜ ਤੋਂ ਨੌਂ ਸਾਲ ਪਹਿਲਾਂ ਪੜ੍ਹਾਈ ਲਈ ਆਸਟਰੇਲੀਆ ਆਏ ਨੌਜਵਾਨ ਪਰਮਜੋਤ ਸਿੰਘ ਭੰਗੂ ਨੇ ਤਕਨੀਕੀ ਸਿੱਖਿਆ 'ਚ ਡਿਗਰੀ ਪ੍ਰਾਪਤ ਕੀਤੀ ਸੀ। ਪੰਜਾਬ ਦੇ ਅੰਮ੍ਰਿਤਸਰ ਜ਼ਿਲ੍ਹੇ ਦੇ ਪਿੰਡ ਪੱਲ੍ਹਾ 'ਚ ਅਮਰਜੀਤ ਸਿੰਘ ਦੇ ਘਰ ਜਨਮੇ ਪਰਮਜੋਤ ਸਿੰਘ ਨੇ ਦੱਸਿਆ ਕਿ ਉਸ ਦੀ ਇਸ ਪ੍ਰਾਪਤੀ ਦਾ ਆਧਾਰ ਉਸ ਦੇ



ਮਾਪਿਆਂ ਤੇ ਪਰਿਵਾਰ ਵੱਲੋਂ ਹਮੇਸ਼ਾ ਦਿੱਤਾ ਗਿਆ ਸਹਿਯੋਗ ਹੈ।

ਸਿੱਖ ਪਛਾਣ ਨਾਲ ਆਸਟਰੇਲੀਆ ਦੀ ਪੁਲਿਸ 'ਚ ਸੇਵਾ ਨਿਭਾਉਣ ਦੇ ਮਿਲੇ ਮੌਕੇ ਉਤੇ ਖੁਸ਼ੀ ਜ਼ਾਹਰ ਕਰਦਿਆਂ ਪਰਮਜੋਤ ਸਿੰਘ ਨੇ ਕਿਹਾ ਕਿ ਉਹ ਵਾਹਿਗੁਰੂ ਦਾ ਇਸ ਬਖਸ਼ਿਸ਼ ਲਈ ਸ਼ੁਕਰਗੁਜ਼ਾਰ ਹੈ। ਉਸ ਨੇ ਕਿਹਾ ਕਿ ਇਸ ਮੁਲਕ 'ਚ ਹਰ ਇਕ ਨੂੰ ਅੱਗੇ ਵਧਣ ਦੇ ਬਰਾਬਰ ਮੌਕੇ ਮਿਲਦੇ ਹਨ। ਮਿਹਨਤ ਤੇ ਸਿਦਕਦਿਲੀ ਹੀ ਸੁਪਨੇ ਪੂਰਨ ਦਾ ਇਕੋ-ਇਕ ਤਰੀਕਾ ਹੈ। ਆਪਣੀ ਪਤਨੀ ਦਲਜੀਤ ਕੌਰ ਤੇ ਬੱਚੇ ਹਰਬਾਰਿਕ ਸਿੰਘ ਨਾਲ ਗੁਰਦੁਆਰਾ ਕਰੇਗੀਬਰਨ ਪਹੁੰਚੇ ਪਰਮਜੋਤ ਸਿੰਘ ਦਾ ਸਨਮਾਨ ਕੀਤਾ ਗਿਆ।।

## ਪੇਂਡੂਆਂ ਦੀ ਹਕੀਮ ਬੀਬੀ ਕਰਤਾਰ ਕੌਰ ਚੱਲ ਵਸੀ

ਮੁਕਤਸਰ: ਜਦੋਂ ਮੁਕਤਸਰ ਦੇ ਟਿੱਬਿਆਂ ਓਹਲੇ ਛੁਪੇ ਪਿੰਡ ਕੁਰਾਈਵਾਲਾ ਵਿਚ ਬੇਬੇ ਕਰਤਾਰ ਕੌਰ ਦੀ 15 ਮਈ ਨੂੰ ਅੰਤਿਮ ਅਰਦਾਸ ਹੋਈ ਤਾਂ ਪਿੰਡ ਦੀ ਹਵਾ ਮਮਤਾ ਦੇ ਉਸ ਸੋਮੇ ਨੂੰ ਭਾਲਦੀ ਦਿਸੀ ਜਿਨ੍ਹੇਂ ਇਸ ਪਿੰਡ ਦੇ ਖਾਰੇ ਪਾਣੀਆਂ ਨੂੰ ਲਗਭਗ 70 ਵਰ੍ਹੇ ਮੋਹ ਦੀ ਮਿਠਾਸ ਬਖਸ਼ੀ। ਉਮਰ ਦੀਆਂ ਸਾਰੀਆਂ ਪੱਤਝੜਾਂ ਨੂੰ ਜੋੜ ਕੇ ਉਹਨੇ 90 ਬਹਾਰਾਂ ਬਣਾ ਦਿੱਤਾ।



ਚਾਹੇ ਸੇਮ ਦੀ ਗਾਰ 'ਚ ਗਰਕ ਗਿਆ ਮਕਾਨ ਹੋਵੇ ਚਾਹੇ ਖਾਰੇ ਪਾਣੀ ਦਾ ਤਲਾਅ ਬਣੇ ਖੇਤ, ਬੇਬੇ ਕਰਤਾਰ ਕੌਰ ਆਪਣੇ ਤੋਂ ਕੁਝ ਸਾਲ ਹੀ ਪਹਿਲਾਂ ਤੁਰ ਗਏ ਪਤੀ ਜੁਗਿੰਦਰ ਸਿੰਘ ਅਤੇ ਪਰਿਵਾਰ ਵਾਸਤੇ ਛੱਤ ਵੀ ਬਣੀ ਰਹੀ ਤੇ ਠੋਸ ਧਰਤੀ ਵੀ। ਲੋਕ-ਚਿਕਿਤਸਕ ਦੇ ਰੂਪ ਵਿਚ ਦੇਸੀ ਜੜੀਆਂ-ਬੂਟੀਆਂ ਦੀ ਜਾਣਕਾਰ ਬੇਬੇ ਨੂੰ ਪਰਿਵਾਰ ਮਜ਼ਾਕ ਨਾਲ 'ਬੌਰੀਆਂ ਦਾ ਡਾਕਟਰ' ਕਹਿੰਦਾ ਪਰ ਬੇਬੇ ਦੇ ਨੁਸਖਿਆਂ ਨਾਲ ਨੌਂ-ਬਰ-ਨੌਂ ਹੋਇਆ ਗਰੀਬ ਗੁਰਬਾ ਬੇਬੇ ਦੀ ਦਿਹਲੀ 'ਨਿਮਸ਼ਕਾਰ' ਕੇ ਅੰਦਰ ਵੜਦਾ।' ਮਹਿਰਾਜ ਵਾਲੇ ਦੇ ਸ. ਭਾਗ ਸਿੰਘ ਦੀ ਇਹ ਧੀ ਆਪਣੇ ਦੋ ਪੁਤਰ ਤੇ ਇਕ ਧੀ ਨੂੰ ਆਪਣੇ ਇਸ ਸੁਖੀ ਸੰਸਾਰ ਵਿਚ ਛੱਡ ਗਈ ਹੈ। ਵੱਡਾ ਪੁੱਤਰ ਕਿਸਾਨ ਤੇ ਛੋਟਾ ਬਲਦੇਵ ਸਿੰਘ ਧਾਲੀਵਾਲ ਪੰਜਾਬੀ ਦਾ ਪ੍ਰਸਿੱਧ ਕਹਾਣੀਕਾਰ ਹੈ ਅਤੇ ਯੂਨੀਵਰਸਿਟੀ ਵਿਚ ਪ੍ਰੋਫੈਸਰ ਹੈ। ਪ੍ਰੋ. ਧਾਲੀਵਾਲ ਨਾਲ ਸੰਪਰਕ ਫੋਨ 91-98728-35835 'ਤੇ ਕੀਤਾ ਜਾ ਸਕਦਾ ਹੈ।

ੴ ਸਤਿਗੁਰ ਪ੍ਰਸਾਦਿ

ਸੰਤ ਕਾ ਮਾਰਗ ਧਰਮ ਕੀ ਪੌੜੀ ਕੋ ਵਡਭਾਗੀ ਪਾਵੈ॥

# ਗੁਰਦੁਆਰਾ ਸਾਹਿਬ ਐਲ-ਸਬਰਾਂਟੇ, ਕੈਲੀਫੋਰਨੀਆ

## 61ਵੀਂ ਬਰਸੀ

# ਸੰਤ ਬਾਬਾ ਪ੍ਰੇਮ ਸਿੰਘ ਜੀ ਮੁਰਾਲੇਵਾਲੇ



ਸੰਤ ਬਾਬਾ ਪ੍ਰੇਮ ਸਿੰਘ ਜੀ

## 5 ਜੂਨ, 2011, ਦਿਨ ਐਤਵਾਰ

ਗੁਰੂ ਪਿਆਰੀ ਸਾਧ ਸੰਗਤ ਜੀਓ,
ਵਾਹਿਗੁਰੂ ਜੀ ਕੀ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥
ਆਪ ਜੀ ਦੀ ਸੇਵਾ ਵਿਚ ਬੇਨਤੀ ਹੈ ਕਿ ਪੰਥ ਦੇ ਮਹਾਨ ਤਵੱਸਵੀ, ਗੁਰਮਤਿ ਪ੍ਰਚਾਰਕ, ਸਮਾਜ ਸੇਵਕ ਅਤੇ ਵਿਦਿਆ-ਦਾਨੀ ਸੰਤ ਬਾਬਾ ਪ੍ਰੇਮ ਸਿੰਘ ਜੀ ਮੁਰਾਲੇਵਾਲੇ (ਬੇਗੋਵਾਲ, ਜ਼ਿਲ੍ਹਾ ਕਪੂਰਥਲਾ) ਦੀ ਸਾਲਾਨਾ ਬਰਸੀ ਗੁਰਦੁਆਰਾ ਸਾਹਿਬ, ਐਲ-ਸਬਰਾਂਟੇ ਵਿਖੇ ਬੜੇ ਪਿਆਰ ਸਤਿਕਾਰ ਅਤੇ ਸ਼ਰਧਾ ਭਾਵਨਾ ਨਾਲ ਮਨਾਈ ਜਾ ਰਹੀ ਹੈ। ਇਸ ਸਬੰਧ ਵਿਚ ਪ੍ਰੋਗਰਾਮ ਹੇਠ ਲਿਖੇ ਅਨੁਸਾਰ ਹਨ।

### ਪ੍ਰੋਗਰਾਮ

ਆਰੰਭ ਸ੍ਰੀ ਅਖੰਡ ਪਾਠ ਸਾਹਿਬ
3 ਜੂਨ, 2011 ਦਿਨ ਸ਼ੁੱਕਰਵਾਰ, ਸਵੇਰੇ 10 ਵਜੇ
ਭੋਗ ਸ੍ਰੀ ਅਖੰਡ ਪਾਠ ਸਾਹਿਬ
5 ਜੂਨ, 2011 ਦਿਨ ਐਤਵਾਰ, ਸਵੇਰੇ 10 ਵਜੇ



ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਉਪਰੰਤ 2 ਵਜੇ ਤੱਕ ਕਥਾ-ਕੀਰਤਨ ਦਾ ਪਰਵਾਹ ਚੱਲੇਗਾ। ਉਪਰੰਤ 2 ਵਜੇ ਅਰਦਾਸ ਹੋਵੇਗੀ। ਸਮੂਹ ਸਾਧ ਸੰਗਤ ਦੀ ਸੇਵਾ ਵਿਚ ਬੇਨਤੀ ਹੈ ਕਿ ਪਰਿਵਾਰਾਂ ਸਮੇਤ, ਸਮੇਂ ਸਿਰ ਗੁਰੂ ਘਰ ਪਹੁੰਚ ਕੇ ਗੁਰੂ ਮਹਾਰਾਜ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ। ਇਸ ਮੌਕੇ 'ਤੇ 11 ਵਜੇ ਤੋਂ ਗੁਰੂ ਕਾ ਲੰਗਰ ਅਤੁੱਟ ਵਰਤੇਗਾ ਜੀ। ਲੰਗਰ ਦੀ ਸੇਵਾ ਸੰਤ ਜੀ ਦੇ ਸ਼ਰਧਾਲੂਆਂ ਵਲੋਂ ਹੋਵੇਗੀ ਜੀ।

*61st Barsi of Sant Baba Prem Singh Ji Muralewale (Begowal, Distt. Kapurthala) is being celebrated at Gurudwara Sahib. El-Sobrante from June 3 to June 5, 2011. All are requested to participate in paying homage to the great Saint of the 20th Century & Seek God's blessings.*

*For More Info. Please Contact:*
Col Paramjit S. Gahra 510-703-8437; Col Puran S. Ghotra 707-704-6915; Sharanjit S. Kamma 650-238-8525; Harjit Singh 707-334-7514; Jit Singh 650-580-4477; Malkit Singh 510-860-7811; Daljit Singh 650-826-1357

Ad space sponsored by

## Law Office of Manpreet Singh Gahra

*Berkeley Office : 2161, Shattuck Ave., Suite#304, Berkeley, CA 94704,*

***Phone: 510-841-4582***

*Sacramento Office : Ph. 916-924-1617*

# ਪੰਜਾਬੀ ਰੇਡੀਓ ਯੂਐਸਏ ਵਲੋਂ 'ਵਿਦਿਆ ਵੀਚਾਰੀ ਤਾਂ ਪਰਉਪਕਾਰੀ' ਪ੍ਰੋਗਰਾਮ ਸ਼ੁਰੂ

**ਸੈਨ ਹੋਜ਼ੇ (ਬਿਊਰੋ):** 24 ਘੰਟੇ ਸੱਤੇ ਦਿਨ ਅਤੇ ਕੈਲੀਫੋਰਨੀਆ ਅਤੇ ਨੇਵਾਡਾ ਵਿਚ ਇਕੋ ਸਮੇਂ 11 ਸਟੇਸ਼ਨਾਂ ਤੋਂ ਚੱਲਣ ਵਾਲੇ ਰੇਡੀਓ ਸਟੇਸ਼ਨ ਪੰਜਾਬੀ ਰੇਡੀਓ ਯੂਐਸਏ ਨੇ 'ਵਿਦਿਆ ਵੀਚਾਰੀ ਤਾਂ ਪਰਉਪਕਾਰੀ'ਨਾਂ ਦਾ ਇਕ ਨਵਾਂ ਪ੍ਰੋਗਰਾਮ ਸ਼ੁਰੂ ਕੀਤਾ ਹੈ ਜੋ ਹਰ ਐਤਵਾਰ ਰਾਤ ਨੂੰ 9.45 ਵਜੇ ਤੋਂ 10.00 ਵਜੇ ਤੱਕ ਲਾਈਵ ਬਰਾਡਕਾਸਟ ਕੀਤਾ ਜਾਇਆ ਕਰੇਗਾ। ਇਸ ਵਿਚ ਉਨ੍ਹਾਂ ਬੱਚਿਆਂ ਜੋ ਅਜੇ ਸਕੂਲ ਵਿਚ ਹਨ, ਨੂੰ ਦੱਸਿਆ ਜਾਵਗਾ ਕਿ ਉਹ ਆਪਣੀ ਉਚੇਰੀ ਸਿੱਖਿਆ ਦੇ ਸੁਪਨੇ ਕਿਸ ਤਰ੍ਹਾਂ ਪੂਰੇ ਕਰ ਸਕਦੇ ਹਨ।

ਪੰਜਾਬੀ ਰੇਡੀਓ ਯੂਐਸਏ ਦੇ ਇਕ ਬੁਲਾਰੇ ਹਰਵਿੰਦਰ ਸਿੰਘ ਕੰਗ ਨੇ ਦਸਿਆ ਕਿ ਇਸ ਪ੍ਰੋਗਰਾਮ ਨੂੰ ਸ਼ੁਰੂ ਕਰਨ ਦਾ ਅਸਲ ਮਕਸਦ ਅਮਰੀਕਾ ਵਿਚ ਵਸਦੇ ਉਨ੍ਹਾਂ ਸਾਰੇ ਹੀ ਪੰਜਾਬੀਆਂ ਨੂੰ ਜਾਗਰੂਕ ਕਰਨਾ ਹੈ ਜੋ ਜਾਣਕਾਰੀ ਦੀ ਘਾਟ ਕਾਰਨ ਹਾਈ ਸਕੂਲ ਤੋਂ ਬਾਅਦ ਹੀ ਪੜ੍ਹਾਈ ਛੱਡ ਦਿੰਦੇ ਹਨ। ਇਹ ਗੱਲ ਪੰਜਾਬੀਆਂ ਲਈ ਚਿੰਤਾ ਵਾਲੀ ਹੈ ਕਿ ਬਹੁਤੇ ਪੰਜਾਬੀ ਬੱਚੇ ਹਾਈ ਸਕੂਲ ਤੋਂ ਬਾਅਦ ਹੀ ਡਰਾਪ ਆਊਟ ਕਰ ਜਾਂਦੇ ਹਨ।

ਇਸ ਪ੍ਰੋਗਰਾਮ ਨੂੰ ਹੋਸਟ ਕਰਿਆ ਕਰਨਗੇ ਹਰਪ੍ਰੀਤ ਕੌਰ ਸੰਘਾ ਜੋ ਕਿ ਸਟੈਨਫਰਡ ਤੋਂ ਮਕੈਨੀਕਲ ਇੰਜੀਨਅਰਿੰਗ ਦੀ ਗਰੈਜੂਏਟ ਹੈ ਅਤੇ ਜਿਸਨੇ ਆਪਣੀ ਸਾਰੀ ਪੜ੍ਹਾਈ ਸਕਾਲਰਸ਼ਿਪਸ ਨਾਲ ਕੀਤੀ ਹੈ। ਉਹ ਪਿਛਲੇ ਕੁਝ ਸਮੇਂ ਤੋਂ ਗੁਰਦੁਆਰਾ ਫਰੀਮਾਂਟ ਵਿਚ ਐਸਏਟੀ ਕਲਾਸਾਂ ਵੀ ਲੈਂਦੇ ਹਨ। ਉਨ੍ਹਾਂ ਨਾਲ ਇਸ ਸ਼ੋਅ ਵਿਚ ਦਿਲਪ੍ਰੀਤ ਸਿੰਘ ਖ਼ਾਲਸਾ ਅਤੇ ਹਰ ਹਫ਼ਤੇ ਅਲੱਗ ਅਲੱਗ ਫੀਲਡ ਦੇ ਸਿੱਖਿਆ ਮਾਹਰ ਜੁਆਇਨ ਕਰਿਆ ਕਰਨਗੇ।

ਹਰਪ੍ਰੀਤ ਸੰਘਾ ਨੇ ਪਹਿਲਾ ਸ਼ੋਅ ਲੰਘੇ ਐਤਵਾਰ 15 ਮਈ ਨੂੰ ਸ਼ੁਰੂ ਕੀਤਾ। ਪ੍ਰੋਗਰਾਮ ਨੂੰ ਭਰਵਾਂ ਹੁੰਗਾਰਾ ਮਿਲਿਆ ਅਤੇ ਮਾਪਿਆਂ ਅਤੇ ਬੱਚਿਆਂ ਨੇ ਪੰਜਾਬੀ ਰੇਡੀਓ ਯੂਐਸਏ ਦੇ ਇਸ ਕਦਮ ਨੂੰ ਬਹੁਤ ਸਰਾਹਿਆ।

ਰੇਡੀਓ ਵਲੋਂ ਜਾਰੀ ਇਕ ਬਿਆਨ ਅਨੁਸਾਰ ਇਸ ਦੇ ਛੋਟੀ ਉਮਰ ਦੇ ਬੱਚਿਆਂ ਲਈ ਪ੍ਰੋਗਰਾਮ 'ਝਿਲਮਿਲ ਤਾਰੇ' ਨੂੰ ਵੀ ਬੱਚਿਆਂ ਦਾ ਭਰਵਾਂ ਹੁੰਗਾਰਾ ਮਿਲ ਰਿਹਾ ਹੈ। ਦਿਲਪ੍ਰੀਤ ਸਿੰਘ ਖ਼ਾਲਸਾ ਦੁਆਰਾ ਹੋਸਟ ਕੀਤਾ ਜਾਂਦਾ ਇਹ ਪ੍ਰੋਗਰਾਮ ਇਥੇ ਦੇ ਜੰਮਪਲ ਛੋਟੀ ਉਮਰ ਦੇ ਬੱਚਿਆਂ ਨੂੰ ਪੰਜਾਬੀ ਵਿਰਸੇ, ਸਿੱਖ ਇਤਿਹਾਸ ਅਤੇ ਪੰਜਾਬ ਦੇ ਇਤਿਹਾਸ ਨਾਲ ਜੋੜਦਾ ਹੈ। ਖ਼ਾਸ ਗੱਲ ਇਹ ਹੈ ਕਿ ਪੰਜਾਬੀ ਰੇਡੀਓ ਦੇ ਜ਼ਿਆਦਾਤਰ ਹੋਸਟ 18 ਤੋਂ 30 ਸਾਲ ਉਮਰ ਦੇ ਹਨ ਅਤੇ ਬਹੁਤ ਹੀ ਸੁਲਝੇ ਹੋਏ ਅਤੇ ਪੜ੍ਹੇ ਲਿਖੇ ਹਨ।

## ਕੈਲੀਫੋਰਨੀਆ ਕਬੱਡੀ ਫੈਡਰੇਸ਼ਨ ਦੀ ਟੀਮ ਦੀ ਜਿੱਤ 'ਤੇ ਖੁਸ਼ੀ ਦਾ ਪ੍ਰਗਟਾਵਾ

**ਯੂਨੀਅਨ ਸਿਟੀ (ਬਿਊਰੋ):** ਐਤਵਾਰ ਨੂੰ ਨਿਊ ਯਾਰਕ ਵਿਚ ਹੋਏ ਕਬੱਡੀ ਕੱਪ ਟੂਰਨਾਮੈਂਟ ਦੌਰਾਨ ਕੈਲੀਫੋਰਨੀਆ ਕਬੱਡੀ ਟੂਰਨਾਮੈਂਟ ਦੀ ਟੀਮ ਜੋ ਅਮਰੀਕਾ ਦੀ ਟੀਮ ਵਲੋਂ ਖੇਡੀ 11,000 ਡਾਲਰ ਦੇ ਇਨਾਮ ਅਤੇ ਟਰਾਫੀ ਦੀ ਜੇਤੂ ਰਹੀ। ਤੀਰਥ ਗਾਖਲ ਦੀ ਕਪਤਾਨੀ ਹੇਠ ਖੇਡੀ ਇਹ ਟੀਮ ਬੱਲੀ ਮਹੇੜੂ, ਜੋਨੀ, ਦੂੱਲਾ, ਮੌਲਾ, ਅਮਰੀਕ, ਅੰਮ੍ਰਿਤਪਾਲ ਜਿਹੇ ਉਘੇ ਰੇਡਰਾਂ ਅਤੇ ਜੱਸਾ ਕਾਲਸੰਘਿਆਂ, ਜੱਸਾ ਭਲਵਾਨ, ਅਰਸ਼ੀ, ਨਵੀ ਜੌਹਲ, ਬਿੱਲਾ ਸੰਧੂ, ਗਗਨ ਸੰਧੂ ਅਤੇ ਸੀਪੂ ਜਹੇ ਵਧੀਆ ਜਾਫੀਆਂ ਨਾਲ ਲੈਸ ਸੀ।


ਕੈਲੀਫੋਰਨੀਆ ਕਬੱਡੀ ਫੈਡਰੇਸ਼ਨ ਦੇ ਚੇਅਰਮੈਨ ਸ. ਬਲਜੀਤ ਸਿੰਘ ਸੰਧੂ ਨੇ ਸਾਰੇ ਸਪਾਂਸਰਾਂ, ਸੁਪੋਰਟਰਾਂ ਅਤੇ ਕਬੱਡੀ ਖਿਡਾਰੀਆਂ ਨੂੰ ਇਸ ਜਿੱਤ 'ਤੇ ਵਧਾਈ ਦਿੱਤੀ ਹੈ। ਸ੍ਰੀ ਸੰਧੂ ਨੇ ਦੱਸਿਆ ਕਿ ਇਸ ਟੀਮ ਦੀ ਯੋਗਤਾ ਨੂੰ ਦੇਖਦਿਆਂ ਕੈਨੇਡਾ ਕਬੱਡੀ ਕੱਪ ਵਾਸਤੇ ਸ੍ਰੀ ਗੁਰੂ ਸਿੰਘ ਸਭਾ, ਮਾਲਟਨ ਸਪੋਰਟਸ ਕਲੱਬ ਨੇ 13 ਅਗਸਤ 2011 ਨੂੰ ਹੋ ਰਹੇ ਕੈਨੇਡਾ ਕੱਪ ਵਾਸਤੇ ਕੈਲੀਫੋਰਨੀਆ ਕਬੱਡੀ ਫੈਡਰੇਸ਼ਨ ਨੂੰ ਸੱਦਾ ਪੱਤਰ ਦਿਤਾ ਹੈ।



ਤੀਆਂ ਦੇ ਮੇਲੇ ਲਈ ਤਿਆਰੀ 'ਚ ਜੁਟੀਆਂ ਬੀਬੀਆਂ ਤੇ ਬੱਚੇ

# ਅਸ਼ੋਕ ਭੌਰਾ ਦੀ ਨਵੀਂ ਪੁਸਤਕ 'ਗੱਲੀਂ ਬਾਤੀਂ' ਦੀ ਘੁੰਡ ਚੁਕਾਈ 12 ਜੂਨ ਨੂੰ

**ਫਰਿਜ਼ਨੋ (ਮਾਨ ਮਨਦੀਪ):** ਉਘੇ ਲੇਖਕ, ਪੱਤਰਕਾਰ ਅਤੇ ਪੰਜਾਬ ਟਾਈਮਜ਼ ਦੇ ਸਥਾਈ ਕਾਲਮਨਵੀਸ ਸ੍ਰੀ ਐਸ. ਅਸ਼ੋਕ ਭੌਰਾ ਦੀ ਨਵੀਂ ਪੁਸਤਕ 'ਜ਼ਿੰਦਗੀ ਦਾ ਸਾਂਝਾ ਰੰਗਮੰਚ-ਗੱਲੀਂ ਬਾਤੀਂ' ਦੀ ਘੁੰਡ ਚੁਕਾਈ ਇਥੇ ਆਉਂਦੀ 12 ਜੂਨ ਨੂੰ ਕੀਤੀ ਜਾਵੇਗੀ।




ਪੁਸਤਕ 'ਗੱਲੀਂ ਬਾਤੀਂ' ਸ੍ਰੀ ਭੌਰਾ ਦੇ ਲਿਖੇ ਅਤੇ ਪੰਜਾਬ ਟਾਈਮਜ਼ ਵਿਚ ਲੜੀਵਾਰ ਛਪਦੇ ਲੇਖਾਂ ਦਾ ਸੰਗ੍ਰਿਹ ਹੈ। ਪੰਜਾਬੀ ਦੇ ਪ੍ਰਸਿਧ ਲੇਖਕਾਂ ਸ਼ਮਸ਼ੇਰ ਸਿੰਘ ਸੰਧੂ, ਪ੍ਰੋ. ਗੁਰਭਜਨ ਗਿੱਲ, ਕਾਲਮਨਵੀਸ ਦੇਵ ਥਰੀਕਿਆਂ ਵਾਲਾ ਅਤੇ ਪੰਜਾਬ ਟਾਈਮਜ਼ ਦੇ ਸੰਪਾਦਕ ਅਮੋਲਕ ਸਿੰਘ ਜੰਮੂ ਦੀਆਂ ਪੁਸਤਕ ਬਾਰੇ ਟਿੱਪਣੀਆਂ ਸ੍ਰੀ ਅਸ਼ੋਕ ਭੌਰਾ ਦੀ ਲੇਖਕ ਸ਼ਖਸੀਅਤ ਦੇ ਸ਼ਾਖਸ਼ਾਤ ਦਰਸ਼ਨ ਕਰਵਾਉਂਦੀਆਂ ਹਨ।

ਖੂਬਸੂਰਤ ਛਪਾਈ ਵਾਲੀ ਸੁਖਵੰਤ ਅਤੇ ਪ੍ਰਕਾਸ਼ ਦੇ ਰੇਖਾ ਚਿੱਤਰਾਂ ਨਾਲ ਸ਼ਿੰਗਾਰੀ ਇਸ ਪੁਸਤਕ ਵਿਚ ਸ਼ਾਮਲ ਹਰ ਲੇਖ ਸਮਾਜ ਦੇ ਕਿਸੇ ਨਾ ਕਿਸੇ ਵਰਤਾਰੇ ਦੀ ਖੁਲ੍ਹ ਕੇ ਚਰਚਾ ਕਰਦਾ ਹੈ। ਸ਼ਬਦਾਂ ਦਾ ਜਾਦੂਗਰ ਕਰਕੇ ਜਾਣੇ ਜਾਂਦੇ ਲੇਖਕ ਅਸ਼ੋਕ ਭੌਰਾ ਦੀ ਇਹ ਪੁਸਤਕ ਬਹੁਤ ਹੀ ਦਿਲਚਸਪ ਅਤੇ ਜਾਣਕਾਰੀ ਭਰਪੂਰ ਹੈ। ਪੰਜਾਬੀ ਮਾਂ ਬੋਲੀ ਦੇ ਇਸ ਵਿਲੱਖਣ ਹਸਤਾਖਰ ਅਸ਼ੋਕ ਭੌਰੇ ਦੀ ਇਹ ਪੁਸਤਕ ਪੜ੍ਹਨਯੋਗ ਹੀ ਨਹੀਂ ਸਗੋਂ ਸਾਂਭਣਯੋਗ ਦਸਤਾਵੇਜ਼ ਵੀ ਹੈ। ਸ੍ਰੀ ਭੌਰਾ ਨਾਲ ਸੰਪਰਕ ਫੋਨ 801-512-4552 ਉਤੇ ਕੀਤਾ ਜਾ ਸਕਦਾ ਹੈ।

## ਸੈਕਰਾਮੈਂਟੋ 'ਚ ਤੀਆਂ ਦੇ ਮੇਲੇ ਲਈ ਤਿਆਰੀ ਜਾਰੀ

**ਸੈਕਰਾਮੈਂਟੋ (ਬਿਊਰੋ):** ਇਥੇ ਨਟੋਮਸ ਕਸਬੇ ਵਿਚ ਸਨਿਚਰਵਾਰ 9 ਜੁਲਾਈ ਨੂੰ ਹੋਟਲ ਫੋਰ ਪੁਆਇੰਟ ਸ਼ੈਰੇਟਨ ਵਿਚ ਕਰਵਾਏ ਜਾ ਰਹੇ ਤੀਆਂ ਦੇ ਮੇਲੇ ਲਈ ਤਿਆਰੀਆਂ ਅਰੰਭ ਕਰ ਦਿੱਤੀਆਂ ਗਈਆਂ ਹਨ ਅਤੇ ਇਸ ਸਬੰਧੀ ਇਕ ਮੀਟਿੰਗ ਪਿਛਲੇ ਦਿਨੀਂ ਇਥੇ ਹੋਈ ਜਿਸ ਵਿਚ ਮੇਲੇ ਦੀਆਂ ਤਿਆਰੀਆਂ ਦਾ ਜਾਇਜ਼ਾ ਲਿਆ ਗਿਆ।

ਇਹ ਜਾਣਕਾਰੀ ਦਿੰਦਿਆਂ ਇਸ ਮੇਲੇ ਦੀ ਇਕ ਪ੍ਰਬੰਧਕ ਬੀਬੀ ਮਨਦੀਪ ਕੌਰ ਔਜਲਾ ਨੇ ਦੱਸਿਆ ਕਿ ਇਸ ਮੇਲੇ ਲਈ ਗਿੱਧੇ ਦੀ ਪ੍ਰੈਕਟਿਸ ਹਫਤੇ ਦੇ ਦੋ ਦਿਨ ਹੁੰਦੀ ਹੈ ਜਿਸ ਵਿਚ ਛੋਟੀਆਂ ਲੜਕੀਆਂ, ਬੀਬੀਆਂ ਅਤੇ ਬਜ਼ੁਰਗ ਔਰਤਾਂ ਸ਼ਾਮਲ ਹੁੰਦੀਆਂ ਹਨ। ਤੀਆਂ ਦੇ ਇਸ ਮੇਲੇ ਬਾਰੇ ਹੋਰ ਜਾਣਕਾਰੀ ਲਈ ਬੀਬੀ ਔਜਲਾ ਨਾਲ ਫੋਨ 916-410-1942 ਜਾਂ ਡਿੰਪਲ ਕੌਰ ਫੋਨ 916-896-7939 ਉਤੇ ਸੰਪਰਕ ਕੀਤਾ ਜਾ ਸਕਦਾ ਹੈ।

## ਭਾਈ ਦਲੇਰ ਸਿੰਘ ਨਮਿਤ ਸ਼ਰਧਾਂਜਲੀ ਸਮਾਗਮ 22 ਨੂੰ

ਲੋਡਾਈ: ਪੰਥ ਪ੍ਰਸਿਧ ਕੀਰਤਨੀਏ ਭਾਈ ਸਤਵਿੰਦਰ ਸਿੰਘ ਅਤੇ ਭਾਈ ਹਰਵਿੰਦਰ ਸਿੰਘ ਦਿੱਲੀ ਵਾਲੇ, ਜੋ ਅੱਜ ਕੱਲ ਗੁਰਦੁਆਰਾ ਦਸ਼ਮੇਸ਼ ਦਰਬਾਰ, ਲੋਡਾਈ ਵਿਖੇ ਕੀਰਤਨ ਦੀ ਸੇਵਾ ਕਰਦੇ ਹਨ, ਦੇ ਪਿਤਾ ਭਾਈ ਦਲੇਰ ਸਿੰਘ ਨਮਿਤ ਸ਼ਰਧਾਂਜਲੀ ਸਮਾਗਮ ਇਸ ਗੁਰੂ ਘਰ ਵਿਚ 22 ਮਈ ਨੂੰ ਹੋਵੇਗਾ। ਭਾਈ ਦਲੇਰ ਸਿੰਘ ਪਿਛਲੇ ਦਿਨੀਂ ਦਿੱਲੀ ਵਿਚ ਅਕਾਲ ਚਲਾਣਾ ਕਰ ਗਏ ਸਨ।

ਇਸ ਸ਼ਰਧਾਂਜਲੀ ਸਮਾਗਮ ਸਬੰਧੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਖੰਡ ਪਾਠ ਦਾ ਅਰੰਭ 20 ਮਈ ਨੂੰ ਹੋਵੇਗਾ ਅਤੇ ਭੋਗ 22 ਮਈ ਨੂੰ ਪਵੇਗਾ। ਸ਼ੁੱਕਰ ਅਤੇ ਸਨਿਚਰਵਾਰ-ਦੋਵੇਂ ਦਿਨ ਸਵੇਰੇ ਅਤੇ ਸ਼ਾਮ ਕੀਰਤਨ ਹੋਵੇਗਾ। ਐਤਵਾਰ ਨੂੰ ਅਖੰਡ ਪਾਠ ਦੇ ਭੋਗ ਉਪਰੰਤ ਕੀਰਤਨ ਦੀਵਾਨ ਸਜਣਗੇ।

ਮਰਦਾਨਾ ਕਮਜ਼ੋਰੀ ਦਾ ਹੱਲ ਆਯੁਰਵੈਦ ਦੇ ਸੰਗ

ਮਰਦਾਨਾ ਤਾਕਤ ਲਈ ਸਿਹਤ ਗੋਯੰਗ ਕੋਰਸ ਅਤੇ ਸ਼ਹਿਨਸ਼ਾਹੀ ਤਿੱਲਾ (ਸੁਪਰ ਪਾਵਰ)

ਇਕ ਹਫਤਾ ਦਵਾਈ ਖਾਣ ਤੋਂ ਬਾਅਦ ਤੁਸੀਂ ਗ੍ਰਹਿਸਥ ਜੀਵਨ ਦਾ ਭਰਪੂਰ ਅਨੰਦ ਉਠਾ ਸਕਦੇ ਹੋ। ਕਮਜ਼ੋਰੀ ਕਿਸੇ ਵੀ ਤਰ੍ਹਾਂ ਦੀ ਹੋਵੇ-ਗ਼ਲਤ ਕੰਮਾਂ ਦੇ ਕਾਰਨ, ਨਸ਼ੇ ਦੇ ਕਾਰਨ, ਸ਼ੂਗਰ ਦੇ ਕਾਰਨ ਜਾਂ ਵਧਦੀ ਉਮਰ ਦੇ ਕਾਰਨ।

ਚਿਹਰੇ ਦੀ ਸੁੰਦਰਤਾ | ਮੋਟਾਪਾ ਘਟਾਓ | ਸਿਹਤ ਬਣਾਓ
ਵਾਲਾਂ ਦਾ ਝੜਨਾ | ਸ਼ੂਗਰ ਕੰਟਰੋਲ | ਇਸਤਰੀ ਰੋਗ

ਪੰਜਾਬ ਦੀ ਸਭ ਤੋਂ ਮਸ਼ਹੂਰ ਫਾਰਮੇਸੀ ਜਿੱਥੇ ਮਰਦਾਂ ਅਤੇ ਔਰਤਾਂ ਦਾ ਪਿਛਲੇ 50 ਸਾਲਾਂ ਤੋਂ ਤਸੱਲੀਬਖਸ਼ ਇਲਾਜ ਕੀਤਾ ਜਾਂਦਾ ਹੈ।

ਨਸਾਂ ਦੀ ਕਮਜ਼ੋਰੀ ਦੂਰ ਕਰਨ ਲਈ ਖਾਸ ਤੌਰ 'ਤੇ ਸ਼ਹਿਨਸ਼ਾਹੀ (ਸੁਪਰ ਪਾਵਰ) ਤੇਲ ਤਿਆਰ ਕੀਤਾ ਗਿਆ ਹੈ ਜਿਸ ਦੀ ਵਰਤੋਂ ਨਾਲ ਮਰਦਾਨਾ ਕਮਜ਼ੋਰੀ ਠੀਕ ਹੋ ਜਾਂਦੀ ਹੈ।

ਬੁਢਾਪੇ ਵਿਚ ਜਵਾਨੀ ਵਰਗੀ ਤਾਕਤ ਦੁਬਾਰਾ ਹਾਸਿਲ ਕਰੋ।

ਪੂਰਾ ਕੋਰਸ ਕਰਨ ਤੋਂ ਬਾਅਦ ਦੁਬਾਰਾ ਦਵਾਈ ਖਾਣ ਦੀ ਲੋੜ ਨਹੀਂ ਪੈਂਦੀ।



ਡਾ. ਨੰਦ ਕਿਸ਼ੋਰ ਓਬਰਾਏ
ਆਯੁਰਵੈਦਿਕ ਰਤਨ
ਰਜਿ. ਨੰ. 59/AY/PB.

ਅੱਜਕਲ੍ਹ ਦੇ ਨੌਜਵਾਨ ਭੈੜੀਆਂ ਆਦਤਾਂ ਵਿਚ ਫਸ ਕੇ ਬੁਰੀ ਤਰ੍ਹਾਂ ਦੇ ਖਤਰਨਾਕ ਅਤੇ ਗੁਪਤ ਰੋਗਾਂ ਦਾ ਸ਼ਿਕਾਰ ਹੋ ਜਾਂਦੇ ਹਨ। ਔਰਤ ਦੇ ਕਾਬਿਲ ਨਾ ਰਹਿਣਾ, ਹਰ ਤਰ੍ਹਾਂ ਦੀ ਕਮਜ਼ੋਰੀ, ਮਸਾਨੇ ਦੀ ਗਰਮੀ, ਪਿਸ਼ਾਬ ਦਾ ਜ਼ਿਆਦਾ ਆਉਣਾ, ਖੂਨ ਨਾ ਬਣਨਾ, ਖਾਂਦਿਆਂ ਪੀਂਦਿਆਂ ਸੁੱਕਦੇ ਜਾਣਾ ਆਦਿ ਤਮਾਮ ਤਕਲੀਫਾਂ ਤੋਂ ਹਮੇਸ਼ਾ ਲਈ ਛੁਟਕਾਰਾ ਪਾਉਣ ਲਈ ਸਾਡੀ 50 ਸਾਲਾਂ ਤੋਂ ਅਜਮਾਈ ਹੋਈ ਦਵਾਈ ਅਤੇ ਸੁਪਰ ਪਾਵਰ ਤੇਲ ਦੇ ਕੋਰਸ ਦੀ ਵਰਤੋਂ ਕਰੋ। ਇਸ ਦੇ ਕੁਝ ਦਿਨ ਵਰਤਣ ਨਾਲ ਸੁਪਨਦੋਸ਼ ਬੰਦ ਹੋ ਜਾਂਦਾ ਹੈ। ਮਰਦਾਨਾ ਕਮਜ਼ੋਰੀ ਦੂਰ ਹੋ ਜਾਂਦੀ ਹੈ। ਇਸ ਦਵਾਈ ਦੀ ਵਰਤੋਂ ਨਾਲ ਗਏ ਗੁਜ਼ਰੇ ਨੌਜਵਾਨਾਂ ਨੂੰ ਫਿਰ ਤੋਂ ਜਵਾਨੀ ਦੀ ਝਲਕ ਦਿਖਾਈ ਦੇਣ ਲੱਗ ਪੈਂਦੀ ਹੈ।

Surajvanshi Pharmacy (R)
MANUFACTURE & EXPORTER OF HERBAL PRODUCTS
25, New Model Town, Jalandhar (Punjab) INDIA.
Contact : Dr. Shweat Oberoi E-mail : shweat077@yahoo.com
Mobile : 98155-33933 Fax : 0091-181-5062627

Quik Signs
Signs * Graphics * Wraps



ਅਸੀਂ ਹਰ ਸਾਈਜ਼ ਦੇ ਸਾਈਨ
ਹਰ ਸਟੇਟ ਵਿੱਚ ਮੇਲ ਵੀ ਕਰਦੇ ਹਾਂ



ਬੈਨਰ, ਬਿਜ਼ਨਸ ਕਾਰਡ, ਵਿਆਹ ਦੇ ਕਾਰਡ,
ਲੋਗੋ ਡਿਜ਼ਾਇਨ, ਫੁੱਲ ਕਲਰ ਪਿੰਟਿੰਗ, ਮੈਗਨੈਟਿਕ ਸਾਈਨ,
ਸਟੋਰਾਂ ਦਾ ਸਾਈਨ, ਕਲਰ ਪੋਸਟਰ ਅਤੇ ਹਰ ਤਰ੍ਹਾਂ ਦੀ ਪ੍ਰਿੰਟਿੰਗ ਲਈ ਮਿਲੋ।

ਅਸੀਂ ਹਰ ਤਰਾਂ ਦੇ ਸਾਈਨ ਬਣਾਉਂਦੇ ਹਾਂ ਅਤੇ ਪੁਰਾਣੇ ਸਾਈਨਾਂ ਦੀ ਰਿਪੇਅਰ ਵੀ ਕਰਦੇ ਹਾਂ

Specialized in English, Spanish, Hindi & Punjabi



# Global Multi Services

## ਟਰੱਕਿੰਗ ਦੀ ਦੁਨੀਆਂ ਵਿਚ ਨਵਾਂ ਕਦਮ

> ਟਰੱਕਾਂ ਦੀਆਂ ਲਾਇਸੈਂਸ ਪਲੇਟਾਂ ਲੈਣ ਲਈ ਹੁਣ ਹਫਤਿਆਂਬੱਧੀ ਉਡੀਕ ਕਰਨ ਦੀ ਲੋੜ ਨਹੀਂ।

> ਕੇਵਲ ਦੋ ਘੰਟਿਆਂ ਵਿਚ ਲਾਇਸੈਂਸ ਪਲੇਟਾਂ ਲੈਣ ਲਈ ਸਾਡੇ ਆਫਿਸ ਵਿਚ ਸੰਪਰਕ ਕਰੋ

**ਹੇਠ ਲਿਖੀਆਂ ਸੇਵਾਵਾਂ ਉਪਲਬਧ ਹਨ:**

*License Plates
*IFTA *Fuel tax Return
*DOT, ICC-MC Registration Services
*New Mexico & Kentucky Permit
*Corporation and LLC Formation,
*Highway Use Tax (2290)
*UCR Permit, Oregon Permits, CA #,
*MCP, New York Permits etc.

**ਕੈਲੀਫੋਰਨੀਆ ਵਿਚ ਰਹਿੰਦੇ ਟਰੱਕਰ ਭਰਾਵਾਂ ਲਈ ਖੁਸ਼ਖਬਰੀ**

**ਹੁਣ ਤੁਸੀਂ ਟਰੱਕਾਂ ਦੀਆਂ ਪਲੇਟਾਂ ਗਲੋਬਲ ਮਲਟੀ ਸਰਵਿਸਸ ਦੇ ਦਫਤਰ ਵਿਚੋਂ ਤੁਰੰਤ ਵੀ ਲੈ ਸਕਦੇ ਹੋ**

ਪਿਛਲੇ ਪੰਜ ਸਾਲ ਤੋਂ ਤੁਹਾਡੀ ਸੇਵਾ ਨੂੰ ਸਮਰਪਿਤ

**Financing Available For Buying Trucks**

**High Five Plaza #207**
**16925 S. Harlan Rd.**
**Lathrop CA 95330**
Exactly on I-5 and Louise Exit
Opposite Dennys Restaurant

DMV Lic No. 62822
Insurance Lic No. 0G73739





*Rajinder Singh*



*Manitpal Singh*

**ਰਜਿੰਦਰ ਸਿੰਘ ਜਾਂ ਮਨੀਤ ਪਾਲ ਸਿੰਘ, ਫੋਨ 209-982-9996**

**ਫੈਕਸ:209-982-9997**

# ਉਸਾਮਾ ਬਿਨ ਲਾਦਿਨ ਜਹਾਦੀ ਕਿੰਜ ਬਣਿਆ

**ਪ੍ਰੋ. ਕੁਲਵੰਤ ਸਿੰਘ ਰੋਮਾਣਾ**

ਇਕ ਅਤੇ ਦੋ ਮਈ ਦੀ ਵਿਚਕਾਰਲੀ ਰਾਤ ਨੂੰ ਅਮਰੀਕਾ ਦੇ ਅਤਿ ਫੁਰਤੀਲੇ 'ਨੇਵੀ ਸੀਲ' ਕਮਾਂਡੋਆਂ ਨੇ ਪਾਕਿਸਤਾਨ ਦੇ ਐਬਟਾਬਾਦ ਸ਼ਹਿਰ ਵਿਚਲੇ ਇਕ ਹਵੇਲੀ-ਨੁਮਾ ਮਕਾਨ 'ਤੇ ਹਮਲਾ ਕਰਕੇ ਅਮਰੀਕਾ ਦੇ ਨੰਬਰ ਇਕ ਦੁਸ਼ਮਣ, ਉਸਾਮਾ ਬਿਨ ਲਾਦਿਨ ਨੂੰ ਮਾਰ ਮੁਕਾਇਆ ਤੇ ਉਸ ਦੀ ਲਾਸ਼ ਧਾਰਮਿਕ ਰਹੁ-ਰੀਤਾਂ ਨਾਲ ਸਮੁੰਦਰ ਵਿਚ ਸਪੁਰਦ-ਏ-ਆਬ ਕਰ ਦਿੱਤੀ। ਇਸ ਕਾਰਵਾਈ ਜਾਂ ਘਟਨਾ ਦਾ ਚਰਚਾ ਸੰਸਾਰ ਭਰ ਦੇ ਮੀਡੀਏ 'ਚ ਬੜੇ ਜ਼ੋਰਾਂ-ਸ਼ੋਰਾਂ ਨਾਲ ਹੋ ਰਿਹਾ ਹੈ। ਖ਼ਸੂਸੀ ਨਾਮਾ-ਨਿਗਾਰ ਤੇ ਪ੍ਰੌੜ ਵਿਸ਼ਲੇਸ਼ਕ ਇਸ ਹਵਾਲੇ ਨਾਲ ਆਪਣੇ ਤਬਸਰੇ, ਤਰਜੀਏ ਅਤੇ ਤਨਕੀਦਾਂ ਪੇਸ਼ ਕਰ ਰਹੇ ਹਨ। ਪਾਕਿਸਤਾਨ ਦੀ ਫੌਜ ਅਤੇ ਉਸ ਦੀ ਖੁਫੀਆ ਏਜੰਸੀ ਆਈ.ਐਸ.ਆਈ. ਦੇ ਖਲਨਾਇਕੀ ਕਿਰਦਾਰ ਨੂੰ ਕੋਸਿਆ ਜਾ ਰਿਹਾ ਹੈ। ਉਥੋਂ ਦੀ ਸਿਵਲੀਅਨ ਸਰਕਾਰ ਦੀ ਨਾ-ਅਹਿਲੀਅਤ, ਦੋਗਲੀ ਨੀਤੀ ਅਤੇ ਭ੍ਰਿਸ਼ਟਾਚਾਰ ਨੂੰ ਸਾਰੀਆਂ ਆਫ਼ਤਾਂ ਦੀ ਜੜ੍ਹ ਮੰਨਿਆ ਜਾ ਰਿਹਾ ਹੈ। ਦੂਜੇ ਪਾਸੇ, ਜੇ ਅਮਰੀਕਾ ਦੀ ਅਤਿਵਾਦ ਖ਼ਿਲਾਫ਼ ਦ੍ਰਿੜਤਾ ਅਤੇ ਬਾਜ਼ ਅੱਖ ਇੰਟੈਲੀਜੈਂਸ ਦੀ ਤਾਰੀਫ਼ ਹੋ ਰਹੀ ਹੈ, ਤਾਂ ਉਥੇ ਇਸ ਗੱਲ ਲਈ ਅਮਰੀਕਾ ਦੀ ਤਨਕੀਦ (ਆਲੋਚਨਾ) ਵੀ ਹੋ ਰਹੀ ਹੈ ਕਿ ਉਹ ਪਾਕਿਸਤਾਨ ਦੇ ਝੂਠ, ਫਰੇਬ ਅਤੇ ਬਲੱਫ਼ ਨੂੰ ਜਾਣਦਿਆਂ ਹੋਇਆਂ ਵੀ ਉਸ ਦਾ ਸਾਥ ਕਿਉਂ ਨਹੀਂ ਛੱਡ ਰਿਹਾ; ਬਲਕਿ ਉਸ 'ਤੇ ਡਾਲਰਾਂ ਦਾ ਮੀਂਹ ਵਰ੍ਹਾ ਰਿਹਾ ਹੈ। ਇਨ੍ਹਾਂ ਗੱਲਾਂ ਦੇ ਨਾਲ-ਨਾਲ ਇਕ ਗੱਲ ਹੋਰ ਵੀ ਆਮ ਹੀ ਕਹੀ ਜਾ ਰਹੀ ਹੈ ਕਿ ਉਸਾਮਾ ਨੂੰ ਅਮਰੀਕਾ ਨੇ ਪਹਿਲਾਂ ਪੈਦਾ ਕੀਤਾ ਤੇ ਪਾਲਿਆ-ਪੋਸਿਆ ਅਤੇ ਜਦੋਂ ਉਹਦਾ ਜਿੰਨ ਬੋਤਲ 'ਚੋਂ ਨਿਕਲ ਖਲੋਇਆ ਤਾਂ ਉਸ ਨੂੰ ਮਾਰ ਮੁਕਾਇਆ। ਉਂਜ, ਜੇ ਅਸੀਂ ਉਸਾਮਾ ਦੇ ਮੁਢਲੇ ਜੀਵਨ ਤੋਂ ਲੈ ਕੇ 1990ਵਿਆਂ 'ਚ ਉਸ ਦੇ ਅਫ਼ਗਾਨਿਸਤਾਨ ਪਹੁੰਚਣ ਤੱਕ ਦੇ ਸਫ਼ਰ ਨੂੰ ਫਰੋਲੀਏ ਜਿਸ ਦੀ ਜਾਣਕਾਰੀ ਸਾਨੂੰ ਹਮੀਦ ਮੀਰ ਵਰਗੇ ਕੁਝ ਪੱਤਰਕਾਰਾਂ ਨਾਲ ਮੁਲਾਕਾਤਾਂ 'ਚ ਉਸਾਮਾ ਦੇ ਜ਼ੁਬਾਨੀ ਮਿਲਦੀ ਹੈ ਤਾਂ ਅਮਰੀਕਾ ਵੱਲੋਂ ਉਸ ਨੂੰ ਸਿੱਧੀ ਹਮਾਇਤ ਦਾ ਕੋਈ ਸੰਕੇਤ ਨਹੀਂ ਮਿਲਦਾ। ਇਹ ਜ਼ਰੂਰ ਹੈ ਕਿ ਜਦੋਂ ਤਾਲਿਬਾਨ ਅਤੇ ਅਲ-ਕਾਇਦਾ ਰਲ ਕੇ ਰੂਸ ਪੱਖੀ ਅਫ਼ਗਾਨ ਸਰਕਾਰ ਖਿਲਾਫ਼ ਘਰੇਲੂ ਜੰਗ ਲੜ ਰਹੇ ਸਨ ਤਾਂ ਉਦੋਂ ਪਾਕਿਸਤਾਨ ਨੇ ਸਿੱਧੀ ਅਤੇ ਅਮਰੀਕਾ ਨੇ ਪਾਕਿਸਤਾਨ ਰਾਹੀਂ ਤਾਲਿਬਾਨ ਤੇ ਅਲਕਾਇਦਾ ਦੀ ਹਰ ਕਿਸਮ ਦੀ ਮਦਦ ਜ਼ਰੂਰ ਕੀਤੀ ਹੈ; ਪਰ ਉਸਾਮਾ ਤੇ ਅਮਰੀਕਾ, ਦੋਹਾਂ ਨੂੰ ਇਕ-ਦੂਜੇ ਪ੍ਰਤੀ ਦੁਸ਼ਮਣੀ ਦਾ ਅਹਿਸਾਸ ਬੜਾ ਚਿਰ ਪਹਿਲਾਂ ਹੋ ਚੁੱਕਾ ਸੀ।

ਉਸਾਮਾ ਦਾ ਜਨਮ ਸਾਊਦੀ ਅਰਬ ਦੇ ਧਨਾਢ ਠੇਕੇਦਾਰ ਸ਼ੇਖ਼ ਮੁਹੰਮਦ ਬਿਨ-ਲਾਦਿਨ ਦੇ ਘਰ ਸਾਊਦੀ ਅਰਬ ਦੇ ਸ਼ਹਿਰ ਜ਼ਦਾਹ ਵਿਖੇ 20 ਅਪਰੈਲ 1957 ਨੂੰ ਹੋਇਆ। ਸ਼ੇਖ਼ ਮੁਹੰਮਦ ਮੂਲ ਰੂਪ ਵਿਚ ਯਮਨ ਦਾ ਵਾਸੀ ਸੀ। ਕਾਰੋਬਾਰੀ ਤੇ ਧਾਰਮਿਕ ਬੰਦਾ ਹੋਣ ਕਰਕੇ ਉਹ ਮੱਕੇ-ਮਦੀਨੇ ਦੇ ਅਮੀਰ ਹੋ ਰਹੇ ਦੇਸ਼ ਸਾਊਦੀ ਅਰਬ ਆ ਵਸਿਆ ਸੀ। ਠੇਕੇਦਾਰੀ ਦੇ ਕਾਰੋਬਾਰ 'ਚ ਉਸ ਨੇ ਥੋੜ੍ਹੇ ਸਮੇਂ 'ਚ ਹੀ ਵੱਡੀ ਤਰੱਕੀ ਕੀਤੀ ਤੇ 1930 'ਚ ਉਸ ਨੇ ਬਿਨ-ਲਾਦਿਨ ਕੰਸਟਰਕਸ਼ਨ ਕੰਪਨੀ ਨਾਂ ਦਾ ਅਦਾਰਾ ਕਾਇਮ ਕਰ ਲਿਆ ਤੇ ਆਪਣੇ ਕਾਰੋਬਾਰ ਦੀ ਨਿਗਰਾਨੀ ਲਈ ਇਕ ਪ੍ਰਾਈਵੇਟ ਜਹਾਜ਼ ਵੀ ਖਰੀਦ ਲਿਆ ਜਿਸ ਨੂੰ ਚਲਾਉਣ ਲਈ ਇਕ ਅਮਰੀਕੀ ਪਾਇਲਟ ਰੱਖਿਆ ਗਿਆ। ਉਸਾਮਾ ਆਪਣੇ ਸਭ ਭੈਣਾਂ-ਭਰਾਵਾਂ ਨਾਲੋਂ ਆਪਣੇ ਬਾਪ ਦੇ ਵੱਧ ਨੇੜੇ ਸੀ। ਆਪਣੇ ਕਾਰੋਬਾਰ 'ਤੇ ਜਾਣ ਤੋਂ ਪਹਿਲਾਂ ਉਸ ਦਾ ਬਾਪ ਹਰ ਰੋਜ਼ ਪਹਿਲਾਂ ਜਹਾਜ਼ 'ਤੇ ਮੱਕਾ-ਮਦੀਨਾ ਨਮਾਜ਼ ਅਦਾ ਕਰਨ ਜ਼ਰੂਰ ਜਾਂਦਾ ਤੇ ਉਸਾਮਾ ਨੂੰ ਵੀ ਨਾਲ ਲੈ ਕੇ ਜਾਂਦਾ। ਇਸ ਤਰ੍ਹਾਂ ਉਹ ਬਚਪਨ ਤੋਂ ਹੀ ਨਮਾਜ਼ ਦਾ ਨਿਤਨੇਮੀ ਹੋ ਗਿਆ ਸੀ।

ਆਮ ਗੱਲਬਾਤ 'ਚ ਸ਼ੇਖ਼ ਮੁਹੰਮਦ ਆਪਣੇ ਪੁੱਤਰ ਉਸਾਮਾ ਨੂੰ ਇਸਲਾਮ ਤੇ ਕੁਰਾਨ ਦੇ ਅਰਥ ਤੇ ਮਹੱਤਤਾ ਦੱਸਦਾ ਰਹਿੰਦਾ। 1967 'ਚ ਜਦੋਂ ਇਜ਼ਰਾਈਲ ਤੇ ਅਰਬਾਂ ਦੀ ਜੰਗ ਹੋਈ ਤਾਂ ਸ਼ੇਖ਼ ਮੁਹੰਮਦ ਨੂੰ ਬੜੀ ਮਾਨਸਿਕ ਤਕਲੀਫ਼ ਹੋਈ। ਉਹ ਸਮਝਦਾ ਸੀ ਕਿ ਇਕ ਤਾਂ ਇਜ਼ਰਾਈਲ ਧਾੜਵੀ ਦੀ ਤਰ੍ਹਾਂ ਮੁਸਲਮਾਨਾਂ ਦੀ ਧਰਤੀ 'ਤੇ ਕਬਜ਼ਾ ਕਰੀ ਬੈਠਾ ਹੈ, ਤੇ ਦੂਜਾ, ਮੁਸਲਮਾਨਾਂ 'ਤੇ ਹਮਲੇ ਕਰ ਰਿਹਾ ਹੈ। ਸ਼ੇਖ਼ ਮੁਹੰਮਦ ਦੀ ਇਹ ਵੀ ਧਾਰਨਾ ਸੀ ਕਿ ਇਹ ਸਭ ਕੁਝ ਇਜ਼ਰਾਈਲ ਤਾਂ ਹੀ ਕਰ ਰਿਹਾ ਹੈ, ਜੇ ਅਮਰੀਕਾ ਉਸ ਨੂੰ ਮਦਦ ਤੇ ਹੱਲਾਸ਼ੇਰੀ ਦਿੰਦਾ ਹੈ। ਉਹ ਇਜ਼ਰਾਈਲ ਤੇ ਅਮਰੀਕਾ ਪ੍ਰਤੀ ਆਪਣੇ ਗੁੱਸੇ ਤੇ ਨਫ਼ਰਤ ਨੂੰ ਉਸਾਮਾ ਨਾਲ ਵੀ ਸਾਂਝੀ ਕਰਦਾ ਰਹਿੰਦਾ ਜਿਸ ਕਾਰਨ ਉਸਾਮਾ ਬਚਪਨ ਤੋਂ ਹੀ ਇਨ੍ਹਾਂ ਦੋਹਾਂ ਦੇਸ਼ਾਂ ਨੂੰ ਸੰਸਾਰ ਦੇ ਮੁਸਲਮਾਨਾਂ ਦੇ ਦੁਸ਼ਮਣ ਸਮਝਣ ਲੱਗ ਪਿਆ ਸੀ।

ਕੁਝ ਸਮੇਂ ਬਾਅਦ ਉਸਾਮਾ ਦੇ ਬਾਪ ਦਾ ਜਹਾਜ਼ ਹਾਦਸਾਗ੍ਰਸਤ ਹੋ ਗਿਆ ਜਿਸ 'ਚ ਉਸ ਦਾ ਬਾਪ ਤੇ ਜਹਾਜ਼ ਦਾ ਅਮਰੀਕੀ ਪਾਇਲਟ ਮਾਰੇ ਗਏ। ਉਸਾਮਾ ਅਜੇ ਸਕੂਲ 'ਚ ਹੀ ਪੜ੍ਹਦਾ ਸੀ ਕਿ 1973 'ਚ ਇਜ਼ਰਾਈਲ ਤੇ ਅਰਬਾਂ ਦੀ ਜੰਗ ਲੱਗ ਗਈ ਜਿਸ ਨੇ ਉਸ ਦੇ ਮਨ 'ਚ ਪਹਿਲਾਂ ਹੀ ਪਨਪ ਰਹੀ ਇਜ਼ਰਾਈਲ ਪ੍ਰਤੀ ਨਫ਼ਰਤ ਹੋਰ ਪ੍ਰਚੰਡ ਕੀਤੀ। ਇਹ ਨਫ਼ਰਤ ਹਮੀਦ ਮੀਰ ਨਾਲ ਉਸਾਮਾ ਦੀ 9/11 ਤੋਂ ਬਾਅਦ ਹੋਈ ਉਸ ਮੁਲਾਕਾਤ 'ਚ ਵੀ ਝਲਕਦੀ ਹੈ ਜਿਸ 'ਚ ਉਸ ਨੇ ਦੱਸਿਆ ਸੀ ਕਿ ਉਸ ਨੇ ਆਪਣੀ ਨਵਜਨਮੀ ਬੱਚੀ ਦਾ ਨਾਮ 'ਸਫੀਯਾ' ਰੱਖਿਆ ਹੈ ਤੇ ਇਹ ਵੀ ਦੱਸਿਆ ਕਿ ਮੁਹੰਮਦ ਸਾਹਿਬ ਦੇ ਜ਼ਮਾਨੇ 'ਚ ਸਫੀਯਾ ਉਹ ਔਰਤ ਹੋਈ ਹੈ ਜਿਸ ਨੇ ਇਕ ਯਹੂਦੀ ਜਾਸੂਸ ਦਾ ਸਿਰ ਕਲਮ ਕੀਤਾ ਸੀ। ਇਹ ਸਫੀਯਾ ਵੀ ਵੱਡੀ ਹੋ ਕੇ ਯਹੂਦੀਆਂ ਨੂੰ ਖ਼ਤਮ ਕਰੇਗੀ। 10-11 ਸਾਲਾਂ ਦੀ ਇਹੋ ਸਫ਼ੀਯਾ ਉਸਾਮਾ ਦੀ ਮੌਤ ਵੇਲੇ ਆਪਣੀ ਮਾਂ ਨਾਲ ਉਸ ਕੋਲੋਂ ਗ੍ਰਿਫ਼ਤਾਰ ਕਰ ਲਈ ਗਈ ਸੀ।



1975 'ਚ ਉਸਾਮਾ ਨੇ ਇੰਜੀਨੀਅਰਿੰਗ ਦੀ ਡਿਗਰੀ ਪਾਸ ਕਰਨ ਲਈ ਕਿੰਗ ਅਬਦੁਲ ਅਜ਼ੀਜ਼ ਯੂਨੀਵਰਸਿਟੀ 'ਚ ਦਾਖਲਾ ਲੈ ਲਿਆ। ਸਕੂਲ ਦੇ ਜ਼ਮਾਨੇ 'ਚ ਤਾਂ ਉਸਾਮਾ ਪੰਜ ਵਕਤ ਨਮਾਜ਼ ਕਰਦਾ, ਰੋਜ਼ੇ ਰੱਖਦਾ ਅਤੇ ਨਾਲ ਹੀ ਸਾਥੀ ਵਿਦਿਆਰਥੀਆਂ ਨਾਲ ਫੁੱਟਬਾਲ ਵੀ ਖੇਡਦਾ। ਉਹ ਮੱਛੀਆਂ ਫੜਨ ਵੀ ਜਾਂਦਾ ਪਰ ਯੂਨੀਵਰਸਿਟੀ 'ਚ ਆ ਕੇ ਉਹ ਜਹਾਦ ਬਾਰੇ ਵੀ ਸੋਚਣ ਲੱਗ ਪਿਆ। ਇਸ ਦਾ ਕਾਰਨ ਸੀ ਕਿ ਇੱਥੇ ਉਸ ਦਾ ਵਾਹ ਕਾਹਿਰਾ ਯੂਨੀਵਰਸਿਟੀ ਤੋਂ ਆਏ ਕੁਝ ਗਰਮਖਿਆਲ ਮੁਸਲਿਮ ਵਿਦਿਆਰਥੀਆਂ ਨਾਲ ਪਿਆ। ਦੂਜਾ ਇਕ ਫਲਸਤੀਨੀ ਪ੍ਰੋਫ਼ੈਸਰ ਡਾ. ਅਬਦੁੱਲਾ ਅੰਜਾਮ ਨਾਲ ਉਸ ਦੀ ਨੇੜਤਾ ਹੋ ਗਈ ਜੋ ਵਿਦਿਆਰਥੀਆਂ ਨੂੰ ਇਜ਼ਰਾਈਲ ਖ਼ਿਲਾਫ਼ ਜਹਾਦ ਲਈ ਪ੍ਰੇਰਦਾ ਸੀ। ਇਸ ਤਰ੍ਹਾਂ ਦੇ ਮਾਹੌਲ 'ਚ ਉਸ ਨੇ 1979 'ਚ ਇੰਜੀਨੀਅਰਿੰਗ ਦੀ ਡਿਗਰੀ ਪਾਸ ਕੀਤੀ ਪਰ 1979 'ਚ ਹੀ ਰੂਸੀ ਆਗੂ ਬਰੈਜ਼ਨੇਵ ਨੇ ਅਫ਼ਗਾਨਿਸਤਾਨ ਦੀ ਰੂਸ ਪੱਖੀ ਸਰਕਾਰ ਨੂੰ ਮੁਜਾਹਦੀਨ ਤੋਂ ਬਚਾਉਣ ਲਈ ਆਪਣੀਆਂ ਫੌਜਾਂ ਅਫਗਾਨਿਸਤਾਨ 'ਚ ਦਾਖ਼ਲ ਕਰ ਦਿੱਤੀਆਂ। ਦੂਜੇ ਪਾਸੇ, ਅਮਰੀਕਾ, ਪਾਕਿਸਤਾਨ, ਸਾਊਦੀ ਅਰਬ, ਇੰਗਲੈਂਡ ਸਭ ਮੁਜਾਹਦੀਨ ਦੀ ਮਦਦ ਕਰ ਰਹੇ ਸਨ। ਉਸ ਵੇਲੇ ਪ੍ਰੋ. ਅੰਜਾਮ ਨੇ ਉਸਾਮਾ ਨੂੰ ਵੀ ਇਸ ਜਹਾਦ 'ਚ ਹਿੱਸਾ ਲੈਣ ਲਈ ਕਿਹਾ ਅਤੇ ਉਹ ਅਫ਼ਗਾਨਿਸਤਾਨ ਪਹੁੰਚ ਗਿਆ। ਉਸ ਵੇਲੇ ਉਸ ਨੇ ਆਪਣਾ ਕੇਂਦਰ ਪਿਸ਼ਾਵਰ ਬਣਾਇਆ ਜਿੱਥੇ ਪਾਕਿਸਤਾਨ ਸਰਕਾਰ ਨੇ ਉਸ ਨੂੰ ਆਲੀਸ਼ਾਨ ਬੰਗਲਾ ਮੁਹੱਈਆ ਕੀਤਾ। ਇਸਲਾਮਾਬਾਦ ਦੇ ਸੈਕਟਰ ਐਚ.ਐਸ-4 ਵਿਚ ਰੈਸਟ ਹਾਊਸ ਵੀ ਦਿੱਤਾ ਅਤੇ ਉਥੇ ਹੀ ਕਿਸੇ ਮੁਸਲਿਮ ਦੇਸ਼ ਨੇ ਅੰਬੈਸੀ ਦੀ ਕਾਫ਼ੀ ਜਗ੍ਹਾ ਵਰਤੋਂ ਲਈ ਵੀ ਦਿੱਤੀ। ਅਰਬ ਤੋਂ ਆਏ ਜਹਾਦੀਆਂ ਲਈ ਇਨ੍ਹਾਂ ਥਾਂਵਾਂ 'ਤੇ ਰੋਟੀ ਅਤੇ ਰਿਹਾਇਸ਼ ਦਾ ਪ੍ਰਬੰਧ ਕੀਤਾ ਜਾਂਦਾ ਸੀ। ਅਫ਼ਗਾਨ ਪ੍ਰੋਫ਼ੈਸਰ ਸਿਆਦ, ਉਸਾਮਾ ਸਮੇਤ ਇਨ੍ਹਾਂ ਸਭ ਨੂੰ ਜਹਾਦੀ ਟ੍ਰੇਨਿੰਗ ਦਿੰਦਾ ਸੀ। ਇਹ ਇੰਕਸਾਫ਼ ਉਸਾਮਾ ਬਿਨ ਲਾਦਿਨ ਨੇ ਖੁਦ ਇਕ ਮੁਲਾਕਾਤ 'ਚ ਕੀਤਾ ਸੀ। ਇਥੇ ਹੀ 18-19 ਅਗਸਤ 1988 ਦੇ ਦਿਨ ਉਸ ਨੇ ਅਲਕਾਇਦਾ ਨਾਂ ਦੀ ਤਨਜ਼ੀਮ ਦੀ ਨੀਂਹ ਰੱਖੀ।

ਜ਼ਿਆ-ਉਲ-ਹੱਕ ਤੋਂ ਬਾਅਦ ਜਦ ਬੇਨਜ਼ੀਰ ਭੁੱਟੋ ਨੇ ਰਾਜ-ਭਾਗ ਸੰਭਾਲਿਆ ਤਾਂ ਅਮਰੀਕਾ ਵਿਰੋਧੀ ਅਰਬੀ ਆਗੂਆਂ ਗੱਦਾਫ਼ੀ ਅਤੇ ਸੱਦਾਮ ਹੁਸੈਨ ਨੇ ਬੇਨਜ਼ੀਰ 'ਤੇ ਜ਼ੋਰ ਪਾਇਆ ਕਿ ਜਾਂ ਤਾਂ ਅਰਬੀ ਜਹਾਦੀਆਂ ਨੂੰ ਪਾਕਿਸਤਾਨ ਵਿਚੋਂ ਕੱਢ ਦੇਵੇ, ਤੇ ਜਾਂ ਉਨ੍ਹਾਂ ਦੇ ਹਵਾਲੇ ਕਰੇ। ਇਸ ਕਿਸਮ ਦੀ ਕਿਸੇ ਵੀ ਕਾਰਵਾਈ ਤੋਂ ਬਚਣ ਲਈ ਉਸਾਮਾ ਆਪਣੇ ਕਾਫ਼ੀ ਸਾਥੀਆਂ ਅਤੇ ਪਰਿਵਾਰ ਸਮੇਤ 1989 'ਚ ਵਾਪਸ ਸਾਊਦੀ ਅਰਬ ਚਲਾ ਗਿਆ। 1990 'ਚ ਸੱਦਾਮ ਹੁਸੈਨ ਨੇ ਕੁਵੈਤ 'ਤੇ ਹਮਲਾ ਬੋਲ ਦਿੱਤਾ। ਸਾਊਦੀ ਅਰਬ ਦੀ ਸਰਕਾਰ ਨੇ ਸੱਦਾਮ ਹੁਸੈਨ ਦੀ ਪ੍ਰਸਾਰਵਾਦੀ ਨੀਤੀ ਤੋਂ ਡਰਦਿਆਂ ਅਮਰੀਕਾ ਨੂੰ ਦੇਸ਼ ਵਿਚ ਫੌਜੀ ਅੱਡੇ ਬਣਾਉਣ ਦੀ ਇਜਾਜ਼ਤ ਦੇ ਦਿੱਤੀ। ਉਸਾਮਾ ਨੇ ਇਸ ਦਾ ਜ਼ੋਰਦਾਰ ਵਿਰੋਧ ਕੀਤਾ। ਪਹਿਲਾਂ ਉਹ ਖੁਦ ਆਪਣੀ ਸਰਕਾਰ ਕੋਲ ਗਿਆ ਅਤੇ ਕਿਹਾ ਕਿ ਸੱਦਾਮ ਹੁਸੈਨ ਤੋਂ ਦੇਸ਼ ਦੀ ਰੱਖਿਆ ਅਸੀਂ ਜਹਾਦੀ ਕਰਾਂਗੇ। ਉਸ ਨੇ ਦਲੀਲ ਦਿੱਤੀ ਕਿ ਜੇ ਉਹ ਅਫ਼ਗਾਨਿਸਤਾਨ 'ਚ ਜਾ ਕੇ ਰੂਸ ਦੀਆਂ ਤਾਕਤਵਰ ਫੌਜਾਂ ਦਾ ਮੂੰਹ ਮੋੜ ਸਕਦੇ ਹਨ ਤਾਂ ਕੀ ਉਹ ਇਰਾਕ ਤੋਂ ਆਪਣੇ ਦੇਸ਼ ਦੀ ਰੱਖਿਆ ਨਹੀਂ ਕਰ ਸਕਣਗੇ? ਇਸ ਲਈ ਅਮਰੀਕੀ ਅੱਡੇ ਫੌਰੀ ਖ਼ਤਮ ਹੋਣੇ ਚਾਹੀਦੇ ਹਨ ਪਰ ਸਰਕਾਰ ਨੇ ਉਸਾਮਾ ਦੀ ਇਕ ਨਾ ਸੁਣੀ। ਫਿਰ ਉਹ ਮੱਕਾ-ਮਦੀਨਾ ਅਤੇ ਦੇਸ਼ ਦੀਆਂ ਹੋਰ ਮਸਜਿਦਾਂ 'ਚ ਜਾ ਕੇ ਮੱਕਾ-ਮਦੀਨਾ ਦੀ ਧਰਤੀ 'ਤੇ ਅਮਰੀਕੀ ਫੌਜੀ ਅੱਡਿਆਂ ਦੀ ਕਾਇਮੀ ਅਤੇ ਦੇਸ਼ ਦੀ ਸਰਕਾਰ ਦੇ ਗੀਦੀਪਣੇ ਖਿਲਾਫ਼ ਪ੍ਰਚਾਰ ਕਰਨ ਲੱਗਾ ਜਿਸ ਦਾ ਨਤੀਜਾ ਇਹ ਹੋਇਆ ਕਿ ਇਨ੍ਹਾਂ ਅੱਡਿਆਂ ਨੂੰ ਫੌਰੀ ਖ਼ਤਮ ਕਰਨ ਲਈ ਫਤਵਾ ਜਾਰੀ ਹੋ ਗਿਆ।

ਗੁੱਸੇ 'ਚ ਆ ਕੇ ਸਰਕਾਰ ਨੇ ਉਸਾਮਾ ਨੂੰ ਉਸ ਦੇ ਘਰ 'ਚ ਨਜ਼ਰਬੰਦ ਕਰ ਦਿੱਤਾ। ਕੁਝ ਸਮੇਂ ਬਾਅਦ ਉਸਾਮਾ ਨੇ ਪ੍ਰੋਫ਼ੈਸਰ ਡਾ. ਅੰਜਾਮ ਨੂੰ ਵਿਚ ਪਾ ਕੇ ਦੇਸ਼ ਤੋਂ ਬਾਹਰ ਜਾਣ ਦੀ ਇਜਾਜ਼ਤ ਲੈ ਲਈ। ਉਸ ਨੇ ਪਹਿਲਾਂ ਪਾਕਿਸਤਾਨ ਤੇ ਅਫ਼ਗਾਨਿਸਤਾਨ ਦੀ ਸੰਖੇਪ ਯਾਤਰਾ ਕੀਤੀ, ਜਹਾਦੀਆਂ ਨੂੰ ਮਿਲਿਆ ਤੇ ਆਖਰ ਸੂਡਾਨ 'ਚ ਜਾ ਪੱਕੇ ਡੇਰੇ ਲਾ ਲਾਏ। ਸੂਡਾਨ 'ਚ ਉਸ ਨੇ ਜੱਦੀ-ਪੁਸ਼ਤੀ ਕਾਰੋਬਾਰ, ਠੇਕੇਦਾਰੀ ਵੀ ਸ਼ੁਰੂ ਕਰ ਦਿੱਤੀ ਤੇ ਜਹਾਦੀਆਂ ਲਈ ਟ੍ਰੇਨਿੰਗ ਕੈਂਪ ਵੀ ਲਾਉਣ ਲੱਗ ਪਿਆ। ਇਥੇ ਰਹਿੰਦਿਆਂ ਉਸ ਨੇ ਸਾਊਦੀ ਅਰਬ ਵਿਚਲੇ ਅਤੇ ਹੋਰ ਥਾਂਵਾਂ 'ਤੇ ਅਮਰੀਕੀ ਫੌਜੀ ਅੱਡਿਆਂ 'ਤੇ ਹਮਲੇ ਕਰਾਉਣੇ ਸ਼ੁਰੂ ਕਰ ਦਿੱਤੇ। ਸਾਊਦੀ ਅਰਬ ਦੀ ਸਰਕਾਰ ਨੇ ਉਸਾਮਾ ਦੀ ਮਾਤਾ ਅਤੇ ਕੁਝ ਭਰਾਵਾਂ ਨੂੰ ਇਹ ਸੁਝਾਅ ਦੇ ਕੇ ਉਸ ਕੋਲ ਸੂਡਾਨ ਭੇਜਿਆ ਕਿ ਜੇ ਉਹ ਹਮਲੇ ਬੰਦ ਕਰਕੇ ਬਾਦਸ਼ਾਹ ਤੋਂ ਮੁਆਫ਼ੀ ਮੰਗ ਲਵੇ ਤਾਂ ਆਰਾਮ ਨਾਲ ਸਾਊਦੀ ਅਰਬ ਰਹਿ ਕੇ ਆਪਣਾ ਕਾਰੋਬਾਰ ਕਰ ਸਕਦਾ ਹੈ ਪਰ ਉਸਾਮਾ ਨੇ ਅਜਿਹਾ ਕਰਨ ਤੋਂ ਕੋਰਾ ਜਵਾਬ ਦੇ ਦਿੱਤਾ ਅਤੇ ਸਾਊਦੀ ਅਰਬ ਨੇ ਉਸ ਦੀ ਸ਼ਹਿਰੀਅਤ ਖਤਮ ਕਰ ਦਿੱਤੀ।

ਇਸ ਤੋਂ ਬਾਅਦ ਅਲ-ਕਾਇਦਾ ਨੇ ਇਸ ਕਿਸਮ ਦੇ ਹਮਲੇ ਹੋਰ ਤੇਜ਼ ਕਰ ਦਿੱਤੇ। ਉਨ੍ਹਾਂ ਦਿਨਾਂ 'ਚ ਸੋਮਾਲੀਆਂ ਵਿਚ ਵੀ ਯੂ.ਐਨ.ਓ. ਵੱਲੋਂ ਕੌਮਾਂਤਰੀ ਫੌਜ ਭੇਜੀ ਗਈ ਸੀ ਜਿਥੇ ਅਲ-ਕਾਇਦਾ ਉਥੋਂ ਦੇ ਕਬਾਇਲੀਆਂ ਨਾਲ ਰਲ ਕੇ ਇਨ੍ਹਾਂ ਫੌਜੀ ਟਿਕਾਣਿਆਂ 'ਤੇ ਹਮਲੇ ਕਰਦੀ ਸੀ। ਉਨ੍ਹਾਂ ਹੀ ਦਿਨਾਂ 'ਚ ਘਟਨਾ ਇਹ ਵਾਪਰੀ ਕਿ ਅਲ-ਕਾਇਦਾ ਨੇ ਸੋਮਾਲੀਆਂ 'ਚ ਅਮਰੀਕੀ ਫੌਜ ਦਾ ਜਹਾਜ਼ ਮਾਰ ਗਿਰਾਇਆ ਅਤੇ ਉਸ ਦੇ ਪਾਇਲਟ ਦੀ ਲਾਸ਼ ਨੂੰ ਅਲ-ਕਾਇਦਾ ਦੇ ਕਾਰਕੁਨ ਉਥੋਂ ਦੇ ਬਾਜ਼ਾਰਾਂ 'ਚ ਘਸੀਟੀ ਫਿਰਦੇ ਰਹੇ। ਇਹ ਸਭ ਕੁਝ ਸੀ.ਐਨ.ਐਨ. ਟੀ.ਵੀ. ਨੇ ਆਪਣੇ ਚੈਨਲ 'ਤੇ ਇੰਨ-ਬਿੰਨ ਦਿਖਾਇਆ ਜਿਸ ਕਾਰਨ ਅਮਰੀਕਾ ਸਰਕਾਰ ਬਹੁਤ ਖ਼ਫ਼ਾ ਹੋਈ ਅਤੇ ਉਸ ਨੇ ਸੂਡਾਨ ਨੂੰ ਉਸਾਮਾ ਨਾਲ ਨਜਿੱਠਣ ਲਈ ਕਿਹਾ। ਸੂਡਾਨ ਨੇ ਫੌਰਨ ਉਸਾਮਾ ਨੂੰ ਹੁਕਮ ਦਿੱਤਾ ਕਿ ਉਹ ਦੋ-ਚਾਰ ਦਿਨ 'ਚ ਸੂਡਾਨ ਛੱਡ ਜਾਵੇ; ਨਹੀਂ ਤਾਂ ਨਤੀਜੇ ਮਾੜੇ ਨਿਕਲਣਗੇ। 1996 'ਚ ਉਸਾਮਾ ਆਪਣਾ ਲਾਮ-ਲਸ਼ਕਰ ਲੈ ਕੇ ਅਫ਼ਗਾਨਿਸਤਾਨ ਆ ਗਿਆ ਅਤੇ ਜਲਾਲਬਾਦ ਨੂੰ ਕੇਂਦਰ ਬਣਾ ਕੇ ਉਥੋਂ ਦੀ ਰੂਸ ਪੱਖੀ ਸਰਕਾਰ ਖ਼ਿਲਾਫ਼ ਤਾਲਿਬਾਨ ਨਾਲ ਮੋਢੇ ਨਾਲ ਮੋਢਾ ਜੋੜ ਕੇ ਜਹਾਦ ਕਰਨ ਲੱਗਾ। ਉਦੋਂ ਤੋਂ ਲੈ ਕੇ 2 ਮਈ 2011 ਤੱਕ ਦਾ ਇਤਿਹਾਸ ਤਾਂ ਸਭ ਦੇ ਸਾਹਮਣੇ ਸਪਸ਼ਟ ਹੀ ਹੈ।

# ਲਾਦਿਨ ਪਿੱਛੋਂ ਅਤਿਵਾਦ ਦਾ ਖ਼ਤਰਾ ਘਟੇਗਾ?

**ਗੋਬਿੰਦ ਠੁਕਰਾਲ**

11 ਸਤੰਬਰ 2001 ਨੂੰ ਅਮਰੀਕੀ ਸ਼ਹਿਰਾਂ 'ਤੇ ਅਲ-ਕਾਇਦਾ ਵੱਲੋਂ ਹੋਏ ਹਮਲਿਆਂ ਦਾ ਬਦਲਾ ਲੈਣ ਅਤੇ ਉਸਾਮਾ ਬਿਨ ਲਾਦਿਨ ਨੂੰ ਮਾਰਨ ਲਈ ਅਮਰੀਕਾ ਨੂੰ 10 ਸਾਲ ਲੱਗੇ ਅਤੇ 1.3 ਟ੍ਰਿਲੀਅਨ ਡਾਲਰ ਖਰਚ ਕਰਨੇ ਪਏ। ਅਮਰੀਕਾ ਨੇ ਇਸ ਕਾਰਵਾਈ ਤਹਿਤ ਇਰਾਕ ਤੇ ਅਫ਼ਗਾਨਿਸਤਾਨ ਵਿਚ ਲੱਖਾਂ ਮਰਦਾਂ, ਔਰਤਾਂ ਅਤੇ ਬੱਚਿਆਂ ਨੂੰ ਵੀ ਮੌਤ ਦੇ ਘਾਟ ਉਤਾਰਿਆ। ਇਸ ਨੇ ਇਨ੍ਹਾਂ ਦੋ ਬਦਨਸੀਬ ਦੇਸ਼ਾਂ ਵਿਚ ਬਹੁਤ ਸਾਰੇ ਸ਼ਹਿਰਾਂ ਤੇ ਕਸਬਿਆਂ ਨੂੰ ਤਕਰੀਬਨ ਤਬਾਹ ਹੀ ਕਰ ਦਿੱਤਾ। ਇਨ੍ਹਾਂ ਦੇਸ਼ਾਂ ਦਾ ਦੋਸ਼ ਇੰਨਾ ਸੀ ਕਿ ਇਹ ਕਮਜ਼ੋਰ ਸਨ ਅਤੇ ਸ਼ਕਤੀਸ਼ਾਲੀ ਅਮਰੀਕਾ ਕੋਲ ਇਨ੍ਹਾਂ 'ਤੇ ਹਮਲੇ ਕਰਨ ਦੀਆਂ ਸੈਂਕੜੇ ਢੁੱਚਰਾਂ ਸਨ। ਅਮਰੀਕੀ ਰਾਸ਼ਟਰਪਤੀ ਜਾਰਜ ਬੁਸ਼ ਨੇ ਇਰਾਕ ਵਿਚ ਵਿਆਪਕ ਤਬਾਹੀ ਵਾਲੇ ਹਥਿਆਰ ਜੋ ਉਥੇ ਨਹੀਂ ਸਨ, ਨੂੰ ਹਥਿਆਉਣ ਲਈ ਇਰਾਕ 'ਤੇ ਹਮਲਾ ਕੀਤਾ। ਇਹ ਤੇਲ ਸਰੋਤਾਂ 'ਤੇ ਕਬਜ਼ਾ ਕਰਨ ਅਤੇ ਸੱਦਾਮ ਹੁਸੈਨ ਦੀ ਅਗਵਾਈ ਵਾਲੇ ਧਰਮ-ਨਿਰਪੱਖ ਨਿਜ਼ਾਮ ਨੂੰ ਖ਼ਤਮ ਕਰਨ ਦੀ ਦਗੇਬਾਜ਼ੀ ਵਾਲੀ ਕਾਰਵਾਈ ਸੀ।

9/11 ਦੇ ਹਮਲਿਆਂ ਤੋਂ ਬਾਅਦ ਅਮਰੀਕਾ ਨੇ ਅਤਿਵਾਦ ਵਿਰੁਧ ਆਲਮੀ ਜੰਗ ਛੇੜੀ ਹੋਈ ਸੀ। ਅਫ਼ਗਾਨਿਸਤਾਨ, ਜਿਥੇ ਲਾਦਿਨ ਲੁਕਿਆ ਹੋਇਆ ਮੰਨਿਆ ਜਾਂਦਾ ਸੀ, ਤੋਂ ਸ਼ੁਰੂ ਹੋ ਕੇ ਇਹ ਲੜਾਈ ਜਲਦੀ ਹੀ ਇਰਾਕ ਅਤੇ ਦੁਰੇਡੇ ਅਫਰੀਕੀ ਦੇਸ਼ਾਂ ਤੇ ਫਿਲਪਾਈਨਜ਼ ਤੱਕ ਫੈਲ ਗਈ। ਉਸਾਮਾ ਕੱਟੜਪੰਥੀ ਸੀ ਅਤੇ ਉਸ ਦੇ ਕੱਟੜ ਧਾਰਮਿਕ ਵਿਚਾਰ ਅਮਰੀਕਾ ਅਤੇ ਪੱਛਮੀ ਦੇਸ਼ਾਂ ਵੱਲੋਂ ਸਹਿਣ ਕੀਤੇ ਗਏ ਤੇ ਕਮਿਊਨਿਸਟਾਂ ਵਿਰੁਧ ਵਰਤੇ ਗਏ ਪਰ ਇਕ ਵਾਰ ਜਦੋਂ ਰੂਸ ਨੇ ਅਫ਼ਗਾਨਿਸਤਾਨ ਛੱਡ ਦਿੱਤਾ ਤਾਂ ਅਮਰੀਕਾ ਇਸ ਬਦਕਿਸਮਤ ਦੇਸ਼ ਨੂੰ ਭੁੱਲ ਗਿਆ। ਕੁਝ ਸਾਲ ਬਾਅਦ ਫਿਰ ਇਥੇ ਵਾਪਸ ਆ ਗਿਆ ਤੇ ਬੰਬਾਰੀ ਕੀਤੀ ਅਤੇ ਤਬਾਹੀ ਮਚਾਈ। ਹੁਣ ਜਦੋਂ ਕਿ ਇਸ ਦਾ ਆਪਣਾ ਅਰਥਚਾਰਾ ਡਾਵਾਂਡੋਲ ਹੈ ਤਾਂ ਇਸ ਨੂੰ ਲੱਗ ਰਿਹਾ ਹੈ ਕਿ ਇਹ ਪੇਚੀਦਾ ਜੰਗ ਜਾਰੀ ਰੱਖਣੀ ਉਸ ਲਈ ਅਸੰਭਵ ਕਾਰਜ ਹੈ। ਅਮਰੀਕੀ ਕਾਂਗਰਸ ਦੀ ਇਕ ਸੰਸਥਾ 'ਕਾਂਗਰੇਸ਼ਨਲ ਰਿਸਰਚ ਸਰਵਿਸ' ਵੱਲੋਂ ਹਾਲ ਹੀ ਵਿਚ ਕੀਤੇ ਗਏ ਅਧਿਐਨ ਅਨੁਸਾਰ ਅਮਰੀਕਾ ਨੇ ਇਸ ਜੰਗ ਵਿਚ ਹੁਣ ਤੱਕ 1.28 ਟ੍ਰਿਲੀਅਨ ਡਾਲਰ ਖਰਚ ਕੀਤੇ ਹਨ।

ਇਸ ਰਕਮ ਦਾ 63 ਫ਼ੀਸਦੀ ਹਿੱਸਾ ਇਰਾਕ ਵਿਚ ਖਰਚ ਕੀਤਾ ਗਿਆ ਜਦੋਂ ਕਿ ਅਫ਼ਗਾਨਿਸਤਾਨ ਵਿਚ 35 ਫ਼ੀਸਦੀ ਹਿੱਸਾ ਖਰਚਿਆ ਗਿਆ। ਸਾਰੇ ਜਗਤ ਵਿਚ ਅਮਰੀਕਾ ਦੇ ਫ਼ੌਜੀ ਟਿਕਾਣਿਆਂ ਨੂੰ ਮਜ਼ਬੂਤ ਕਰਨ 'ਤੇ ਲਗਭਗ 29 ਬਿਲੀਅਨ ਡਾਲਰ ਖਰਚੇ ਗਏ ਹਨ। ਖੋਜਕਾਰ ਬਾਕੀ ਬਚਦੇ 6 ਬਿਲੀਅਨ ਡਾਲਰ ਦਾ ਹਿਸਾਬ-ਕਿਤਾਬ ਨਹੀਂ ਲਾ ਸਕੇ ਕਿ ਇਹ ਕਿੱਥੇ ਖਰਚੇ ਗਏ? ਅਮਰੀਕੀ ਕਾਂਗਰੇਸ਼ਨਲ ਬਜਟ ਆਫਿਸ ਨੇ ਦਰਸਾਇਆ ਹੈ ਕਿ ਜੰਗ 'ਤੇ ਹੋਣ ਵਾਲਾ ਕੁੱਲ ਖਰਚ 2021 ਤੱਕ 1.8 ਟ੍ਰਿਲੀਅਨ ਡਾਲਰ ਤੱਕ ਪੁੱਜ ਜਾਵੇਗਾ। ਇਸ ਅੰਦਾਜ਼ੇ ਵਿਚ ਫ਼ੌਜੀਆਂ ਨੂੰ ਵਾਪਸ ਬੁਲਾਉਣ ਦੇ ਕੀਤੇ ਗਏ ਐਲਾਨ ਨੂੰ ਵੀ ਧਿਆਨ ਵਿਚ ਰੱਖਿਆ ਗਿਆ ਹੈ। ਮਾਹਿਰਾਂ ਦਾ ਵਿਸ਼ਵਾਸ ਹੈ ਕਿ ਭਾਵੇਂ ਲਾਦਿਨ ਮਰ ਗਿਆ ਹੈ ਪਰ ਜੰਗ 'ਤੇ ਖਰਚਾ ਘਟਣ ਦੀ ਕੋਈ ਸੰਭਾਵਨਾ ਨਹੀਂ ਹੈ ਕਿਉਂਕਿ ਇਰਾਕ ਅਤੇ ਅਫ਼ਗਾਨਿਸਤਾਨ ਦੋਵਾਂ ਵਿਚ ਬਿਨ ਲਾਦਿਨ ਜਾਂ ਉਸ ਦੀ ਜਥੇਬੰਦੀ ਅਲ-ਕਾਇਦਾ ਅਮਰੀਕਾ ਦੀ ਮੁੱਖ ਵਿਰੋਧੀ ਰਹੀ ਹੈ।

ਸਿਆਸੀ ਤੇ ਫ਼ੌਜੀ ਮਾਹਿਰਾਂ ਦਾ ਕਹਿਣਾ ਹੈ ਕਿ ਉਸਾਮਾ ਨੂੰ ਲੱਭਣ ਲਈ ਚਲਾਈ ਮੁਹਿੰਮ ਹੁਣ ਤੱਕ ਦੀ ਸਭ ਤੋਂ ਖ਼ੂਨੀ ਮੁਹਿੰਮ ਹੈ। ਅਮਰੀਕਾ ਦੇ ਆਪਣੇ ਖ਼ੁਦ ਦੇ ਤਕਰੀਬਨ 6000 ਫ਼ੌਜੀਆਂ ਦੀਆਂ ਜਾਨਾਂ ਇਸ ਵਿਚ ਗਈਆਂ ਹਨ ਅਤੇ ਹੋਰ 55000 ਫ਼ੌਜੀ ਫੱਟੜ ਹੋਏ ਹਨ ਪਰ ਇਸ ਵਿਚ ਆਮ ਲੋਕਾਂ ਵੱਲੋਂ ਤਾਰੀ ਗਈ ਕੀਮਤ ਬਹੁਤ ਜ਼ਿਆਦਾ ਹੈ। ਇਰਾਕ ਵਿਚ ਸਿੱਧੇ ਫ਼ੌਜੀ ਟਕਰਾਅ ਵਿਚ 12 ਲੱਖ ਤੋਂ ਵੱਧ ਲੋਕ ਮਾਰੇ ਗਏ, ਭਾਵੇਂ ਕਈ ਅਧਿਐਨ ਮ੍ਰਿਤਕਾਂ ਦੀ ਗਿਣਤੀ ਇਸ ਤੋਂ ਵੀ ਕਿਤੇ ਜ਼ਿਆਦਾ ਦੱਸਦੇ ਹਨ। ਪੂਰੇ ਦੇ ਪੂਰੇ ਪਰਿਵਾਰ ਉਜੜ ਗਏ। ਅਫ਼ਗਾਨਿਸਤਾਨ ਵਿਚ 20 ਹਜ਼ਾਰ ਤੋਂ ਜ਼ਿਆਦਾ ਲੋਕ ਮਾਰੇ ਗਏ ਹਨ ਤੇ ਤਕਰੀਬਨ 50 ਹਜ਼ਾਰ ਜ਼ਖਮੀ ਹੋ ਗਏ ਹਨ। ਸੋਮਾਲੀਆ ਤੇ ਗੁਆਂਢੀ ਦੇਸ਼ਾਂ ਵਿਚ ਪਿਛਲੇ ਦਹਾਕੇ ਦੇ ਘਟਨਾਚੱਕਰ ਵਿਚ ਘੱਟੋ-ਘੱਟ 6500 ਲੋਕ ਮਾਰੇ ਗਏ। 9/11 ਤੋਂ ਲੈ ਕੇ ਘੱਟੋ-ਘੱਟ 13 ਵੱਡੇ ਅਤਿਵਾਦੀ ਹਮਲੇ ਹੋ ਚੁੱਕੇ ਹਨ, ਜਿਨ੍ਹਾਂ ਵਿਚ 1 ਹਜ਼ਾਰ ਤੋਂ ਜ਼ਿਆਦਾ ਲੋਕ ਮਰੇ ਹਨ। ਇਨ੍ਹਾਂ ਤੋਂ ਇਲਾਵਾ ਘੱਟੋ-ਘੱਟ 10 ਯੋਜਨਾਬੱਧ ਹਮਲੇ ਹੋ ਚੁੱਕੇ ਹਨ, ਜੋ ਅਸਫਲ ਰਹੇ। ਜ਼ਰੂਰੀ ਨਹੀਂ ਕਿ ਇਨ੍ਹਾਂ ਵਿਚੋਂ ਸਾਰੇ ਹਮਲੇ ਸਿੱਧੇ ਤੌਰ 'ਤੇ ਬਿਨ ਲਾਦਿਨ ਜਾਂ ਅਲ-ਕਾਇਦਾ ਵਲੋਂ ਕੀਤੇ ਗਏ ਹੋਣ।

ਅਤਿਵਾਦ ਵਿਰੋਧੀ ਜੰਗ ਦੇ ਵੱਡੇ ਸਿਆਸੀ ਸਿੱਟੇ ਨਿਕਲੇ ਹਨ ਜਿਸ ਵਿਚ ਅਮਰੀਕੀ ਸਥਾਪਤੀ ਪ੍ਰਤੀ ਡੂੰਘੀ ਨਫ਼ਰਤ ਵੀ ਸ਼ਾਮਿਲ ਹੈ। ਅਮਰੀਕਾ ਦੇ ਕਈ ਮਿੱਤਰ ਦੇਸ਼ਾਂ ਵਿਚ ਸੱਤਾਧਾਰੀ ਪਾਰਟੀਆਂ ਇਸ ਕਰਕੇ ਹਾਰ ਗਈਆਂ ਕਿਉਂਕਿ ਉਥੋਂ ਦੇ ਲੋਕਾਂ ਵਿਚ ਉਕਤ ਜੰਗ ਵਿਚ ਆਪਣੇ ਦੇਸ਼ ਦੀ ਸ਼ਮੂਲੀਅਤ ਪ੍ਰਤੀ ਰੋਸ ਸੀ। ਹੋਰ ਉਸ ਦੇ ਸਹਿਯੋਗੀ ਦੇਸ਼ਾਂ ਵਿਚ ਸਰਕਾਰਾਂ ਨੂੰ ਵਿਖਾਵਿਆਂ ਤੇ ਆਲੋਚਨਾ ਦਾ ਸਾਹਮਣਾ ਕਰਨਾ ਪਿਆ। ਖ਼ੁਦ ਓਬਾਮਾ ਨੇ ਇਸ ਵਾਅਦੇ ਦੇ ਆਧਾਰ 'ਤੇ ਰਾਸ਼ਟਰਪਤੀ ਚੋਣ ਜਿੱਤੀ ਕਿ ਉਹ ਸ਼ਾਂਤੀ ਲਿਆਏਗਾ ਤੇ ਇਹ ਜੰਗ ਖ਼ਤਮ ਕਰੇਗਾ। ਕਿਸੇ ਨੂੰ ਇਸ ਗੱਲ 'ਤੇ ਭਰੋਸਾ ਨਹੀਂ ਹੋ ਰਿਹਾ ਕਿ ਬਿਨ ਲਾਦਿਨ ਦੇ, ਦ੍ਰਿਸ਼ ਤੋਂ ਪਾਸੇ ਹਟਣ ਦੇ ਬਾਵਜੂਦ ਜੰਗ ਦਾ ਖ਼ਾਤਮਾ ਹੋ ਸਕੇਗਾ ਕਿਉਂਕਿ ਅਸਲੀ ਉਦੇਸ਼ ਅਫ਼ਗਾਨਿਸਤਾਨ ਵਿਚ ਵਿਸ਼ਾਲ ਖਣਿਜ ਪੂੰਜੀ 'ਤੇ ਕਬਜ਼ਾ ਕਰਨਾ ਤੇ ਉਸ ਨੂੰ ਲੁੱਟਣਾ ਹੈ। ਭਾਰਤ ਵੀ ਵੱਡੇ ਪੱਧਰ 'ਤੇ ਇਸਲਾਮੀ ਕੱਟੜਵਾਦ ਨਾਲ ਜੂਝ ਰਿਹਾ ਹੈ।

ਮਾਹਿਰ ਇਸ ਬਾਰੇ ਅਸਪੱਸ਼ਟ ਹਨ ਕਿ ਉਸਾਮਾ ਦੀ ਮੌਤ ਨਾਲ ਅਤਿਵਾਦ ਦਾ ਖ਼ਤਰਾ ਘਟ ਜਾਵੇਗਾ ਜਾਂ ਨਹੀਂ। ਆਪਣੀ ਜ਼ਿੰਦਗੀ ਵਿਚ ਲਾਦਿਨ ਪਹਿਲਾਂ ਅਫ਼ਗਾਨਿਸਤਾਨ ਵਿਚ ਸੋਵੀਅਤ ਸੰਘ ਵਿਰੁਧ ਛੇੜੇ ਜਹਾਦ ਵਿਚ ਅਫ਼ਗਾਨ ਮੁਜਾਹਦੀਨ ਲਈ ਵੱਡੀ ਤਾਕਤ ਵਜੋਂ ਕੰਮ ਕਰਦਾ ਆਇਆ ਹੈ। ਉਹ ਅਜਿਹਾ ਅਵਤਾਰ ਸੀ ਜਿਸ ਨੇ ਅਮਰੀਕਾ ਦਾ ਸਮਰਥਨ ਹਾਸਲ ਕੀਤਾ, ਬਾਅਦ ਵਿਚ ਜਦੋਂ ਉਹ ਅਮਰੀਕਾ ਦੇ ਵਿਰੁਧ ਹੋ ਗਿਆ ਤਾਂ ਉਹ ਸੰਸਾਰ ਪੱਧਰੀ ਇਸ ਜੰਗ ਦਾ ਕਾਰਨ ਬਣ ਗਿਆ। ਹੁਣ ਆਪਣੀ ਮੌਤ ਨਾਲ ਉਹ ਅਜੀਬ ਢੰਗ ਨਾਲ ਫਿਰ ਅਮਰੀਕਾ ਦੇ ਰਾਜਨੀਤਕ ਹਿਤਾਂ ਦੀ ਪੂਰਤੀ ਕਰ ਰਿਹਾ ਜਾਪਦਾ ਹੈ। ਇਸ ਨਾਲ ਓਬਾਮਾ ਦਾ ਦੂਜੀ ਵਾਰ ਰਾਸ਼ਟਰਪਤੀ ਬਣਨਾ ਸੌਖਾ ਹੋ ਗਿਆ ਹੈ। ਉਸਾਮਾ ਨੂੰ ਮਾਰਨ ਲਈ ਕੀਤਾ ਗਿਆ ਆਪ੍ਰੇਸ਼ਨ ਠੀਕ ਸਮੇਂ 'ਤੇ ਕੀਤਾ ਗਿਆ ਹੈ।

ਅਲ-ਕਾਇਦਾ ਦਾ ਸਾਰੇ ਜਗਤ ਵਿਚ ਵਿਸ਼ਾਲ ਤਾਣਾ-ਬਾਣਾ ਹੈ। 2001 ਵਿਚ ਇਸ ਦੇ ਮਹਿਜ਼ 200 ਮੈਂਬਰ ਸਨ ਜੋ ਹੁਣ ਹਜ਼ਾਰਾਂ ਹਨ। ਇਹ ਵੀ ਕਿ ਅਮਰੀਕੀ ਜੰਗ ਨੇ ਇਸ ਦੇ ਸਹਿਯੋਗੀ ਦੇਸ਼ਾਂ ਨੂੰ ਸਾਰੇ ਸੰਸਾਰ ਵਿਚ, ਖਾਸ ਕਰਕੇ ਮੁਸਲਿਮ ਸੰਸਾਰ ਵਿਚ ਨਫ਼ਰਤ ਤੇ ਮਖੌਲ ਦਾ ਪਾਤਰ ਬਣਾ ਦਿੱਤਾ ਹੈ। ਨਾ ਸਿਰਫ਼ ਇਹ ਸ਼ਾਂਤੀ ਤੇ ਤਰੱਕੀ ਲਈ ਹੀ ਖ਼ਤਰਾ ਹੈ ਸਗੋਂ ਜਮਹੂਰੀਅਤ ਦੀ ਕਾਇਮੀ ਲਈ ਆਏ ਅਰਬ ਇਨਕਲਾਬ ਲਈ ਵੀ ਖ਼ਤਰਾ ਹੈ। ਇਥੋਂ ਤੱਕ 'ਨਾਟੋ' ਦੇ ਦੇਸ਼ ਅਮਰੀਕਾ ਨਾਲ ਮਿਲ ਕੇ ਮਿਸਰ ਤੇ ਲੀਬੀਆ ਵਰਗੇ ਦੇਸ਼ਾਂ ਦੇ ਤੇਲ ਦੇ ਖਜ਼ਾਨਿਆਂ 'ਤੇ ਕਬਜ਼ਾ ਕਰਨ ਲਈ ਉਤਾਵਲੇ ਹਨ। ਇਸ ਤਰ੍ਹਾਂ ਲਾਦਿਨ ਦੀ ਮੌਤ ਸੰਸਾਰ ਨੂੰ ਸ਼ਾਂਤੀ ਦੇ ਨੇੜੇ ਨਹੀਂ ਲਿਆਉਂਦੀ।

# ਸ੍ਰੀ ਗੁਰੂ ਸਿੰਘ ਸਭਾ ਮਾਲਟਨ ਸਪੋਰਟਸ ਕਲੱਬ ਕੈਨੇਡਾ ਵਲੋਂ ਕਬੱਡੀ ਕੱਪ 2011 ਲਈ ਸੱਦਾ ਪੱਤਰ ਜਾਰੀ

**SHRI GURU SINGH SABHA MALTON SPORTS CLUB**
68 Bloomsbury Avenue Brampton, ON, L6P 1S6
Email: shergill59@hotmail.com Phone: 416-567-4838

May 17, 2011

**California Kabaddi Federation (USA)**

**Attention: All Member Clubs**

**RE: Invitation to participate in "World Kabaddi Cup 2011 – Canada"**

Dear Sirs,

Sri Guru Singh Sabha Malton Sports Club is hosting **"World Kabaddi Cup 2011 – Canada"** on Saturday **August 13th, 2011** at Hershey Centre, 5500 Rose Cherry Place, Mississauga (Toronto) Ontario, Canada. We are inviting all members of the California Federation including; Baljit Singh Sandhu, Surinder Singh Atwal, Najjar Sahota, Gurdawar Singh Mann, Amolak Ghakhal, Tirath Ghakhal and all member clubs to participate in our "World Kabaddi Cup 2011 – Canada" with your Kabaddi teams.

We are also inviting the following teams to participate in our "World Kabaddi Cup 2011 – Canada":
INDIA, CANADA EAST, CANADA WEST, ITALY & UK

We will be conducting Dope Tests during the "World Kabaddi Cup 2011 – Canada". Please accept our invitation to participate in our "World Kabaddi Cup 2011, Canada" along with your under 21 year old team. Please reply the acknowledgement of this invitation. Please send us the names of your officials and players list that will be attending so we could start the process to obtain Visas for them (if required). We look forward to everyones attendance at the World Kabaddi Cup 2011-Canada.

Please feel free to contact us for further information.
Thanking you in advance.

Yours Sincerely,

Sri Guru Singh Sabha Malton Sports Club

Kanwal (Billa) Shergill & Sewa Singh Randhawa

**ਧੰਨਵਾਦ ਸਹਿਤ ਮਨਜ਼ੂਰ ਕਰਤਾ**
**ਕੈਲੀਫੋਰਨੀਆ ਕਬੱਡੀ ਫੈਡਰੇਸ਼ਨ ਦੇ ਸਾਰੇ ਅਹੁਦੇਦਾਰ, ਮੈਂਬਰ ਤੇ ਸਹਿਯੋਗੀ**

# ਸਿਧਾਂਤਕ ਪ੍ਰਤੀਕੂਲਤਾ:ਦੇਵੀ ਦੇਵਤਿਆਂ ਦੀ ਪੂਜਾ (੧)

**ਡਾ. ਗੁਰਨਾਮ ਕੌਰ**

ਪਿਛਲੇ ਲੇਖਾਂ ਵਿਚ 'ਚੌਬੀਸ ਅਉਤਾਰ' ਰਚਨਾ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦੀ ਲੋਅ ਵਿਚ ਵਿਚਾਰਨ ਦੀ ਕੋਸ਼ਿਸ਼ ਕੀਤੀ ਸੀ ਅਤੇ ਇਹ ਵੀ ਜ਼ਿਕਰ ਕੀਤਾ ਸੀ ਕਿ ਡਾ. ਜੋਧ ਸਿੰਘ ਨੇ 'ਰਿਗ ਵੇਦ ਤੋਂ ਦਸਮ ਗ੍ਰੰਥ ਤੱਕ' ਆਪਣੇ ਲੜੀਵਾਰ ਲੇਖਾਂ ਵਿਚ ਸਿਫਾਰਸ਼ ਕੀਤੀ ਹੈ ਕਿ ਦਸਮ ਗ੍ਰੰਥ ਵਿਚ ਸ਼ਾਮਲ ਹੋਰ ਰਚਨਾਵਾਂ ਨੂੰ ਵੀ ਇਸੇ ਨੁਕਤੇ ਤੋਂ ਵਿਚਾਰਨਾ ਚਾਹੀਦਾ ਹੈ। 'ਚੌਬੀਸ ਅਉਤਾਰ' ਦੇ ਸੰਖੇਪ ਜਿਹੇ ਵਿਸ਼ਲੇਸ਼ਣ ਤੋਂ ਬਾਅਦ ਅਸੀਂ ਹੁਣ ਦਸਮ ਗ੍ਰੰਥ ਵਿਚ ਸ਼ਾਮਲ ਕੁਝ ਹੋਰ ਵਿਵਾਦਪੂਰਨ ਰਚਨਾਵਾਂ ਦਾ ਸੰਖੇਪ ਅਧਿਐਨ ਕਰਨਾ ਚਾਹਾਂਗੇ। ਸਭ ਤੋਂ ਪਹਿਲਾਂ ਅਸੀਂ ਦੇਵੀ ਪੂਜਾ ਦੀ ਗੱਲ ਕਰਾਂਗੇ।



ਡਾ. ਗੁਰਨਾਮ ਕੌਰ

ਸਿੱਖ ਧਰਮ ਵਿਚ ਉਸ ਇੱਕ ਅਪਰੰਪਾਰ, ਅਬਿਨਾਸ਼ੀ, ਪਰਮ ਪੁਰਖ ਪਰਮਾਤਮਾ ਤੋਂ ਬਿਨਾ ਹੋਰ ਕਿਸੇ ਦੀ ਵੀ ਪੂਜਾ ਜਾਂ ਅਰਾਧਨਾ ਨੂੰ ਇੱਕ ਦਮ ਨਕਾਰ ਦਿੱਤਾ ਗਿਆ ਹੈ ਭਾਵੇਂ ਇਹ ਕੋਈ ਰੱਬ ਦਾ ਅਵਤਾਰ ਹੋਵੇ (ਜਿਸ ਦੀ ਚਰਚਾ ਅਸੀਂ ਪਹਿਲਾਂ ਹੀ ਕਰ ਚੁੱਕੇ ਹਾਂ), ਕੋਈ ਦੇਵੀ-ਦੇਵਤਾ ਹੋਵੇ, ਪੀਰ ਜਾਂ ਕੋਈ ਹੋਰ ਅਜਿਹੀ ਹਸਤੀ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਰੰਭ ਵਿਚ ਹੀ ਕਰਤਾ ਪੁਰਖ ਦੇ ਗੁਣਾਂ ਦੀ ਪਰਿਭਾਸ਼ਾ ਕਰਦਿਆਂ ਦੱਸਿਆ ਹੈ ਕਿ ਉਹ ਇੱਕੋ-ਇੱਕ ਅੰਤਮ ਸਤਿ ਹੈ ਬਾਕੀ ਸਾਰਾ ਪਸਾਰਾ ਉਸ ਦੀ ਰਚਨਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 143 ਉਤੇ ਰਾਗ ਮਾਝ ਵਿਚ ਗੁਰੂ ਨਾਨਕ ਦੇਵ ਨੇ ਫੁਰਮਾਇਆ ਹੈ ਕਿ ਪੀਰ, ਸ਼ੇਖ, ਰਾਇ ਅਤੇ ਹੁਕਮ ਚਲਾਉਣ ਵਾਲੇ ਬਾਦਸ਼ਾਹ ਵੀ ਇੱਕ ਦਿਨ ਨਾਸ ਹੋ ਜਾਂਦੇ ਹਨ ਅਤੇ ਅੰਤ ਨੂੰ ਸਾਰੀ ਦੁਨੀਆਂ ਧਰਤੀ ਦੇ ਥੱਲੇ ਆ ਜਾਂਦੀ ਹੈ। ਸਦਾ ਥਿਰ ਰਹਿਣ ਵਾਲਾ ਸਿਰਫ ਇੱਕ ਉਹ ਖੁਦਾ ਹੀ ਹੈ। ਦੇਵ, ਦੈਂਤ, ਮਨੁੱਖ, ਜੋਗ-ਸਾਧਨਾ ਵਿਚ ਪਹੁੰਚੇ ਹੋਏ ਜੋਗੀ ਅਤੇ ਜੋਗ-ਸਾਧਨਾ ਕਰਨ ਵਾਲੇ ਆਦਿ ਕੋਈ ਵੀ ਸਦੀਵੀ ਰਹਿਣ ਵਾਲਾ ਨਹੀਂ ਹੈ। ਸਿਰਫ ਉਸ ਇੱਕ ਪਰਮਾਤਮਾ ਦੀ ਹੋਂਦ ਹੀ ਸਦੀਵੀ ਹੈ। ਪਾਤਾਲ, ਆਕਾਸ਼, ਸੂਰਜ, ਚੰਦ੍ਰਮਾ, ਧਰਤੀ ਦੇ ਸੱਤ ਦੀਪ, ਪਾਣੀ, ਅੰਨ, ਪੌਣ ਸਭ ਕੁੱਝ ਹੀ ਨਾਸ਼ਵਾਨ ਹੈ, ਸਿਰਫ ਇੱਕ ਉਹ ਕਰਤਾ ਪੁਰਖ ਹੀ ਅਬਿਨਾਸ਼ੀ ਹੈ ਅਤੇ ਉਹੀ ਸਭ ਨੂੰ ਰਿਜ਼ਕ ਦੇਣ ਵਾਲਾ ਹੈ ਅਤੇ ਉਸ ਦੇ ਹੁਕਮ ਨੂੰ ਕੋਈ ਵੀ ਨਹੀਂ ਮੋੜ ਸਕਦਾ। ਉਹ ਕਰਤਾਰ ਹੀ ਸਭ ਕੁਝ ਦੇਣ ਵਾਲਾ ਹੈ ਅਤੇ ਉਹ ਹੀ ਖੋਹ ਲੈਂਦਾ ਹੈ:

ਹਮ ਜੇਰ ਜਿਮੀ ਦੁਨੀਆ
ਪੀਰਾ ਮਸਾਇਕਾ ਰਾਇਆ॥
ਮੇ ਰਵਦਿ ਬਾਦਿਸਾਹਾ ਅਫਜੂ ਖੁਦਾਇ॥
ਏਕ ਤੂਹੀ ਏਕ ਤੁਹੀ॥ (੧)
ਨ ਦੇਵ ਦਾਨਵਾ ਨਰਾ॥
ਨ ਸਿਧ ਸਾਧਿਕਾ ਧਰਾ॥
ਅਸਤਿ ਏਕ ਦਿਗਰਿ ਕੁਈ॥
ਏਕ ਤੁਈ ਏਕ ਤੁਈ॥(੨)
(ਪੰ. ੧੪੩-੪੪)

ਇਸ ਤੋਂ ਇਹੀ ਸਿੱਧ ਹੁੰਦਾ ਹੈ ਕਿ ਪਰਮਾਤਮਾ ਹੀ ਇੱਕੋ-ਇੱਕ ਸਦੀਵੀ ਹਸਤੀ ਹੈ ਜੋ ਸਭ ਕੁੱਝ ਦੇਣ ਵਾਲੀ ਹੈ, ਤਾਂ ਫਿਰ ਦੇਵੀ-ਦੇਵਤੇ, ਜੋ ਆਪ ਪਰਮਾਤਮਾ ਰਾਹੀਂ ਸਿਰਜੇ ਹੋਏ ਹਨ, ਆਪਣੀ ਪੂਜਾ ਕਰਨ ਵਾਲਿਆਂ ਨੂੰ ਕੀ ਦੇ ਸਕਦੇ ਹਨ ਅਤੇ ਉਨ੍ਹਾਂ ਤੋਂ ਕਿਉਂ ਮੰਗਣਾ ਹੈ? ਗੁਰੂ ਨਾਨਕ ਦੇਵ ਅੱਗੇ ਫੁਰਮਾਉਂਦੇ ਹਨ ਕਿ ਜੇ ਦੇਵੀ ਦੇਵਤਿਆਂ ਦੀ ਪੂਜਾ ਕਰੀਏ ਤਾਂ ਉਹ ਕੁੱਝ ਵੀ ਨਹੀਂ ਦੇ ਸਕਦੇ (ਕਿਉਂਕਿ ਉਹ ਕੁੱਝ ਦੇ ਸਕਣ ਦੇ ਸਮਰੱਥ ਹੀ ਨਹੀਂ ਹਨ)। ਇਸ ਲਈ ਮੈਂ ਇਨ੍ਹਾਂ ਤੋਂ ਕੁੱਝ ਵੀ ਨਹੀਂ ਮੰਗਦਾ (ਦੇਵੀ ਦੇਵਤਿਆਂ ਦੀ ਪੂਜਾ ਆਮ ਤੌਰ 'ਤੇ ਉਨ੍ਹਾਂ ਦੀਆਂ ਬਣੀਆਂ ਹੋਈਆਂ ਪੱਥਰ ਦੀਆਂ ਮੂਰਤੀਆਂ ਦੇ ਰੂਪ ਵਿਚ ਕੀਤੀ ਜਾਂਦੀ ਹੈ)। ਗੁਰੂ ਸਾਹਿਬ ਕਹਿੰਦੇ ਹਨ ਪੱਥਰ ਨੂੰ ਭਾਵੇਂ ਪਾਣੀ ਨਾਲ ਧੋਂਦੇ ਰਹੀਏ ਤਾਂ ਵੀ ਪੱਥਰ ਦੇ ਬਣਾਏ ਹੋਏ ਇਹ ਦੇਵੀ-ਦੇਵਤੇ ਪਾਣੀ ਵਿਚ ਡੁੱਬ ਜਾਂਦੇ ਹਨ। ਜਿਹੜੇ ਆਪ ਹੀ ਪਾਣੀ ਵਿਚ ਡੁੱਬ ਜਾਂਦੇ ਹਨ, ਉਹ ਆਪਣੇ ਪੂਜਣ ਵਾਲਿਆਂ ਨੂੰ ਸੰਸਾਰ ਸਾਗਰ ਤੋਂ ਕੀ ਤਾਰਨਗੇ:

ਦੇਵੀ ਦੇਵਾ ਪੂਜੀਐ ਭਾਈ
ਕਿਆ ਮਾਗਉ ਕਿਆ ਦੇਹਿ॥
ਪਾਹਣੁ ਨੀਰਿ ਪਖਾਲੀਐ ਭਾਈ
ਜਲ ਮਹਿ ਬੂਡਹਿ ਤੇਹਿ॥੬॥

ਜਦੋਂ ਬਾਬਰ ਨੇ ਹਿੰਦੁਸਤਾਨ ਤੇ ਹਮਲਾ ਕੀਤਾ ਲੋਕਾਂ ਨੇ ਮੰਦਰਾਂ ਵਿਚ ਜਾ ਕੇ ਬਹੁਤ ਤੰਤ੍ਰ-ਮੰਤ੍ਰ ਕੀਤੇ ਅਤੇ ਦੇਵੀ-ਦੇਵਤਿਆਂ ਨੂੰ ਧਿਆਇਆ ਤਾਂ ਕਿ ਦੇਵੀ-ਦੇਵਤੇ ਬਾਬਰ ਵਰਗੇ ਧਾੜਵੀ ਤੋਂ ਉਨ੍ਹਾਂ ਦੀ ਰੱਖਿਆ ਕਰਨ ਪਰ ਕਿਸੇ ਵੀ ਦੇਵੀ-ਦੇਵਤੇ ਨੇ ਮੁਸੀਬਤ ਵਿਚ ਉਨ੍ਹਾਂ ਦੀ ਬਹੁੜੀ ਨਹੀਂ ਕੀਤੀ। ਜਿਵੇਂ ਗੁਰੂ ਨਾਨਕ ਦੇਵ ਨੇ ਫੁਰਮਾਇਆ ਹੈ ਕਿ ਕਰੋੜਾਂ ਪੀਰਾਂ ਨੇ ਟੂਣੇ-ਟਾਮਣ ਕਰਕੇ ਉਸ ਨੂੰ ਰੋਕਣ ਦੀ ਕੋਸ਼ਿਸ਼ ਕੀਤੀ ਪਰ ਕੋਈ ਫਾਇਦਾ ਨਹੀਂ ਹੋਇਆ। ਹਿੰਦੂਆਂ ਦੇ ਮੰਦਰ ਅਤੇ ਮੁਸਲਮਾਨਾਂ ਦੇ ਧਾਰਮਿਕ ਸਥਾਨ ਸਭ ਜਲ ਗਏ:

ਕੋਟੀ ਹੂ ਪੀਰ ਵਰਜਿ ਰਹਾਏ
ਜਾ ਮੀਰੁ ਸੁਣਿਆ ਧਾਇਆ॥
ਥਾਨ ਮੁਕਾਮ ਜਲੇ ਬਿਜ ਮੰਦਰ
ਮੁਛਿ ਮੁਛਿ ਕੁਇਰ ਰੁਲਾਇਆ॥
ਕੋਈ ਮੁਗਲੁ ਨ ਹੋਆ ਅੰਧਾ
ਕਿਨੈ ਨ ਪਰਚਾ ਲਾਇਆ॥੪॥
(ਪੰ. ੪੧੭-੧੮)

ਗੁਰੂ ਅਮਰਦਾਸ ਕਹਿੰਦੇ ਹਨ ਕਿ ਮਾਇਆ ਹੀ ਦੇਵੀ-ਦੇਵਤਿਆਂ ਦੇ ਰਚੇ ਜਾਣ ਦਾ ਕਾਰਨ ਹੈ ਅਤੇ ਇਸ ਨੇ ਸਿਮ੍ਰਿਤੀਆਂ ਅਤੇ ਸ਼ਾਸਤ੍ਰ ਪੈਦਾ ਕੀਤੇ ਭਾਵ ਮਨੁੱਖ ਨੇ ਸੁੱਖਾਂ ਦੀ ਕਾਮਨਾ ਵਿਚੋਂ ਅਤੇ ਦੁੱਖਾਂ ਦੇ ਡਰ ਤੋਂ ਦੇਵੀ-ਦੇਵਤਿਆਂ ਦੀ ਰਚਨਾ ਕੀਤੀ ਅਤੇ ਸੁੱਖਾਂ ਦੀ ਪ੍ਰਾਪਤੀ ਤੇ ਦੁੱਖਾਂ ਤੋਂ ਛੁਟਕਾਰਾ ਪਾਉਣ ਲਈ ਸਿਮ੍ਰਿਤੀਆਂ ਅਤੇ ਸ਼ਾਸਤ੍ਰਾਂ ਰਾਹੀਂ ਕਰਮਕਾਂਡ ਰਚੇ ਗਏ। ਸਾਰੇ ਸੰਸਾਰ ਵਿਚ ਸੁੱਖਾਂ ਦੀ ਲਾਲਸਾ ਅਤੇ ਦੁੱਖਾਂ ਦਾ ਡਰ ਪਸਰਿਆ ਹੋਇਆ ਹੈ ਜਿਸ ਕਾਰਨ ਜੀਵ ਜਨਮ ਮਰਨ ਦੇ ਚੱਕਰ ਵਿਚ ਪੈ ਕੇ ਦੁੱਖ ਪਾ ਰਹੇ ਹਨ:

ਦੇਵੀ ਦੇਵਾ ਮੂਲੁ ਹੈ ਮਾਇਆ॥
ਸਿੰਮ੍ਰਿਤਿ ਸਾਸਤ ਜਿੰਨਿ ਉਪਾਇਆ॥
ਕਾਮੁ ਕ੍ਰੋਧੁ ਪਸਰਿਆ ਸੰਸਾਰੇ
ਆਇ ਜਾਇ ਦੁਖੁ ਪਾਵਣਿਆ॥੨॥
(ਪੰ. ੧੨੯)

ਗੁਰੂ ਅਰਜਨ ਦੇਵ ਕਹਿੰਦੇ ਹਨ ਕਿ ਬ੍ਰਹਮਾ ਅਤੇ ਸ਼ਿਵਜੀ ਵੀ ਪਰਮਾਤਮਾ ਦਾ ਭੇਦ ਨਹੀਂ ਪਾ ਸਕੇ। ਦੇਵੀ-ਦੇਵਤੇ ਉਸ ਪਰਮਾਤਮਾ ਦੀ ਖੋਜ ਕਰਦੇ ਕਰਦੇ ਥੱਕ-ਟੁੱਟ ਗਏ ਹਨ ਪਰ ਉਸ ਦੇ ਰਹੱਸ ਨੂੰ ਨਹੀਂ ਜਾਣ ਸਕੇ। ਉਹ ਸਾਰਿਆਂ ਤੋਂ ਉਪਰ, ਅਪਰੰਪਾਰ, ਦੈਵੀ ਹਸਤੀ ਹੈ ਜਿਸ ਨੂੰ ਕੋਈ ਨਹੀਂ ਜਾਣਦਾ:

ਮਹਿਮਾ ਨ ਜਾਨਹਿ ਬੇਦ॥
ਬ੍ਰਹਮੇ ਨਹੀ ਜਾਨਹਿ ਭੇਦ॥...
ਸੰਕਰਾ ਨਹੀ ਜਾਨਹਿ ਭੇਵ॥
ਖੋਜਤ ਹਾਰੇ ਦੇਵ॥
ਦੇਵੀਆ ਨਹੀ ਜਾਨੈ ਮਰਮ॥
ਸਭ ਊਪਰਿ ਅਲਖ ਪਾਰਬ੍ਰਹਮ॥੨॥
(ਪੰ. ੮੯੪)

ਭਗਤ ਕਬੀਰ ਕਹਿੰਦੇ ਹਨ ਕਿ ਜਿਹੜੇ ਲੋਕ ਪੱਥਰ ਦੇ ਰੂਪ ਵਿਚ ਦੇਵੀ-ਦੇਵਤਿਆਂ ਨੂੰ ਪੂਜਦੇ ਹਨ ਉਨ੍ਹਾਂ ਦੀ ਪੂਜਾ ਬੇਕਾਰ ਹੈ। ਜਿਹੜੇ ਬੁੱਤਾਂ ਦੇ ਪੈਰੀਂ ਪੈਂਦੇ ਹਨ ਉਨ੍ਹਾਂ ਦੀ ਮਿਹਨਤ ਵੀ ਬੇਕਾਰ ਹੈ। ਭਗਤ ਕਬੀਰ ਕਹਿੰਦੇ ਸਾਡਾ ਪਰਮਾਤਮਾ ਤਾਂ ਹਮੇਸ਼ਾ ਬੋਲਦਾ ਹੈ ਅਤੇ ਸਾਰੇ ਜੀਆਂ ਨੂੰ ਦਾਨ ਦਿੰਦਾ ਹੈ (ਪੰ. ੧੧੬੦)। ਸਿੱਖ ਧਰਮ ਚਿੰਤਨ ਅਨੁਸਾਰ ਮਨੁੱਖ ਜਿਹੋ ਜਿਹੇ ਇਸ਼ਟ ਦੀ ਸਾਧਨਾ ਕਰਦਾ ਹੈ, ਉਸ ਦਾ ਵਿਅਕਤੀਤਵ ਵੀ ਉਹੋ ਜਿਹਾ ਹੀ ਘੜਿਆ ਜਾਂਦਾ ਹੈ, "ਜੈਸਾ ਸੇਵੈ ਤੈਸੋ ਹੋਇ॥" ਇਸੇ ਸਿਧਾਂਤ ਦੀ ਪੁਸ਼ਟੀ ਕਰਦਿਆਂ ਭਗਤ ਨਾਮ ਦੇਵ ਵੀ ਕਹਿੰਦੇ ਹਨ ਕਿ ਜਿਹੜਾ ਭੈਰੋਂ, ਭੂਤ ਜਾਂ ਸੀਤਲਾ ਵੱਲ ਭੱਜਦਾ ਹੈ ਉਸ ਨੂੰ ਫਲ ਇਹੀ ਮਿਲ ਸਕਦਾ ਹੈ ਕਿ ਉਹ ਖੋਤੇ ਦੀ ਸਵਾਰੀ ਕਰੇ ਜਾਂ ਮਿੱਟੀ ਉਡਾਉਂਦਾ ਫਿਰੇ। ਜਿਹੜੇ ਸ਼ਿਵਜੀ ਦੀ ਪੂਜਾ ਉਸ ਦਾ ਨਾਮ ਲੈ ਕੇ ਕਰਦੇ ਹਨ ਉਨ੍ਹਾਂ ਨੂੰ ਬਲਦ ਦੀ ਸਵਾਰੀ ਮਿਲਦੀ ਹੈ ਅਤੇ ਉਹ ਡੌਰੂ ਵਜਾਉਂਦੇ ਹਨ। ਜਿਹੜਾ ਮਹਾਂਮਾਈ ਦੀ ਪੂਜਾ ਕਰਦਾ ਹੈ ਭਾਵੇਂ ਉਹ ਪੁਰਸ਼ ਹੈ ਪਰ ਉਹ ਇਸਤਰੀ ਬਣ ਕੇ ਜਨਮ ਲੈਂਦਾ ਹੈ। ਦੁਰਗਾ ਨੂੰ ਪ੍ਰਸ਼ਨ ਕਰਦਿਆਂ ਭਗਤ ਨਾਮਦੇਵ ਕਹਿੰਦੇ ਹਨ ਕਿ ਤੈਨੂੰ ਆਦਿ ਭਵਾਨੀ ਕਹਿੰਦੇ ਹਨ ਪਰ ਮੁਕਤੀ ਦੇਣ ਵੇਲੇ ਤੂੰ ਕਿਥੇ ਚਲੀ ਜਾਂਦੀ ਹੈਂ? ਭਗਤ ਜੀ ਕਹਿੰਦੇ ਹਨ, ਮੈਂ ਤਾਂ ਸਿਰਫ ਇੱਕ ਹਰੀ ਦਾ ਨਾਮ ਲੈਂਦਾ ਹਾਂ ਅਤੇ ਹੋਰ ਦੇਵਤੇ ਮੈਂ ਉਸ ਦੇ ਵਟੇ ਵਿਚ ਦਿੰਦਾ ਹਾਂ:

ਭੈਰਉ ਭੂਤ ਸੀਤਲਾ ਧਾਵੈ॥
ਖਰ ਬਾਹਨੁ ਉਹੁ ਛਾਰੁ ਉਡਾਵੈ॥੧॥
ਹਉ ਤਉ ਏਕੁ ਰਮਈਆ ਲੈਹਉ॥
ਆਨ ਦੇਵ ਬਦਲਾਵਨਿ ਦੈਹਉ॥ਰਹਾਉ॥
ਸਿਵ ਸਿਵ ਕਰਤੇ ਜੋ ਨਰੁ ਧਿਆਵੈ॥
ਬਰਦ ਚਢੇ ਡਉਰੂ ਢਮਕਾਵੈ॥੨॥
ਮਹਾ ਮਾਈ ਕੀ ਪੂਜਾ ਕਰੈ॥
ਨਰ ਸੈ ਨਾਰਿ ਹੋਇ ਅਉਤਰੈ॥੩॥
ਤੂ ਕਹੀਅਤ ਹੀ ਆਦਿ ਭਵਾਨੀ॥
ਮੁਕਤਿ ਕੀ ਬਰੀਆ ਕਹਾ ਛਪਾਨੀ॥੪॥
(ਪੰ. ੮੭੪)

ਇਹ ਸਿਰਫ ਕੁੱਝ ਇੱਕ ਉਦਾਹਰਣਾਂ ਹਨ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਦੇਵੀ-ਦੇਵਤਿਆਂ ਪ੍ਰਤੀ ਨਜ਼ਰੀਆ ਦੱਸਣ ਲਈ, ਕਿਉਂਕਿ ਗੁਰਮਤਿ ਵਿਚਾਰਧਾਰਾ ਦੀ ਲੋਅ ਵਿਚ ਕਿਸੇ ਵੀ ਲਿਖਤ ਨੂੰ ਪਰਖਣ ਲਈ ਸਾਡੇ ਕੋਲ ਇੱਕੋ-ਇੱਕ ਕਸਵੱਟੀ ਸ੍ਰੀ ਗੁਰੂ ਗ੍ਰੰਥ ਸਾਹਿਬ ਹੈ ਜਿਸ ਦੇ ਲੜ ਖਾਲਸਾ ਪੰਥ ਨੂੰ ਦਸਮ ਪਾਤਿਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਨੇ ਆਪ ਲਾਇਆ ਹੈ।

ਹੁਣ ਇਸ ਦੇ ਆਧਾਰ 'ਤੇ ਹੀ ਸਾਨੂੰ ਦਸਮ

## ਗੁਰਮਤਿ ਚਿੰਤਨ

ਗ੍ਰੰਥ ਵਿਚ ਸ਼ਾਮਲ ਸੰਦੇਹ-ਯੁਕਤ ਰਚਨਾਵਾਂ ਦੀ ਪਰਖ-ਪੜਚੋਲ ਕਰ ਲੈਣੀ ਚਾਹੀਦੀ ਹੈ। ਭਾਈ ਕਾਹਨ ਸਿੰਘ ਨਾਭਾ 'ਮਹਾਨ ਕੋਸ਼' ਵਿਚ ਲਿਖਦੇ ਹਨ ਕਿ "ਸਾਕਤੁ" ਉਹ ਹੈ ਜੋ "ਦੁਰਗਾ" ਦੀ ਪੂਜਾ ਕਰਦਾ ਹੈ, "ਕਾਲੀ" ਦਾ ਭਗਤ, "ਸ਼ਾਕਤ" ਸੰਪਰਦਾਇ ਉਹ ਹੈ ਜਿਸ ਵਿਚ 'ਸ਼ਕਤੀ' ਸਾਰੇ ਦੇਵਤਿਆਂ ਤੋਂ ਪਰਮੁੱਖ ਹੋਵੇ। ਸਾਕਤ-ਪੂਜਕ ਦਸ (੧੦) ਮਹਾਂ-ਵਿਦਿਆ ਦੀ ਪੂਜਾ ਕਰਦੇ ਹਨ ਭਾਵ ਉਹ ਦਸ ਦੇਵੀਆਂ ਦੀ ਪੂਜਾ ਕਰਦੇ ਹਨ, ਜਿਨ੍ਹਾਂ ਦੇ ਨਾਮ ਹਨ: ਕਾਲੀ, ਤਾਰਾ, ਸ਼ੋਰਸ਼ਟੀ, ਭੁਵਨੇਸ਼ਵਰੀ, ਭੈਰਵੀ ਅਤੇ ਕਮਲਾ। ਭਾਈ ਸਾਹਿਬ ਤੀਸਰਾ ਅਰਥ ਦਸਦੇ ਹੋਏ ਕਹਿੰਦੇ ਹਨ ਕਿ ਸਾਕਤ ਗਿਰਿਆ ਹੋਇਆ ਮਨੁੱਖ ਹੁੰਦਾ ਹੈ (ਨੈਤਿਕ ਅਤੇ ਧਾਰਮਿਕ ਤੌਰ 'ਤੇ) (ਪੰ. ੧੯੮)। ਚੰਡੀਚਰਿਤ੍ਰ (ਉਕਤਿ ਬਿਲਾਸ) ਦੇ ਸ਼ੁਰੂ ਵਿਚ 'ਸਵੈਯਾ' ਵਿਚ ਪਰਮਾਤਮਾ ਅੱਗੇ ਅਰਦਾਸ ਕੀਤੀ ਗਈ ਹੈ ਜੋ ਸਰਬਸ਼ਕਤੀਮਾਨ ਹੈ ਅਤੇ ਸਭ ਕੁਝ ਦੇਣ ਵਾਲਾ ਹੈ ਸਮੇਤ ਚਾਰ ਵੇਦਾਂ, ਸ਼ਿਵ-ਸ਼ਕਤੀ ਅਤੇ ਤ੍ਰੈਗੁਣਾਂ ਦੇ। ਫਿਰ 'ਦੋਹਿਰਾ' ਵਿਚ ਬੇਨਤੀ ਕੀਤੀ ਹੈ ਕਿ ਕਵੀ ਉਤੇ ਕਿਰਪਾ ਕਰੋ ਤਾਂ ਕਿ ਉਹ 'ਦੁਰਗਾ' ਦੀ ਕਥਾ ਰਚ ਸਕੇ ਅਤੇ 'ਬਾਣੀ' ਬਹੁਤ ਵਧੀਆ ਭਾਵ ਸ੍ਰੇਸ਼ਟ ਹੋਵੇ:

ਆਦਿ ਅਪਾਰ ਅਲੇਖ ਅਨੰਤ,
ਅਕਾਲ ਅਭੇਖ ਅਲੱਖ ਅਨਾਸਾ।
ਕੈ ਸ਼ਿਵ ਸ਼ਕਤ ਦਏ ਸ੍ਰੁਤਿ ਚਾਰ,
ਰਜੋ ਤਮੋ ਸਤੇ ਤਿਹੂੰ ਪੁਰ ਬਾਸਾ। ਦੋਹਿਰਾ।
ਕ੍ਰਿਪਾ ਸਿੰਧੁ ਤੁਮਰੀ ਕ੍ਰਿਪਾ,
ਜੋ ਕੁੱਛ ਮੋ ਪਰਿ ਹੋਇ।
ਰਚੋਂ ਚੰਡਿਕਾ ਕੀ ਕਥਾ
ਬਾਣੀ ਸੁਭ ਸਭ ਹੋਇ।

ਫਿਰ ਅਗਲੇ 'ਸਵੈਯਾ' ਵਿਚ ਦੇਵੀ ਦੁਰਗਾ ਅੱਗੇ ਬੇਨਤੀ ਕੀਤੀ ਹੈ ਅਤੇ ਉਸ ਨੂੰ ਲੋਕਾਂ ਨੂੰ ਤਾਰਨ ਵਾਲੀ, ਧਰਤੀ ਦਾ ਉਧਾਰ ਕਰਨ ਵਾਲੀ, ਦੈਂਤਾਂ ਨੂੰ ਮਾਰਨ ਵਾਲੀ ਚੰਡਿਕਾ ਕਿਹਾ ਹੈ। ਫਿਰ ਉਸ ਨੂੰ ਸ਼ਿਵ ਦੀ ਸ਼ਕਤੀ ਪਾਰਵਤੀ, ਵਿਸ਼ਨੂੰ ਦੀ ਸ਼ਕਤੀ ਲਕਸ਼ਮੀ ਜੋ ਸੰਸਾਰ ਨੂੰ ਪੈਦਾ ਕਰਨ ਵਾਲਾ ਹੈ, ਕਹਿ ਕੇ ਯਾਦ ਕੀਤਾ ਹੈ। ਫਿਰ ਉਸ ਨੂੰ ਤ੍ਰੈ-ਗੁਣ ਸਤੋ, ਰਜੋ ਅਤੇ ਤਮੋ ਕਿਹਾ ਹੈ, ਜਿਸ ਨੇ ਕਵੀ ਦੇ ਮਨ ਵਿਚ ਕਵਿਤਾ ਪੈਦਾ ਕੀਤੀ ਹੈ। ਉਸ ਨੂੰ ਪਾਰਸ ਵਰਗੇ ਗੁਣਾਂ ਵਾਲੀ ਕਿਹਾ ਹੈ ਜਿਸ ਨੂੰ ਛੂਹ ਕੇ ਆਮ ਆਦਮੀ ਵੀ ਤਰ ਜਾਂਦਾ ਹੈ ਜਿਵੇਂ ਲੋਹਾ ਕੰਚਨ ਵਿਚ ਤਬਦੀਲ ਹੋ ਜਾਂਦਾ ਹੈ, ਪਾਰਸ ਦੀ ਛੂਹ ਨਾਲ। ਫਿਰ ਕਿਹਾ ਹੈ ਕਿ ਉਹ ਦੇਵੀ ਜਿਸ ਦਾ ਨਾਮ ਚੰਡਿਕਾ ਹੈ, ਸਾਰੇ ਅਨੰਦ ਦੇਣ ਵਾਲੀ ਅਤੇ ਹਰ ਤਰ੍ਹਾਂ ਦੇ ਡਰ ਦੂਰ ਕਰਨ ਵਾਲੀ ਹੈ। ਕਵੀ ਉਸ ਦੇ ਅਦਭੁੱਤ ਕਾਰਨਾਮਿਆਂ ਦਾ ਜ਼ਿਕਰ ਕਰ ਸਕਦਾ ਹੈ ਜੇਕਰ ਉਹ ਉਸ ਨੂੰ ਉਚਤਮ ਗਿਆਨ ਨਾਲ ਭਰਪੂਰ ਕਰੇ:

ਦੋਹਰਾ:ਪ੍ਰਮੁਦ ਕਰਨ ਸਭ ਭੈ ਹਰਨ
ਨਾਮੁ ਚੰਡਿਕਾ ਜਾਸੁ।
ਰਚੌਂ ਚਰਿਤ੍ਰ ਬਚਿਤ੍ਰ ਤੁਅ,
ਕਰੋ ਸਬੁੱਧਿ ਪ੍ਰਕਾਸੁ।

ਅੱਗੇ ਫੇਰ ਬੇਨਤੀ ਕੀਤੀ ਹੈ ਕਿ ਜੇ ਤੇਰੀ ਆਗਿਆ ਹੋਵੇ ਤਦ ਮੈਂ ਤੇਰੇ ਗ੍ਰੰਥ ਦੀ ਰਚਨਾ ਕਰਾਂ। ਜੇ ਤੂੰ ਮੈਨੂੰ ਆਗਿਆ ਦੇਵੇਂ ਤਾਂ ਮੈਂ ਉਸ ਗ੍ਰੰਥ ਵਿਚ ਤੇਰਾ ਚਰਿਤ੍ਰ ਚਿਤ੍ਰਣ ਕਰਾਂ। ਬਹੁਤ ਹੀ ਸੁੰਦਰ ਭਾਸ਼ਾ ਵਿਚ ਮੈਂ ਤੇਰੇ ਬਚਿੱਤ੍ਰ ਅਤੇ ਸੁੰਦਰ ਕਾਰਨਾਮਿਆਂ ਦਾ, ਜਿਹੜੇ ਮੇਰੇ ਮਨ ਵਿਚ ਹਨ, ਵਰਣਨ ਕਰਾਂ:

ਪੁਨਹ: ਆਇਸ ਅਬ ਜੋ ਹੋਇ,
ਗ੍ਰੰਥ ਤਉ ਮੈਂ ਰਚੋ।
ਰਤਨ ਪ੍ਰਮੁਦ ਕਰ ਬਚਨ,
ਚੀਨਿ ਤਾ ਮੈ ਗਚੋ।
ਭਾਖਾ ਸੁਭ ਸਭ ਕਰ ਹੋ
ਧਰਿ ਹੋ ਕ੍ਰਿਤ ਮੈ।
ਅਦਭੁਤਿ ਕਥਾ ਅਪਾਰ,
ਸਮਝ ਕਰਿ ਚਿੱਤ ਮੈ। ੬।

ਇਹ ਸਿਰਫ ਕਥਾ ਦੀ ਸ਼ੁਰੂਆਤ ਹੈ, ਜਿਸ ਵਿਚ ਚੰਡਿਕਾ ਨੂੰ ਗ੍ਰੰਥ ਦੇ ਵਧੀਆ ਰਚੇ ਜਾਣ ਲਈ ਬੇਨਤੀ ਕੀਤੀ ਹੈ। ਇਸ ਤੋਂ ਅੱਗੇ ਉਸ ਦੀ ਕਥਾ ਸ਼ੁਰੂ ਹੁੰਦੀ ਹੈ ਜਿਸ ਵਿਚ ਵਾਰ ਵਾਰ ਉਸ ਦੀ ਵਡਿਆਈ ਕੀਤੀ ਹੈ ਅਤੇ ਵਾਰ ਵਾਰ ਕਵੀ ਤੇ ਕਿਰਪਾ ਕਰਨ ਲਈ ਬੇਨਤੀ ਕੀਤੀ ਹੈ। 'ਚੰਡੀ ਚਰਿਤ੍ਰ' ਦੇ ਅਖੀਰਲੇ ਵਰਣਨ ਵਿਚ ਕਵੀ ਨੇ ਲਿਖਿਆ ਹੈ ਕਿ ਚੰਡੀ ਚਰਿਤ੍ਰ ਦੀ ਛੰਦਾ-ਬੰਦੀ ਵਿਚ ਮੈਂ ਜੋ ਵਰਣਨ ਕੀਤਾ ਹੈ ਉਹ ਸਭ ਰੋਹ ਨਾਲ ਭਰਿਆ ਹੋਇਆ ਹੈ। ਇੱਕ ਤੋਂ ਇੱਕ ਘਟਨਾ ਰਸਭਰੀ ਅਤੇ ਸੁਆਦਲੀ ਹੈ ਅਤੇ ਨਵੀਆਂ-ਨਵੀਆਂ ਉਪਮਾਵਾਂ ਨਾਲ ਭਰਪੂਰ ਹੈ। ਇਸ ਨੂੰ ਕਵੀ ਨੇ ਦਿਲ-ਪਰਚਾਵੇ ਵਾਸਤੇ ਰਚਿਆ ਹੈ ਅਤੇ ਇਹ ਉਹ ਕਥਾ ਹੈ ਜੋ ਮਾਰਕੰਡੇ ਪੁਰਾਣ ਵਿਚ ਪੂਰੇ ਸੱਤ ਸੌ ਸਲੋਕਾਂ ਵਿਚ ਲਿਖੀ ਹੋਈ ਹੈ। ਜੋ ਵੀ ਮਨੁੱਖ ਇਸ ਨੂੰ ਨਿਸਚੇ ਨਾਲ ਪੜ੍ਹੇਗਾ ਉਸ ਨੂੰ ਇਸ ਦਾ ਫਲ ਚੰਡਿਕਾ ਦੇਣਗੀ ਹੈ:

ਚੰਡਿ ਚਰਿਤ੍ਰ ਕਵਿੱਤਨ ਮੈ, ਬਰਨਿਓ,
ਸਭ ਹੀ ਰਸਰੁਦ੍ਰ ਮਈ ਹੈ।
ਏਕ ਤੇ ਏਕ ਰਸਾਲ ਭਇਓ,
ਨਖ ਤੇ ਸਿਖ ਲਉ ਉਪਮਾ ਸੁ ਨਈ ਹੈ।
ਕਉਤਕ ਹੇਤੁ ਕਰੀ ਕਵਿ ਨੇ,
ਸਤਿ ਸਯ ਕੀ ਕਥਾ ਇਹ ਪੂਰੀ ਭਈ ਹੈ।
ਜਾਹਿ ਨਮਿੱਤ ਪੜੈ ਸੁਨਿ ਹੈਂ ਨਰ,
ਸੋ ਨਿਸਚੈ ਕਰਿ ਤਾਹਿ ਦਈ ਹੈ।੧੩੧।

ਇਸ ਤੋਂ ਅੱਗੇ ਕਵੀ ਨੇ ਜ਼ਿਕਰ ਕੀਤਾ ਹੈ ਕਿ ਉਸ ਨੇ 'ਸਤਿਸਇਆ' ਗ੍ਰੰਥ (ਮਾਰਕੰਡੇ ਪੁਰਾਣ) ਦਾ ਵਰਣਨ ਕੀਤਾ ਹੈ ਜਿਸ ਦੇ ਬਰਾਬਰ ਹੋਰ ਕੋਈ ਨਹੀਂ ਹੈ। ਕਹਿਣ ਤੋਂ ਭਾਵ ਇਹੀ ਜਾਪਦਾ ਹੈ ਕਿ ਮਾਰਕੰਡੇ ਪੁਰਾਣ ਦੀ ਇਸ ਕਥਾ ਦੇ ਬਰਾਬਰ ਹੋਰ ਕੋਈ ਰਚਨਾ ਨਹੀਂ ਹੈ। ਜਿਸ ਦੇ ਨਮਿੱਤ ਭਾਵ ਜਿਸ ਆਸ਼ੇ ਨਾਲ ਕਵੀ ਨੇ ਇਹ ਰਚਨਾ ਕੀਤੀ ਹੈ, ਉਸ ਭਾਵਨਾ ਨੂੰ ਚੰਡਿਕਾ ਪੂਰੀ ਕਰੇਗੀ:

ਦੋਹਰਾ: ਗ੍ਰੰਥ ਸਤਿਸਇਆ ਕੋ ਕਰਿਓ,
ਜਾ ਸਮ ਅਵਰੁ ਨ ਕੋਇ।
ਜਿਹ ਨਮਿੱਤ ਕਵਿ ਨੇ ਕਹਿਓ,
ਸੁ ਦੇਹ ਚੰਡਿਕਾ ਸੋਇ।੨੩੨।

ਹੁਣ ਜਿਹੜੇ ਵਿਦਵਾਨ ਇਹ ਕਹਿੰਦੇ ਹਨ ਕਿ ਇਹ ਕਥਾ ਦਸਮ ਪਾਤਿਸ਼ਾਹ ਹਜ਼ੂਰ ਨੇ ਖਾਲਸੇ ਵਿਚ ਬਹਾਦਰੀ ਦਾ ਜਜ਼ਬਾ ਭਰਨ ਲਈ ਰਚੀ ਹੈ ਉਹ ਕਵੀ ਦੀਆਂ ਇਨ੍ਹਾਂ ਅੰਤਲੀਆਂ ਪੰਕਤੀਆਂ ਤੋਂ ਅੰਦਾਜ਼ਾ ਲਾ ਸਕਦੇ ਹਨ ਕਿ ਇਸ ਕਥਾ ਦੇ ਕਹਿਣ ਦਾ ਮਕਸਦ ਦੇਵੀ ਨੂੰ ਇਛਾਵਾਂ ਦੀ ਪੂਰਤੀ ਕਰਨ ਵਾਲੀ ਮੰਨ ਕੇ ਉਸ ਤੋਂ ਵਰ ਪ੍ਰਾਪਤ ਕਰਨ ਲਈ ਹੈ। ਕੀ ਗੁਰੂ ਸਾਹਿਬ ਇੱਕ ਅਕਾਲ ਪੁਰਖ ਦਾ ਓਟ-ਆਸਰਾ ਛੱਡ ਕੇ ਖਾਲਸੇ ਨੂੰ ਕਿਸੇ ਹੋਰ ਦੇਵੀ-ਦੇਵਤੇ ਕੋਲੋਂ ਵਰ ਮੰਗਣ ਦੀ ਸਿਫਾਰਸ਼ ਕਰਨਗੇ? ਕੀ ਉਹ ਇਸ ਦੇ ਬਰਾਬਰ ਕਿਸੇ ਹੋਰ ਰਚਨਾ ਨੂੰ ਨਹੀਂ ਮੰਨਦੇ? ਅਜਿਹਾ ਸੋਚਣਾ ਹੀ ਗੁਮਰਾਹਕੁਨ ਹੈ। ਭਾਈ ਗੁਰਦਾਸ ਨੇ ਲਿਖਿਆ ਹੈ ਕਿ ਸਿੱਧ ਜਦੋਂ ਗੁਰੂ ਨਾਨਕ ਦੇਵ ਨੂੰ ਪੁੱਛਦੇ ਹਨ ਕਿ ਤੂੰ ਸੰਸਾਰ ਨੂੰ ਕਰਾਮਾਤ ਦਿਖਾਈ ਹੈ, ਕੁਝ ਸਾਨੂੰ ਵੀ ਦਿਖਾ? ਤਾਂ ਬਾਬੇ ਦਾ ਉਤਰ ਸੀ ਕਿ ਸਾਡੇ ਕੋਲ ਕਰਾਮਾਤ ਵਰਗੀ ਕੋਈ ਵਸਤੂ ਨਹੀਂ ਹੈ। ਸਾਨੂੰ ਤੇ ਗੁਰੂ ਸੰਗਤਿ ਅਤੇ ਬਾਣੀ ਦਾ ਓਟ ਆਸਰਾ ਹੈ:

ਸਿਧਿ ਬੋਲਨਿ, ਸੁਣਿ ਨਾਨਕਾ!
ਤੁਹਿ ਜਗ ਨੋ ਕਰਾਮਾਤਿ ਦਿਖਾਈ।
ਕੁਝ ਵਿਖਾਲੇਂ ਅਸਾਂ ਨੋ ਤੁਹਿ
ਕਿਉਂ ਢਿਲ ਅਵੇਹੀ ਲਾਈ?
ਬਾਬਾ ਬੋਲੇ, ਨਾਥ ਜੀ!
ਅਸਿ ਵੇਖਣਿ ਜੋਗੀ ਵਸਤੁ ਨ ਕਾਈ।
ਗੁਰੁ ਸੰਗਤਿ ਬਾਣੀ ਬਿਨਾ
ਦੂਜੀ ਓਟ ਨਹੀ ਹੈ ਰਾਈ।

(ਚਲਦਾ...)

## ਸਿਆਣਿਆਂ ਦਾ ਕਿਹਾ

(1) ਸੜਦੇ ਹਿਰਦੇ ਵਿਚੋਂ ਕੇਵਲ ਸੜਦਾ ਬਲਦਾ ਧੂੰਆਂ ਹੀ ਨਿਕਲਦਾ ਹੈ ਫੁੱਲਾਂ ਦੀ ਖੁਸ਼ਬੂ ਨਹੀਂ।

(2) ਗਰੀਬਾਂ ਨੂੰ ਮਾਰ ਜਾਂਦੀ ਹੈ ਗਰੀਬੀ ਦੀ ਬੇਬਸੀ।

(3) ਜੇ ਗੁਰੂ ਦੇ ਚੇਲੇ ਤੇ ਮੋਟੇ ਖੱਦਰ ਦੇ ਕਪੜੇ ਵੀ ਅਧੂਰੇ ਹੋਣ, ਉਸ ਦੇ ਗੁਰੂ ਨੂੰ ਆਪਣੇ ਤਨ ਤੇ ਸੁੰਦਰ ਅਤੇ ਰੇਸ਼ਮੀ ਪੂਰੇ ਦੇ ਪੂਰੇ ਵਸਤਰ ਧਾਰਨ ਕਰਨ ਦਾ ਕੋਈ ਅਧਿਕਾਰ ਨਹੀਂ, ਤੇ ਜੇ ਉਹ ਫਿਰ ਵੀ ਧਾਰਨ ਕਰਦਾ ਹੈ ਤਾਂ ਉਹ ਗੁਰੂ ਕਹਿਲਾਉਣ ਦਾ ਹੱਕਦਾਰ ਨਹੀਂ।

(4) ਸਿੱਖਾਂ ਵੱਲੋਂ ਕਿਰਤ ਕਮਾਈ ਵਿਚੋਂ ਕਢਿਆ ਦਸਵੰਦ ਦਾ ਧੰਨ ਕੇਵਲ ਸਿੱਖ ਕੌਮ ਦੀ ਉਨਤੀ, ਬੇਹਤਰੀ, ਪੜ੍ਹਾਈ, ਗਰੀਬ ਜਨਤਾ ਦੀ ਭਲਾਈ ਲਈ ਵਰਤਣਾ ਹੀ ਲਾਹੇਬੰਦ ਹੈ ਅਤੇ ਜੇ ਕੋਈ ਸੁਆਰਥ ਲਈ ਇਸ ਦੀ ਵਰਤੋਂ ਕਰੇਗਾ, ਲਾਭ ਦੀ ਬਜਾਏ ਹਾਨੀ ਹੀ ਉਠਾਏਗਾ।

(5) ਦਲ ਖਾਲਸਾ ਅਲਾਇੰਸ, ਸਿੱਖ ਕੌਮ ਦੇ ਮਿੱਤਰਾਂ ਅਤੇ ਦੁਸ਼ਮਣਾਂ ਨਾਲ ਇਹੋ ਜਿਹਾ ਵਿਹਾਰ ਕਰਨ ਵਿਚ ਵਿਸ਼ਵਾਸ ਰੱਖਦਾ ਹੈ ਜਿਹੋ ਜਿਹਾ ਉਹ ਸਾਡੀ ਸਿੱਖ ਕੌਮ ਨਾਲ ਕਰਦੇ ਹੋਣ।

(6) ਮਸਤ ਮੌਲਾ ਜਵਾਨੀ, ਜੇ ਕਦੀ ਆਪਣੀ ਆਈ 'ਤੇ ਆ ਜਾਵੇ ਤਾਂ ਅਰਸ਼ਾਂ ਦੇ ਤਾਰੇ ਤੋੜ ਸਕਦੀ ਹੈ। ਜੇ ਰੋਹ ਵਿਚ ਭਰ ਕੇ ਗਰਮੀ ਖਾ ਜਾਵੇ ਤਾਂ ਕਿਸੇ ਵੀ ਜ਼ਾਲਮ ਅਤੇ ਜਰਵਾਣੇ ਦੀ ਗਰਦਨ ਪਲਾਂ ਵਿਚ ਹੀ ਮਰੋੜ ਸਕਦੀ ਹੈ। ਐਸੀ ਮਸਤ ਜਵਾਨੀ ਜੇ ਕਦੀ ਬਦਕਿਸਮਤੀ ਨਾਲ ਕਿਸੇ ਕੁਰਾਹੇ ਪੈ ਜਾਵੇ ਤਾਂ ਵਿਸ਼ੇ ਵਿਕਾਰਾਂ ਦੀਆਂ ਕੁੰਭੀ ਮੰਝਧਾਰਾਂ ਵਿਚ ਜੀਵਨ ਦੀ ਸਾਰੀ ਰਾਸ ਤੇ ਪੂੰਜੀ ਦਿਨਾਂ ਵਿਚ ਹੀ ਰੋੜ੍ਹ ਸਕਦੀ ਹੈ। ਐਸੀ ਮਸਤ ਸਮਰੱਥ ਜਵਾਨੀ ਜੇ ਕਦੀ ਗੁਰਮਤਿ ਸਿਧਾਂਤਾਂ ਦੇ ਨੇਕ ਰਾਹਾਂ 'ਤੇ ਪੈ ਜਾਵੇ ਤਾਂ ਆਪਣੀ ਚਿਰ ਵਿਛੁਨੀ ਵਿਯੋਗੀ ਆਤਮਾ ਨੂੰ ਪੂਰੀ ਪੂਰਨ ਪਰਮਾਤਮਾ ਨਾਲ ਅੱਖ ਝਪਕਦੇ ਹੀ ਜੋੜ ਸਕਦੀ ਹੈ।

(7) ਭਾਰਤੀ ਕਸਟਮ ਅਧਿਕਾਰੀਆਂ ਦੀਆਂ ਭੁੱਖੀਆਂ ਤੇ ਤਿੱਖੀਆਂ ਨਜ਼ਰਾਂ ਸੀਨਾ ਸਾੜਦੀਆਂ ਹਨ ਅਤੇ ਰੁੱਖੀਆਂ ਭੁੱਖੀਆਂ ਬੋਲੀਆਂ ਸਾਡੇ ਜ਼ਿਗਰ ਪਾੜਦੀਆਂ ਹਨ।

(8) ਕੀ ਮੈਂ ਹੁਣ ਧਾਈਆਂ ਕਰ ਕਰ ਆ ਰਹੇ ਅਗੇਤਰੇ ਬੁਢਾਪੇ ਨੂੰ ਪਰਵਾਨ ਕਰਕੇ ਇਸ ਦਾ ਭਰਪੂਰ ਸਤਿਕਾਰ ਕਰਾਂ? ਜਾਂ ਫਿਰ ਇਸ ਬਿਨ ਬੁਲਾਏ ਮਹਿਮਾਨ ਨੂੰ ਜਵਾਨੀ ਦੇ ਵਿਹੜੇ ਵਿਚ ਵੜਨੋਂ ਸਾਫ ਇਨਕਾਰ ਕਰਾਂ?

(9) ਪਵਿੱਤਰ ਦਾਹੜੀ ਦੀ ਰੰਗਤ ਕੁਝ ਐਸੀ ਵਿਗੜੀ ਕਿ ਉਹ ਬਣ ਗਈ ਦੋ ਰੰਗੀ ਜਿਹੀ ਖਿਚੜੀ। ਦਾਹੜੀ ਦੀ ਪਵਿੱਤਰਤਾ ਅਲੋਪ ਹੋ ਗਈ ਤੇ ਮੇਰੀ ਜਵਾਨੀ ਮੇਰੇ 'ਤੇ ਕਰੋਪ ਹੋ ਗਈ। ਕਾਲਿਆਂ ਵੱਲੋਂ ਮੈਂ ਆਪਣਾ ਮਨ ਮਾਰ ਲਿਆ ਅਤੇ ਧੌਲਿਆਂ ਤੋਂ ਹਾਰ ਗਿਆ।

(10) ਬੁਢਾਪਾ ਵੀ ਤਾਂ ਆਖਰਕਾਰ ਕੁਦਰਤ ਦਾ ਵਰਦਾਨ ਹੈ ਅਤੇ ਇਸ ਦੀ ਇੱਕ ਆਪਣੀ ਹੀ ਨਿਰਾਲੀ ਸ਼ਾਨ ਹੈ।

(11) ਜੁਆਨੀ ਜਾ ਰਹੀ ਹੈ ਤਾਂ ਬੇਸ਼ਕ ਜਾਵੇ। ਬੁਢਾਪਾ ਆ ਰਿਹਾ ਹੈ ਤਾਂ ਬੇਸ਼ਕ ਆਵੇ। ਜਾਣ ਵਾਲੇ ਦਾ ਗੁਰਸਿੱਖ ਸੋਗ ਨਾ ਮਨਾਵੇ ਅਤੇ ਆਉਣ ਵਾਲੇ ਨੂੰ ਹੱਸ ਕੇ ਗਲੇ ਲਗਾਵੇ।

(12) ਪਤੀ ਤੇ ਪਤਨੀ, ਪੁੱਤਰ ਤੇ ਧੀਆਂ, ਭਾਈ ਤੇ ਭੈਣਾਂ ਅਤੇ ਹੋਰ ਵੀ ਬਹੁਤ ਗੂੜ੍ਹੇ ਤੇ ਨਜ਼ਦੀਕੀ ਰਿਸ਼ਤੇ ਬੜੇ ਹੀ ਪਵਿੱਤਰ ਅਤੇ ਅਹਿਮ ਹੁੰਦੇ ਹਨ। ਇਨ੍ਹਾਂ ਨੂੰ ਸਮਝਣਾ ਤੇ ਸਮਝਾਉਣਾ ਓਨਾ ਸੌਖਾ ਨਹੀਂ ਜਿੰਨਾ ਬੋਲਣ 'ਚ।

(13) ਸਿੱਖੀ ਦੇ ਤਿੰਨ ਅਸੂਲ ਹਨ-ਨਾਮ ਜਪਣਾ, ਕਿਰਤ ਕਰਨੀ, ਵੰਡ ਛਕਣਾ।

(14) ਘਰ ਦੀ ਫੁੱਟ ਕੌਮਾਂ ਨੂੰ ਖਾ ਜਾਂਦੀ ਹੈ। ਚਿੰਤਾ ਉਮਰ ਨੂੰ ਖਾ ਜਾਂਦੀ ਹੈ। ਜ਼ੁਲਮ ਇਨਸਾਫ ਨੂੰ ਖਾ ਜਾਂਦਾ ਹੈ। ਤਿੰਨ ਚੀਜ਼ਾਂ ਕਦੇ ਛੋਟੀਆਂ ਨਾ ਸਮਝੋ, ਦੁਸ਼ਮਣ, ਕਰਜ਼ਾ, ਬੀਮਾਰੀ।

(15) ਸੰਸਾਰ ਦੇ ਸਮੂਹ ਪ੍ਰਾਣੀਆਂ ਨੂੰ ਆਪਣੀ ਮਿਹਨਤ, ਲਗਨ, ਅਕਲ, ਸਿਆਣਪ, ਲਿਆਕਤ ਨਾਲ ਸਭ ਸੰਸਾਰਕ ਅਤੇ ਪਰਿਵਾਰਕ ਨਿਆਮਤਾਂ ਪ੍ਰਾਪਤ ਹੋ ਸਕਦੀਆਂ ਹਨ, ਜਿਵੇਂ ਕੋਠੀਆਂ ਤੇ ਕਾਰਾਂ, ਘਿਉ ਤੇ ਦੁੱਧ ਦੀਆਂ ਧਾਰਾਂ, ਘਰ ਤੇ ਘਰ ਵਾਲੀਆਂ, ਜੀਜੇ ਤੇ ਸਾਲੀਆਂ, ਧੀਆਂ ਤੇ ਪੁੱਤਰ, ਦੋਸਤ ਤੇ ਮਿੱਤਰ, ਵਣਜ ਤੇ ਵਿਹਾਰ, ਜ਼ਰ ਤੇ ਜਵਾਹਰ, ਸੈਰ ਤੇ ਤਮਾਸ਼ੇ, ਖੁਸ਼ੀਆਂ ਤੇ ਹਾਸੇ, ਰਾਜਪਾਟ ਤੇ ਸ਼ਾਹੀ ਠਾਠ।

*ਪੇਸ਼ਕਾਰ-ਪਰਮਜੀਤ ਸਿੰਘ ਦਾਖਾ*

## ਨੈਣ-ਨਕਸ਼



ਐਸ. ਅਸ਼ੋਕ ਭੌਰਾ

# ਗੱਲਾਂ-ਗੱਲਾਂ ਵਿਚ ਆ 'ਜੂਗਾ ਸੁਆਦ ਮਿੱਤਰੋ!

*ਕਈ ਬੰਦੇ ਆਪਣੇ ਵਰਗੇ ਵੀ ਨਹੀਂ ਹੁੰਦੇ ਪਰ ਉਹ ਸਾਰੀ ਉਮਰ ਦੂਜਿਆਂ ਵਰਗੇ ਬਣਨ ਦੇ ਸੁਪਨੇ ਲੈਣੋਂ ਨ੍ਹੀਂ ਹਟਦੇ। ਉਹ ਕਾਮਨਾਵਾਂ ਬਹੁਤੀ ਵਾਰ ਪੂਰੀਆਂ ਹੋ ਜਾਂਦੀਆਂ ਹਨ, ਜਦੋਂ ਮਾਂ-ਬਾਪ ਸੰਤਾਨ ਜੰਮਣ ਤੋਂ ਪਹਿਲਾਂ ਸੋਚ ਲੈਣ-ਇਹਦਾ ਆਹ ਨਾਂ ਰੱਖਣਾ ਹੈ, ਇਹਨੂੰ ਇਹਦੇ ਵਰਗਾ ਬਣਾਉਣੈ।...ਇਕ ਵਾਰ ਲੋਕ ਗਾਥਾਵਾਂ ਗਾਉਣ ਵਾਲੇ ਢਾਡੀ ਦੀਦਾਰ ਸਿੰਘ ਰਟੈਂਡਾ ਦਾ ਬਾਰ ਦੇ ਟਿੱਬਿਆਂ ਵਿਚ ਵਿਆਹ 'ਤੇ ਅਖਾੜਾ ਲੱਗਾ ਹੋਇਆ ਸੀ। ਉਚੇ ਢੇਰ 'ਤੇ ਖੜੇ ਕੇ ਭਰੋਵਾਲ ਦਾ ਸਮੰਦ ਸਿੰਘ ਸੁਣ ਰਿਹਾ ਸੀ, 'ਚੁੱਕ ਦੇ ਡੰਮਣ ਹੀਰੇ ਡੋਲੀ ਬਹਿ ਗਈ ਖੇੜਿਆਂ ਦੀ, ਰਾਂਝੇ ਚਾਕ ਨੇ ਦੁਹੱਥੜ ਪੱਟੀ ਮਾਰੀ...ਅੱਧੀ ਸੂਰਤ ਹੀਰ ਦੀ ਦਿਸਦੀ ਐ ਇਸ ਦੁਨੀਆਂ ਨੂੰ, ਮੇਰੇ ਨੈਣਾਂ ਦੇ ਵਿਚ ਦਿਸਦੀ ਬਹਿ ਕੇ ਸਾਰੀ...।' ਮਨ 'ਚ ਅਰਦਾਸ ਕੀਤੀ-ਸੱਚਿਆ ਪਾਤਸ਼ਾਹ! ਜੇ ਹੁਣ ਪੁੱਤ ਦੀ ਦਾਤ ਦੇਵੇਂ ਤਾਂ ਉਹਦਾ ਨਾਂ ਦੀਦਾਰ ਸਿੰਘ ਹੀ ਰੱਖੂੰ ਤੇ ਬਣਾਊਂ ਵੀ ਗਵੱਈਆ। ਪਹਿਲੀ ਝੱਬੇ ਵਾਹਿਗੁਰੂ ਨੇ ਪ੍ਰਵਾਨ ਕਰ ਲਏ ਹੱਥ ਜੁੜੇ। ਪੁੱਤ ਜੰਮਿਆ। ਨਾਂ ਵੀ ਉਹੀ ਰੱਖਿਆ ਤੇ ਮਸ਼ਹੂਰ ਹੋਇਆ ਦੀਦਾਰ ਸੰਧੂ ਦੇ ਨਾਂ ਨਾਲ। ਡਾਕੂ ਲੁੱਟ ਕੇ, ਤੇ ਕਾਤਲ ਬੰਦੇ ਮਾਰ ਕੇ ਅਰਦਾਸਾਂ ਕਰਦੇ ਨੇ, 'ਰੱਬਾ! ਭੇਤ ਨਾ ਖੋਲ੍ਹੀਂ, ਕਿਤੇ ਪੁਲਿਸ ਦੇ ਵੱਸ ਨਾ ਪਾਈਂ।' ਇਨ੍ਹਾਂ ਅਰਦਾਸਾਂ ਨੂੰ ਠੁੱਡਾਂ ਪੈਣੀਆਂ ਹੈਰਾਨੀ ਵਾਲੀ ਗੱਲ ਨਹੀਂ ਹੁੰਦੀ। ਰਾਜਨੀਤੀ ਤਾਕਤ ਦਾ ਨਾਂ ਹੈ, ਸੇਵਾ ਦਾ ਰੌਲਾ ਪਾ ਕੇ ਤਾਂ ਲੋਕਾਂ ਨੂੰ ਮੂਰਖ ਬਣਾਉਣ ਦਾ ਸਫ਼ਲ ਯਤਨ ਹੈ। ਜੇ ਦੁਨੀਆਂ ਦੇ ਸਾਰੇ ਲੋਕਾਂ ਨੂੰ ਜ਼ੁਬਾਨੀ ਕੁਝ ਚੇਤੇ ਹੈ ਤਾਂ ਉਹ ਸਿਰਫ਼ ਗਾਲ੍ਹਾਂ ਹਨ। ਜੇ ਕੋਈ ਇਹ ਆਖੇ ਕਿ ਦੁਨੀਆਂ ਦਾ ਹਰ ਬੰਦਾ ਬੁਲਾਰਾ ਹੈ, ਤਾਂ ਵੀ ਸੱਚ ਹੈ ਕਿਉਂਕਿ ਗਾਲ੍ਹਾਂ ਕੱਢਣ ਵੇਲੇ ਲਾਊਡ ਸਪੀਕਰ ਹਾਲੇ ਤੀਕਰ ਵਰਤੇ ਹੀ ਨਹੀਂ ਗਏ। ਕਈ ਲੋਕ ਸਮਾਜ ਵਿਚ ਪਾਤਰ ਤਾਂ ਆਮ ਹੀ ਹੁੰਦੇ ਨੇ, ਪਰ ਗੱਲਾਂ ਬੜੀਆਂ ਖਾਸ ਕਰ ਜਾਂਦੇ ਨੇ। ਧਿਆਨ ਦਿਓ ਫਿਰ ਇਹ ਭੂਆ ਕਹਿੰਦੀ ਕੀ ਐ...?*

'ਏ ਭੂਆ?'

'ਬੋਲ ਕੀ ਬਿਮਾਰੀ ਐ।'

'ਕੀ ਕਰਦੀ ਤੀ ਭੂਆ?'

'ਹੈ! ਦਾਦੇ ਮਗਾਉਣਾ, ਤੇਰੇ ਮੋਤੀਆ ਉਤਰਿਐ। ਅੰਨ੍ਹਾਂ! ਦੀਹਦਾ ਨ੍ਹੀਂ ਭੱਠੀ 'ਤੇ ਬੈਠੀ ਸੋਲ੍ਹੇ ਭੁੰਨਦੀ ਆਂ।'

'ਭੂਆ ਸੋਲ੍ਹੇ ਨ੍ਹੀਂ, ਛੋਲੇ ਹੁੰਦੇ ਆ।'

'ਕੁਸ ਹੋਵੇ ਅੱਗ ਲੱਗਣਾ। ਤੂੰ ਦੱਸ ਕੀ ਕਹਿਣਾ ਭੂਆ ਨੂੰ?'

'ਫੁੱਫੜ ਕਹਿੰਦਾ ਹੁੰਦਾ ਤੀ, ਪਈ ਕੇਰਾਂ ਸਾਡੀ ਬੱਕਰੀ ਨੇ ਦੋ ਲੇਲੇ 'ਕੱਠੇ ਦਿੱਤੇ ਤੀ।'

'ਫੇ ਕੀ ਹੋਇਆ। ਉਹ ਕਿਹੇ ਰੰਗਾ ਬਿੱਲਾ ਤੀਗੇ। ਦੋਏ ਮਰ'ਗੇ ਫਾਰਾ ਪੈ ਕੇ।'

'ਫੁੱਫੜ ਹੋਰ ਵੀ ਕਹਿੰਦਾ ਤੀ...?'

'ਫੁੱਟ ਮੂੰਹੋਂ ਹੋਰ ਕੀ ਟੌਂਕਦਾ ਤੀ?'

'ਤੂੰ ਕੁਛ ਵੀ ਨ੍ਹੀਂ ਦਿੱਤਾ।'

'ਹੈ ਹਾਂ, ਤੇਰੇ ਪੈ ਜੇ ਦੁਗਾੜਾ। ਸੋਨੇ ਵਰਗਾ ਇਕ ਲਾਲ ਜੰਮਿਆ ਤੀ। ਪੀਲੀਆ ਹੋ ਕੇ ਤੁਰ ਗਿਆ। ਫੇਰ ਇਹ ਭਰ ਜੁਆਨੀ 'ਚ ਦਗਾ ਦੇ ਗਿਆ ਟੁੱਟ ਪੈਣੀ ਦਾ। ਮੈਂ ਫੇ ਵੇਲ ਨਾਲੋਂ ਤੋੜ ਲਿਆਉਂਦੀ...? ਮਾਰਦੈ ਗੱਲਾਂ।'

'ਭੂਆ ਭਲਾ ਇਹ ਫੁੱਫੜ ਨੂੰ ਕੀ ਹੋ ਗਿਆ 'ਤੀ। ਬਾਪੂ ਤਾਂ ਮੇਰਾ ਦੱਸਦਾ ਤੀ, ਅੱਛਰੂ ਭਲਵਾਨ ਤੀ, ਪਟਕੇ ਜਿੱਤ ਕੇ ਲਿਆਉਂਦਾ ਰਿਹੈ।'

'ਤਕੜਾ ਤਾਂ ਤੀਗਾ ਪੂਰਾ, ਵੇਲਣ ਵਰਗੀਆਂ ਪਿੰਨੀਆਂ ਤੀ। ਅੱਗ ਲੱਗਣੀ ਭੁੱਕੀ ਲੈ 'ਗੀ।'

'ਡੋਡੇ ਪੀਂਦਾ ਤੀ...?'

'ਕਾਹਨੂੰ ਟਰੱਕ ਚਲਾਉਂਦਾ ਤੀ। ਬੱਸ ਬੇੜਾ ਬਹਿ ਗਿਆ ਐਲ ਮੇ ਦਾ।'

'ਜਿਹੜਾ ਦੌਲਿਕਿਆਂ ਦਾ?'

'ਕਾਹਨੂੰ, ਹਾਅ ਜਿਹੜਾ ਵੋਟਾਂ ਮੰਗਣ ਆਉਂਦਾ ਹੁੰਦਾ ਤੀ।'

'ਅੱਛਾ, ਐਮ.ਐਲ.ਏ. ਕਹਿ ਆਪਣਾ ਸੁਖਵੰਤ ਸੁੱਖਾ।'

'ਨਾਂ ਨਾ ਲੈ ਕੰਜਰ ਦੇ ਦਾ। ਪਤਿਆ ਕੇ ਲੈ ਗਿਆ। ਆਂਹਦਾ ਕਦੇ-ਕਦੇ ਮੇਰੀ ਗੱਡੀ ਚਲਾ ਦਿਆ ਕਰ। ਅੱਛਰੂ ਨੇ ਸੋਚਿਆ, ਮਿਲ 'ਗੀ ਸਰਕਾਰੀ ਨੌਕਰੀ।'

'ਫੇ ਹੋਇਆ ਕੀ?'

'ਬੀਕਾਨੇਰ ਤੋਂ ਭੁੱਕੀ ਦਾ ਟਰੱਕ ਲੈ ਕੇ ਆਉਂਦੇ ਤੀ। ਕਿਸੇ ਨੇ ਭਾਨੀ ਮਾਰ 'ਤੀ। ਫੜ ਲਿਆ ਪੁਲਿਸ ਨੇ। ਫੇਰ ਤਾਂ ਉਬਲੇ ਆਲੂਆਂ ਆਂਙੂੰ ਹੋਈ। ਕਿਤੇ ਥਾਣੇਦਾਰ ਤੋਂ ਕਸੂਤੇ ਥਾਂ ਲੱਤ ਲੱਗ 'ਗੀ। ਮਰਿਆ ਘਰ ਸੁੱਟ 'ਗੇ।'

'ਡੋਡੇ ਵੇਚਣ ਲੱਗ ਗਿਆ ਤੀ ਫੁੱਫੜ?'

'ਇਹਦਾ ਬੇੜਾ ਡੁੱਬ ਜਾਏ ਭਰ ਕੇ, ਕਿਤੇ ਸਰਹੰਦ ਆਲੀ ਨਹਿਰ 'ਚ ਸੁੱਖੇ ਦਾ। ਇਹ ਕਰਦਾ 'ਤੀ ਧੰਦਾ ਬੇਹ ਪੈਣਾ। ਇਹਨੇ ਭੇਜਿਆ ਉਹਨੂੰ ਭੁੱਕੀ ਲੈਣ।'

'ਪੁਲਿਸ ਨੂੰ ਦੱਸਣਾ ਤੀ।'

'ਸਾਲ ਪਿੱਛੋਂ ਮੈਨੂੰ ਪਤਾ ਲੱਗਾ ਵਿਚਲੀ ਗੱਲ ਦਾ। ਪੁਲਸ ਇਨ੍ਹਾਂ ਦੀ, ਇਹ ਪੁਲਸ ਦੇ। ਹਮਾਤੜਾਂ ਨੂੰ ਕੋਈ ਪੁੱਛਦੈ। ਦੂਜੀ ਵਾਰੀ ਨਖੱਟੀ ਦਾ ਫੇ ਬਣ ਗਿਆ। ਚਹੁੰ ਮਹੀਨਿਆਂ ਨੂੰ ਫੇਰ ਪੈਣਗੀਆਂ ਵੋਟਾਂ। ਘਰ-ਘਰ ਛੱਟੇ ਦੇਣਗੇ ਭੁੱਕੀ ਦੇ।'

'ਭੂਆ ਤੈਨੂੰ ਪੈਂਨਸ਼ਨ ਮਿਲਦੀ ਐ ਸਰਕਾਰੀ?'

'ਆਹੋ। ਮੈਨੂੰ ਆਂਹਦੇ ਐ, ਖਜ਼ਾਨਾ ਈ ਲੈ ਲਾ ਸਾਰਾ। ਪੈਨਸ਼ਨ ਦੇਣੀ ਆਂ, ਸਿਰ ਸੁਆਹ ਇਨ੍ਹਾਂ ਦੇ।'

'ਬਾਕੀ ਵੀ ਤਾਂ ਲੈਂਦੇ ਈ ਆ।'

'ਗਈ ਤੀ ਮੈਂ ਜਗੀਰਦਾਰਾਂ ਦੇ ਭਗਵਾਨੇ ਕੋਲ ਜਿਹੜਾ ਸਰਪੰਚ ਐ।'

'ਲੁਆ 'ਤੀ?'

'ਬਲੱਜ ਠਰਕ ਭੋਰਨ ਲੱਗ ਪਿਆ। ਖਿਤੀ ਤਾਂ ਮੈਂ ਵੀ ਪਈ ਤੀ, ਪਈ ਠੋਲੂ ਹੋਰਾਂ ਦੀ ਵਿਚਾਰੀ ਧੀ ਜੀਤੋ ਵਿਧਵਾ ਹੋ 'ਗੀ ਮੇਰੇ ਵਾਂਗ ਭਰ ਜੁਆਨੀ 'ਚ। ਭਗਵਾਨਾ ਉਨ੍ਹਾਂ ਦੇ ਵੜਿਆ ਰਹਿੰਦੈ। ਗਰੀਬੜੀਆਂ ਮਾਂ-ਧੀ ਦਿਨ ਕਟੀ ਕਰਦੀਆਂ ਨੇ। ਲੋਕਾਂ ਨੂੰ ਤਾਂ ਕਹਿੰਦਾ ਟੱਬਰ ਪਾਲਦੈ। ਪਰ ਲੁੱਚਾ ਪੂਰਾ ਆ। ਪੋਤੇ-ਪੋਤੀਆਂ ਵਾਲਾ ਹੋ ਗਿਐ ਪਰ ਪੂਛ ਕਦੇ ਸਿੱਧੀ ਹੁੰਦੀ ਐ ਭਲਾ?'

'ਤੈਨੂੰ ਕੀ ਕਹਿੰਦਾ ਤੀ?'

'ਆਂਹਦਾ ਤੂੰ ਤਾਂ ਧੰਨੀਏ ਹਜੇ ਜੁਆਨ ਪਈ ਆਂ। ਪੈਨਸ਼ਨ ਤਾਂ ਬੁੱਢਿਆਂ ਨੂੰ ਮਿਲਦੀ ਐ। ਊਂ ਕਹੇਂ ਤਾਂ ਦੋ ਲੁਆ ਦਈਏ ਪੈਨਸ਼ਨਾਂ?'

'ਮੈਂ ਕਿਹਾ ਸਰਪੰਚਾ, ਇਕ ਈ ਲੁਆ ਦੇ ਦਾਈ ਸੌ ਬੜੀ ਐ। ਦੋ ਨੂੰ ਮਾਰ ਗੋਲੀ।'

'ਫੇ ਲੱਗੀ ਕਾਹਤੇ ਨ੍ਹੀਂ ਭੂਆ?'

'ਲੁੱਚੇ ਲੱਗਣ ਦਿੰਦੇ ਆ। ਸੱਜੀ ਅੱਖ ਦੱਬ ਕੇ ਆਂਹਦਾ-ਧੰਨੀਏ ਸਾਡੀ ਪੈਨਸ਼ਨ? ਪੈ ਗਈ ਫੇ ਮੈਂ ਚਾਰੇ ਖੁਰ ਚੁੱਕ ਕੇ ਕਿ ਕੁੱਤਿਆ ਕਿਸੇ ਨੂੰ ਸਾਰੀ ਉਮਰ ਮੈਂ ਉਂਗਲੀ ਨ੍ਹੀਂ ਕਰਨ ਦਿੱਤੀ ਆਪਣੇ ਵੱਲ ਨੂੰ। ਆਈਂ ਕੱਲ੍ਹ ਨੂੰ ਮੇਰੀ ਭੱਠੀ 'ਤੇ। ਦਾਣੇ ਭੁੰਨਣ ਵਾਲੀ ਦਾਤੀ ਮਾਰੂੰ ਗਰਮ ਗਰਮ, ਕੰਜਰ ਦੀ ਇਸੇ ਸੱਜੀ ਅੱਖ 'ਚ, ਤੇ ਬਣਾ ਦਊਂ ਜੀਤੇ ਵਰਗਾ ਧਰਮੀ ਰਾਜੇ ਜਿਹਾ ਮੂੰਹ। ਬਣ ਜਾਂਦੇ ਆ...ਸਰਪੰਚ।'

'ਭਲਾ ਭੂਆ ਇਹ ਜੀਤਾ ਕਿਹੜਾ ਹੋਇਆ?'

'ਰਾਜਾ ਜਿਹੜਾ ਲੋਹੇ ਨੂੰ ਪਾਰਸ ਬਣਾ ਦਿੰਦਾ ਤੀ। ਜੀਹਦੇ ਵਰਗਾ ਬਾਦਲ ਦਾ ਮੁੰਡਾ ਕਹੀ ਜਾਂਦੈ ਰਾਜ ਦਿਆਂਗੇ।'

'ਅੱਛਾ ਅੱਛਾ! ਮਹਾਰਾਜਾ ਰਣਜੀਤ ਸਿਹੁੰ।'

'ਹਾਂ, ਹਾਅ ਨਾਂ। ਹੁਣ ਆਇਆ ਤੂੰ ਟਿਕਾਣੇ। ਐਡਾ ਨਾਂ ਸਾਡੀ ਜੀਭੇ ਭਲਾ ਚੜ੍ਹਦਾ?'

'ਭੂਆ ਉਹਦੇ ਬਾਰੇ ਕਿਹਾ ਜਾਂਦੈ, ਜੀਹਦੀ ਇੱਕੋ ਅੱਖ ਸੁਲੱਖਣੀ, ਜੀਹਨੇ ਲੱਖਾਂ ਤਾਰੇ...। ਕਿੱਥੇ ਇਹ ਟੁੱਕੜ ਬੋਚ ਗੁਾਂਟਾਂ ਖਾਣਾ ਸਰਪੰਚ, ਤੇ ਕਿੱਥੇ ਰਣਜੀਤ ਸਿਹੁੰ। ਸੱਚੀਂ ਧਰਮੀ ਪੂਰਾ ਸੀ।'

'ਮੈਂ ਕਦੋਂ ਮਾੜਾ ਕਹਿੰਨੀ ਆਂ। ਚੰਗਾ ਤੀਗਾ, ਬੜਾ ਦੂਰ ਤੱਕ ਰਾਜ ਤੀ, ਜੰਤਾ ਖੁਸ਼ ਤੀ ਪੂਰੀ, ਪਰ ਜਾਂਦਾ ਹੋਇਆ ਚਮਚਿਆਂ, ਟੌਂਟਾਂ...ਦੇ ਕੇ ਖੁਸ਼ ਕਰਨ ਵਾਲੇ ਗੱਦਾਰਾਂ ਨੂੰ ਜ਼ੈਲਦਾਰੀਆਂ ਤੇ ਜਗੀਰਦਾਰੀਆਂ; ਕੌਮ ਪਾੜ ਗਿਆ ਵਿਚਾਲਿਓਂ। ਐਦਾਂ ਦੇ ਲੁੱਚੇ ਜਗੀਰਦਾਰ ਪੈਸੇ ਦੇ ਜ਼ੋਰ ਨਾਲ ਸਰਪੰਚੀਆਂ ਕਰਕੇ ਗਰੀਬਾਂ ਦੀ ਇੱਜ਼ਤ ਵੱਲ ਵੇਂਹਦੇ ਆ ਅੱਖਾਂ ਪਾੜ-ਪਾੜ।'

'ਫੇ ਕਦੇ ਟੱਕਰਿਐ?'

'ਦੋ ਨਾ ਕਰ ਦਿੰਦੀ ਵਿਚਾਲਿਓਂ। ਸਾਲ ਹੋ ਗਿਐ, ਕਦੇ ਨ੍ਹੀਂ ਵੇਖਿਆ ਭੱਠੀ ਕੋਲੋਂ ਲੰਘਦਾ।'

'ਭੂਆ ਪਹਿਲਾਂ ਤਾਂ ਚੰਗਾ ਹੋਣਾ ਆਪਣਾ ਪਿੰਡ?'

'ਬਹੁ ਤਫ਼ਾਕ ਸੀ। ਪਤਾ ਨ੍ਹੀਂ ਲਗਦਾ ਤੀ ਕੀਹਨੇ ਪਕਾਈ ਆ ਤੇ ਕੀਹਨੇ ਖਾ 'ਲੀ। ਹੁਣ ਤਾਂ ਗੁਆਂਢੀ-ਗੁਆਂਢੀ ਨੂੰ ਖਾਣ ਨੂੰ ਫਿਰਦੈ।'

'ਗੱਲ ਕੀ ਹੋ ਗੀ ਆ ਹੁਣ ਭਲਾ?'

'ਤੂੰ ਲਹੌਰੋਂ ਆਇਐਂ, ਤੈਨੂੰ ਨੀ ਪਤਾ? ਜਿੰਦਣ ਦਾ ਪਿੰਡ 'ਚ ਆਹ ਇਕ ਬਾਹਰੋਂ ਆ ਕੇ ਰਹਿਣ ਲੱਗਾ ਸਤੁਆਹਾਂ ਜਿਹਾ ਕਾਲੇ ਮੂੰਹ ਵਾਲਾ ਵਰਿਆਮਾ, ਪਿੰਡ ਕਰਤਾ ਲੀਰਾਂ। ਐਧਰ ਪੁਲਸ ਨੂੰ ਮਹੀਨਾ ਭਰਾਉਂਦੈ, ਓਧਰ ਵਕੀਲਾਂ ਤੋਂ ਰਿੱਸਾ ਲੈਂਦੈ। ਚਿੰਜਤੀ ਛੇੜੀ ਰੱਖਦੈ। ਸੱਤ ਕਵੰਜਾ ਹੋਈ ਰਹਿੰਦੀ ਐ ਪਿੰਡ 'ਚ।'

'ਭੂਆ ਇਹਦੀ ਤਾਂ ਗੱਲ ਐ, ਚੱਕੀ ਹੋਈ ਲੰਬੜਾਂ ਦੀ ਵਾਲੀ।'

'ਕੁਛ ਹੋਵੇ 'ਕਾਲੀ ਆਉਂਦੇ ਆ ਲਾਲੇ ਅੰਦਰ ਹੋਣ ਲੱਗ ਪੈਂਦੇ ਆ, ਜਾਣੀ ਕਿ ਵਿਚਾਰੇ ਕਾਂਗਰਸੀਏ ਅੰਦਰ। ਫਿਰ ਜਦੋਂ ਹੱਥ ਪੰਜੇ ਆਲੇ ਆਉਂਦੇ ਆ, ਤੱਕੜੀ ਆਲੇ ਧਾਹਾਂ ਮਾਰਦੇ ਰਹਿੰਦੇ ਆਂ।'

'ਭੂਆ ਜੁਆਨੀ ਵੇਲੇ ਤਾਂ ਤੂੰ ਵੀ ਨੇਰ੍ਹੀਆਂ ਲਿਆਂਦੀਆਂ ਹੋਣੀਆਂ? ਮੇਲਿਆਂ 'ਚ ਸੀਟੀਆਂ ਵੀ ਪਿੱਛੇ ਪੱਕੀਆਂ ਵੱਜੀਆਂ ਹੋਊ?'

'ਵੇ ਤੂੰ ਕਿਤੇ ਹੱਥ ਦੇਖਣ ਵਾਲਾ ਤਾਂ ਨ੍ਹੀਂ। ਜੁਆਨੀ ਚੇਤੇ ਕਰ ਕੇ ਹੌਲ ਪੈਣ ਲੱਗ ਪਿਆ। ਕਿਆ ਬਾਤਾਂ ਤੀਆਂ ਉਦੋਂ।'

'ਕਿੱਦਾਂ ਭੂਆ?'

'ਉਡਦੇ ਪੰਛੀ ਲਾਹੁੰਦੀ ਤੀ। ਪੀਂਘ ਝੂਟਦੀ ਪਿਪਲੋਂ ਪੱਤਾ ਤੋੜ ਕੇ ਸਹੇਲੀਆਂ ਦੇ ਹੱਥ ਧਰ ਦਿੰਦੀ ਤੀ। ਤ੍ਰਿੰਜਣਾਂ 'ਚ ਚਰਖਾ ਕੱਤਣਾ, ਦੂਹਰੀ ਹੋ-ਹੋ ਨੱਚਣਾ, ਅੱਛਰੂ ਤਾਂ ਮੇਰੇ ਪਾਂ-ਪਾਸਕ ਨ੍ਹੀਂ ਤੀਗਾ।'

'ਫੁੱਫੜ ਹੋਊ ਤਾਂ ਭਲਵਾਨ ਪਰ ਊਂ ਤਾਂ ਚਿਬ-ਖੜੱਬਾ ਜਿਹਾ ਤੀਗਾ।'

'ਬੇਬੇ ਦੱਸਦੀ ਹੁੰਦੀ ਤੀ ਪਈ ਸਤਾਰਵੇਂ ਕੁ ਸਾਲ 'ਚ ਹੋਊਂ, ਜਦੋਂ ਗਾਉਣ ਵਾਲੇ ਸਦੀਕ ਆਂਙੂੰ ਫੁੱਲ ਮਾਤਾ ਨਿਕਲ ਆਈ। ਬੱਸ ਉਹਦੇ ਨਾਲ ਈ ਦਾਗ ਪੈ 'ਗੇ ਮੂੰਹ 'ਤੇ। ਵਿਗੜੇ-ਤਿਗੜੇ ਕੰਜਰ ਦੇ ਜੁਆਨੀ ਵਾਰੇ ਜਲੈਬਾਂ ਕਹਿੰਦੇ ਹੁੰਦੇ ਤੀ ਮੈਨੂੰ।'

'ਭੂਆ ਮੇਲਿਆਂ ਦੀ ਗੱਲ ਸੁਣਾ ਕੋਈ।'

'ਕੇਰਾਂ ਮੈਂ ਤੇ ਬਚਨੀ...।'

'ਜਿਹੜੀ ਅਮਲੀ ਜਾਗਰ ਨਾਲ ਵਗ 'ਗੀ ਤੀ?'

'ਨਖੱਟੂਆਂ ਤੂੰ ਪਟਵਾਰੀ ਲੱਗਾ ਹੋਇਆ ਤੀ, ਪਈ ਤੈਥੋਂ ਇੰਤਕਾਲ ਕਰਵਾ ਕੇ ਗਈ 'ਤੀ। ਤੇਰਾ ਢਿੱਡ ਦੁਖਦੈ, ਚਾਹੇ ਜਾਗਰ ਅਮਲੀ ਤੀ, ਪੁੱਤ ਡਾਕਦਰ ਬਣਾ 'ਤਾ ਵੱਡਾ ਉਨ੍ਹਾਂ ਨੇ।'

'ਚੱਲ ਮੇਲੇ ਦੀ ਗੱਲ ਦੱਸ?'

'ਮੈਂ ਤੇ ਬਚਨੀ ਨੇ ਬੋਲੀਆਂ ਬੜੀਆਂ ਪਾਉਣੀਆਂ ਜਰਗ ਤੇ ਛਪਾਰ ਦੇ ਮੇਲੇ 'ਤੇ। ਹੁਣ ਤਾਂ ਉਥੇ ਲੀਡਰ ਤੀਘੜਦੇ ਐ, ਬਰੂ ਖਾਧੀਆਂ ਮੱਝਾਂ ਆਂਙੂੰ ਇਕ-ਦੂਜੇ ਨੂੰ ਅੱਖਾਂ ਕੱਢਦੇ ਦੇਖਦੇ ਐ, ਉਦੋਂ ਨਜ਼ਾਰੇ ਹੋਰ ਈ ਹੁੰਦੇ ਤੀਗੇ। ਅਸੀਂ ਦੋਵੇਂ ਜਣੀਆਂ ਸਤਹਿਰਾ ਦੇਖਣ ਚਲੇ 'ਗੀਆਂ।'

'ਦੁਸਹਿਰਾ ਕਹਿ ਭੂਆ।'

'ਤੂੰ ਕਾਮਰੇਡਾਂ ਆਂਙੂੰ ਟੋਕਾ-ਟਾਕੀ ਕਾਹਨੂੰ ਕਰੀ ਜਾਨੈਂ। ਸਾਡੇ ਵੇਲੇ ਸਤਹਿਰਾ ਹੀ ਆਂਹਦੇ ਤੀ।'

'ਫੇ?'

'ਇਕ ਤਕਾਨੇ 'ਤੇ ਵੰਗਾਂ ਝੜਾਉਣ ਲੱਗ ਪੀਆਂ। ਸਾਹਮਣੇ ਇਕ ਚਪਹਿਰਾ ਖੜ੍ਹਾ।'

'ਉਹ ਕੌਣ?'

'ਚਪਾਹੀ ਅੱਗ ਲੱਗਣਾ।'

'ਅੱਛਾ ਪੁਲਿਸ ਵਾਲਾ।'

'ਮੇਰੇ ਨਾਲ ਨਜ਼ਰਾਂ ਮਿਲਾਉਣ ਲੱਗ ਪਿਆ। ਮੈਂ ਕਿਹਾ ਬਚਨੀਏ ਅੱਖ ਵੀ ਨ੍ਹੀਂ ਝਪਕਦਾ ਟੁੱਟ ਪੈਣਾ। ਉਹ ਆਂਹਦੀ ਮੇਰੇ ਨਾਲ ਵੀ ਮਿਲਾਈ ਜਾਂਦੈ। ਇਕ ਹੋਰ ਤੀਜੀ ਵੰਗਾਂ ਚੜ੍ਹਾਵੇ, ਉਹ ਕਹੇ ਮੇਰੇ ਵੱਲੋਂ ਨ੍ਹੀਂ ਨਜ਼ਰਾਂ ਮੋੜਦਾ। ਮੈਨੂੰ ਚੜ੍ਹ ਗਿਆ ਗੁੱਸਾ। ਸਾਹਮਣੇ ਬੈਠਾ ਤੀ ਖੁਰਸੀ 'ਤੇ ਥਾਣੇਦਾਰ। ਮੈਂ ਸੋਚਿਆ ਰਾਵਣ ਤਾਂ ਫੂਕ ਹੁੰਦਾ ਫੇਰ ਹੀ ਦੇਖਦੀ ਆਂ, ਪਹਿਲਾਂ ਇਹਨੂੰ ਅੱਗ ਲਾਉਨੀ ਆਂ।'

'ਕੀਤੀ ਸ਼ਿਕਾਇਤ ਫੇਰ ਥਾਣੇਦਾਰ ਕੋਲ?'

'ਮੈਂ ਕਿਹਾ, ਸੁਣ ਭਾਈ ਠਾਣੇਦਾਰ, ਤੇਰਾ ਚਪਾਹੀ ਸਾਡੇ ਨਾਲ ਅੱਖਾਂ ਨ੍ਹੀਂ ਮਿਲਾਉਣੋਂ ਹਟਦਾ। ਇਹਨੂੰ ਵਰਦੀ ਪਾ ਕੇ ਵੀ ਸ਼ਰਮ ਨ੍ਹੀਂ ਆਉਂਦੀ ਪਈ ਬੇਗਾਨੀਆਂ ਧੀਆਂ-ਭੈਣਾਂ ਵੰਨੀਂ ਏਦਾਂ ਨ੍ਹੀਂ ਦੇਖੀਦਾ।' ਥਾਣੇਦਾਰ ਹੱਸ ਪਿਆ।

'ਉਹ ਵੀ ਭੂਆ ਉਦਾਂ ਦਾ ਈ ਹੋਣੈ?'

'ਕਾਹਨੂੰ! ਆਂਹਦਾ ਬੀਬੀ ਲੋਹੀ-ਲਾਖੀ ਨਾ ਹੋ।'

'ਇਹਦੀਆਂ ਅੱਖਾਂ ਤਾਂ ਆਪਸ 'ਚ ਨ੍ਹੀਂ ਮਿਲਦੀਆਂ, ਥੋਡੇ ਨਾਲ ਕੀ ਮਿਲਾਉਣੀਆਂ ਇਹਨੇ?'

'ਆ ਦੇਖ ਆ ਕੇ', ਮੈਂ ਵੀ ਬਣ 'ਗੀ ਫੇ ਅੱਗ ਦੀ ਨਾਲ। ਕਹਿਣ ਲੱਗਾ ਮੇਲਾ ਦੇਖੋ ਚੁੱਪ

(ਬਾਕੀ ਸਫਾ 34 'ਤੇ)

## ਗੱਲ ਬਣੀ ਕਿ ਨਹੀਂ

### ਸ਼ਗਨਾਂ ਦੇ ਗਾਨੇ

ਵੇਖੋ ਹਾਕਮ ਬਣ ਗਏ ਚੋਰ,
ਤੇ ਚੋਰਾਂ ਨੂੰ ਪੈਂਦੇ ਮੋਰ,
ਦੱਸੋ ਕੀ ਬਣੂੰਗਾ ਸਾਡਾ,
ਸੋਚਣ ਬੰਦੇ ਦਾਨੇ ਬਈ।
ਇਨ੍ਹਾਂ ਨੇ ਲੁੱਟ ਕੇ ਖਾਧਾ ਦੇਸ਼,
ਪਾਇਆ ਠੱਗਾਂ ਨੇ ਭਗਵਾਂ ਵੇਸ,
ਹੁਣ ਨ੍ਹੀਂ ਕਿਸੇ ਨੇ ਕਰਨਾ ਲੇਸ,
ਟੁੱਟ ਗਏ ਜਤੇ-ਯਰਾਨੇ ਬਈ।
ਵੇਖੋ ਵੱਡੇ-ਵੱਡੇ ਪੇਟ,
ਕਰ ਗਏ ਸਭ ਕੁਝ ਮਲੀਆਮੇਟ,
ਫੁੱਟੀ ਕੌਡੀ ਵੀ ਨਾ ਛੱਡੀ,
ਲੈ ਗਏ ਲੁੱਟ ਖਜ਼ਾਨੇ ਬਈ।
ਰਿਸ਼ਵਤਖੋਰੀ, ਚੋਰ ਬਾਜ਼ਾਰੀ,
ਡਿਗ ਪਏ ਮੱਟ ਦੇ ਵਿਚ ਲਲਾਰੀ,
ਪੂਰੇ ਠੋਕ ਕੇ ਦੇਸ਼ ਦੇ ਰੱਖ 'ਤੇ,
ਢਿੱਲੀ ਚੂਲ 'ਚ ਫਾਨੇ ਬਈ।
ਕੰਮ ਆਇਆ ਕਿੰਨਾ ਲੋਟ,
ਘਰੇ ਗਿਣਨ ਮਸ਼ੀਨਾਂ ਨੋਟ,
ਕੁੱਤੀ ਬਹਿ ਚੋਰਾਂ ਨਾਲ ਗਾਉਂਦੀ,
ਹੇਕਾਂ ਲਾ ਤਰਾਨੇ ਬਈ।
ਕਈ ਕਲਮਾੜੀ, ਕਈ ਖੁਰਾਣੇ,
ਪੂਰੇ ਬੇਈਮਾਨਾਂ ਦੇ ਲਾਣੇ,
ਇਨ੍ਹਾਂ ਖੋਲ੍ਹ ਲੋਕਾਂ ਦੇ ਦਿੱਤੇ,
ਅਕਲਾਂ ਵਾਲੇ ਖਾਨੇ ਬਈ।
ਕੱਢਾਂਗੇ ਵਾਲ੍ਹ ਮੱਖਣ 'ਚੋਂ ਸਾਰੇ,
ਮਾਰੇ ਦੁਖੀ ਪਰਜਾ ਲਲਕਾਰੇ,
ਖੁੱਲ੍ਹ ਗਈ ਜਾਗ ਸੁੱਤੀ ਦਿਆ ਸਾਈਆਂ,
ਬਦਲੇ ਵੇਖ ਜ਼ਮਾਨੇ ਬਈ।
ਸਾਡੀ ਛੁੱਟ ਗਈ ਮਿੱਤਰਾ ਮੰਗ,
ਹੁਣ ਤੂੰ ਆਪ ਟਪਾਈਂ ਡੰਗ,
ਬਾਦਲ ਸਾਹਿਬ ਨੂੰ ਸੌਂਪ ਗਏ ਭੌਰੇ,
ਸ਼ਗਨਾਂ ਵਾਲੇ ਗਾਨੇ ਬਈ।

## ਕਰ-ਕਰ ਵੇਲਾ ਯਾਦ ਜਿੰਦੜੀਏ ਰੋਵੇਂਗੀ...

### ਧੁੱਪੇ ਬੈਠੀਆਂ ਯਾਦਾਂ

ਸੱਚ ਨ੍ਹੀਂ ਕਿ ਪਿਆਰ ਦਾ ਪਹਿਲਾ ਪ੍ਰਗਟਾਵਾ ਹੱਥ ਫੜ ਕੇ ਕੀਤਾ ਜਾਂਦਾ ਹੈ ਤੇ ਪਹਿਲਾ ਪਿਆਰ ਭੁੱਲਦਾ ਵੀ ਕਦੇ ਨਹੀਂ। ਇਹ ਤਸਵੀਰ ਮਾਣਕ ਨਾਲ ਮੇਰੇ ਹੱਥ ਫੜਨ ਦੇ ਦਿਨਾਂ ਦੀ ਹੈ। ਕਹਾਣੀਆਂ ਤੋਂ ਗਾਇਕਾਂ ਵੱਲ ਮੇਰਾ ਸਫ਼ਰ ਕੁਲਦੀਪ ਮਾਣਕ ਦੇ ਪਿਆਰ ਕਰਕੇ ਸ਼ੁਰੂ ਹੋਇਆ ਸੀ। ਇਹ ਫੋਟੋ ਪੂਰੇ ਤਿੰਨ ਦਹਾਕੇ ਪੁਰਾਣੀ ਹੈ, ਮਾਰਚ 1981 ਦੀ। ਪੰਜਾਬੀ ਫਿਲਮ 'ਬਲਵੀਰੋ ਭਾਬੀ' ਜਿਸ ਦੇ ਨਿਰਮਾਣ ਵਿਚ ਮਾਣਕ ਤੇ ਚੰਨ ਗੁਰਾਇਆ ਵਾਲਾ ਵੀ ਸ਼ਾਮਲ ਸਨ, ਸਿਨੇਮਾ ਘਰਾਂ ਵਿਚ ਪੂਰੀ ਭੀੜ ਖਿੱਚ ਰਹੀ ਸੀ। ਮੈਂ ਵੀ ਉਦੋਂ ਨਵਾਂ-ਨਵਾਂ ਮੁਲਾਕਾਤੀ ਪੱਤਰਕਾਰ ਬਣਿਆ ਸਾਂ, ਹਾਲਾਂਕਿ ਸਾਲ ਕੁ ਹੀ ਕੁਝ ਨਹੀਂ ਸਨ ਪਰ ਇਹ ਸਿਲਸਿਲਾ ਸ਼ਮਸ਼ੇਰ (ਸੰਧੂ) ਨੇ 'ਪੰਜਾਬੀ ਟ੍ਰਿਬਿਊਨ' ਵਿਚ ਅਤੇ ਮੈਂ 'ਅਜੀਤ' ਵਿਚ ਕਾਫ਼ੀ ਭੱਜ-ਨੱਸ ਕਰਕੇ ਚਲਾਇਆ ਸੀ। ਇਸ ਮੁਲਾਕਾਤ ਵਿਚ ਮਾਣਕ ਨੇ ਐਲਾਨ ਕੀਤਾ ਸੀ 'ਗੀਤਾਂ ਦਾ ਵਣਜਾਰਾ' ਫਿਲਮ ਬਣਾਉਣ ਦਾ। ਇਸ ਦੀ ਕਹਾਣੀ ਬਲਦੇਵ ਗਰੇਵਾਲ ('ਸ਼ੇਰ-ਏ-ਪੰਜਾਬ', ਨਿਊ ਯਾਰਕ) ਨੇ ਲਿਖੀ ਸੀ। ਇਸ ਪ੍ਰਸੰਗ ਵਿਚ ਅਸੀਂ ਗਰੇਵਾਲ ਨੂੰ ਜਲੰਧਰ ਮਿਲਣ ਵੀ ਜਾਂਦੇ ਰਹੇ। ਉਦੋਂ ਉਹ 'ਅਜੀਤ' ਵਿਚ ਸੀ ਤੇ 'ਤਸਵੀਰ' ਰਸਾਲਾ ਵੀ ਸ਼ੁਰੂ ਹੋ ਗਿਆ ਸੀ। ਨਾਲ ਹੀ ਮਾਣਕ ਨੇ 'ਦੇਸੀ ਮੇਮ' ਬਣਾਉਣ ਦਾ ਐਲਾਨ ਵੀ ਕਰ ਦਿੱਤਾ। ਖ਼ੈਰ! ਕਾਗਜ਼ੀ ਕਾਰਵਾਈ ਤੇ ਕਾਸਟਿੰਗ ਤੋਂ ਬਾਅਦ ਕੁਝ ਗੀਤਾਂ ਦੀ ਰਿਕਾਰਡਿੰਗ, ਫਿਰ



ਪਿੱਛੋਂ ਹੀ ਮੈਂ ਕਾਗਜ਼ ਤੇ ਪੈਨ ਫੜ ਕੇ ਮੁਲਾਕਾਤਾਂ ਦਾ ਸਿਲਸਿਲਾ ਬੰਦ ਕਰ ਦਿੱਤਾ ਸੀ, ਕਿਉਂਕਿ ਫੇਰ ਜਿੰਨੇ ਵੀ ਫੀਚਰ ਗਾਇਕਾਂ ਬਾਰੇ ਲਿਖੇ, ਉਹ ਇਨ੍ਹਾਂ ਦੇ ਨਾਲ ਅਤੇ ਵਿਚ ਰਹਿ ਕੇ ਲਿਖੇ। ਇਸ ਮੁਲਾਕਾਤ ਦਾ ਖਾਸ ਮਕਸਦ ਵੀ ਸੀ ਕਿ ਮਾਣਕ ਨੇ ਇਕੱਲਿਆਂ ਆਪਣੀ ਪੰਜਾਬੀ ਫਿਲਮ ਬਣਾਉਣ ਦਾ ਐਲਾਨ ਕਰ'ਤਾ ਸੀ। ਇਸ ਮੁਲਾਕਾਤ ਤੇ ਫੋਟੋ ਨੂੰ ਉਸ ਵੇਲੇ ਅਖ਼ਬਾਰ 'ਅਜੀਤ' ਨੇ ਬੜਾ ਸ਼ਿੰਗਾਰ ਕੇ ਅਤੇ ਤਰਜੀਹੀ ਤੌਰ 'ਤੇ ਛਾਪਿਆ ਸੀ। ਦਰਅਸਲ ਕਾਰਨ ਇਹ ਵੀ ਸੀ ਕਿ ਉਦੋਂ ਅਖ਼ਬਾਰਾਂ ਗਾਇਕੀ ਨੂੰ ਕੰਜਰਖਾਨਾ ਦੱਸ ਕੇ ਗਾਇਕਾਂ ਨੂੰ ਸਮਝਦੀਆਂ ਮਹੂਰਤ ਤੇ ਫਿਰ 'ਬੰਦ'। ਅੱਜ ਭਾਵੇਂ ਕਲੀਆਂ ਦਾ ਬਾਦਸ਼ਾਹ ਆਪਣੇ ਪੁੱਤਰ ਦੀ ਬਿਮਾਰੀ ਕਰਕੇ ਰੱਜ ਕੇ ਦੁਖੀ ਹੈ, ਪਰ ਇਹ ਫੋਟੋ ਉਦੋਂ ਦੀ ਹੈ, ਜਦੋਂ ਯੁਧਵੀਰ ਜੰਮਿਆ ਸੀ ਤੇ ਮਾਣਕ ਮਾਈਕ ਤੋਂ ਮੀਟਰ ਪਿੱਛੋਂ 'ਕਲਗੀਧਰ ਦਾ ਥਾਪੜਾ' ਲੈ ਕੇ ਆਉਂਦਾ ਹੁੰਦਾ ਸੀ। ਇਸੇ ਸਾਲ ਮੇਰੇ ਨਾਲ ਪੜ੍ਹਦੀ ਇਕ ਕੁੜੀ ਨੇ ਮੈਨੂੰ ਪ੍ਰੇਮ ਪੱਤਰ ਲਿਖਿਆ ਸੀ। ਉਹ ਤਾਂ ਕਈ ਸਾਲ ਹੋ ਗਏ, ਲੱਭਾ ਨਹੀਂ; ਪਰ ਇਹ ਫੋਟੋ ਜੋ ਚੜ੍ਹਦੀ ਜਵਾਨੀ ਦੇ ਫੈਸ਼ਨ ਵਾਲੇ ਦਿਨਾਂ ਦੀ ਹੈ, ਨਾ ਕਦੇ ਗੁਆਚੀ ਤੇ ਨਾ ਗੁਆਚੇਗੀ।

-ਐਸ. ਅਸ਼ੋਕ ਭੌਰਾ

## ਇਕੀਵੀਂ ਸਦੀ ਵਿਚ "ਸਿੱਖ ਸਟੇਟ" ਦਾ ਸੁਪਨਾ-7

# ਅਕਾਲੀ ਤੇ ਸਿੱਖ ਬੁੱਧੀਜੀਵੀ ਰਾਜਨੀਤਕ ਪ੍ਰਵਚਨ ਦੇ ਵਿਰੋਧਾਭਾਸਾਂ ਨੂੰ ਸਮਝਣ ਦੀ ਦਿਸ਼ਾ ਵਿਚ

ਵਿਚਾਰ-ਚਰਚਾ

***ਸਿੱਖ ਚਿੰਤਕ ਸ. ਅਜਮੇਰ ਸਿੰਘ ਦੀਆਂ ਪੁਸਤਕਾਂ ਉਤੇ ਬਹਿਸ ਜਾਰੀ ਹੈ। ਇਸ ਬਹਿਸ ਦੇ ਸਿਲਸਿਲੇ ਵਿਚ ਖੱਬੇ ਪੱਖੀ ਚਿੰਤਕ ਸ੍ਰੀ ਕਰਮ ਬਰਸਟ ਦਾ ਇਹ ਸੱਤਵਾਂ ਲੇਖ ਅਸੀਂ ਪਾਠਕਾਂ ਦੀ ਨਜ਼ਰ ਕਰ ਰਹੇ ਹਾਂ। ਕਰਮ ਬਰਸਟ ਨੇ ਇਸ ਲੇਖ ਵਿਚ ਵੀ ਅਜਮੇਰ ਸਿੰਘ ਦੀਆਂ ਪੁਸਤਕਾਂ ਵਿਚਲੇ ਵਿਰੋਧਾਭਾਸਾਂ ਉਪਰ ਉਂਗਲ ਧਰਨ ਦੀ ਕੋਸ਼ਿਸ਼ ਕੀਤੀ ਹੈ। ਸਾਨੂੰ ਇਸ ਸਿਲਸਿਲੇ ਵਿਚ ਹੋਰ ਚਿੰਤਕਾਂ ਦੇ ਵਿਚਾਰਾਂ ਦੀ ਉਡੀਕ ਰਹੇਗੀ। ਫਿਰ ਸਪਸ਼ਟ ਕਰ ਦਈਏ ਕਿ ਅਦਾਰਾ ਪੰਜਾਬ ਟਾਈਮਜ਼ ਦਾ ਇਸ ਬਹਿਸ ਵਿਚ ਪੇਸ਼ ਕੀਤੇ ਜਾ ਰਹੇ ਵੱਖੋ ਵੱਖਰੇ ਨੁਕਤਾ ਨਿਗਾਹਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। -ਸੰਪਾਦਕ***

**ਕਰਮ ਬਰਸਟ**

ਕੁਝ ਪਾਠਕਾਂ ਨੇ ਇਸ ਟਿਪਣੀਕਾਰ ਨੂੰ ਟੈਲੀਫੋਨ ਕਰਕੇ ਰੋਸ ਪ੍ਰਗਟ ਕੀਤਾ ਹੈ ਕਿ ਉਹ ਸ. ਅਜਮੇਰ ਸਿੰਘ ਦੀਆਂ ਲਿਖਤਾਂ ਨੂੰ 'ਜ਼ਹਿਰ ਕਿ ਕਹਿਰ' ਦੀ ਸ਼੍ਰੇਣੀ ਵਿਚ ਕਿਉਂ ਰੱਖ ਰਿਹਾ ਹੈ? ਉਨ੍ਹਾਂ ਦਾ ਤਰਕ ਹੈ ਕਿ ਮੌਜੂਦਾ ਹਿੰਦੂਵਾਦੀ ਭਾਰਤੀ ਰਾਜ ਵਿਚ ਸਿੱਖਾਂ ਦੀ ਗੁਲਾਮੀ ਬਾਰੇ ਸ. ਅਜਮੇਰ ਸਿੰਘ ਦਾ ਨਜ਼ਰੀਆ ਉਸ ਦਾ ਆਪਣਾ ਕੋਈ ਮੌਲਿਕ ਫੁਰਨਾ ਨਹੀਂ ਹੈ, ਬਲਕਿ ਇਹ ਮਾਸਟਰ ਤਾਰਾ ਸਿੰਘ, ਸੰਤ ਹਰਚੰਦ ਸਿੰਘ ਲੌਂਗੋਵਾਲ ਅਤੇ ਜਥੇਦਾਰ ਗੁਰਚਰਨ ਸਿੰਘ ਟੌਹੜਾ ਵਰਗੇ ਰਾਜਨੀਤੀਵਾਨਾਂ ਅਤੇ ਸਿਰਦਾਰ ਕਪੂਰ ਸਿੰਘ ਵਰਗੇ ਧਨੰਤਰ ਸਿੱਖ ਵਿਦਵਾਨਾਂ ਦੀ ਸਮਝ ਦੀ ਹੀ ਦੁਹਰਾਈ ਹੈ ਜਾਂ ਉਸੇ ਦੀ ਨਿਰੰਤਰਤਾ ਵਿਚ ਹੈ। ਸ. ਅਜਮੇਰ ਸਿੰਘ ਵੱਲੋਂ '20ਵੀਂ ਸਦੀ ਦੀ ਸਿੱਖ ਰਾਜਨੀਤੀ' ਬਾਰੇ ਤਿੰਨ ਪੁਸਤਕਾਂ ਵਿਚ ਉਸਾਰੇ ਵਿਚਾਰਧਾਰਕ ਪ੍ਰਬੰਧ ਦੀ ਹਮਾਇਤ ਵਿਚ ਨਿਤਰਦਿਆਂ ਪਰਮਜੀਤ ਸਿੰਘ "ਗਾਜ਼ੀ" ਨਾਂ ਦੇ ਇਕ ਨੌਜਵਾਨ ਨੇ ਤਾਂ ਡਾ. ਬਲਕਾਰ ਸਿੰਘ ਦੀ ਕਰੜੀ ਲਿਖਤੀ ਜਵਾਬਤਲਬੀ ਹੀ ਕਰ ਮਾਰੀ ਹੈ।

ਪ੍ਰੋ. ਬਲਕਾਰ ਸਿੰਘ ਹੋਰਾਂ ਨਾਲ ਜਦੋਂ ਮੈਂ ਫੋਨ 'ਤੇ ਹੀ ਪਰਮਜੀਤ ਸਿੰਘ ਗਾਜ਼ੀ ਦੀ ਲਿਖਤ ਬਾਰੇ ਗੱਲ ਕੀਤੀ ਤਾਂ ਉਨ੍ਹਾਂ ਹਸਦਿਆਂ-ਹਸਦਿਆਂ ਮੈਨੂੰ ਇਹ ਦੱਸ ਕੇ ਚੁੱਪ ਕਰਾ ਦਿੱਤਾ ਕਿ ਯਾਰ ਉਹ 'ਥੀਸਿਸ' ਗਾਜ਼ੀ ਨੇ ਕਿੱਥੇ ਲਿਖਿਆ ਹੈ, ਇਹ ਤਾਂ ਅਜਮੇਰ ਨੇ ਖੁਦ ਹੀ ਲਿਖਿਆ ਹੋਇਆ ਹੈ। ਭਾਵੇਂ ਮੈਨੂੰ ਵੀ ਇਹੀ ਸ਼ੱਕ ਸੀ, ਲੇਕਿਨ ਮੇਰੇ ਲਈ ਲੇਖਕ ਬਾਰੇ ਕਿਆਸਅਰਾਈਆਂ ਲਗਾਉਣ ਦਾ ਮਸਲਾ ਹੱਲ ਹੋ ਗਿਆ। ਪ੍ਰੋ. ਬਲਕਾਰ ਸਿੰਘ ਨੇ ਗੱਲ ਇਉਂ ਜ਼ਾਰੀ ਰੱਖੀ, "ਪ੍ਰੰਤੂ ਨੁਕਤਾ ਇਹ ਨਹੀਂ ਕਿ ਲਿਖਤ ਅਜਮੇਰ ਸਿੰਘ ਦੀ ਹੈ ਜਾਂ ਗਾਜ਼ੀ ਦੀ। ਨੁਕਤਾ ਇਹ ਹੈ ਕਿ ਵਿਚਲੀ ਗੱਲ ਦਾ ਅਜਮੇਰ ਨੂੰ ਬੜੀ ਅੱਛੀ ਤਰ੍ਹਾਂ ਪਤਾ ਹੈ ਅਤੇ ਮੈਨੂੰ ਵੀ ਪਤਾ ਹੈ। ਅਜਮੇਰ ਦੀ ਪਿਛਲੇ 20-25 ਵਰ੍ਹਿਆਂ ਤੋਂ ਜ਼ਿਦ ਹੈ ਕਿ ਅਕਾਲੀਆਂ ਨੂੰ ਸਿਧਾਂਤਕ ਸ਼ੁੱਧਤਾ ਦੀ ਵਿਆਕਰਨ ਦੀਆਂ ਘੁੰਡੀਆਂ ਪਾ ਪਾ ਕੇ ਹਮੇਸ਼ਾ ਫਸਾ ਕੇ ਰੱਖਣਾ ਹੈ ਜਦੋਂ ਕਿ ਮੇਰੀ ਬੇਨਤੀ ਉਸ ਅੱਗੇ ਇਹ ਹੈ ਕਿ ਉਹ ਏਤਰਾਂ ਕਰਨਾ ਛੱਡ ਦੇਵੇ। ਅਕਾਲੀ ਪਹਿਲਾਂ ਹੀ ਬਥੇਰੇ ਵਰ੍ਹੇ ਅੰਤਾਂ ਦੀ ਖੱਜਲ ਖਵਾਰੀ ਭੁਗਤ ਚੁੱਕੇ ਹਨ। ਹੁਣ ਉਨ੍ਹਾਂ ਨੂੰ ਉਨ੍ਹਾਂ ਦੇ ਆਪਣੇ ਹਾਲ 'ਤੇ ਛੱਡ ਦਿੱਤਾ ਜਾਵੇ। ਸਿੱਖ ਇਕ ਕੌਮ ਹੈ ਜਾਂ ਨਹੀਂ, ਜਾਂ ਧਰਮ ਅਤੇ ਰਾਜਨੀਤੀ ਦੇ ਸਬੰਧਾਂ ਵਰਗੇ ਵਿਸ਼ਿਆਂ 'ਤੇ ਸਮੇਂ ਸਮੇਂ ਭਾਂਤ-ਸੁਭਾਂਤੇ ਬੁੱਧੀਜੀਵੀਆਂ ਦੀਆਂ ਪੁੱਠੀਆਂ-ਸਿੱਧੀਆਂ ਸਲਾਹਾਂ ਮੰਨ ਮੰਨ ਕੇ ਉਨ੍ਹਾਂ ਨੇ ਪਹਿਲਾਂ ਹੀ ਕਾਫੀ ਗਿੱਟੇ-ਗੋਡੇ ਭੰਨਵਾਏ ਹੋਏ ਹਨ।

ਪ੍ਰੋ. ਬਲਕਾਰ ਸਿੰਘ ਨੇ ਇਹ ਵੀ ਕਿਹਾ, "ਸਿੱਖ/ਅਕਾਲੀ ਪਿਛੋਕੜ ਵਿਚ ਪੈਦਾ ਹੋਣ ਕਰਕੇ ਕੁਦਰਤੀ ਹੀ ਮੇਰੇ ਮਨ ਵਿਚ ਅਕਾਲੀਆਂ ਨਾਲ ਸ਼ੁਰੂ ਤੋਂ ਹੀ ਹਮਦਰਦੀ ਸੀ ਪਰ ਅਮਲੀ ਅਕਾਲੀ ਰਾਜਨੀਤੀ ਵਿਚ ਮੈਂ ਕਦੇ ਹਿੱਸਾ ਨਹੀਂ ਲਿਆ। ਅਕਾਲ ਤਖਤ ਦੇ ਸਾਬਕਾ ਜਥੇਦਾਰ ਪ੍ਰੋ. ਮਨਜੀਤ ਸਿੰਘ ਨਾਲ ਨੇੜਤਾ ਸੀ। ਨਿਗੂਣੀਆਂ ਵੋਟਾਂ ਲੈ ਕੇ ਬਣੀ, ਸ. ਬੇਅੰਤ ਸਿੰਘ ਦੀ ਕਾਂਗਰਸੀ ਸਰਕਾਰ ਦੀਆਂ ਸਖ਼ਤੀਆਂ ਸਮੇਂ ਸਿੱਖਾਂ/ਅਕਾਲੀਆਂ ਨੂੰ ਹਾਰ ਅਤੇ ਮਾਯੂਸੀ ਦੀ ਮਨੋਦਸ਼ਾ ਵਿਚੋਂ ਉਭਾਰਨ ਲਈ ਪ੍ਰੋ. ਮਨਜੀਤ ਸਿੰਘ ਨੇ ਪੰਥਕ ਸਰਗਰਮੀਆਂ ਸ਼ੁਰੂ ਕੀਤੀਆਂ। ਉਨ੍ਹਾਂ ਸਾਹਮਣੇ ਅਕਾਲ ਤਖਤ ਦੇ ਜਥੇਦਾਰ ਵਜੋਂ 'ਅਕਾਲੀ ਏਕਤਾ' ਕਰਵਾਉਣ ਦਾ ਮੁੱਦਾ ਉਭਰ ਕੇ ਆਇਆ। ਜਥੇਦਾਰ ਨਾਲ ਨੇੜ ਅਤੇ ਅਕਾਲੀਆਂ ਨਾਲ ਰਵਾਇਤੀ ਹਮਦਰਦੀ ਕਰਕੇ ਆਪਣੀ ਸਮਝ ਅਤੇ ਸਮਰੱਥਾ ਅਨੁਸਾਰ ਮੈਂ ਵੀ ਵਾਹ ਲਾਈ ਅਤੇ ਉਸੇ ਕੋਸ਼ਿਸ਼ ਵਿਚੋਂ ਹੀ ਜਥੇਦਾਰ ਟੌਹੜਾ ਨਾਲ ਸਤਿਕਾਰ ਦਾ ਰਿਸ਼ਤਾ ਬਣਦਾ ਗਿਆ।"

ਪ੍ਰੋ. ਬਲਕਾਰ ਸਿੰਘ ਬਾਰੇ ਇਸ ਲੰਮੇ ਵਿਸਥਾਰ ਤੋਂ ਪਾਠਕ ਕਿਸੇ ਗਲਤਫਹਿਮੀ ਵਿਚ ਨਾ ਪੈਣ। ਇਹ ਸਾਰਾ ਕੁਝ ਮੈਂ ਇਸ ਕਰਕੇ ਲਿਖ ਰਿਹਾ ਹਾਂ ਕਿ ਉਸ ਦਿਨ ਘੰਟਾ ਲੰਮੀ ਗੱਲਬਾਤ ਵਿਚ ਮੈਂ ਵਾਰ ਵਾਰ ਉਨ੍ਹਾਂ ਨੂੰ ਬੇਨਤੀ ਕੀਤੀ ਕਿ ਉਹ ਪਰਮਜੀਤ ਸਿੰਘ ਗਾਜ਼ੀ ਦੇ ਨੁਕਤਿਆਂ ਦਾ ਜਵਾਬ ਜ਼ਰੂਰ ਦੇਣ। ਪਰ ਉਹ ਇਹੋ ਹੀ ਕਹਿੰਦੇ ਰਹੇ ਕਿ ਉਹ ਨੁਕਤੇ ਪਰਮਜੀਤ ਸਿੰਘ ਦੇ ਹੁੰਦੇ ਤਾਂ ਉਹ ਜ਼ਰੂਰ ਜਵਾਬ ਦਿੰਦੇ। ਉਹ ਨੁਕਤੇ ਜਾਂ ਤਰਕ ਹੀ ਸਾਰਾ ਅਜਮੇਰ ਸਿੰਘ ਦਾ ਹੈ ਅਤੇ ਅਜਮੇਰ ਸਿੰਘ ਨੂੰ ਪਤਾ ਹੈ ਕਿ ਉਹ ਚੁਸਤੀ ਕਿੱਥੇ ਕਰ ਰਿਹਾ ਹੈ? ਉਨ੍ਹਾਂ ਦਾ ਕਹਿਣਾ ਸੀ, ਅਜਮੇਰ ਸਿੰਘ ਦੀ ਕਲਾਕਾਰੀ ਦੇ ਤਾਂ ਉਹ ਪਹਿਲਾਂ ਹੀ ਕਾਫੀ ਦੀਵਾਨੇ ਹਨ। ਜੇਕਰ ਅਜਮੇਰ ਸਿੰਘ ਦੀ ਅਜਿਹੀ ਸਿਧਾਂਤਕ ਕਲਾਕਾਰੀ ਹੀ ਵੇਖਣੀ ਹੋਵੇ ਤਾਂ ਦਿਲਚਸਪੀ ਰੱਖਣ ਵਾਲੇ ਸੱਜਣ ਉਸ ਦੀਆਂ 16-17 ਸਾਲ ਪਹਿਲਾਂ, 1994-95 'ਚ ਅਕਾਲੀ ਏਕਤਾ ਨੂੰ ਤਰਕਬੱਧ ਕਰਨ ਲਈ 'ਅਜੀਤ' ਅਤੇ 'ਪੰਜਾਬੀ ਟ੍ਰਿਬਿਊਨ' ਵਿਚ ਛਪੀਆਂ ਲਿਖਤਾਂ ਪੜ੍ਹਨ। ਪ੍ਰੋ. ਬਲਕਾਰ ਸਿੰਘ ਦੇ ਦੱਸਣ ਅਨੁਸਾਰ 10 ਜਾਂ 12 ਦਸੰਬਰ 1994 ਨੂੰ ਜਦੋਂ ਪ੍ਰੋ. ਮਨਜੀਤ ਸਿੰਘ ਅਕਾਲੀਆਂ ਦੀ ਏਕਤਾ ਕਰਵਾਉਣ ਲਈ 'ਤਰਲੇ' ਮਾਰ ਰਹੇ ਸਨ ਤਾਂ ਐਨ ਉਸੇ ਦਿਨ ਅਜਮੇਰ ਸਿੰਘ ਨੇ ਬਰਜਿੰਦਰ ਸਿੰਘ ਹਮਦਰਦ ਦੀ 'ਅਜੀਤ' ਅਖਬਾਰ ਵਿਚ 'ਅਕਾਲੀ ਏਕਾ: ਸਿੱਖ ਦਾਨਸ਼ਵਰਾਂ ਦੇ ਵਿਚਾਰਨਯੋਗ ਕੁਝ ਨੁਕਤੇ' ਵਰਗਾ ਸਖਤ ਸਿਧਾਂਤਕ ਲੇਖ ਲਿਖ ਕੇ ਜਥੇਦਾਰ ਦੇ ਪੈਰਾਂ ਹੇਠੋਂ ਜ਼ਮੀਨ ਕੱਢ ਦਿੱਤੀ ਸੀ। ਉਦੋਂ ਕੁ ਜਿਹੇ ਹੀ ਅਜਮੇਰ ਨੇ 'ਪੰਜਾਬੀ ਟ੍ਰਿਬਿਊਨ' ਵਿਚ ਵੀ 'ਪੂਰਨ ਅਕਾਲੀ ਏਕਾ : ਛਲਾਵਾ ਤੇ ਹਕੀਕਤ' ਨਾਂ ਦਾ ਇਕ ਹੋਰ ਲੇਖ ਵੀ ਲਿਖਿਆ ਸੀ। ਬਲਕਾਰ ਸਿੰਘ ਨੂੰ ਦੁੱਖ ਸੀ ਕਿ ਅਜਮੇਰ ਸਿੰਘ ਦੀਆਂ ਉਨ੍ਹਾਂ ਚੁਸਤ-ਦਰੁਸਤ ਲਿਖਤਾਂ ਦਾ ਸਾਰਾ ਲਾਹਾ ਪ੍ਰਕਾਸ਼ ਸਿੰਘ ਬਾਦਲ ਉਠਾ ਗਿਆ ਅਤੇ ਅਜੇ ਵੀ ਉਠਾ ਰਿਹਾ ਹੈ। ਪ੍ਰੋ. ਸਾਹਿਬ ਨੇ ਦੱਸਿਆ ਕਿ ਉਨ੍ਹਾਂ ਦਾ ਮੱਥਾ ਤਾਂ ਉਦੋਂ ਹੀ ਠਣਕਣ ਲੱਗ ਪਿਆ ਸੀ ਕਿ ਅਕਾਲੀਆਂ ਦਾ ਕੀ ਬਣੇਗਾ, ਜੇਕਰ ਅਜਮੇਰ ਸਿੰਘ ਵਰਗਾ ਲੀਹੋਂ ਲੱਥਾ, ਜ਼ਿੱਦੀ ਅਤੇ ਗੁੱਸੇਖ਼ੋਰ ਆਦਮੀ ਬਦੋਬਦੀ ਉਨ੍ਹਾਂ ਦਾ ਸਿਧਾਂਤਕਾਰ ਬਣ ਕੇ ਬੈਠ ਗਿਆ।



*ਪ੍ਰੋ. ਭੁਪਿੰਦਰ ਸਿੰਘ ਅਤੇ ਮਰਹੂਮ ਪ੍ਰੋ. ਹਰਿੰਦਰ ਸਿੰਘ ਮਹਿਬੂਬ*

ਮੁੱਕਦੀ ਗੱਲ, ਪ੍ਰੋ. ਬਲਕਾਰ ਸਿੰਘ ਦਾ ਕਹਿਣਾ ਇਹ ਹੈ ਕਿ ਅਕਾਲੀ ਨੇਤਾ ਭਾਵੇਂ ਸਮੇਂ ਸਮੇਂ 'ਤੇ ਸਿੱਖਾਂ ਦੇ ਆਜ਼ਾਦ ਭਾਰਤ ਵਿਚ ਗੁਲਾਮ ਦੇ ਗੁਲਾਮ ਬਣੇ ਰਹਿਣ ਦੀ ਮੁਹਾਰਨੀ ਪੜ੍ਹਦੇ ਰਹੇ ਹੋਣ, ਉਨ੍ਹਾਂ ਦੀ ਮੁਰਾਦ ਉਕਾ ਹੀ ਉਹ ਨਹੀਂ ਸੀ ਜਿਸ ਤਰ੍ਹਾਂ ਕਿ ਅੱਜ ਦੀ ਤਰੀਕ ਵਿਚ ਅਜਮੇਰ ਸਿੰਘ ਕਰੀ ਜਾ ਰਿਹਾ ਹੈ। ਸੱਚ ਤਾਂ ਇਹ ਹੈ ਕਿ ਅਜਿਹੀ ਮੁਰਾਦ ਤਾਂ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਦੀ ਵੀ ਨਹੀਂ ਸੀ। ਇਸ ਲੇਖ ਵਿਚ ਮੈਂ ਇਹੋ ਇਕੋ ਗੱਲ ਵਿਚਾਰਨ ਜਾਂ ਸਮਝਣ/ਸਮਝਾਉਣ ਦੀ ਕੋਸ਼ਿਸ਼ ਕਰਾਂਗਾ ਕਿ ਬਲਕਾਰ ਸਿੰਘ ਅਤੇ ਅਜਮੇਰ ਸਿੰਘ ਦੋਵਾਂ ਵਿਚੋਂ ਸਾਨੂੰ ਕੌਣ ਕਿੱਥੇ ਸਹੀ ਜਾਂ ਗਲਤ ਲੱਗਦਾ ਹੈ।

ਇਹ ਸੱਚ ਹੈ ਕਿ ਅਕਾਲੀਆਂ ਨੇ 1920ਵਿਆਂ ਵਿਚ ਗੁਰਧਾਮਾਂ ਨੂੰ ਬਦਕਾਰ ਮਹੰਤਾਂ ਦੇ ਕਬਜ਼ੇ ਵਿਚੋਂ ਅਜ਼ਾਦ ਕਰਾਉਣ ਲਈ ਅਨੇਕਾਂ ਮੋਰਚੇ ਲਾਏ ਅਤੇ ਮਿਸਾਲੀ ਸ਼ਹਾਦਤਾਂ ਵੀ ਦਿੱਤੀਆਂ। ਇਹ ਮੋਰਚੇ ਇਕੱਲੇ ਮਹੰਤਾਂ ਦੇ ਖਿਲਾਫ਼ ਹੀ ਨਹੀਂ, ਸਗੋਂ ਉਨ੍ਹਾਂ ਦੇ ਪਿੱਛੇ ਚੱਟਾਨ ਵਾਂਗ ਖੜੀ ਗੋਰੀ ਹਕੂਮਤ ਦੇ ਖਿਲਾਫ਼ ਵੀ ਭੁਗਤਦੇ ਰਹੇ। ਪੰਡਿਤ ਮਦਨ ਮੋਹਨ ਮਾਲਵੀਆ, ਮਹਾਤਮਾ ਗਾਂਧੀ ਅਤੇ ਜਵਾਹਰ ਲਾਲ ਨਹਿਰੂ ਵਰਗੇ ਉਘੇ ਭਾਰਤੀ ਨੇਤਾਵਾਂ ਨੇ ਸਿੱਖਾਂ ਦੀ ਇਸ ਸ਼ਾਨਾਂਮੱਤੀ ਤੇ ਸ਼ਾਂਤਮਈ ਲਹਿਰ ਦੀ ਦੱਬ ਕੇ ਜੈ ਜੈ ਕਾਰ ਕੀਤੀ ਸੀ। ਜਵਾਹਰਲਾਲ ਨਹਿਰੂ ਤਾਂ ਇੰਨਾ ਪ੍ਰਭਾਵਤ ਹੋਇਆ ਕਿ ਜੈਤੋ ਦੇ ਮੋਰਚੇ ਵਿਚ ਗ੍ਰਿਫਤਾਰ ਹੋਏ ਅਕਾਲੀ ਜਥਿਆਂ ਨਾਲ ਨਾਭੇ ਦੀ ਜੇਲ੍ਹ ਵਿਚ ਵੀ ਰਾਤ ਕੱਟ ਲਈ। ਉਨ੍ਹਾਂ "ਦੁਸ਼ਟ" ਆਗੂਆਂ ਨੇ ਤਾਂ ਇਥੋਂ ਤੱਕ ਵੀ ਕਹਿ ਦਿੱਤਾ ਸੀ ਕਿ ਹਰ ਹਿੰਦੂ ਪਰਿਵਾਰ ਨੂੰ ਆਪਣੇ ਇਕ ਇਕ ਪੁੱਤਰ ਨੂੰ ਸਿੰਘ ਸਜਾਉਣਾ ਚਾਹੀਦਾ ਹੈ। ਆਖਰ ਹਾਰ ਕੇ ਇਸ ਵਿਸ਼ਾਲ ਲਹਿਰ ਨੂੰ ਸਮੁੱਚੀ ਲੋਕਾਈ ਦੀ ਮੁਕਤੀ ਦੇ ਕਿਸੇ ਸੰਗਰਾਮ ਵਿਚ ਪਲਟ ਜਾਣ ਤੋਂ ਤ੍ਰਹਿੰਦਿਆਂ ਬਸਤੀਵਾਦੀਆਂ ਨੇ, ਦੂਰ ਦੀ ਕੌਡੀ ਸੁੱਟਦਿਆਂ, 1925 ਵਿਚ ਗੁਰਦੁਆਰਾ ਐਕਟ ਪਾਸ ਕਰਵਾ ਕੇ ਬਹੁਤੇ ਇਤਿਹਾਸਕ ਗੁਰਧਾਮ ਸ਼੍ਰੋਮਣੀ ਕਮੇਟੀ ਦੇ ਸਪੁਰਦ ਕਰਵਾ ਦਿੱਤੇ।

ਜਦੋਂ ਤੱਕ ਗੋਰਿਆਂ ਨੂੰ ਮਹੰਤ ਲਾਭਕਾਰੀ ਲੱਗੇ, ਉਦੋਂ ਤੱਕ ਉਨ੍ਹਾਂ ਮਹੰਤਾਂ ਦਾ ਡੱਟ ਕੇ ਸਾਥ ਦਿੱਤਾ। ਲੇਕਿਨ ਮਹੰਤਾਂ ਦੇ ਬਦਨਾਮ ਹੋ ਜਾਣ ਉਪਰੰਤ ਉਨ੍ਹਾਂ ਨੇ ਸਿੱਖਾਂ ਨੂੰ ਪਤਿਆਉਣ ਵਿਚ ਹੀ ਭਲਾਈ ਸਮਝੀ। ਚੇਤੇ ਰਹੇ ਕਿ ਪਹਿਲੀ ਸੰਸਾਰ ਜੰਗ ਦੌਰਾਨ ਮਹੰਤਾਂ, ਰਈਸਾਂ ਤੇ ਰਜਵਾੜਿਆਂ ਨੇ ਅੰਗਰੇਜ਼ਾਂ ਦੀ ਡੱਟਵੀਂ ਸੇਵਾ ਕੀਤੀ ਸੀ ਅਤੇ ਵੱਡੀ ਪੱਧਰ 'ਤੇ ਸਿੱਖ ਕਿਸਾਨੀ ਦੇ ਨੌਜਵਾਨਾਂ ਨੂੰ ਪ੍ਰੇਰ/ਸ਼ਸ਼ਕੇਰ ਕੇ ਬਰਤਾਨਵੀ ਫੌਜ ਲਈ 'ਮਾਂਗਵੀ ਧਾੜ' ਦਾ ਕੰਮ ਕਰਵਾਇਆ ਸੀ। ਦੂਜੀ ਸੰਸਾਰ ਜੰਗ ਵਿਚ "ਪੁੰਨ ਦਾ ਇਹੀ ਕਾਰਜ" ਨਵੀਂ ਉਭਰੀ ਸਿੱਖ ਲੀਡਰਸ਼ਿਪ ਨੇ ਬਾਖੂਬੀ ਪੂਰਾ ਕੀਤਾ ਭਾਵੇਂ ਕਿ ਉਨ੍ਹਾਂ ਨੂੰ ਗਾਂਧੀ ਦੀ ਅਗਵਾਈ ਹੇਠ ਵਿਸ਼ਾਲ ਸਾਂਝੇ ਕੌਮੀ ਹਿੱਤਾਂ ਦੀ ਰਖਵਾਲੀ ਕਰਨ ਦਾ ਦਾਅਵਾ ਕਰਨ ਵਾਲੀ ਕਾਂਗਰਸ ਪਾਰਟੀ ਦਾ ਲੜ ਛੱਡਣ ਦੀ ਬਦਨਾਮੀ ਵੀ ਝੱਲਣੀ ਪਈ। ਇੰਨਾ ਹੀ ਨਹੀਂ, ਸਗੋਂ ਇਸ ਲੀਡਰਸ਼ਿਪ ਨੇ ਤਾਂ ਰਈਸਾਂ, ਜਗੀਰਦਾਰਾਂ ਅਤੇ ਰਜਵਾੜਿਆਂ ਦੇ ਹਿੱਤਾਂ ਲਈ ਕਾਂਗਰਸ ਅਤੇ ਮੁਸਲਿਮ ਲੀਗ ਦਾ ਸਾਥ ਛੱਡ ਕੇ ਯੂਨੀਅਨਿਸਟ ਪਾਰਟੀ ਦੀ ਸਰਕਾਰ ਬਣਾਉਣ ਦਾ ਵੀ 'ਪੁੰਨ' ਖੱਟਿਆ।

ਮੁੜ ਸਪੱਸ਼ਟ ਕਰ ਦੇਵਾਂ ਕਿ ਹਥਲੇ ਲੇਖ ਦੀ ਪ੍ਰੇਰਨਾ ਮੈਨੂੰ ਪਰਮਜੀਤ ਸਿੰਘ ਗਾਜ਼ੀ ਦੀ ਟਿਪਣੀ ਪੜ੍ਹਨ ਅਤੇ ਉਸ ਟਿਪਣੀ ਉਪਰ ਪ੍ਰੋ. ਬਲਕਾਰ ਸਿੰਘ ਦੀ ਲੰਮੀ ਵਿਆਖਿਆ ਸੁਣਨ ਤੋਂ ਹੀ ਮਿਲੀ ਹੈ। ਪ੍ਰੋ. ਬਲਕਾਰ ਸਿੰਘ ਮੇਰੇ ਉਸਤਾਦਾਂ ਦੇ ਸਮਕਾਲੀ ਹੋਣ ਕਰਕੇ ਮੇਰੇ ਲਈ ਸਿਧਾਂਤਕ ਵਖਰੇਵਿਆਂ ਦੇ ਬਾਵਜੂਦ ਸਤਿਕਾਰ ਦੇ ਪਾਤਰ ਹਨ। ਪਰ ਇਹ ਗੱਲ ਮੈਂ ਪੂਰਨ ਕਰੜਾਈ ਨਾਲ ਸਪੱਸ਼ਟ ਕਰ ਦੇਣਾ ਚਾਹੁੰਦਾ ਹਾਂ ਕਿ ਅਕਾਲੀ ਅੰਦੋਲਨ ਦੀ ਹਾਂਦਰੂ ਭੂਮਿਕਾ ਤਾਂ ਪੰਜਾਬ ਦੇ ਉਨ੍ਹਾਂ ਵਕਤਾਂ ਦੇ ਖੱਬੀ ਖਾਨ ਗਵਰਨਰ ਸਰ ਹੇਲੀ ਵਲੋਂ ਬਣਵਾਏ ਉਸ ਗੁਰਦੁਆਰਾ ਐਕਟ ਨਾਲ ਹੀ ਖਤਮ ਹੋ ਗਈ ਸੀ। 1925 ਦੇ ਇਸ ਐਕਟ ਤੋਂ ਪਿਛੋਂ ਦੀ ਅਕਾਲੀ ਰਾਜਨੀਤੀ ਹੋਵੇ ਜਾਂ 1947 ਤੋਂ ਬਾਅਦ ਦੀ, ਉਸ ਦੇ ਤਕਾਜ਼ਿਆਂ ਦਾ ਮਹਾਨ ਸਿੱਖ ਗੁਰੂ ਸਾਹਿਬਾਂ ਦੇ ਆਸ਼ਿਆਂ-ਆਦਰਸ਼ਾਂ ਨਾਲ ਕੋਈ ਲਾਗਾ-ਦੇਗਾ ਨਹੀਂ ਰਿਹਾ ਸੀ। ਭਾਰਤੀ ਸੰਵਿਧਾਨਕ ਰਾਜਨੀਤੀ ਦਾ ਕਮਿਊਨਲ ਪੈਰਾਡਾਈਮ (ਫਿਰਕੂ ਵਰਤਾਰਾ) ਕਿਵੇਂ ਪੱਕਿਆ ਅਤੇ ਰੂੜ੍ਹ ਹੋਇਆ-ਇਸ ਵਿਚ ਅੰਗਰੇਜ਼ੀ ਹਾਕਮਾਂ ਦੀਆਂ 'ਪਾੜੋ ਤੇ ਰਾਜ ਕਰੋ' ਜਾਂ ਹਿੰਦੂ ਤੇ ਮੁਸਲਮਾਨ ਫਿਰਕਾਪ੍ਰਸਤਾਂ 'ਚੋਂ ਕਿਹੜਾ ਵੱਧ ਦੋਸ਼ੀ ਸੀ, ਸਭ 'ਮੁਰਗੀ ਪਹਿਲਾਂ ਸੀ ਜਾਂ ਆਂਡਾ' ਵਾਲੀ ਮਗਜ਼-ਖਪਾਈ ਹੈ ਪਰ ਇਸ ਨੂੰ ਸਮਝਣ ਦੀ ਕੋਸ਼ਿਸ਼ ਕਰਨਾ ਅੱਜ ਵੀ ਬੇਹੱਦ ਜ਼ਰੂਰੀ ਹੈ।

ਇਸ ਦਿਸ਼ਾ ਵਿਚ ਮੇਰੇ ਜ਼ਿਹਨ ਅੰਦਰ ਪ੍ਰੋ. ਭੁਪਿੰਦਰ ਸਿੰਘ ਦਾ ਲੇਖ ਆ ਰਿਹਾ ਹੈ ਜੋ ਕਿ ਸਿੱਖਾਂ, ਪੰਜਾਬੀਆਂ ਦੀ ਹੋਣੀ-ਹਸਤੀ ਦੀ ਭਵਿੱਖੀ ਨਿਸ਼ਾਨਦੇਹੀ ਕਰਨ ਦੀ ਦਿਸ਼ਾ ਵਿਚ ਪਹਿਲਾ ਅਤੇ ਅਸਲੋਂ ਹੀ ਮੌਲਿਕ ਯਤਨ ਸਾਬਤ ਹੋ ਸਕਦਾ ਹੈ, ਬਾਵਜੂਦ ਇਸ ਦੇ ਕਿ ਪ੍ਰੋ. ਭੁਪਿੰਦਰ ਸਿੰਘ ਵੰਡ ਦੇ ਅਤਿ ਕੁਲਿਹਣੇ ਮੁੱਦੇ ਨੂੰ ਪ੍ਰਵਚਨ ਦੇ ਪੱਧਰ 'ਤੇ ਘਟਾਉਂਦੇ ਲਗਦੇ ਹਨ। ਉਹ ਹੋਰ ਕਈ ਇਤਿਹਾਸਕ/ਪਦਾਰਥਕ ਕਾਰਨਾਂ ਨੂੰ ਜਚ ਕੇ ਨਹੀਂ ਛੂੰਹਦੇ। ਪ੍ਰੰਤੂ ਇੰਨਾ ਆਖ ਕੇ ਅਜਿਹੀ ਕੀਮਤੀ ਲਿਖਤ ਨੂੰ ਨਜ਼ਰਅੰਦਾਜ਼ ਕਰਨ ਦੀ ਕੋਸ਼ਿਸ਼ ਕਰਨੀ ਵੀ ਕੁਫਰ ਵਾਲੀ ਗੱਲ ਹੈ। ਉਹ ਲੇਖ ਬਹੁਤ ਹੀ ਮੁੱਲਵਾਨ ਹੈ। ਉਨ੍ਹਾਂ ਆਪਣੇ ਲੇਖ ਵਿਚ ਯਾਦ ਕਰਵਾਇਆ ਹੈ ਕਿ ਸਿੱਖ/ਅਕਾਲੀ ਆਪਣੀ ਰਾਜਨੀਤੀ ਨੂੰ ਗੁਰੂ ਆਸ਼ਿਆਂ ਅਨੁਸਾਰ ਢਾਲ ਲੈਣ, ਸੱਚੀਆਂ ਪਾਤਸ਼ਾਹੀਆਂ ਆਪੇ ਚੱਲੀਆਂ ਆਉਣਗੀਆਂ; ਸਿੱਖ ਜਗਤ ਅੰਦਰ ਨਿਰਭਉ ਅਤੇ ਨਿਰਵੈਰ ਦਾ ਆਦਰਸ਼ ਸਾਕਾਰ ਹੋਵੇਗਾ। ਹੱਕ-ਸੱਚ ਦੀ ਰਾਖੀ ਲਈ ਖਾਲਸਾ ਗੁਰੂ ਆਸ਼ੇ ਵਾਲੀ ਆਪਣੀ ਅਸਲ ਧਾਰਮਿਕ-ਇਤਿਹਾਸਕ ਭੂਮਿਕਾ ਵਿਚ ਜਦੋਂ ਨਿਤਰੇਗਾ ਤਾਂ ਰਿਆਸਤ ਹੱਥੋਂ ਲੁੱਟੀ ਜਾ ਰਹੀ ਸਾਰੀ ਦੀ ਸਾਰੀ ਨਿਤਾਣੀ ਅਤੇ ਨਿਆਸਰੀ ਲੋਕਾਈ ਉਸ ਦੀ ਅਗਵਾਈ ਸਵੀਕਾਰ ਕਰੇਗੀ। ਪ੍ਰੋ. ਭੁਪਿੰਦਰ ਸਿੰਘ ਦੇ ਟਾਕਰੇ 'ਤੇ ਪ੍ਰੋ. ਬਲਕਾਰ ਸਿੰਘ ਦੀ ਰੁਚੀ ਸਿਧਾਂਤਕ ਬਰੀਕ-ਬੀਨੀਆਂ ਵਿਚ ਜਾਣ ਦੀ ਨਹੀਂ ਲੱਗਦੀ। ਉਨ੍ਹਾਂ ਨੂੰ ਅਕਾਲੀਆਂ ਨਾਲ ਮੋਹ ਹੈ। ਉਨ੍ਹਾਂ ਨੂੰ ਡਰ ਹੈ ਕਿ ਅਕਾਲੀਆਂ/ਸਿੱਖਾਂ ਨੂੰ ਕੋਈ ਮੁੜ ਬਲਦੀ ਦੇ ਬੂਥੇ ਨਾ ਧੱਕ ਦੇਵੇ। ਇਸੇ ਲਈ ਉਹ ਵਾਰ-ਵਾਰ ਆਪਣੇ ਭਾਈਚਾਰੇ ਨੂੰ ਅਜਮੇਰ ਸਿੰਘ ਦੀਆਂ ਅਤਿ ਉਲਾਰ ਲਿਖਤਾਂ ਤੋਂ ਸਾਵਧਾਨ ਕਰਦੇ ਹਨ। ਉਹ ਅਕਾਲੀਆਂ ਬਾਰੇ ਭਾਵੁਕ ਹਨ। ਉਹ ਪਿਛਲੇ ਕਈ ਸਾਲਾਂ ਤੋਂ ਅਖਬਾਰਾਂ ਵਿਚ ਲਿਖਦੇ ਆ ਰਹੇ ਹਨ ਕਿ ਅਕਾਲੀ ਆਗੂ ਤੇ ਅਕਾਲੀ ਰਾਜਨੀਤੀ ਅਸਲ ਅਕਾਲੀਅਤ ਤੋਂ ਭਟਕ ਗਈ ਹੈ। ਉਹ ਦੁਆਵਾਂ ਕਰਦੇ ਹਨ ਕਿ ਅਕਾਲੀ ਗੁਰਦੁਆਰਾ ਲਹਿਰ



*ਡਾ. ਬਲਕਾਰ ਸਿੰਘ*

ਵਾਲੀ ਅਕਾਲੀਅਤ ਵਾਲੇ ਪੈਂਤੜੇ 'ਤੇ ਆਉਣ। ਪਰ ਉਨ੍ਹਾਂ ਦੀ ਇਹ ਉਮੀਦ ਇਸ ਤਰੀਕੇ ਨਾਲ ਜੇਕਰ ਪੂਰੀ ਹੋਣੀ ਹੁੰਦੀ ਤਾਂ ਉਨ੍ਹਾਂ ਦੇ ਲੰਮੇ ਲੰਮੇ ਲੇਖਾਂ ਨਾਲ ਕਦੋਂ ਦੀ ਪੂਰੀ ਹੋ ਜਾਣੀ ਸੀ। ਅਕਾਲੀ ਪ੍ਰੋਫੈਸਰ ਸਾਹਿਬ ਦੀਆਂ ਨਸੀਹਤਾਂ ਮੰਨ ਕੇ ਚਿਰੋਕਣੇ ਸਹੀ ਰਾਹ 'ਤੇ ਆ ਗਏ ਹੁੰਦੇ ਪਰ ਉਨ੍ਹਾਂ ਵਲੋਂ ਸੁੱਚੀ ਭਾਵਨਾ ਵੱਸ ਵੀ, ਅਕਾਲੀ ਰਾਜਨੀਤੀ ਦੇ ਵਿਗਾੜ ਲਈ ਇਕੱਲੇ ਸ. ਪ੍ਰਕਾਸ਼ ਸਿੰਘ ਬਾਦਲ ਦੀ ਕੁਨਬਾਪ੍ਰਸਤੀ ਵਾਲੀ ਰਾਜਨੀਤੀ ਨੂੰ ਜ਼ਿੰਮੇਵਾਰ ਕਹੀ ਜਾਣਾ ਸਹੀ ਨਹੀਂ ਹੈ। ਮੈਂ ਸਰ ਛੋਟੂ ਰਾਮ ਦੀ ਰਾਜਨੀਤੀ ਨਾਲ ਸਹਿਮਤ ਨਹੀਂ, ਪਰ ਕਿੱਥੇ ਉਨ੍ਹਾਂ ਦਾ ਕੱਦ ਅਤੇ ਕਿੱਥੇ ਸ. ਬਾਦਲ ਦੇ ਪਰਮ ਮਿੱਤਰ ਚੌਧਰੀ ਦੇਵੀ ਲਾਲ ਦਾ ਜਾਂ ਉਨ੍ਹਾਂ ਦੇ ਫਰਜ਼ੰਦ ਓਮ ਪ੍ਰਕਾਸ਼ ਚੌਟਾਲਾ ਦਾ? ਇਸੇ ਤਰ੍ਹਾਂ ਕਿੱਥੇ ਤਾਮਿਲਾਂ ਜਾਂ ਡੀ.ਐਮ.ਕੇ. ਦੇ ਪ੍ਰੇਰਨਾ ਸਰੋਤ ਸਵਾਮੀ ਪੇਰੀਆਰ ਤੇ ਅੰਨਾ ਦੁਰਾਈ ਵਰਗੇ ਰਹਿਨੁਮਾ ਤੇ ਕਿੱਥੇ ਸੌ ਫਿਟਣੀਆਂ ਦੇ ਫੇਟ ਐਮ. ਕਰੁਨਾਨਿਧੀ ਵਰਗੇ ਮੌਜੂਦਾ ਆਗੂ।

ਸਿਆਸੀ ਕਲਚਰ ਦਾ ਪਤਨ ਇਕੱਲੇ ਪੰਜਾਬ ਵਿਚ ਹੀ ਨਹੀਂ ਹੋਇਆ, ਇਸ ਕੋਹੜ ਤੋਂ ਭਾਰਤ ਦਾ ਕੋਈ ਵੀ ਖੂੰਜਾ ਬਚਿਆ ਨਹੀਂ ਹੈ। ਪਾਠਕਾਂ ਨੂੰ ਯਾਦ ਰਹੇ ਕਿ 1994 ਦੇ ਸਾਲ ਦੌਰਾਨ ਅਕਾਲੀਆਂ ਨੂੰ ਸਹੀ ਰਸਤੇ ਤੇ ਲਿਆਉਣ ਲਈ ਜਦੋਂ ਪ੍ਰੋ. ਬਲਕਾਰ ਸਿੰਘ 'ਅਕਾਲ ਤਖਤ ਦੀ ਜੋਤਿ ਤੇ ਜੁਗਤਿ' ਵਾਲੀ ਆਪਣੀ ਲੇਖ ਲੜੀ ਲਿਖ ਰਹੇ ਸਨ ਤਾਂ ਉਨਾਂ ਦਿਨਾਂ ਵਿਚ ਹੀ ਡਾ. ਗੁਰਭਗਤ ਸਿੰਘ ਅਤੇ ਸ. ਅਜਮੇਰ ਸਿੰਘ ਵੀ ਧੜਾਧੜ ਇਸੇ ਤਰ੍ਹਾਂ ਦੇ ਲੇਖ ਲਿਖੀ ਜਾ ਰਹੇ ਸਨ। ਮਿਸਾਲ ਦੇ ਤੌਰ ਤੇ 28 ਅਪਰੈਲ 1994 ਦੇ ਰੋਜ਼ਾਨਾ 'ਅਜੀਤ' 'ਚ 'ਅਕਾਲੀ ਏਕਤਾ ਬਾਰੇ ਅਸੂਲੀ ਪਹੁੰਚ ਅਪਨਾਈ ਜਾਵੇ' ਸਿਰਲੇਖ ਹੇਠ ਛਪੇ

***ਪ੍ਰੋ. ਭੁਪਿੰਦਰ ਸਿੰਘ, ਡਾ. ਗੁਰਭਗਤ ਸਿੰਘ ਜਾਂ ਬਲਕਾਰ ਸਿੰਘ ਸਭਨਾਂ ਨੂੰ ਹੀ ਪਤਾ ਹੋਣੈ ਕਿ 20ਵੀਂ ਸਦੀ ਦੇ ਮਹਾਨ ਸਿੱਖ ਚਿੰਤਕ ਪ੍ਰੋ. ਪੂਰਨ ਸਿੰਘ ਨੇ ਗੁਰਦੁਆਰਾ ਲਹਿਰ ਦੀ ਸਫਲਤਾ ਤੋਂ ਤੁਰੰਤ ਬਾਅਦ ਕੈਸੀ ਚਿਤਾਵਨੀ ਦਿੱਤੀ ਸੀ। ਉਨ੍ਹਾਂ ਸਾਫ ਕਿਹਾ ਸੀ ਕਿ "ਪੁਰਾਣੇ ਮਹੰਤਾਂ ਦੇ ਜੱਟ-ਜੱਫੇ ਤੋਂ ਤਾਂ ਛੁੱਟ ਗਏ ਜੇ-ਨਵੇਂ ਮਹੰਤ ਜਿਹੜੇ ਸਜਣੇ ਹਨ, ਉਨ੍ਹਾਂ ਤੋਂ ਸਾਰਾ ਜ਼ੋਰ ਲਗਾ ਕੇ ਵੀ ਤੁਹਾਥੋਂ ਛੁਟਿਆ ਨਹੀਂ ਜਾਵੇਗਾ।"***

'ਨਸੀਹਤਨਾਮੇ' ਵਿਚ 'ਅਕਾਲ ਤਖਤ ਦਾ ਰੋਲ' ਉਨਵਾਨ ਹੇਠ ਸ. ਅਜਮੇਰ ਸਿੰਘ ਲਿਖਦੇ ਹਨ: "ਅਕਾਲ ਤਖਤ ਵਲੋਂ ਸਿੱਖ ਰਾਜਨੀਤੀ ਵਿਚ ਦਖਲ ਦੇਣ ਨੂੰ ਉਚਿਤ ਜਾਂ ਅਣਉਚਿਤ ਠਹਿਰਾਉਣ ਦੀ ਬਹਿਸ ਚਿਰੋਕਣੀ ਮੁੱਕ/ਨਿੱਬੜ ਚੁੱਕੀ ਹੈ...ਸਿੱਖ ਧਰਮ ਦੇ ਸੰਦਰਭ ਵਿਚ ਜਦ ਧਰਮ ਤੇ ਰਾਜਨੀਤੀ ਦੇ ਅਟੁੱਟ ਰਿਸ਼ਤੇ ਦੀ ਗੱਲ ਕੀਤੀ ਜਾਂਦੀ ਹੈ ਤਾਂ ਇਸ ਦਾ ਅਰਥ ਧਰਮ ਨੂੰ ਰਾਜਨੀਤੀ ਦਾ ਹਥਿਆਰ ਬਣਾਉਣਾ ਕਦਾਚਿਤ ਨਹੀਂ; ਬਲਕਿ ਰਾਜਨੀਤੀ ਨੂੰ ਝੂਠ ਤੇ ਅਨੈਤਿਕਤਾ ਦੇ ਚਿੱਕੜ 'ਚੋਂ ਬਾਹਰ ਕੱਢ ਕੇ ਇਸ ਨੂੰ ਨੈਤਿਕ ਸੁੱਚਤਾ ਤੇ ਸੁਡੌਲਤਾ ਪ੍ਰਦਾਨ ਕਰਨੀ ਹੈ। ਸ੍ਰੀ ਹਰਿਮੰਦਰ ਸਾਹਿਬ ਦੀ ਸਿੱਧੀ ਨਜ਼ਰ ਵਿਚ ਖੜ੍ਹਾ ਸ੍ਰੀ ਅਕਾਲ ਤਖਤ ਸਾਹਿਬ ਰਾਜਨੀਤੀ ਉਤੇ ਧਰਮ (ਅਰਥਾਤ ਸੱਚ) ਦੀ ਪਹਿਰੇਦਾਰੀ ਦਾ ਸੰਕਲਪ ਉਭਾਰਦਾ ਹੈ।" ਦੇਖਿਆ ਜਾਵੇ ਤਾਂ ਹੁਣ ਇਹ ਅਜਮੇਰ ਸਿੰਘ ਦੀ ਸਾਰੀ ਨੇਕ ਬਿਰਤਾਂਤਕਾਰੀ ਹੈ। ਇਨ੍ਹਾਂ ਗੱਲਾਂ 'ਤੇ ਸਾਨੂੰ ਤਾਂ ਕੀ, ਕਿਸੇ ਨੂੰ ਵੀ ਕੀ ਇਤਰਾਜ਼ ਹੋ ਸਕਦਾ ਹੈ? ਅਜਮੇਰ ਸਿੰਘ ਨੂੰ ਪ੍ਰਸੰਨ ਹੋਣਾ ਚਾਹੀਦਾ ਹੈ ਕਿ ਅਜਿਹੇ ਨੁਕਤੇ 'ਤੇ ਪ੍ਰੋ. ਬਲਕਾਰ ਸਿੰਘ ਉਸ ਦੇ ਸਭ ਤੋਂ ਨੇੜੇ ਖੜ੍ਹੇ ਹਨ ਪਰ ਅਸੀਂ ਆਪਣੇ ਇਨ੍ਹਾਂ ਦੋਵਾਂ ਵਿਦਵਾਨਾਂ ਨੂੰ ਦਿਲੀ ਨਿਮਰਤਾ ਨਾਲ ਪੁੱਛਣਾ ਚਾਹਾਂਗੇ ਕਿ ਪੁਲਾਂ ਥੱਲਿਓਂ ਐਨੇ ਪਾਣੀ ਲੰਘ ਜਾਣ ਪਿਛੋਂ ਵੀ ਅਕਾਲ ਤਖਤ ਦੇ ਵੱਖ-ਵੱਖ ਜਥੇਦਾਰਾਂ ਦੀਆਂ ਸੁਵੱਲੀਆਂ ਸਲਾਹਾਂ ਮੰਨੀਆਂ ਕਿਉਂ ਨਹੀਂ ਗਈਆਂ?

ਸਾਰਾ ਜੱਗ ਜਾਣਦਾ ਹੈ ਕਿ ਸਾਲ 1994 'ਚ ਹੀ 'ਅੰਮ੍ਰਿਤਸਰ ਐਲਾਨਨਾਮਾ' ਡਾ. ਗੁਰਭਗਤ ਸਿੰਘ ਹੋਰਾਂ ਨੇ ਲਿਖਿਆ ਸੀ, ਕਿਉਂਕਿ ਐਲਾਨਨਾਮੇ ਵਿਚ ਵਰਤੀ ਗਈ 'ਵਿਸਮਾਦੀ' ਸ਼ਬਦਾਵਲੀ ਉਨ੍ਹਾਂ ਦੀ ਸ਼ਮੂਲੀਅਤ ਦੀ ਚੁਗ਼ਲੀ ਕਰੇ ਬਿਨਾ ਰਹਿ ਨਹੀਂ ਸਕਦੀ। ਉਸੇ ਦਿਨ ਤੋਂ ਹੀ ਉਹ ਸਿੱਖਾਂ/ਅਕਾਲੀਆਂ ਨੂੰ ਉਸ ਐਲਾਨਨਾਮੇ ਨੂੰ ਅਮਲੀ ਜਾਮਾ ਪਵਾਉਣ ਲਈ ਪ੍ਰੇਰਨ ਵਾਸਤੇ ਅਖਬਾਰਾਂ ਵਿਚ ਲੰਮੇ-ਲੰਮੇ ਲੇਖ ਲਿਖਦੇ ਆ ਰਹੇ ਹਨ। ਮੇਰੇ ਸਾਹਮਣੇ 17 ਅਕਤੂਬਰ 2010 ਦੇ 'ਪੰਜਾਬੀ ਟ੍ਰਿਬਿਊਨ' ਵਿਚ "ਵਿਸ਼ਵ ਲੋਕ ਰਾਜਾਂ ਦਾ ਅਗਲਾ ਰੂਪ:ਵਿਸਮਾਦੀ ਕਨਫੈਡਰੇਸ਼ਨ" ਸਿਰਲੇਖ ਹੇਠ ਛਪੇ ਉਨ੍ਹਾਂ ਦੇ ਲੇਖ ਦੀ ਕਾਤਰ ਪਈ ਹੈ। ਉਹ ਲਿਖਦੇ ਹਨ "ਹੁਣ ਕੁਝ ਪੱਛਮੀ ਚਿੰਤਕ ਇਹ ਮੰਨਣ ਲੱਗ ਪਏ ਹਨ ਕਿ ਉਨ੍ਹਾਂ ਦੀਆਂ ਕੌਮਾਂ ਦਾ ਇਤਿਹਾਸ ਅਜਿਹਾ ਹੈ ਕਿ ਉਹ (ਸਹੀ ਅਰਥਾਂ ਵਿਚ ਸੰਗਤੀ) ਭਾਈਚਾਰਾ ਨਹੀਂ ਉਸਾਰ ਸਕਦੀਆਂ। ਵੱਡੀ ਔਕੜ ਉਨ੍ਹਾਂ ਨੂੰ ਆਰਕਟਾਈਪਲ ਚੇਤਨਤਾ ਹੈ। ਉਸ ਵਿਚ ਕੁਝ ਅਜਿਹੇ ਚਿੰਨ੍ਹ ਜਾਂ ਬਿੰਬ ਬੈਠੇ ਹੋਏ ਹਨ ਜੋ ਭਾਈਚਾਰਾ ਉਸਾਰਨ ਵਾਲੀ ਬਿਰਤੀ ਬਣਨ ਨਹੀਂ ਦਿੰਦੀ ਜਿਵੇਂ ਅਧੁਨਿਕ ਇਤਾਲਵੀ ਚਿੰਤਕ ਰੋਬਰਤੋ ਐਸਪੋਸੀਤੋ ਨੇ ਇਹ ਧਾਰਨਾ ਦਿੱਤੀ ਹੈ ਕਿ ਪੱਛਮੀ ਕੌਮਾਂ ਦੀ ਚੇਤਨਾ ਬਾਈਬਲ ਵਿਚ ਵਾਪਰੇ ਐਬੇਲ ਦੇ ਕਤਲ ਤੋਂ ਬਹੁਤ ਪ੍ਰਭਾਵਿਤ ਹੈ। ਐਬੇਲ ਆਦਮ ਤੇ ਹਵਾ ਦਾ ਛੋਟਾ ਪੁੱਤਰ ਸੀ। ਰੱਬ ਨੇ ਉਸ ਦੀ ਕੁਰਬਾਨੀ ਲਈ ਪ੍ਰਾਰਥਨਾ ਮੰਨ ਲਈ ਪਰ ਵੱਡੇ ਪੁੱਤਰ ਕੇਨ ਦੀ ਨਹੀਂ ਮੰਨੀ। ਉਸ ਨੇ ਗੁੱਸੇ ਵਿਚ ਆ ਕੇ ਐਬੇਲ ਨੂੰ ਕਤਲ ਕਰ ਦਿੱਤਾ। ਇੰਜ ਕਤਲ ਤੋਂ ਪਿੱਛੋਂ ਭਾਈਚਾਰਾ ਟੁੱਟ ਗਿਆ। ਐਸਪੋਸੀਤੋ ਦੀ ਵਿਆਖਿਆ ਅਨੁਸਾਰ ਹੁਣ ਸਮੂਹ ਪੱਛਮੀ ਚਿੰਤਨ ਭਾਈਚਾਰਾ ਉਸਾਰਨਾ ਵੀ ਚਾਹੁੰਦਾ ਹੈ ਪਰ ਨਾਲ ਹੀ ਭਾਈਚਾਰੇ ਜਾਂ ਸੰਗਤ ਵਿਚ ਮੌਜੂਦ ਕਤਲ ਦੀ ਸੰਭਾਵਨਾ ਨੂੰ ਵੀ ਭੁੱਲ ਨਹੀਂ ਸਕਦਾ। ਇਸ ਲਈ ਪੱਛਮੀ ਚਿੰਤਨ ਦੀ ਸੰਕਲਪਿਤ ਪਾਰਲੀਮਾਨੀ ਜਮਹੂਰੀਅਤ ਵਿਚ ਵਿਅਕਤੀ ਅਤੇ ਵਿਅਕਤੀਵਾਦ 'ਤੇ ਵਧੇਰੇ ਬਲ ਬਣਿਆ ਰਹਿੰਦਾ ਹੈ।...(ਪਰ) ਕੁੱਲ ਵਿਸ਼ਵ ਨੂੰ ਭਾਈਚਾਰਕ ਸਮਾਜ ਬਣਾਉਣ ਵਾਸਤੇ ਹਰ ਦੇਸ਼, ਹਰ ਸਮਾਜ ਨੂੰ ਇੱਕ ਵਿਸ਼ਾਲ ਕਨਫੈਡਰੇਸ਼ਨ ਬਣਾਉਣ ਦੀ ਲੋੜ ਹੈ।...(ਪਰ) ਇਹ ਤਦ ਹੀ ਹੋ ਸਕਦਾ ਹੈ ਜੇ ਪੂੰਜੀ ਦੇ ਤਸੱਵਰ ਨੂੰ ਵਿਸਮਾਦੀ ਬਣਾਇਆ ਜਾਵੇ। ਇਹ ਬੜੀ ਹੈਰਾਨੀ ਦੀ ਗੱਲ ਹੈ ਕਿ ਵਿਸਮਾਦ ਦਾ ਸੰਕਲਪ ਅਤੇ ਅਭਿਆਸ ਭਾਰਤ ਦੇ ਸਿੱਖ ਵਿਰਸੇ ਵਿਚ ਵਿਕਸਤ ਹੋਇਆ ਹੈ। ਵਿਸਮਾਦ ਕੇਵਲ ਰਹੱਸਮਈ ਅਵਸਥਾ ਨਹੀਂ। ਇਹ ਰਹੱਸ ਖੋਲ੍ਹਣ ਅਤੇ ਰਹੱਸ ਅਭਿਆਸਣ ਦਾ ਸੰਕਲਪ ਵੀ ਹੈ, ਜਿਸ ਨੂੰ ਨਵੀਆਂ ਆਰਥਿਕ ਅਤੇ ਰਾਜਨੀਤਕ ਸੰਰਚਨਾਵਾਂ ਵਿਚ ਬਦਲਿਆ ਜਾ ਸਕਦਾ ਹੈ। ਹਰ ਵਿਅਕਤੀ, ਹਰ ਸਮਾਜ, ਹਰ ਸਭਿਆਚਾਰ ਰਹੱਸ ਹੈ, ਆਪਸੀ ਰਿਸ਼ਤੇ, ਸਰਬਾਂਗੀ ਅਮੀਰੀ ਅਤੇ ਮਨੁੱਖ ਹਿਤੈਸ਼ੀ ਹੋਣ ਲਈ ਵਿਸਮਾਦੀ ਅਭਿਆਸ ਕਾਰਗਰ ਹੋ ਸਕਦੇ ਹਨ। ਦੂਸਰੇ ਪ੍ਰਕਿਰਤੀ ਦੇ ਅਮੁੱਕ ਭੇਦਾਂ ਨੂੰ ਜਾਣ ਕੇ ਅਤੇ ਚੇਤਨਤਾ ਅਤੇ ਸੰਸਥਾਵਾਂ ਨਾਲ ਜੋੜ ਕੇ ਹੀ ਇਹ ਪ੍ਰਾਪਤੀ ਹੋ ਸਕਦੀ ਹੈ।... (ਅਖੇ) ਅੱਜ ਦੀ ਸਥਿਤੀ ਵਿਚ ਕੈਨੇਡਾ ਤੋਂ ਬਾਅਦ ਭਾਰਤ ਹੀ ਅਜਿਹਾ ਦੇਸ਼ ਹੈ ਜੋ ਵਿਸਮਾਦੀ ਕਨਫੈਡਰੇਸ਼ਨ ਉਸਾਰ ਸਕਦਾ ਹੈ ਪਰ ਸ਼ਰਤ ਇਹ ਹੈ ਕਿ ਪੱਛਮ ਦਾ ਇਕ ਕੌਮੀ ਮਾਡਲ ਤਿਆਗ ਦੇਵੇ।... ਭਾਰਤ ਇਕ ਬਹੁ-ਕੌਮੀ, ਬਹੁ-ਸਭਿਆਚਾਰਕ ਦੇਸ਼ ਹੈ। ਇੱਥੋਂ ਦੇ ਲੋਕਾਂ ਨੇ ਬਹੁ-ਕੌਮੀ, ਬਹੁ-ਅਭਿਆਸੀ ਹੋਣ ਦੀ ਜਾਚ ਸਿੱਖੀ ਹੋਈ ਹੈ। ਇਸ ਵਿਚ ਜੋ ਤਰੇੜਾਂ ਪੱਛਮ ਦੇ ਇੱਕ ਕੌਮਵਾਦੀ ਮਾਡਲ ਅਪਨਾਉਣ ਕਾਰਨ ਆਈਆਂ ਹਨ, ਉਨ੍ਹਾਂ ਨੂੰ ਸੋਧਿਆ ਜਾ ਸਕਦਾ ਹੈ।"

ਉਮੀਦ ਕਰਦਾ ਹਾਂ ਕਿ 'ਪੰਜਾਬ ਟਾਈਮਜ਼' ਦੇ ਪਾਠਕ ਮੈਨੂੰ ਲੰਮੀਆਂ-ਲੰਮੀਆਂ ਟੂਕਾਂ ਦੇਣ ਲਈ ਮੁਆਫ ਕਰਨਗੇ। ਪਰ ਇਹ ਜਰੂਰ ਵੇਖਣ ਕਿ ਡਾ. ਗੁਰਭਗਤ ਸਿੰਘ ਵਰਗੇ ਤੁੰਦ ਵਿਦਵਾਨ ਕੈਸੇ-ਕੈਸੇ ਮਾਇਆਵੀ ਸ਼ਬਦ-ਜਾਲ ਬੁਣ ਰਹੇ ਹਨ। ਆਖ਼ਰ ਇਨ੍ਹਾਂ ਨੂੰ ਹਕੀਕਤ ਵਿਚ ਉਤਾਰਨਾ ਕਿਵੇਂ ਹੈ? ਰੋਬਰਤੋ ਐਸ ਪੋਸੀਤੋ ਨਿਸਚੇ ਹੀ ਭਾਈਚਾਰੇ ਬਾਬਤ ਗੱਲ ਕਰਨ ਵਾਲਾ ਅਤਿ-ਆਧੁਨਿਕ ਅਤੇ ਹੁਣੇ-ਹੁਣੇ ਚਰਚਾ ਵਿਚ ਆਇਆ ਇਤਾਲਵੀ ਚਿੰਤਕ ਹੈ ਪਰ ਉਹ ਬਾਈਬਲ ਦੀਆਂ ਕਹਾਣੀਆਂ ਦੇ ਅਤਿ-ਕਥਨ ਨਾਲ ਪਹਿਲਾਂ ਹੀ ਜਿਸ ਤਰ੍ਹਾਂ ਦਾ ਧੁੰਦੂਕਾਰਾ ਫੈਲਾਈ ਬੈਠਾ ਹੈ, ਡਾ. ਗੁਰਭਗਤ ਸਿੰਘ ਉਨ੍ਹਾਂ ਦੀਆਂ ਦਲੀਲਾਂ ਨੂੰ ਅੱਗਿਓਂ ਪੰਜਾਬੀ ਸਮਾਜ ਦੀਆਂ ਬਿਲਕੁਲ ਹੀ ਵੱਖਰੀਆਂ ਹਕੀਕਤਾਂ 'ਤੇ ਲਾਗੂ ਕਰਨ ਲਈ ਤਹੂ ਹੋਏ ਫਿਰਦੇ ਹਨ। ਇਸ ਦਾ ਸਿੱਟਾ ਕੀ ਨਿਕਲ ਸਕਦਾ ਹੈ, ਸਭ ਜ਼ਾਹਿਰ ਹੀ ਹੈ। ਇਸ ਤੋਂ ਪਹਿਲਾਂ ਡਾ. ਗੁਰਭਗਤ ਸਿੰਘ ਹੋਰਾਂ ਨੇ 20 ਜੂਨ 2010 ਦੇ 'ਪੰਜਾਬੀ ਟ੍ਰਿਬਿਊਨ' ਵਿਚ 'ਪੰਜਾਬੀ ਚਿੰਤਨ ਨੂੰ ਅੱਗੇ ਤੋਰਨ ਦੀ ਲੋੜ: ਤੀਸਰੇ ਸੁਪਨੇ ਦੀ ਤਲਾਸ਼' ਸਿਰਲੇਖ ਹੇਠ ਅਜਿਹਾ ਹੀ ਇਕ ਹੋਰ ਲੇਖ ਲਿਖਿਆ ਸੀ। ਬਾਅਦ ਵਿਚ ਇਹੋ ਲੇਖ 'ਪੰਜਾਬ ਦੇ ਸਿੱਖ ਵਿਰਸੇ ਵਿਚ ਮੌਜੂਦ ਹੈ ਤੀਜੇ ਸੁਪਨੇ ਦੀ ਨੀਂਹ' ਸਿਰਲੇਖ ਹੇਠ 'ਪੰਜਾਬ ਟਾਈਮਜ਼' ਦੇ 10 ਜੁਲਾਈ 2010 ਦੇ ਅੰਕ ਵਿਚ ਵੀ ਛਾਪਿਆ ਗਿਆ ਸੀ। ਇਸ ਲੇਖ ਅੰਦਰ ਡਾ. ਗੁਰਭਗਤ ਸਿੰਘ ਦੱਸਦੇ ਹਨ ਕਿ 'ਜੋ ਨਵਾਂ ਸੁਪਨਾ ਅਸੀਂ ਸਿਧਾਂਤਬੱਧ ਕਰਨਾ ਚਾਹੁੰਦੇ ਹਾਂ ਉਸ ਲਈ ਸੁਝਾਅ ਪੰਜਾਬ ਦੇ ਸਿੱਖ ਵਿਰਸੇ ਵਿਚ ਮੌਜੂਦ ਹੈ। ਇਸ ਨਵੇਂ ਸੁਪਨੇ ਦਾ ਧੁਰਾ ਸੂਦ ਆਧਾਰਤ ਪੂੰਜੀ ਨਹੀਂ ਹੋਵੇਗਾ ਸਗੋਂ ਵਿਸਮਾਦੀ ਪੂੰਜੀ ਪ੍ਰਭਾਸ਼ਿਤ ਕਰੇਗੀ।... ਪੰਜਾਬ ਦੇ ਸਿੱਖ ਵਿਰਸੇ ਵਿਚ ਵਿਸਮਾਦ ਦਾ ਸੰਕਲਪ, ਰਿਗਵੇਦ ਦੇ ਰਿਸ਼ੀਆਂ ਤੋਂ ਲੈ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਬਾਣੀਕਾਰਾਂ ਦੀ ਅਣਥੱਕ ਚਿੰਤਨੀ, ਅਭਿਆਸੀ ਖੋਜ ਤਕ ਪਹੁੰਚਿਆ ਹੋਇਆ ਹੈ ਜੋ ਵੱਡੀ ਪ੍ਰਾਪਤੀ ਹੈ। ਇਸ ਨੂੰ ਸਮਝ ਕੇ ਵਰਤਣ ਨਾਲ ਵਿਸਮਾਦੀ ਪੂੰਜੀ ਉਤੇ ਆਧਾਰਤ ਸਰਬਾਂਗੀ ਵਿਕਾਸ ਵਾਲੇ ਸੁਪਨੇ ਦੀ ਸਾਜਨਾ ਕੀਤੀ ਜਾ ਸਕਦੀ ਹੈ।'

ਸਾਫ ਜ਼ਾਹਰ ਹੈ ਇੱਥੇ ਡਾ. ਗੁਰਭਗਤ ਸਿੰਘ ਹੱਕ, ਸੱਚ, ਇਨਸਾਫ 'ਤੇ ਆਧਾਰਤ ਨਵੇਂ ਸਮਾਜ ਦੀ ਸਿਰਜਣਾ ਲਈ ਪ੍ਰਵਚਨ ਪੱਧਰ ਤੋਂ ਅਗਾਂਹ ਕਿਸੇ ਆਰਥਿਕ/ਪਦਾਰਥਕ ਅਧਾਰਮੁਖੀ ਵਿਸ਼ਲੇਸ਼ਣ ਦੇ ਜੋਖਮ ਵਿਚ ਭਲੇ ਹੀ ਨਹੀਂ ਪੈਂਦੇ ਪਰ ਉਹ ਗੁਰਬਾਣੀ ਚਿੰਤਨ ਨੂੰ ਪ੍ਰਾਚੀਨ ਭਾਰਤੀ ਰਿਗਵੈਦਿਕ-ਰੂਹਾਨੀ ਪਰੰਪਰਾ ਵਿਚ ਹੀ ਵਿਗਸਦਾ ਵੇਖ ਰਹੇ ਹਨ। ਹਰ ਪ੍ਰਕਾਰ ਦੇ ਇਨਸਾਨੀ ਦੁੱਖ, ਦਰਦ ਦੇ ਕਾਰਨਾਂ ਨੂੰ ਬ੍ਰਾਹਮਣਵਾਦ ਦੇ ਸਰਾਪ ਤੱਕ ਘਟਾ ਕੇ ਵਿਖਾਉਣ ਦੀ ਰੁਚੀ ਉਨ੍ਹਾਂ ਦੀਆਂ ਤਾਜ਼ਾ ਲਿਖਤਾਂ ਵਿਚੋਂ ਕਾਫੀ ਹੱਦ ਤੱਕ ਚਿਰੋਕਣੀ ਗਾਇਬ ਹੋ ਚੁੱਕੀ ਹੈ। ਇਸੇ ਸੰਦਰਭ ਵਿਚ ਅਜਮੇਰ ਸਿੰਘ ਵੱਲੋਂ ਰੋਜ਼ਾਨਾ 'ਅਜੀਤ' ਵਿਚ "ਅਕਾਲੀ ਦਲ ਦੀਆਂ ਰਾਜਨੀਤਕ ਸਾਂਝਾਂ-ਇਕ ਸਿਧਾਂਤਕ ਦ੍ਰਿਸ਼ਟੀਕੋਣ" ਨਾਂ ਦੇ 'ਸੰਘਣੇ ਸਿਧਾਂਤਕ' ਲੇਖ ਨੂੰ ਵਾਚਣਾ ਵੀ ਕੁਥਾਂ ਨਹੀਂ ਹੋਵੇਗਾ। 'ਹਿੰਦੂ ਭਾਈਚਾਰਾ' ਉਪ ਸਿਰਲੇਖ ਹੇਠ ਅਜਮੇਰ ਸਿੰਘ ਦੀ ਉਸ ਸਾਲ ਦੀ ਸਮਝ ਅਨੁਸਾਰ "ਗਲਤਫਹਿਮੀ ਦੀ ਗੁੰਜਾਇਸ਼ ਦੂਰ ਕਰਨ ਲਈ ਇਹ ਸਪੱਸ਼ਟ ਕਰਨਾ ਜਰੂਰੀ ਹੈ ਕਿ ਇਥੇ ਪੰਜਾਬ ਦੇ ਸਮੁੱਚੇ ਹਿੰਦੂ ਭਾਈਚਾਰੇ ਨੂੰ ਦੁਸ਼ਮਣ ਗਰਦਾਨਣ ਜਾਂ ਉਸ ਨੂੰ ਪੰਜਾਬ ਦੇ ਹੱਕ-ਹਿੱਤਾਂ ਦੀ ਲੜਾਈ ਦੇ ਘੇਰੇ ਤੋਂ ਬਾਹਰ ਰੱਖਣ ਦੀ ਕੋਈ ਵਜ੍ਹਾ ਨਹੀਂ ਹੈ। ਪੰਜਾਬ ਦੇ ਹਿੰਦੂ ਭਾਈਚਾਰੇ ਦੀ ਪੰਜਾਬ ਦੀਆਂ ਮੰਗਾਂ ਲਈ ਸੰਘਰਸ਼ ਵਿਚ ਸ਼ਮੂਲੀਅਤ ਕਰਵਾਉਣ ਲਈ ਹਰ ਸੰਭਵ ਉਪਰਾਲਾ ਜੁਟਾਇਆ ਜਾਣਾ ਚਾਹੀਦਾ ਹੈ। ਅਜਿਹਾ ਹੋ ਜਾਂਦਾ ਹੈ, ਤਾਂ ਇਸ ਨਾਲ ਪੰਥ ਤੇ ਪੰਜਾਬ ਦੋਵਾਂ ਦੇ ਹਿੱਤਾਂ ਨੂੰ ਬੇਓੜਕ ਤਕੜਾਈ ਮਿਲੇਗੀ।"

***ਹੈਰਾਨੀ ਹੁੰਦੀ ਹੈ ਕਿ ਇਸ ਲੇਖ ਵਿਚ ਅਜਮੇਰ ਸਿੰਘ ਇਥੋਂ ਤਕ ਕਹਿਣ ਤੱਕ ਚਲਾ ਜਾਂਦਾ ਹੈ ਕਿ ਹਰ ਸੱਚਾ ਸਿੱਖ ਤੇ ਹਰ ਸੱਚਾ ਪੰਜਾਬੀ ਇਸ ਤਰ੍ਹਾਂ ਸਾਕਾਰ ਹੋਣ ਵਾਲੀ ਹਿੰਦੂ-ਸਿੱਖ ਮੁਹੱਬਤ ਦੀ ਸੁਭਾਗੀ ਘੜੀ ਨੂੰ ਜੀ ਆਇਆਂ ਕਹਿਣ ਲਈ ਬਿਹਬਲ ਹੈ। ਨਿਰਸੰਦੇਹ, ਅੱਗੋਂ ਉਹ ਇਸ ਸੁਭਾਗੀ ਘੜੀ ਲਈ ਔਕੜਾਂ ਵੀ ਗਿਣਾਉਂਦਾ ਹੈ। ਪਰ ਅਹਿਮ ਗੱਲ ਇਥੇ ਇਹ ਹੈ ਕਿ ਜੇ ਹਿੰਦੂ-ਸਿੱਖ ਮੁਹੱਬਤ ਹੋ ਜਾਵੇ ਤਾਂ ਉਹ ਬੜੇ ਸਾਫ ਅਤੇ ਸਪੱਸ਼ਟ ਸ਼ਬਦਾਂ ਵਿਚ ਉਸ ਨੂੰ ਸ਼ੁਭ ਘੜੀ ਮੰਨਦਾ ਹੈ। ਲੱਗਦਾ ਹੈ ਕਿ ਇਸ ਮੋੜ ਤਕ ਉਸ ਦੀ ਪੁਜੀਸ਼ਨ ਪ੍ਰੋ. ਭੁਪਿੰਦਰ ਸਿੰਘ ਦੀ ਸੰਵੇਦਨਸ਼ੀਲ/ਦਾਨਸ਼ਵਾਰਾਨਾ ਪਹੁੰਚ ਤੋਂ ਅੰਤਿਮ ਭਾਵਨਾ ਦੇ ਰੂਪ ਵਿਚ ਸ਼ਾਇਦ ਬਹੁਤੀ ਵੱਖਰੀ ਨਹੀਂ ਹੈ।***


ਹੈਰਾਨੀ ਹੁੰਦੀ ਹੈ ਕਿ ਇਸ ਲੇਖ ਵਿਚ ਅਜਮੇਰ ਸਿੰਘ ਇਥੋਂ ਤਕ ਕਹਿਣ ਤੱਕ ਚਲਾ ਜਾਂਦਾ ਹੈ ਕਿ ਹਰ ਸੱਚਾ ਸਿੱਖ ਤੇ ਹਰ ਸੱਚਾ ਪੰਜਾਬੀ ਇਸ ਤਰ੍ਹਾਂ ਸਾਕਾਰ ਹੋਣ ਵਾਲੀ ਹਿੰਦੂ-ਸਿੱਖ ਮੁਹੱਬਤ ਦੀ ਸੁਭਾਗੀ ਘੜੀ ਨੂੰ ਜੀ ਆਇਆਂ ਕਹਿਣ ਲਈ ਬਿਹਬਲ ਹੈ। ਨਿਰਸੰਦੇਹ, ਅੱਗੋਂ ਉਹ ਇਸ ਸੁਭਾਗੀ ਘੜੀ ਲਈ ਔਕੜਾਂ ਵੀ ਗਿਣਾਉਂਦਾ ਹੈ। ਪਰ ਅਹਿਮ ਗੱਲ ਇਥੇ ਇਹ ਹੈ ਕਿ ਜੇ ਹਿੰਦੂ-ਸਿੱਖ ਮੁਹੱਬਤ ਹੋ ਜਾਵੇ ਤਾਂ ਉਹ ਬੜੇ ਸਾਫ ਅਤੇ ਸਪੱਸ਼ਟ ਸ਼ਬਦਾਂ ਵਿਚ ਉਸ ਨੂੰ ਸ਼ੁਭ ਘੜੀ ਮੰਨਦਾ ਹੈ। ਲੱਗਦਾ ਹੈ ਕਿ ਇਸ ਮੋੜ ਤਕ ਉਸ ਦੀ ਪੁਜੀਸ਼ਨ ਪ੍ਰੋ. ਭੁਪਿੰਦਰ ਸਿੰਘ ਦੀ ਸੰਵੇਦਨਸ਼ੀਲ/ਦਾਨਸ਼ਵਾਰਾਨਾ ਪਹੁੰਚ ਤੋਂ ਅੰਤਿਮ ਭਾਵਨਾ ਦੇ ਰੂਪ ਵਿਚ ਸ਼ਾਇਦ ਬਹੁਤੀ ਵੱਖਰੀ ਨਹੀਂ ਹੈ।

ਅਸਲ ਵਿਚ ਸੱਚ ਤਾਂ ਇਹ ਹੈ ਕਿ 'ਵੀਹਵੀਂ ਸਦੀ ਦੀ ਸਿੱਖ ਰਾਜਨੀਤੀ' ਵਾਲੀ ਅਤਿ ਨਾਂਹ-ਪੱਖੀ ਸੁਰ ਤੱਕ ਪਹੁੰਚਣ ਤੋਂ ਪਹਿਲਾਂ ਇਸ ਨਵੇਂ ਉਠੇ ਸਿੱਖ "ਚਿੰਤਕ" ਦੀ ਦ੍ਰਿਸ਼ਟੀ ਅਨੇਕਾਂ ਤੈਹਾਂ ਅਤੇ ਵਿਰੋਧਾਭਾਸਾਂ ਵਿਚੋਂ ਗੁਜ਼ਰਦੀ ਹੈ। ਮਸਲਨ 5 ਨਵੰਬਰ ਅਤੇ 12 ਨਵੰਬਰ ਸੰਨ 2000 ਦੇ 'ਪੰਜਾਬੀ ਟ੍ਰਿਬਿਊਨ' ਦੇ ਐਤਵਾਰੀ ਐਡੀਸ਼ਨਾਂ ਵਿਚ "ਸਿੱਖ ਫਲਸਫ਼ਾ ਤੇ ਕਮਿਊਨਿਸਟ ਵਿਚਾਰਧਾਰਾ:ਕਲਿਆਣਕਾਰੀ ਮਨੋਰਥਾਂ ਦੀ ਸਾਂਝ" ਸਿਰਲੇਖ ਹੇਠ ਲਿਖੇ ਉਸ ਦੇ ਦੋ ਅਹਿਮ 'ਦਾਰਸ਼ਨਿਕ ਲੇਖ' ਵਿਚਾਰੇ ਜਾ ਸਕਦੇ ਹਨ। ਕਦੀ ਸਮਾਂ ਮਿਲਿਆ ਤਾਂ ਮੈਂ ਇਨ੍ਹਾਂ ਦੋਵੇਂ ਲੇਖਾਂ ਵਿਚ ਛੁਪੇ ਆਪਾ-ਵਿਰੋਧਾਂ ਨੂੰ ਨਿਖ਼ਾਰਨ ਲਈ ਪੂਰੀ ਪੁਸਤਕ ਲਿਖਣ ਦੀ ਕੋਸ਼ਿਸ਼ ਕਰਾਂਗਾ। ਪਰ ਹਾਲ ਦੀ ਘੜੀ ਪਾਠਕਾਂ ਲਈ ਪੇਸ਼ ਹੈ ਇਨ੍ਹਾਂ ਲੇਖਾਂ ਵਿਚੋਂ ਹੀ ਨਮੂਨੇ ਮਾਤਰ ਪਹਿਰਾ,

"ਸਿੱਖ ਆਗੂਆਂ ਦੁਆਰਾ ਸਿੱਖ ਸਿਧਾਂਤਾਂ ਤੇ ਪਰੰਪਰਾ ਅੰਦਰ ਧਰਮ ਤੇ ਰਾਜਨੀਤੀ ਦੇ ਸੁਮੇਲ ਦੀ ਮੁਹਾਰਨੀ ਤਾਂ ਬਹੁਤ ਪੜ੍ਹੀ ਜਾਂਦੀ ਰਹੀ ਪਰ ਸਿੱਖੀ ਦੇ ਨਜ਼ਰੀਏ ਤੋਂ ਮਨੁੱਖੀ ਆਜ਼ਾਦੀ ਦਾ ਰਾਜਨੀਤਕ ਪੈਂਤੜਾ ਉਭਾਰਨ ਅਤੇ ਇਸ ਦਾ ਸੰਸਾਰ ਭਰ ਵਿਚ ਚਲ ਰਹੀਆਂ ਆਜ਼ਾਦੀ ਦੀਆਂ ਲਹਿਰਾਂ ਨਾਲ ਸੰਯੋਗ ਕਰਨ ਦੀ ਦਿਸ਼ਾ ਵੱਲ ਕੋਈ ਨਿੱਗਰ ਤਾਂ ਕੀ ਕੋਈ ਨਿਤਾਣਾ ਜਿਹਾ ਯਤਨ ਵੀ ਕਦੀ ਸਾਹਮਣੇ ਨਹੀਂ ਆਇਆ।" ਅਜਮੇਰ ਸਿੰਘ ਅੱਗੋਂ ਬੜੀ ਹੀ ਸਾਫ ਅੰਤਰਦ੍ਰਿਸ਼ਟੀ ਨਾਲ ਦਸਦਾ ਹੈ ਕਿ "ਮੁੱਖ ਕਾਰਨ ਅਜਿਹਾ ਹੋਣ ਦਾ ਇਹ ਸੀ ਕਿ ਸਿੱਖ ਪੰਥ ਦੀ ਧਾਰਮਿਕ ਤੇ ਰਾਜਨੀਤਕ ਵਾਗਡੋਰ ਅਜਿਹੇ ਵਰਗਾਂ ਦੇ ਹੱਥਾਂ ਵਿਚ ਸੀ ਜੋ ਜਾਂ ਤਾਂ ਆਪਣੇ ਲੋਟੂ ਜਮਾਤੀ ਖਾਸੇ ਦੀ ਵਜ੍ਹਾ ਕਰਕੇ ਇਸ ਰਾਹ ਝਾਕਣਾ ਹੀ ਨਹੀਂ ਸੀ ਚਾਹੁੰਦੇ ਅਤੇ ਜਾਂ ਫਿਰ ਆਪਣੀ ਪਿਛਾਖੜੀ ਰਾਜਸੀ ਵਿਚਾਰਧਾਰਾ ਦੀ ਬਦੌਲਤ ਅਜਿਹੀ ਸਾਰਥਕ ਮਾਨਵਵਾਦੀ ਭੂਮਿਕਾ ਨਿਭਾਉਣ ਦਾ ਤੰਤ ਜਾਂ ਰੁਚੀ ਦੋਵੇਂ ਹੀ ਨਹੀਂ ਸਨ ਰੱਖਦੇ।" ਕਮਾਲ ਦੀ ਗੱਲ ਹੈ ਕਿ ਅਜਮੇਰ ਸਿੰਘ ਇਥੇ ਹੀ ਨਹੀਂ ਰੁਕਦਾ ਬਲਕਿ ਉਹ ਇਕ ਹੋਰ ਪਤੇ ਦਾ ਨੁਕਤਾ ਉਠਾਉਂਦਾ ਹੈ ਕਿ ਇਹੋ ਕਾਰਨ ਸੀ ਕਿ "ਸਿੱਖੀ ਦੇ ਅਸਲੀ ਵਾਰਸਾਂ, ਗਰੀਬ ਤੇ ਲਿਤਾੜੇ ਵਰਗਾਂ ਨੂੰ ਜ਼ਿੰਦਗੀ ਦੇ ਤਰਕ ਖੇਤਰ ਅੰਦਰ ਦਰ-ਕਿਨਾਰ ਕਰਕੇ ਰਖਿਆ ਹੋਣ ਕਰਕੇ ਸਿੱਖ ਧਰਮ ਦੀ ਮੌਲਿਕ-ਕਰਤਾਰੀ ਆਭਾ ਖਿੜਨੋਂ ਰਹਿ ਗਈ ਅਤੇ ਇਸ ਦੀਆਂ ਦੁਨੀਆਂ ਅੰਦਰ ਸਭ ਤੋਂ ਇਨਕਲਾਬੀ ਤੇ ਸਭ ਤੋਂ ਵੱਧ ਮਨੁੱਖ-ਹਿਤਕਾਰੀ ਧਰਮ ਵਜੋਂ ਠੁਕ ਸਥਾਪਤ ਕਰਨ ਦੀਆਂ ਉਜਲ ਸੰਭਾਵਨਾਵਾਂ ਤੇ ਸਮਰੱਥਾਵਾਂ ਇਤਿਹਾਸ ਦੇ ਰਸਤਿਆਂ ਉਪਰ ਅਜਾਈਂ ਰੁਲ ਕੇ ਰਹਿ ਗਈਆਂ।"

ਇੱਥੇ ਮੁੜ ਅਜਮੇਰ ਸਿੰਘ ਡਾ. ਗੁਰਭਗਤ ਸਿੰਘ, ਪ੍ਰੋ. ਬਲਕਾਰ ਸਿੰਘ ਅਤੇ ਪ੍ਰੋ. ਭੁਪਿੰਦਰ ਸਿੰਘ ਵਾਂਗ ਹੀ ਸਿੱਖ ਗੁਰੂ ਸਾਹਿਬਾਨ ਦੇ ਆਸ਼ਿਆਂ ਅਨੁਸਾਰ ਭਾਈਚਾਰਕ ਸਾਂਝਾਂ ਤੇ ਹੱਕ-ਸੱਚ 'ਤੇ ਆਧਾਰਤ ਸਿੱਖ-ਪੰਜਾਬੀ ਸਮਾਜ ਨਾ ਉਸਰ ਸਕਣ ਦੇ ਆਰਥਿਕ-ਸਮਾਜਿਕ-ਇਤਿਹਾਸਕ ਪ੍ਰਕਰਣ ਦੇ ਵਿਸ਼ਲੇਸ਼ਣ ਵਿਚ ਭਾਵੇਂ ਨਹੀਂ ਪੈਂਦਾ ਪਰ ਇਸ ਮੋੜ 'ਤੇ ਵੀ ਅਜਮੇਰ ਸਿੰਘ ਦੀ ਕਲਮ ਵਿਚੋਂ ਉਹ ਜ਼ਹਿਰ ਅਲੋਪ ਹੈ, ਜੋ ਉਸ ਦੀ ਬਾਅਦ ਦੀ ਪੁਸਤਕ ਲੜੀ ਵਿਚ ਹਰੇਕ ਪੰਨੇ ਅਤੇ ਹਰ ਸਤਰ ਵਿਚ ਹੀ ਪੱਕੀ ਸਿਆਹੀ ਵਾਂਗ ਫੈਲਣੀ ਸ਼ੁਰੂ ਹੋ ਜਾਂਦੀ ਹੈ।

ਜ਼ਾਹਰ ਹੈ, ਸੰਨ 2000 ਤੱਕ ਵੀ ਅਜਮੇਰ ਸਿੰਘ ਸਪੱਸ਼ਟ ਰੂਪ ਵਿਚ ਦੋਵੇਂ ਹੱਥ ਖੜ੍ਹੇ ਕਰਕੇ ਗਵਾਹੀ ਭਰਦਾ ਨਜ਼ਰ ਆਉਂਦਾ ਹੈ ਕਿ ਸਿੱਖ ਰਾਜਨੀਤਕ ਲੀਡਰਸ਼ਿਪ ਗੁਰੂ ਸਾਹਿਬਾਨ ਜਾਂ ਸਿੱਖ ਧਰਮ ਦੇ ਮਹਾਨ ਆਦਰਸ਼ਾਂ-ਆਸ਼ਿਆਂ ਨੂੰ ਚਿਰੋਕਣੇ ਹੀ ਛੱਡ ਚੁੱਕੀ ਹੋਈ ਸੀ। ਮਾਸਟਰ ਤਾਰਾ ਸਿੰਘ ਹੋਵੇ ਜਾਂ ਪਿੱਛੋਂ ਜਾ ਕੇ ਸੰਤ ਫਤਿਹ ਸਿੰਘ, ਕਿਸੇ ਵੀ ਸਿੱਖ ਰਾਜਸੀ ਆਗੂ ਦੀ 'ਸਭੈ ਸਾਂਝੀਵਾਲ' ਦੇ ਮਹਾਨ ਆਦਰਸ਼ ਨੂੰ ਅਮਲੀ ਜਾਮਾ ਪਹਿਨਾਉਣ ਲਈ ਜੱਦੋਜਹਿਦ ਨਾਲ ਕੋਈ ਪ੍ਰਤੀਬੱਧਤਾ ਨਹੀਂ ਰਹਿ ਗਈ ਸੀ। ਉਨ੍ਹਾਂ ਦੇ ਆਪਣੇ ਰਾਜਸੀ ਮੁਹਾਵਰੇ ਵਿਚ ਉਨ੍ਹਾਂ ਦੀ ਸੁੱਚੀ ਸਿੱਖੀ ਸਪਿਰਟ ਵਿਚ ਕੋਈ ਨਿਹਚਾ ਨਹੀਂ ਸੀ। ਉਨ੍ਹਾਂ ਦੀਆਂ ਬਾਜ਼ ਨਿਗਾਹਾਂ ਵੀਹਵੀਂ ਸਦੀ ਵਿਚ ਉਭਰ ਰਹੀ ਜਮਹੂਰੀ ਪ੍ਰਣਾਲੀ ਵਿਚ ਸ਼ਰੀਕ ਹੋਰ ਅਨੇਕਾਂ ਪਾਰਟੀਆਂ ਦੇ ਨੇਤਾਵਾਂ ਵਾਂਗ ਹੀ ਕਿਸੇ ਵੀ ਝੂਠੇ-ਸੱਚੇ ਤਰੀਕੇ ਨਾਲ ਸਿਆਸੀ ਤਾਕਤ ਹੜੱਪਣ ਦੇ ਇੱਕੋ ਸੌੜੇ, ਕੇਂਦਰੀ ਨੁਕਤੇ 'ਤੇ ਕੇਂਦ੍ਰਿਤ ਸਨ।




ਪ੍ਰੋ. ਬਲਕਾਰ ਸਿੰਘ ਘਟੋ-ਘਟ ਇਸ ਨੁਕਤੇ 'ਤੇ ਬਿਲਕੁਲ ਸਾਫ ਹਨ। ਉਹ ਗੁਰੂ ਆਸ਼ਿਆਂ ਨੂੰ ਛੱਡ ਕੇ ਅਕਾਲੀਆਂ ਦਾ ਵਿਹਾਰਮੁਖੀ ਡਿਫੈਂਸ ਲੈਂਦੇ ਹਨ ਅਤੇ ਮੰਗ ਕਰਦੇ ਹਨ ਕਿ ਉਨ੍ਹਾਂ ਦੀ 20ਵੀਂ ਸਦੀ ਦੀ ਸਿੱਖ ਰਾਜਨੀਤੀ ਨੂੰ ਹੋਰ ਰਾਜਸੀ ਪਾਰਟੀਆਂ ਜਾਂ ਸਾਡੇ ਵਕਤਾਂ ਦੇ ਇਤਿਹਾਸਕ ਪ੍ਰਸੰਗ ਵਿਚ ਹੀ ਵਾਚਿਆ ਜਾਵੇ-ਪ੍ਰਕਰਣ ਤੋਂ ਬਾਹਰ ਛਾਂਟ ਕੇ ਉਨ੍ਹਾਂ ਦੀ ਅਜਿਹੀ ਬੇਰਹਿਮੀ ਨਾਲ ਝਾੜ-ਝੰਬ ਨਾ ਕੀਤੀ ਜਾਵੇ ਜਿਸ ਤਰ੍ਹਾਂ ਕਿ ਅਜਮੇਰ ਸਿੰਘ ਆਪਣੀ ਪੁਸਤਕ ਤ੍ਰੈਲੜੀ ਵਿਚ ਕਰਦਾ ਲੱਗਦਾ ਹੈ। ਪ੍ਰੋ. ਬਲਕਾਰ ਸਿੰਘ ਇਹ ਸਪਸ਼ਟ ਨਹੀਂ ਕਰਦੇ ਕਿ ਅਕਾਲੀਆਂ ਨੇ ਵੀ ਰਾਜਨੀਤੀ ਜੇਕਰ ਗੁਰਬਾਣੀ ਸਿਧਾਂਤਾਂ ਅਨੁਸਾਰ ਨਹੀਂ, ਬਲਕਿ ਇਤਿਹਾਸ ਦੇ ਵਕਤੀ ਤਕਾਜ਼ਿਆਂ ਤਹਿਤ ਹੀ ਕਰਨੀ ਹੈ ਤਾਂ ਫਿਰ ਉਨ੍ਹਾਂ ਦੇ ਦਾਅਵੇ ਜਾਂ ਤਸੱਵਰ ਵਾਲੀ ਸੁਡੌਲ ਅਕਾਲੀਅਤ ਵਾਲੇ ਔਖੇ ਪੈਂਤੜੇ 'ਤੇ ਉਹ ਕਿੰਜ ਆਉਣਗੇ? ਸ਼ਾਇਦ ਉਨ੍ਹਾਂ ਦੀ ਪੁਜੀਸ਼ਨ ਵਿਚ ਮਹਾਨ ਯੂਨਾਨੀ ਯੋਧੇ ਐਚਲੀ ਦੀ ਜ਼ਖ਼ਮੀ ਅੱਡੀ ਵਰਗਾ ਉਹੋ ਨੰਗਾ ਨਾਜ਼ਕ ਨੁਕਤਾ ਮੌਜੂਦ ਹੈ, ਜਿਸ ਉਪਰ ਸ. ਅਜਮੇਰ ਸਿੰਘ ਆਪਣੇ ਪੈਰੋਕਾਰ ਪਰਮਜੀਤ ਸਿੰਘ ਗਾਜ਼ੀ ਕੋਲੋਂ ਹਮਲੇ ਦੀ ਸ਼ਿਸ਼ਤ ਲਗਵਾਉਣ ਦੀ ਚਾਲ ਖੇਡਣ ਦੀ ਕੋਸ਼ਿਸ਼ ਕਰਦੇ ਹਨ।

ਡਾ. ਗੁਰਭਗਤ ਸਿੰਘ ਵਿਸਮਾਦੀ ਪੂੰਜੀ 'ਤੇ ਆਧਾਰਤ ਅਫਲਾਤੂਨੀ/ਸੁਪਨਈ 'ਰਿਪਬਲਿਕ' ਬਣਾਉਣਾ ਲੋਚਦੇ ਹਨ ਅਤੇ ਅਜਿਹੇ ਸੁਪਨੇ ਨੂੰ ਸਾਕਾਰ ਕਰਨ ਦੇ ਸ਼ਾਹਰਾਹ ਉਪਰ ਸ਼ੁਰੂ-ਸ਼ੁਰੂ ਵਿਚ ਉਨ੍ਹਾਂ ਨੂੰ ਸਭ ਤੋਂ ਵੱਡਾ ਰੋੜਾ ਬ੍ਰਾਹਮਣਵਾਦ ਹੀ ਨਜ਼ਰ ਆਉਂਦਾ ਰਿਹਾ ਹੈ। ਉਨ੍ਹਾਂ ਦੇ ਮਰਹੂਮ ਸਾਥੀ ਸ. ਹਰਿੰਦਰ ਸਿੰਘ ਮਹਿਬੂਬ ਇਸੇ ਨੂੰ 'ਬਿਪਰ ਸੰਸਕਾਰ' ਦਾ ਨਾਂ ਦਿੰਦੇ ਰਹੇ ਹਨ।

ਇਨ੍ਹਾਂ ਸਭਨਾਂ ਚਿੰਤਕਾਂ ਜਾਂ ਪ੍ਰੋਫੈਸਰਾਂ ਵਿਚੋਂ ਪ੍ਰੋ. ਭੁਪਿੰਦਰ ਸਿੰਘ ਹੀ ਹਨ ਜਿਨ੍ਹਾਂ ਨੇ ਕਿ 20ਵੀਂ ਸਦੀ ਦੇ ਸਿੱਖ ਰਾਜਨੀਤਕ ਪ੍ਰਵਚਨ ਦੇ ਵਿਲੱਖਣ ਸਿੱਖ ਇਲਹਾਮ ਜਾਂ ਸਿੱਖ ਗੁਰੂ ਸਾਹਿਬਾਨ ਦੇ ਬੁਨਿਆਦੀ ਸੰਦੇਸ਼ ਨਾਲ ਜੋੜ ਕੇ ਸਹੀ ਲੀਹਾਂ 'ਤੇ ਅਧਿਐਨ ਕਰਨ ਦਾ ਸਾਹਸ ਕੀਤਾ ਹੈ ਅਤੇ ਨਿਖੇੜ ਕੇ ਦੱਸਿਆ ਹੈ ਕਿ ਸਿੱਖਾਂ ਦੇ ਰਾਜਨੀਤਕ ਰਹਿਬਰ ਮਹਾਨ ਗੁਰੂ ਆਸ਼ੇ ਤੋਂ ਭਟਕ ਕਿੱਥੇ ਗਏ? ਪ੍ਰੰਤੂ ਉਹ ਵੀ ਸਿੱਖ ਰਾਜਨੀਤਕ ਨੇਤਾਵਾਂ ਜਾਂ ਸਿਰਦਾਰ ਕਪੂਰ ਸਿੰਘ ਵਰਗੇ ਚਿੰਤਕਾਂ ਦੀ ਸਮੁੱਚੀ ਰੈਟਰਿਕ (ਰੱਟ) ਦੀ ਅਜਿਹੀ ਤੇਜ ਨਸ਼ਤਰ ਨਾਲ ਚੀਰ ਫਾੜ ਕਰਨ ਦੀ ਰੁਚੀ ਜਾਂ ਕੁਸ਼ਲਤਾ ਨਹੀਂ ਦਿਖਾਉਂਦੇ, ਜਿਸ ਤਰ੍ਹਾਂ ਦੀ ਕੁਸ਼ਲਤਾ ਮਹਿਜ਼ 24 ਵਰ੍ਹਿਆਂ ਦੀ ਆਯੂ ਵਿਚ ਗਰੀਬਾਂ ਤੇ ਲੁੱਟੇ-ਪੁੱਟੇ ਲੋਕਾਂ ਦਾ ਹਮਾਇਤੀ ਚਿੰਤਕ, ਕਾਰਲ ਮਾਰਕਸ 'ਪਵਿੱਤਰ ਪਰਿਵਾਰ' (The Holy Family) ਦੇ 'ਬਾਣੀਕਾਰਾਂ ਦੀ ਬਾਣੀ' ਦਾ ਵਿਸ਼ਲੇਸ਼ਣ ਪ੍ਰਸਤੁਤ ਕਰਦਿਆਂ ਬੜੇ ਸਹਿਜ ਭਾਅ ਹੀ ਵਿਖਾ ਜਾਂਦਾ ਹੈ।

ਅਫਸੋਸ ਦੀ ਗੱਲ ਹੈ ਕਿ ਪ੍ਰੋ. ਭੁਪਿੰਦਰ ਸਿੰਘ ਸਿੱਖ ਰਾਜਨੀਤਕ ਪ੍ਰਵਚਨ ਦੇ ਪਤਨ ਦੇ ਕਾਰਨਾਂ ਦੀ ਦਸ ਪਾਉਣ ਦੀ ਦਿਸ਼ਾ ਵਿਚ ਉਥੋਂ ਤਕ ਵੀ ਨਹੀਂ ਜਾਂਦੇ ਜਿਥੋਂ ਤੱਕ ਕਿ ਸਿੱਖ ਰਾਜਸੀ ਲੀਡਰਸ਼ਿਪ ਦੇ ਜਾਤੀ-ਜਮਾਤੀ ਖਾਸੇ ਦੀ ਨਿਸ਼ਾਨਦੇਹੀ ਕਰਦਿਆਂ ਅਜਮੇਰ ਸਿੰਘ 'ਮਨੋਰਥਾਂ ਦੀ ਸਾਂਝ' ਵਾਲੇ ਆਪਣੇ ਲੇਖਾਂ ਵਿਚ ਨਿਸੰਗ ਹੋ ਕੇ ਗੇੜਾ ਮਾਰਦਾ ਸਾਫ ਨਜ਼ਰ ਆਉਂਦਾ ਹੈ। ਇਹ ਅਲੱਗ ਵਿਥਿਆ ਹੈ ਕਿ ਪਿੱਛੋਂ ਤ੍ਰੈਲੜੀ ਦੀਆਂ ਪੁਸਤਕਾਂ ਵਿਚ ਉਹ ਆਪਣੇ ਇਕਪਾਸੜ ਥੀਸਿਸ ਨੂੰ ਸਿੱਧ ਕਰਨ ਲਈ ਪ੍ਰਵਚਨ ਉਸਾਰੀ ਦੇ ਉਸੇ ਅਸਮਾਨੀ ਮਾਨਵ-ਵਿਰੋਧੀ ਕੁਰਾਹੇ ਦਾ ਸ਼ਿਕਾਰ ਹੋ ਜਾਂਦਾ ਹੈ, ਜਿਸ ਕੁਰਾਹੇ ਲਈ ਕਾਰਲ ਮਾਰਕਸ ਨੇ 'ਪਵਿੱਤਰ ਪਰਿਵਾਰ ਦੇ ਬਾਣੀਕਾਰਾਂ' ਦੇ ਬਖੀਏ ਉਧੇੜੇ ਸਨ।

ਮੁਆਫ ਕਰਨਾ, ਮੇਰਾ ਇਰਾਦਾ ਇਹ ਲਿਖ ਕੇ ਅਜਮੇਰ ਸਿੰਘ ਦੀ 'ਸੋਚ' ਜਾਂ ਨੀਝ ਨੂੰ ਪ੍ਰੋ. ਭੁਪਿੰਦਰ ਸਿੰਘ ਹੋਰਾਂ ਦੀ ਸੋਚ ਤੋਂ ਸ੍ਰੇਸ਼ਠ ਦਿਖਾਉਣ ਦਾ ਨਹੀਂ ਹੈ। ਗੱਲ ਸਗੋਂ ਇਸ ਤੋਂ ਉਲਟ ਹੈ। ਮਸਲਨ ਮੈਨੂੰ ਯਾਦ ਹੈ ਕਿ ਸਾਲ ਕੁ ਪਹਿਲਾਂ ਕਿਸੇ ਵਿਦਵਾਨ ਦੋਸਤ ਦੇ ਘਰ ਜਰਮਨ ਚਿੰਤਕ ਹੈਡਗਰ ਦੀ 'What is Thinking' ਨਾਂ ਦੀ ਪੁਸਤਕ ਫਰੋਲਣ ਦਾ ਮੌਕਾ ਮਿਲਿਆ। ਵਿਦਵਾਨ ਦੋਸਤ ਅਨੁਸਾਰ ਹੈਡਗਰ 20ਵੀਂ ਸਦੀ ਦਾ ਸਭ ਤੋਂ ਅਹਿਮ ਦਾਰਸ਼ਨਿਕ ਸੀ ਅਤੇ ਆਪਣੇ ਚਿੰਤਨੀ ਕੈਰੀਅਰ ਦੇ ਸਿਖਰ 'ਤੇ ਉਹ ਆਪਣੇ ਆਪ ਨੂੰ ਅਜਿਹਾ ਸਵਾਲ ਪਾਈ ਬੈਠਾ ਸੀ ਕਿ Thinking (ਚਿੰਤਨ) ਕਿੱਥੋਂ ਸ਼ੁਰੂ ਹੁੰਦੀ ਹੈ। ਦੋਸਤ ਨੇ ਕਿਤਾਬ ਦੇ ਵਿਸ਼ੇ ਬਾਰੇ ਜੋ ਦੱਸਿਆ ਅਤੇ ਜਿੰਨਾ ਕੁ ਮੈਨੂੰ ਸਮਝ ਪਿਆ, ਉਸ ਤੋਂ ਮੈਨੂੰ ਲਗਦਾ ਹੈ ਕਿ ਪ੍ਰੋ. ਭੁਪਿੰਦਰ ਸਿੰਘ ਪਿਛਲੇ 40-50 ਵਰ੍ਹਿਆਂ ਤੋਂ ਆਪਣੀਆਂ ਸੋਚਾਂ ਵਿਚ ਗਵਾਚੇ ਪ੍ਰਮਾਣਿਕ ਚਿੰਤਨ ਦੀ ਥਾਹ ਪਾਉਣ ਲਈ ਉਸੇ ਤਰ੍ਹਾਂ ਦੀ ਕਿਸੇ ਪੁਸਤਕ ਦੇ ਨਿਰੰਤਰ ਪਾਠ ਵਿਚ ਖੁੱਭੇ ਬੈਠੇ ਹੋਣ।

ਇਸ ਦੇ ਉਲਟ ਅਜਮੇਰ ਸਿੰਘ ਦੀਆਂ ਲਿਖਤਾਂ ਪੜ੍ਹਦਿਆਂ ਲੱਗਦਾ ਹੈ, ਜਿਵੇਂ ਆਪਣੀ ਕਹਾਣੀ ਦਾ ਸ੍ਰੀ ਗਣੇਸ਼ ਹੀ ਉਸ ਵਲੋਂ ਲਿਖਣ ਮੇਜ਼ 'ਤੇ ਬਹਿੰਦੇ ਸਾਰ ਅਜਿਹੀ ਕਿਤਾਬ ਨੂੰ ਚੁੱਕ ਕੇ ਰੱਦੀ ਵਾਲੀ ਟੋਕਰੀ ਵਿਚ ਸੁੱਟਣ ਤੋਂ ਕੀਤਾ ਗਿਆ ਹੋਵੇ। ਫਿਰ ਵੀ ਸਾਨੂੰ ਉਮੀਦ ਰੱਖਣ ਅਤੇ ਇਹ ਆਖਣ ਵਿਚ ਕੋਈ ਝਿਜਕ ਨਹੀਂ ਹੈ ਕਿ ਪ੍ਰੋ. ਭੁਪਿੰਦਰ ਸਿੰਘ ਅਜਮੇਰ ਸਿੰਘ ਦੀ ਤ੍ਰੈਲੜੀ ਦੀਆਂ ਪੁਸਤਕ ਬੇਸ਼ਕ ਨਾ ਪੜ੍ਹਨ, ਲੇਕਿਨ ਉਹ ਆਪਣੇ ਚਿੰਤਨ ਵਿਚ 'ਮਨੋਰਥਾਂ ਦੀ ਸਾਂਝ' ਵਾਲੇ ਅਜਮੇਰ ਸਿੰਘ ਦੇ ਲੇਖ ਵਿਚੋਂ ਕੁਝ ਅਹਿਮ ਨੁਕਤੇ ਜ਼ਰੂਰ ਸ਼ੁਮਾਰ ਕਰਨ। ਅਜਮੇਰ ਸਿੰਘ ਵੀ ਸਿੱਖ ਪੰਥ ਦਾ ਲਾਜ਼ਮੀ ਤੌਰ 'ਤੇ ਵੱਡਾ ਭਲਾ ਕਰੇਗਾ ਜੇਕਰ ਉਹ ਆਪਣੀ ਹਿੰਡ ਨੂੰ ਤਿਆਗ ਕੇ ਧੜਾਧੜ ਕਿਤਾਬਾਂ ਲਿਖੀ ਜਾਣ ਦੀ ਬਜਾਏ ਪ੍ਰੋ. ਭੁਪਿੰਦਰ ਸਿੰਘ ਦੇ ਸੂਤਰਕ ਸ਼ੈਲੀ ਵਿਚ ਲਿਖੇ ਲੇਖ ਦੇ ਨੁਕਤਿਆਂ ਉਪਰ ਘੱਟੋ ਘੱਟ ਸਾਲ-ਛੇ ਮਹੀਨੇ ਲਈ ਧਿਆਨ ਧਰਨ ਵੱਲ ਤੁਰੇ।

ਪ੍ਰੋ. ਭੁਪਿੰਦਰ ਸਿੰਘ ਦੀ ਗੱਲਬਾਤ ਤੋਂ ਵੀ

***(ਅਗਲੇ ਸਫੇ 'ਤੇ ਜਾਰੀ)***

# ਇਕੀਵੀਂ ਸਦੀ ਵਿਚ "ਸਿੱਖ ਸਟੇਟ" ਦਾ ਸੁਪਨਾ-7

ਅਤੇ ਉਨ੍ਹਾਂ ਦੀ ਆਪਣੀ ਲਿਖਤ ਤੋਂ ਵੀ ਉਹ ਇੰਨੇ ਸੰਵੇਦਨਸ਼ੀਲ ਲਗਦੇ ਹਨ ਕਿ ਉਨ੍ਹਾਂ ਨੂੰ ਹੈਡਗਰ ਦੀ ਕਿਸੇ ਵੀ ਲਿਖਤ ਦੇ ਪ੍ਰਵਚਨ ਦੀ ਸੱਚਾਈ ਪ੍ਰਗਟ ਕਰਨ ਦੀ ਸਮਰੱਥਾ ਤੇ ਦਾਅਵਿਆਂ ਪਿੱਛੇ ਸਰਗਰਮ ਤਾਕਤਾਂ ਦੀ ਰਾਜਨੀਤੀ ਬਾਰੇ... ਦੇ ਸ਼ੰਕਿਆਂ ਤੇ ਸਰੋਕਾਰਾਂ ਦਾ ਸਹਿਜ ਅਹਿਸਾਸ ਹੈ। ਇਸ ਦੇ ਉਲਟ ਅਜਮੇਰ ਸਿੰਘ ਦੀ ਸੁਰ ਇੰਨੀ ਸ਼ੋਰੀਲੀ ਹੈ ਕਿ ਉਸ ਦੇ ਕੇਸ ਵਿਚ ਚਿੰਤਨ ਦੇ ਮਾਰਗ 'ਤੇ ਉਸਤਰੇ ਦੀ ਅਜਿਹੀ ਧਾਰ 'ਤੇ ਚੱਲਣ ਦੀ ਕੋਸ਼ਿਸ਼ ਕਰਨਾ ਤਾਂ ਪਾਸੇ ਰਿਹਾ, ਉਸ ਦੇ ਇਸ ਜਨਮ 'ਚ ਅਜਿਹੀ ਦਿਸ਼ਾ ਵੱਲ ਝਾਕਣ ਦਾ ਵੀ ਕੋਈ ਇਮਕਾਨ ਨਹੀਂ ਹੈ। ਫੇਰ ਵੀ ਅਸੀਂ ਇਸ ਗੱਲ ਤੋਂ ਅੱਖਾਂ ਨਹੀਂ ਮੀਟਾਂਗੇ ਕਿ "ਮਨੋਰਥਾਂ ਦੀ ਸਾਂਝ" ਵਾਲੇ ਅਜਮੇਰ ਸਿੰਘ ਦੀਆਂ ਕੁੱਝ ਅੰਤਰ-ਦ੍ਰਿਸ਼ਟੀਆਂ ਜਿਹੜੀਆਂ ਹਕੀਕਤਾਂ ਤੋਂ ਪ੍ਰੇਰਿਤ ਪੰਜਾਬੀ ਸਮਾਜ ਲਈ ਮੁੱਲਵਾਨ ਹਨ ਅਤੇ ਉਨ੍ਹਾਂ ਨੂੰ ਸਿੱਖਾਂ ਦੀ ਹੋਣੀ ਹਸਤੀ ਬਾਰੇ ਕਿਸੇ ਵੀ ਹਾਂਦਰੂ ਚਿੰਤਨ ਵਿਚ ਨਿਸ਼ਚੇ ਹੀ ਸਮੋਇਆ ਜਾਣਾ ਚਾਹੀਦਾ ਹੈ। ਮੁੱਕਦੀ ਗੱਲ, ਗੱਲ ਪ੍ਰੋ. ਭੁਪਿੰਦਰ ਸਿੰਘ ਦੇ ਨੁਕਤੇ ਤੋਂ ਕੀਤੀ ਜਾਣੀ ਬਣਦੀ ਹੈ।

ਇਹ ਸਾਰਾ ਕੁਝ ਦੱਸਣ ਪਿੱਛੇ ਮੇਰੀ ਇੱਛਾ ਕੇਵਲ ਇੰਨੀ ਹੈ ਕਿ ਯਾਰੋ, ਹੱਕ-ਸੱਚ ਇਨਸਾਫ 'ਤੇ ਆਧਾਰਤ ਸਮਾਜਾਂ ਦੀ ਉਸਾਰੀ ਕੇਵਲ ਵੱਡੇ ਜਾਂ ਛੋਟੇ ਧਾਰਮਿਕ ਪ੍ਰਵਚਨਾਂ ਦੇ ਸਿਰ 'ਤੇ ਹੀ ਨਹੀਂ ਹੁੰਦੀ, ਜੇ ਇੰਜ ਸੰਭਵ ਹੁੰਦਾ ਤਾਂ ਰੋਮਨਾਂ ਨੇ ਜਦੋਂ ਪੈਗੰਬਰ ਈਸਾ ਦੀਆਂ ਸਿੱਖਿਆਵਾਂ ਨੂੰ ਮੰਨ ਲਿਆ ਸੀ ਤਾਂ 'ਬੇਗਮਪੁਰੇ ਦਾ ਸ਼ਹਿਰ' ਇੱਥੇ ਇਸੇ ਦੁਨੀਆਂ ਵਿਚ ਕਦੋਂ ਦਾ ਆਬਾਦ ਹੋ ਗਿਆ ਹੋਣਾ ਸੀ ਪਰ ਇਉਂ ਨਾ ਹੋ ਸਕਿਆ। ਇਨਸਾਨ ਨੇ ਜੋ ਹੱਕ-ਹਕੂਕ ਹਾਸਲ ਕੀਤੇ ਹਨ, ਉਹ ਸੈਕੂਲਰ ਪੱਧਰ 'ਤੇ ਬੜੀਆਂ ਕਠਿਨਾਈ ਭਰੀਆਂ ਜਦੋਜਹਿਦਾਂ ਅਤੇ ਲੱਖਾਂ ਕਰੋੜਾਂ ਕੁਰਬਾਨੀਆਂ ਦੇ ਕੇ ਹੀ ਹਾਸਲ ਕੀਤੇ ਹਨ।

***

ਮੈਂ ਇਕ ਵਾਰ ਮੁੜ ਦੱਸਣਾ ਚਾਹੁੰਦਾ ਹਾਂ ਕਿ 20ਵੀਂ ਸਦੀ ਦੇ ਸਿੱਖ ਰਾਜਸੀ ਆਗੂ ਤਾਂ ਡਾ. ਬਲਕਾਰ ਸਿੰਘ ਹੋਰਾਂ ਦੇ ਸੰਕਲਪ ਵਾਲੀ 'ਅਕਾਲੀਅਤ' ਤੋਂ ਗੁਰਦੁਆਰਾ ਲਹਿਰ ਦੀ ਸਫਲਤਾ ਤੋਂ ਤੁਰੰਤ ਪਿੱਛੋਂ ਹੀ ਭਟਕ ਗਏ ਹੋਏ ਸਨ। ਪ੍ਰੋ. ਭੁਪਿੰਦਰ ਸਿੰਘ, ਡਾ. ਗੁਰਭਗਤ ਸਿੰਘ ਜਾਂ ਬਲਕਾਰ ਸਿੰਘ ਸਭਨਾਂ ਨੂੰ ਹੀ ਪਤਾ ਹੋਣੈ ਕਿ 20ਵੀਂ ਸਦੀ ਦੇ ਮਹਾਨ ਸਿੱਖ ਚਿੰਤਕ ਪ੍ਰੋ. ਪੂਰਨ ਸਿੰਘ ਨੇ ਗੁਰਦੁਆਰਾ ਲਹਿਰ ਦੀ ਸਫਲਤਾ ਤੋਂ ਤੁਰੰਤ ਬਾਅਦ ਕੈਸੀ ਚਿਤਾਵਨੀ ਦਿੱਤੀ ਸੀ। ਉਨ੍ਹਾਂ ਸਾਫ ਕਿਹਾ ਸੀ ਕਿ "ਪੁਰਾਣੇ ਮਹੰਤਾਂ ਦੇ ਜੱਟ-ਜੱਫੇ ਤੋਂ ਤਾਂ ਛੁੱਟ ਗਏ ਜੇ-ਨਵੇਂ ਮਹੰਤ ਜਿਹੜੇ ਸਜਣੇ ਹਨ, ਉਨ੍ਹਾਂ ਤੋਂ ਸਾਰਾ ਜ਼ੋਰ ਲਗਾ ਕੇ ਵੀ ਤੁਹਾਥੋਂ ਛੁਟਿਆ ਨਹੀਂ ਜਾਵੇਗਾ।"

ਹੁਣ ਮੈਂ ਪਾਠਕਾਂ ਨੂੰ ਨਿਰਪੇਖ ਵਿਚਾਰਧਾਰਾਈ ਵਿਵਾਦਾਂ ਵਾਲੇ ਮੰਡਲਾਂ ਵਿਚੋਂ ਬਾਹਰ ਕੱਢ ਕੇ ਇਕ ਵਾਰ ਮੁੜ 1935 ਦੇ ਸੰਵਿਧਾਨਕ ਐਕਟ ਪਿੱਛੋਂ ਭਾਰਤ ਅਤੇ ਖਾਸ ਕਰਕੇ ਪੁਰਾਣੇ ਪੰਜਾਬ ਵਿਚ ਸ਼ੁਰੂ ਹੋਈ ਠੋਸ, ਜ਼ਮੀਨੀ ਰਾਜਨੀਤਕ ਸਰਗਰਮੀ ਵੱਲ ਲੈ ਕੇ ਆਉਣਾ ਚਾਹੁੰਦਾ ਹਾਂ। ਪੰਜਾਬ ਦੇ ਇਤਿਹਾਸ ਦੀ ਸੂਝ ਵਾਲਾ ਕੋਈ ਔਸਤ ਵਿਦਿਆਰਥੀ ਵੀ ਜਾਣਦਾ ਹੈ ਕਿ 1935 ਦੇ ਐਕਟ ਤੋਂ ਬਾਅਦ ਦੀਆਂ, 1947 ਦੀ ਵੰਡ ਤੋਂ ਪਹਿਲਾਂ ਦੇ ਸਾਲ 1946 ਦੀਆਂ, ਅਸੈਂਬਲੀ ਚੋਣਾਂ ਦੌਰਾਨ ਬਦਲੇ ਹੋਏ ਹਾਲਾਤ ਵਿਚ ਮੁਸਲਿਮ ਲੀਗ ਸਭ ਤੋਂ ਵੱਡੀ ਪਾਰਟੀ ਬਣ ਕੇ ਉਭਰੀ ਸੀ। ਲੇਕਿਨ ਅਕਾਲੀਆਂ ਨੇ ਉਨ੍ਹਾਂ ਦੀ ਸਰਕਾਰ ਬਣਨ ਤੋਂ ਰੋਕਣ ਲਈ ਕਾਂਗਰਸ ਨਾਲ ਮਿਲ ਕੇ ਬਰਤਾਨਵੀ ਸਰਕਾਰਪ੍ਰਸਤ ਜਗੀਰਦਾਰਾਂ ਅਤੇ ਸਫੈਦਪੋਸ਼ਾਂ ਦੀ ਯੂਨੀਅਨਿਸਟ ਪਾਰਟੀ ਨਾਲ ਸਾਂਝ ਭਿਆਲੀ ਪਾ ਲਈ। ਮੁਸਲਿਮ ਲਿਗ ਦੇ ਖਿਲਾਫ ਸਿਰ-ਵੱਢਵਾਂ ਵਿਰੋਧੀ ਪੈਂਤੜਾ ਮੱਲ ਕੇ ਇਕ ਤਰ੍ਹਾਂ ਨਾਲ ਸਿੱਧੇ-ਅਸਿੱਧੇ ਤੌਰ 'ਤੇ ਅਕਾਲੀਆਂ ਨੇ ਦੋ ਸਿਆਸੀ ਦਲਾਂ ਦੀ ਵਿਰੋਧਤਾ ਨੂੰ 1947 ਦੀ ਵੰਡ ਦੌਰਾਨ ਹੋਈ ਭਿਆਨਕ ਵੱਢ-ਟੁੱਕ ਲਈ ਦੋ ਫਿਰਕਿਆਂ ਦੀ ਜਾਨੀ ਦੁਸ਼ਮਣੀ ਵਿਚ ਪਲਟਣ ਦਾ ਆਧਾਰ ਮੁਹੱਈਆ ਕਰਵਾ ਦਿੱਤਾ ਸੀ।

ਇਸ ਮੋੜ 'ਤੇ ਕੁਝ ਲੋਕਾਂ ਦਾ ਇਹ ਵੀ ਕਹਿਣਾ ਹੈ ਕਿ ਜੇਕਰ ਅਕਾਲੀ ਲੀਡਰਸ਼ਿਪ ਸੱਚਮੁੱਚ ਹੀ ਸਿੱਖਾਂ ਨੂੰ ਅੰਗਰੇਜ਼ਾਂ ਦੇ ਗੁਲਾਮ ਸਮਝਦੀ ਹੁੰਦੀ ਤਾਂ ਉਹ ਸ਼ਾਇਦ ਵਿਸ਼ਵ ਜੰਗ ਵਰਗੇ ਨਾਜ਼ਕ ਇਤਿਹਾਸਕ ਮੁਕਾਮ 'ਤੇ ਵੱਧ ਚੜ੍ਹ ਕੇ ਫੌਜੀ ਭਰਤੀ ਦੀ ਮੁਹਿੰਮ 'ਤੇ ਨਾ ਚੜ੍ਹਦੀ ਅਤੇ ਇਸ ਪ੍ਰਕਾਰ ਅਜਿਹੇ ਨੰਗੇ ਚਿੱਟੇ ਰੂਪ ਵਿਚ ਵਿਦੇਸ਼ੀ ਜੰਗੀ ਹਕੂਮਤ ਦੇ ਹੱਕ ਵਿਚ ਵੀ ਨਾ ਨਿਤਰਦੀ। ਦੁਨਿਆਵੀ ਰਾਜਨੀਤੀ ਦੇ ਵਕਤੀ ਤਕਾਜ਼ਿਆਂ ਦੇ ਤਹਿਤ ਟੱਕਰਾਂ ਮਾਰਨ ਦੀ ਜਗ੍ਹਾ ਸ਼ਬਦ-ਗੁਰੂ ਦੇ ਆਦੇਸ਼ਾਂ ਦੀ ਰੌਸ਼ਨੀ ਵਿਚ ਦਰੁਸਤ ਪੈਂਤੜੇ ਲੈਣ ਦਾ ਥੋੜ੍ਹਾ ਬਹੁਤ ਯਤਨ ਜਰੂਰ ਕਰਦੀ ਪਰ ਉਨ੍ਹਾਂ ਸਮਿਆਂ ਦੇ ਸਿਆਸੀ 'ਮੱਛੀ ਬਜ਼ਾਰ' ਅੰਦਰ ਤਾਂ ਹੋਰ ਹੀ ਆਪੋਧਾਪੀ ਮਚੀ ਹੋਈ ਸੀ। ਅਸਲ ਵਿਚ ਵਿਰੋਧਾਭਾਸਾਂ ਦਾ ਸ਼ਿਕਾਰ ਉਦੋਂ ਦੀ ਅਕਾਲੀ ਲੀਡਰਸ਼ਿਪ ਹੀ ਨਹੀਂ ਸੀ-ਲੱਗਦੈ ਅੱਜ ਦਾ ਨਵਾਂ ਉਭਰਿਆ ਸਿੱਖ ਚਿੰਤਕ ਅਜਮੇਰ ਸਿੰਘ ਵੀ ਉਨ੍ਹਾਂ ਵਿਰੋਧਾਭਾਸਾਂ ਵਿਚ ਹੀ ਜਕੜਿਆ ਹੋਇਆ ਹੈ।

'ਵੀਹਵੀਂ ਸਦੀ ਦੀ ਸਿੱਖ ਰਾਜਨੀਤੀ' ਦੀ ਪਹਿਲੀ ਪੁਸਤਕ ਵਿਚ ਉਹ ਅੰਗਰੇਜ਼ਪ੍ਰਸਤ ਸਿੰਘ ਸਭੀਆਂ, ਚੀਫੀਆਂ ਅਤੇ ਰਈਸਾਂ ਦੇ ਪਿਛਾਖੜੀ ਪੈਂਤੜਿਆਂ ਦੇ ਹੱਕ ਵਿਚ ਸਾਰਾ ਤਾਣ ਲਾ ਕੇ ਤਰ੍ਹਾਂ ਤਰ੍ਹਾਂ ਦੇ ਤਰਕ ਖੜ੍ਹੇ ਕਰਦਾ ਹੈ ਅਤੇ ਨਵੀਂ ਉਭਰ ਰਹੀ ਅਕਾਲੀ ਲੀਡਰਸ਼ਿਪ ਦੇ ਕਈ ਰੈਡੀਕਲ ਪੈਂਤੜਿਆਂ ਦੀ ਸਾਰਥਕਤਾ ਨੂੰ ਸ਼ੰਕਾਂ ਦੇ ਘੇਰੇ ਵਿਚ ਲਿਆਉਣ ਦੇ ਯਤਨ ਕਰਦਾ ਪ੍ਰਤੀਤ ਹੁੰਦਾ ਹੈ। ਫਿਰ ਕਿਧਰੇ ਕਿਧਰੇ ਆਪਣੇ ਕੇਂਦਰੀ ਥੀਸਿਸ ਦੀ ਤਰਕ ਸਿਧੀ ਦੀਆਂ ਜਰੂਰਤਾਂ ਅਨੁਸਾਰ ਲੋੜ ਪੈਣ 'ਤੇ ਰੈਡੀਕਲ ਲੀਡਰਸ਼ਿਪ ਦਾ ਗੁਣਗਾਣ ਵੀ ਕਰਦਾ ਹੈ ਅਤੇ ਨਾਲੋ-ਨਾਲ ਹਿੰਦੂਆਂ ਨਾਲ ਰਲ ਜਾਣ ਲਈ ਉਨ੍ਹਾਂ ਦੀ ਰਾਜਨੀਤਕ ਸੂਝ-ਸਮਝ ਦੀਆਂ ਕਾਣਤਾਂ ਵੀ ਕੱਢੀ ਜਾਂਦਾ ਹੈ। ਕਮਾਲ ਦੀ ਗੱਲ ਹੈ ਕਿ ਕਈ ਥਾਂਵਾਂ 'ਤੇ ਉਹ ਉਸ ਅਕਾਲੀ ਲੀਡਰਸ਼ਿਪ ਦੀਆਂ ਅੰਗਰੇਜ਼ਾਂ ਅਤੇ ਕੇਂਦਰ ਦੀ ਸਰਕਾਰ ਪ੍ਰਤੀ ਦਬਾਅ-ਪਾਊ ਨੀਤੀਆਂ ਦਾ ਕਾਫੀ ਹੱਦ ਤਕ ਦਰੁਸਤ ਵਿਸ਼ਲੇਸ਼ਣ ਵੀ ਕਰ ਜਾਂਦਾ ਹੈ।

ਅਕਾਲੀ ਲੀਡਰਸ਼ਿਪ ਦੇ ਸਮਾਜਕ ਆਧਾਰ ਅਤੇ ਜਮਾਤੀ ਖਾਸੇ ਅਤੇ ਸਮੇਂ ਦੀ ਬੇਅਸੂਲੀ-ਫਿਰਕੂ ਰਾਜਨੀਤੀ ਦੇ ਮੱਦੇਨਜ਼ਰ ਤਤਕਾਲੀ ਦਬਾਵਾਂ ਅਤੇ ਜ਼ਰੂਰਤਾਂ ਦੇ ਤਹਿਤ ਅਕਾਲੀ ਨੇਤਾਵਾਂ ਦੇ ਬਦਕਿਸਮਤ ਵਿਰੋਧਾਭਾਸਾਂ ਦੀ ਸਮਝ ਤਾਂ ਆਉਂਦੀ ਹੈ ਅਤੇ ਕਈ ਵਾਰ ਉਂਜ ਮਨੋ-ਮਨੀ ਉਨ੍ਹਾਂ ਨਾਲ ਡਾ. ਬਲਕਾਰ ਸਿੰਘ ਦੀ ਤਰਜ਼ ਤੇ ਹਮਦਰਦੀ ਦੀ ਭਾਵਨਾ ਵੀ ਉਮਡਦੀ ਹੈ ਲੇਕਿਨ ਅਜਮੇਰ ਸਿੰਘ ਬਾਰੇ ਸਮਝ ਨਹੀਂ ਆਉਂਦੀ ਕਿ ਉਹ ਅੱਜ ਕਿਉਂ ਲਗਾਤਾਰ ਪੁਜੀਸ਼ਨਾਂ ਬਦਲੀ ਤੁਰਿਆ ਜਾਂਦਾ ਹੈ। ਕਦੀ ਉਸ ਅੰਦਰੋਂ ਜੋਰ-ਜ਼ਬਰੀ ਦਬਾਇਆ ਹੋਇਆ ਕਮਿਊਨਿਸਟ ਵਿਸ਼ਲੇਸ਼ਕ ਉਠ ਖੜ੍ਹਦਾ ਹੈ ਅਤੇ ਜਲਦੀ ਹੀ ਮੁੜ ਨਵੇਂ ਬਣੇ ਸਿੱਖ ਬੁੱਧੀਜੀਵੀ ਚਿੰਤਕ ਦੀ ਸੁਰ ਅਤੇ ਜ਼ਿੰਮੇਵਾਰੀ ਉਸ ਦੇ ਮਨ ਮਸਤਕ 'ਤੇ ਭਾਰੂ ਹੋ ਜਾਂਦੀ ਹੈ।

***

ਪ੍ਰੋ. ਬਲਕਾਰ ਸਿੰਘ ਵੱਲੋਂ ਸ. ਅਜਮੇਰ ਸਿੰਘ ਨੂੰ ਆਪਣੀਆਂ ਲਿਖਤਾਂ ਰਾਹੀਂ 'ਜ਼ਹਿਰ ਦੀ ਖੇਤੀ' ਕਰਨ ਤੋਂ ਵਰਜਣ ਦੀ ਅਤੇ ਜਵਾਬ ਵਿਚ ਅਜਮੇਰ ਸਿੰਘ ਵਲੋਂ ਪ੍ਰੋ. ਬਲਕਾਰ ਸਿੰਘ ਨੂੰ ਅਜ਼ਾਦ ਭਾਰਤ ਵਿਚ ਸਿੱਖਾਂ ਦੀ ਗੁਲਾਮੀ ਤੋਂ ਮੁਨਕਰ ਹੋਣ ਲਈ ਉਨ੍ਹਾਂ ਦੀ ਜਵਾਬ ਤਲਬੀ ਕਰਨ/ਕਰਵਾਉਣ ਦੀ ਭਰਵੀਂ ਚੀਰਫਾੜ ਕਰਨੀ ਚਾਹਾਂਗੇ।

ਪ੍ਰੋ. ਬਲਕਾਰ ਸਿੰਘ ਵਲੋਂ 2 ਅਪਰੈਲ 2011 ਦੇ 'ਪੰਜਾਬ ਟਾਈਮਜ਼' ਵਿਚ ਸੰਪਾਦਕ ਅਮੋਲਕ ਸਿੰਘ ਦੇ ਨਾਂ ਲਿਖੀ ਖੁੱਲ੍ਹੀ ਚਿੱਠੀ ਮੈਂ ਵੀ ਪੂਰੇ ਗਹੁ ਨਾਲ ਪੜ੍ਹੀ ਹੈ। ਇਸ ਚਿੱਠੀ ਵਿਚ ਮੈਨੂੰ ਜਿਹੜੇ ਦੋ ਅਤਿ ਅਹਿਮ ਨੁਕਤੇ ਲੱਗੇ ਹਨ, ਉਹ ਹਨ:ਪਹਿਲਾ, ਭਾਈ ਕਾਹਨ ਸਿੰਘ ਨਾਭਾ ਵਲੋਂ 'ਗੁਰਮਤਿ ਮਾਰਤੰਡ' ਭਾਗ ਪਹਿਲਾ ਦੀ ਭੂਮਿਕਾ ਵਿਚ 'ਪ੍ਰਾਪਤ ਹੋਏ ਸਿੱਖ ਸਾਹਿਤ ਨੂੰ ਸਮਝਣ/ਸਮਝਾਉਣ ਲਈ ਦੱਸੀ ਗਈ ਕਸੌਟੀ। ਦੂਸਰਾ, ਉਨ੍ਹਾਂ ਵਲੋਂ ਅਜਮੇਰ ਸਿੰਘ ਕੋਲ ਇਹ ਅਹਿਮ ਸਵਾਲ ਕਿ ਜੇ ਉਹ ਸਿੱਖਾਂ ਵਾਸਤੇ ਲਿਖ ਰਿਹਾ ਹੈ ਤਾਂ ਇਹ ਤਾਂ ਦੱਸਣਾ ਹੀ ਪੈਣੈ ਕਿ ਉਹ ਕਿਹੜੇ ਸਿੱਖਾਂ ਲਈ ਲਿਖ ਰਿਹਾ ਹੈ? ਅਤੇ ਜਿਹੜੀ ਨਫਰਤ ਉਹ ਬੀਜ ਰਿਹਾ ਹੈ, ਉਸ ਨੂੰ ਪਾਲਣਾ ਕੀਹਨੇ ਹੈ, ਵੱਢਣਾ ਕਿਸ ਨੇ ਹੈ ਅਤੇ ਉਹਨੂੰ ਵੇਚਣਾ ਕਿਸ ਨੂੰ ਹੈ? ਮੇਰੀ ਜਾਚੇ ਇਹ ਸਿੱਖ ਭਾਈਚਾਰੇ ਲਈ ਅਹਿਮ ਮਸਲੇ ਹਨ, ਇਹ ਉਨ੍ਹਾਂ ਦੀ ਹਸਤੀ 'ਤੇ ਹੋਣੀ ਨਾਲ ਜੁੜੇ ਹੋਏ ਹਨ।

ਪ੍ਰੋ. ਬਲਕਾਰ ਸਿੰਘ ਦੀ ਚਿੱਠੀ ਅਤੇ ਗਾਜ਼ੀ ਦੇ ਪ੍ਰਤੀਕਰਮ ਨੂੰ ਗਹੁ ਨਾਲ ਪੜ੍ਹਨ 'ਤੇ ਲੱਗਦੈ ਕਿ ਅਜਮੇਰ ਸਿੰਘ, ਪਰਮਜੀਤ ਸਿੰਘ ਗਾਜ਼ੀ ਕੋਲੋਂ ਸਿੱਖਾਂ ਦੀ ਗੁਲਾਮੀ ਤੋਂ ਮੁਕਰਨ ਲਈ ਪ੍ਰੋ. ਬਲਕਾਰ ਸਿੰਘ ਨੂੰ 23 ਅਪਰੈਲ ਦੇ 'ਪੰਜਾਬ ਟਾਈਮਜ਼' ਰਾਹੀਂ ਜਿਸ ਤਰੀਕੇ ਨਾਲ ਸਿੱਖ ਭਾਈਚਾਰੇ ਦੇ ਕਟਹਿਰੇ ਵਿਚ ਖੜ੍ਹੇ ਕਰਨ ਦਾ ਮਰਣਊ ਜਿਹਾ ਜਤਨ ਕਰਦਾ ਹੈ, ਉਹ ਉਨ੍ਹਾਂ ਦੀ ਚਿੱਠੀ ਦੀ ਤਮਾਮ ਸਪਿਰਟ ਉਪਰ ਹੀ ਮਿੱਟੀ ਪਾ ਦਿੰਦਾ ਹੈ। ਤਾਸ਼ ਦੇ ਕਿਸੇ ਬੜੇ ਸ਼ਾਤਰ ਖਿਡਾਰੀ ਵਾਂਗ ਉਹ ਜਿਸ ਅੰਦਾਜ਼ ਵਿਚ 'ਸਿੱਖ ਭਾਈਚਾਰੇ ਦੇ ਹਿੰਦੂਆਂ ਦੀ ਗੁਲਾਮੀ ਦੇ ਜੂਲੇ ਵਿਚ ਫਸੇ ਹੋਣ' ਵਾਲੇ ਪੱਤੇ ਜਾਂ ਤਰੁਪ ਚਾਲ ਨਾਲ ਪ੍ਰੋ. ਬਲਕਾਰ ਸਿੰਘ ਦੇ ਸਾਹਮਣੇ ਡਟਦਾ ਹੈ, ਉਸ ਤੋਂ, ਗੱਲ ਤਾਂ ਦੁਰੇਡੇ ਮਿਥਿਹਾਸਕ ਬਿਰਤਾਂਤ ਦੀ ਹੈ ਪਰ ਮੈਨੂੰ ਯਾਦ ਆ ਰਹੀ ਹੈ-ਸ਼ਾਇਦ ਪਾਠਕਾਂ ਨੂੰ ਵੀ ਦਿਲਚਸਪ ਲੱਗੇ। ਭੀਸ਼ਮ ਪਿਤਾਮਾ ਨੂੰ ਨਿਸੱਤਾ ਕਰਨ ਲਈ ਆਖਰ ਕ੍ਰਿਸ਼ਨ ਭਗਵਾਨ ਨੂੰ ਥੱਕ ਹਾਰ ਕੇ ਸ਼ਿਖੰਡੀ ਨੂੰ ਉਸ ਦੇ ਸਾਹਮਣੇ ਉਤਾਰਨ ਵਾਲੀ ਚਾਲ ਚੱਲਣੀ ਪਈ।

> ***ਅਸੀਂ ਇਸ ਗੱਲ ਤੋਂ ਅੱਖਾਂ ਨਹੀਂ ਮੀਟਾਂਗੇ ਕਿ "ਮਨੋਰਥਾਂ ਦੀ ਸਾਂਝ" ਵਾਲੇ ਅਜਮੇਰ ਸਿੰਘ ਦੀਆਂ ਕੁੱਝ ਅੰਤਰ-ਦ੍ਰਿਸ਼ਟੀਆਂ ਜਿਹੜੀਆਂ ਹਕੀਕਤਾਂ ਤੋਂ ਪ੍ਰੇਰਿਤ ਪੰਜਾਬੀ ਸਮਾਜ ਲਈ ਮੁੱਲਵਾਨ ਹਨ ਅਤੇ ਉਨ੍ਹਾਂ ਨੂੰ ਸਿੱਖਾਂ ਦੀ ਹੋਣੀ ਹਸਤੀ ਬਾਰੇ ਕਿਸੇ ਵੀ ਹਾਂਦਰੂ ਚਿੰਤਨ ਵਿਚ ਨਿਸ਼ਚੇ ਹੀ ਸਮੋਇਆ ਜਾਣਾ ਚਾਹੀਦਾ ਹੈ। ਮੁੱਕਦੀ ਗੱਲ, ਗੱਲ ਪ੍ਰੋ. ਭੁਪਿੰਦਰ ਸਿੰਘ ਦੇ ਨੁਕਤੇ ਤੋਂ ਕੀਤੀ ਜਾਣੀ ਬਣਦੀ ਹੈ।***

ਮੁਆਫ ਕਰਨਾ ਦੋਸਤੋ, ਨਾ ਪ੍ਰੋ. ਬਲਕਾਰ ਸਿੰਘ ਭੀਸ਼ਮ ਹੈ ਨਾ ਉਨ੍ਹਾਂ ਨੂੰ ਕੋਈ ਅਜਿਹਾ ਭਰਮ ਹੀ ਲਗਦੈ; ਨਿਰਸੰਦੇਹ ਹਿੰਦੂ ਹਿੰਦੂ ਵਾਲੇ ਪੱਤੇ ਤੇ ਸ਼ਿਖੰਡੀ ਦੇ ਰੂਪਕ ਜਾਂ ਉਪਮਾ ਅਲੰਕਾਰ ਵਿਚ ਵੀ ਕੋਈ ਸਾਂਝ ਨਹੀਂ ਹੈ। ਬਸ ਮੈਨੂੰ ਅਜਮੇਰ ਸਿੰਘ ਦਾ ਪਲਟ ਵਾਰ ਵੇਖ ਕੇ ਕਹਾਣੀ ਯਾਦ ਆ ਗਈ ਹੈ। "ਬਘਿਆੜ ਓਏ... ਬਘਿਆੜ ਓਏ..." ਦੀ ਤਰਜ਼ 'ਤੇ ਹਿੰਦੂ, ਹਿੰਦੂ ਦੀ ਦੁਹਾਈ ਵਾਲੇ ਅਜਮੇਰ ਸਿੰਘ ਦੀਆਂ ਪੁਸਤਕਾਂ ਦੇ ਕੇਂਦਰੀ ਨੁਕਤੇ ਉਤੇ ਪ੍ਰੋ. ਬਲਕਾਰ ਸਿੰਘ ਵਲੋਂ ਉਠਾਏ ਇਤਰਾਜ਼ 'ਤੇ ਪਰਮਜੀਤ ਸਿੰਘ ਗਾਜ਼ੀ ਇਹ ਗੱਲ ਤਾਂ ਮੰਨਦੇ ਹਨ ਕਿ ਇਸ "ਮੂਲ ਮਸਲੇ ਬਾਰੇ ਜੋ ਗੱਲ ਅਜਮੇਰ ਸਿੰਘ ਕਰ ਰਹੇ ਹਨ ਉਨ੍ਹਾਂ ਦੀ ਮੌਲਿਕ ਦੇਣ ਨਹੀਂ ਹੈ।" ਸਗੋਂ ਉਹ ਦਲੀਲ ਦਿੰਦੇ ਹਨ 'ਪੰਥ ਦੇ ਖਤਰੇ' ਜਾਂ 'ਹਿੰਦੂ ਹਿੰਦੂ' ਦੀ ਦੁਹਾਈ ਤਾਂ ਸੰਨ '47 ਤੋਂ ਬਾਅਦ ਵੱਡੇ ਛੋਟੇ ਸਾਰੇ ਅਕਾਲੀ ਹੀ ਸਮੇਂ ਸਮੇਂ ਤੋਂ ਚੁੱਕਦੇ ਰਹੇ ਸਨ।'

ਆਪਣੀ ਇਸ ਦਲੀਲ ਲਈ ਉਨ੍ਹਾਂ ਦਸੰਬਰ, 1949 ਦੇ 'ਸੰਤ ਸਿਪਾਹੀ' ਵਿਚ ਛਪੇ ਮਾਸਟਰ ਤਾਰਾ ਸਿੰਘ ਦੇ ਇਕ ਲੇਖ ਦਾ ਹਵਾਲਾ ਦਿਤਾ ਹੈ। ਉਹ ਦੱਸਦੇ ਹਨ, "ਮਾਸਟਰ ਜੀ ਨੇ ਦੇਸ਼ ਦੇ ਬਟਵਾਰੇ ਜਾਂ ਆਜ਼ਾਦੀ ਪਿੱਛੋਂ ਚੰਗੀ ਤਰ੍ਹਾਂ ਮਹਿਸੂਸ ਕਰ ਲਿਆ ਸੀ ਕਿ ਸਿੱਖ ਆਜ਼ਾਦ ਭਾਰਤ ਅੰਦਰ ਵੀ ਗੁਲਾਮ ਦੇ ਗੁਲਾਮ ਹੀ ਰਹਿ ਗਏ ਹਨ। ਉਨ੍ਹਾਂ ਬੜੇ ਸਪੱਸ਼ਟ ਸ਼ਬਦਾਂ ਵਿਚ ਸਮੁੱਚੇ ਪੰਥ ਦੀ ਆਵਾਜ਼ ਬਣ ਕੇ ਕਿਹਾ ਸੀ, "ਮੈਂ ਹਿੰਦੂ ਗੁਲਾਮੀ ਤੋਂ ਬਚਣਾ ਹੈ, ਕਿਉਂਕਿ ਹਿੰਦੂ ਕੱਟੜ ਫਿਰਕਾਪ੍ਰਸਤ ਹਨ... ਮੈਂ ਹਿੰਦੂਆਂ ਦੇ ਗਲਬੇ ਵਿਚ ਨਹੀਂ ਰਹਿਣਾ।" ਪਾਠਕ ਨੋਟ ਕਰਨ ਕਿ ਕਿਸੇ ਖਾਸ ਅੰਦੋਲਨੀ ਰੌਂਅ ਵਿਚ ਲਿਖੇ ਜਾਂ ਉਚਰੇ ਮਾਸਟਰ ਜੀ ਦੇ ਪਹਿਲਾਂ ਹੀ ਬਥੇਰੇ ਬਲਸ਼ਾਲੀ ਕਥਨ ਨੂੰ ਹੋਰ ਵਜ਼ਨਦਾਰ ਬਣਾਉਣ ਲਈ ਉਸ ਦੇ ਮੂਹਰੇ ਅਜਮੇਰ ਸਿੰਘ ਨੇ 'ਸਪੱਸ਼ਟ ਸ਼ਬਦਾਂ ਵਿਚ ਪੰਥ ਦੀ ਆਵਾਜ਼ ਬਣਨ ਵਾਲਾ' ਦਾਅਵਾ ਜੜ ਦਿੱਤਾ ਹੈ। ਚਲੋ ਮੰਨ ਲਿਆ ਕਿ ਮਾਸਟਰ ਜੀ ਸਗਲੇ ਪੰਥ ਦੀ ਆਵਾਜ਼ ਸਨ ਪਰ ਕੀ ਅਜਮੇਰ ਸਿੰਘ ਇਹ ਕੌੜੀ ਹਕੀਕਤ ਵੀ ਪ੍ਰਵਾਨ ਕਰ ਲਵੇਗਾ ਕਿ ਜਲੰਧਰ ਵਰਗੇ ਫਿਰਕੂ ਤਣਾਅ ਦਾ ਗੜ੍ਹ ਬਣੇ ਰਹੇ ਸ਼ਹਿਰ ਵਿਚ ਮਾਸਟਰ ਜੀ ਕਈ ਪੰਥਕ/ਅਕਾਲੀ ਇਕੱਠਾਂ ਅੰਦਰ ਅਜਿਹੀ ਵਿਸਫੋਟਕ ਅਲੰਕਾਰਕ ਸੁਰ ਵਿਚ ਭਾਸ਼ਣ ਕਰਕੇ ਗਰਮ ਗਰਮ ਚਾਹ ਪੀਣ ਲਈ ਮਹਾਸ਼ਾ ਕ੍ਰਿਸ਼ਨ ਦੇ ਡੇਰੇ 'ਤੇ ਚਲੇ ਜਾਂਦੇ ਸਨ? ਮੈਂ ਇਹ ਵੀ ਦੱਸ ਦਿਆਂ ਕਿ ਇਸ ਗੱਲ ਦਾ ਮੈਨੂੰ ਖੁਦ ਵੀ ਪਤਾ ਨਹੀਂ ਸੀ ਅਤੇ ਮੈਨੂੰ ਇਹ ਜਾਣਕਾਰੀ ਆਪਣੇ ਕਿਸੇ ਵੱਡੇ ਅਕਲ ਲਤੀਫ ਕਹੇ ਜਾਂਦੇ ਮਿੱਤਰ ਮੇਵਾ ਸਿੰਘ ਤੁੰਗ ਦੇ ਹਵਾਲੇ ਨਾਲ ਪ੍ਰੋ. ਬਲਕਾਰ ਸਿੰਘ ਨੇ ਹੀ ਦਿੱਤੀ ਹੈ।

ਫੋਨ ਉਪਰ ਹੀ ਦੂਸਰੀ ਵਾਰ ਹੋਈ ਗੱਲਬਾਤ ਦੌਰਾਨ ਪ੍ਰੋ. ਬਲਕਾਰ ਸਿੰਘ ਨੇ ਮੰਨਿਆ ਕਿ ਅਜਮੇਰ ਸਿੰਘ ਦੀ ਇਹ ਗੱਲ ਦਰੁਸਤ ਹੈ ਕਿ ਜਥੇਦਾਰ ਟੌਹੜਾ ਕਈ ਵਾਰੀ ਗੁੱਸੇ 'ਚ ਆ ਕੇ ਅਜਿਹਾ ਸ਼ਿਕਵਾ ਕਰਦੇ ਰਹੇ ਸਨ ਕਿ "ਭਾਰਤ ਦੇ ਨਵੇਂ ਹੁਕਮਰਾਨਾਂ ਨੇ ਸੁਤੰਤਰਤਾ ਪਿੱਛੋਂ ਸਿੱਖਾਂ ਨਾਲ ਅੰਗਰੇਜ਼ਾਂ ਵਾਂਗ ਹੀ ਸਲੂਕ ਕੀਤਾ ਹੈ।" ਪਰ ਸਵਾਲ ਇਹ ਹੈ ਕਿ ਉਹ ਅਜਿਹਾ ਸ਼ਿਕਵਾ ਕਿਸ ਸਮੇਂ ਅਤੇ ਕਿਨ੍ਹਾਂ ਸੰਦਰਭਾਂ ਵਿਚ ਕਰਦੇ ਸਨ। ਜਥੇਦਾਰ ਟੌਹੜਾ ਨੂੰ ਭਾਰਤ ਦੀ ਕੇਂਦਰੀ ਹਕੂਮਤ 'ਤੇ ਗੁੱਸਾ ਚੜ੍ਹਦਾ ਰਹਿੰਦਾ ਸੀ ਕਿ ਉਨ੍ਹਾਂ ਨੇ ਸਭ ਸੂਬੇ ਬਣਾ ਦਿੱਤੇ ਪਰ ਪੰਜਾਬੀ ਸੂਬਾ ਸਿੱਖਾਂ/ਅਕਾਲੀਆਂ ਨੂੰ ਜ਼ਲੀਲ ਕਰਕੇ ਇੰਨੇ ਵਰ੍ਹੇ ਲੰਘ ਜਾਣ ਪਿੱਛੋਂ ਅਤੇ ਉਹ ਵੀ ਅਧੂਰਾ ਬਣਾਇਆ।

ਜਥੇਦਾਰ ਟੌਹੜਾ ਸਿੱਖ ਸਿਆਸਤ ਦੇ ਚਾਣਕਯ ਮੰਨੇ ਗਏ ਹਨ। ਮੈਨੂੰ ਉਨ੍ਹਾਂ ਦੀ ਹੁਸ਼ਿਆਰੀ, ਸਮਝ ਜਾਂ ਵਸੀਹ ਜਾਣਕਾਰੀ ਬਾਰੇ ਕੋਈ ਸੰਦੇਹ ਨਹੀਂ ਹੈ। ਪਰ ਮੈਨੂੰ ਲੱਗਦਾ ਹੈ ਕਿ ਉਹ ਕੇਂਦਰ ਵਿਰੁਧ ਅਲੰਕਾਰਿਕ ਬਿਆਨਬਾਜ਼ੀ ਮੌਕੇ ਅਕਸਰ ਹੀ ਇਹ ਗੱਲ ਭੁੱਲ ਜਾਂਦੇ ਸਨ ਕਿ ਦੇਸ਼ ਦੀ ਧਰਮ ਆਧਾਰਤ ਖੂਨੀ ਵੰਡ ਜਾਂ ਕੁਝ ਹੋਰ ਲੋਕ ਵਿਰੋਧੀ ਤਕਾਜ਼ਿਆਂ ਨੇ ਭਾਰਤੀ ਹਾਕਮਾਂ ਦੀਆਂ ਸਭ ਤਰਜੀਹਾਂ ਹੀ ਬਦਲ ਸੁੱਟੀਆਂ ਸਨ। ਉਨ੍ਹਾਂ ਆਂਧਰਾ ਪ੍ਰਦੇਸ਼ ਤੇ ਤਾਮਿਲਨਾਡੂ ਜੋ ਕਿ ਪਹਿਲੇ ਦਿਨ ਹੀ ਵੱਖਰੇ ਸੂਬੇ ਬਣਾ ਦਿੱਤੇ ਜਾਣੇ ਚਾਹੀਦੇ ਸਨ, ਰੌਲੇ ਵਾਲੀ ਕੋਈ ਬਾਤ ਹੀ ਨਹੀਂ ਸੀ, ਉਹ ਵੀ ਆਜ਼ਾਦੀ ਤੋਂ ਛੇ-ਸੱਤ ਵਰ੍ਹੇ ਪਿੱਛੋਂ ਬਣਾਏ। ਹੋਰ ਵੀ ਨਿਰਾਲੀ ਗੱਲ ਤਾਂ ਇਹ ਸੀ ਕਿ ਪੰਡਿਤ ਜਵਾਹਰ ਲਾਲ ਨਹਿਰੂ ਨੇ ਮਹਾਰਾਸ਼ਟਰ ਅਤੇ ਗੁਜਰਾਤ ਨੂੰ ਅਲੱਗ ਸੂਬੇ ਬਣਾਉਣ ਲਈ ਪੂਰੇ ਤੇਰਾਂ-ਚੌਦਾਂ ਵਰ੍ਹੇ ਲਾ ਦਿੱਤੇ। ਮਹਾਰਾਸ਼ਟਰ ਨੂੰ 1960 'ਚ ਉਦੋਂ ਵੱਖਰੀ ਸੂਬਾਈ ਪਹਿਚਾਣ ਦਿੱਤੀ ਜਦੋਂ ਮਰਾਠਿਆਂ ਨੇ ਗੁੱਸੇ ਵਿਚ ਆ ਕੇ ਸਾਰੀ ਬੰਬਈ ਵਿਚ ਮਾਰਵਾੜੀ ਸੇਠਾਂ ਦੀਆਂ ਦੁਕਾਨਾਂ ਅਤੇ ਹੋਰ ਕੀਮਤੀ ਜਾਇਦਾਦਾਂ ਨੂੰ ਸਾੜ ਸੁੱਟਿਆ। ਕਿੰਨੇ ਹੀ ਹੋਰ ਸੂਬੇ ਪੰਜਾਬੀ ਸੂਬੇ ਤੋਂ ਪਿੱਛੋਂ ਬਣੇ ਅਤੇ ਹੈਰਾਨੀ ਦੀ ਗੱਲ ਹੈ ਕਿ ਤਿਲੰਗਾਨਾ ਦਾ ਰੱਫੜ ਅਜੇ ਵੀ ਉਵੇਂ ਹੀ ਖਿਚੀਂਦਾ ਤੁਰਿਆ ਜਾਂਦਾ ਹੈ।

ਮੈਂ ਆਪਣੇ ਪਹਿਲੇ ਲੇਖ ਵਿਚ ਵੀ ਸਪੱਸ਼ਟ ਕੀਤਾ ਹੈ ਅਤੇ ਇਕ ਵਾਰ ਮੁੜ ਸਪੱਸ਼ਟ ਕਰ ਦਿਆਂ ਕਿ ਇਹ ਗੱਲਾਂ ਲਿਖਦਿਆਂ ਪਾਠਕ ਮੈਨੂੰ ਕਿਧਰੇ ਭਾਰਤੀ ਸਰਕਾਰ ਦਾ ਵਕੀਲ ਨਾ ਗਰਦਾਨ ਦੇਣ। ਕਿਸੇ ਸਿਆਣੇ ਪਾਠਕ ਨੇ ਤਾਂ ਮੈਨੂੰ "ਕਰਮ ਚੰਦ" ਲਿਖ ਕੇ "ਦੁਸ਼ਟ ਹਿੰਦੂਆਂ" ਦੀ ਸ਼੍ਰੇਣੀ ਵਿਚ ਧੱਕ ਹੀ ਦਿੱਤਾ ਹੈ। ਪਰ ਮੈਂ ਅਖੌਤੀ ਆਜ਼ਾਦ ਭਾਰਤ ਦੀ ਸਰਕਾਰ ਨੂੰ ਹਿੰਦੂਆਂ ਦੀ ਸਰਕਾਰ ਨਹੀਂ ਬਲਕਿ ਦੇਸੀ-ਵਿਦੇਸ਼ੀ ਵੱਡੇ ਧਨਾਢਾਂ ਅਤੇ ਜਗੀਰਦਾਰਾਂ ਦੇ ਹਿੱਤਾਂ, ਹੱਕਾਂ ਦੀ ਰਾਖੀ ਨੂੰ ਪ੍ਰਣਾਈ ਸਰਕਾਰ ਮੰਨਦਾ ਹਾਂ, ਜਿਸ ਦਾ ਮੂਲ ਤੱਤ ਮੁੱਢੋਂ ਹੀ ਲੋਕ ਵਿਰੋਧੀ ਹੈ। ਜੇਕਰ ਸਮੁੱਚੇ ਭਾਰਤ ਵਿਚ 80 ਫੀਸਦੀ ਹਿੰਦੂ ਵਸਦੇ ਹਨ ਅਤੇ ਜੇਕਰ ਕੇਂਦਰ ਦੀ ਸਰਕਾਰ ਹਿੰਦੂਆਂ ਦੇ ਹਿਤਾਂ ਦੀ ਹੀ ਪਾਲਕ ਹੈ ਤਾਂ ਇਨ੍ਹਾਂ ਹੀ ਹਿੰਦੂਆਂ ਵਿਚੋਂ 80 ਫੀਸਦੀ ਤੋਂ ਵੀ ਵੱਧ ਹਿੰਦੂਆਂ ਦੀ ਹਾਲਤ ਪੰਜਾਬ ਦੇ ਕਿਸੇ ਵੀ ਆਮ ਸਿੱਖ ਨਾਲੋਂ ਅੱਜ ਤੱਕ ਵੀ ਕਿਤੇ ਵੱਧ ਬਦਤਰ ਕਿਉਂ ਹੈ?

ਸੰਨ '47 ਦੇ ਬਟਵਾਰੇ ਤੋਂ ਪਹਿਲਾਂ ਦੇ ਰਾਜਨੀਤਕ ਪ੍ਰਵਚਨ ਦੀ ਨਿਰੰਤਰਤਾ ਵਿਚ ਭਾਰਤੀ ਪੰਜਾਬ ਅੰਦਰ ਮਾਸਟਰ ਤਾਰਾ ਸਿੰਘ ਦੇ ਇਰਦ ਗਿਰਦ ਜਿਹੜੇ ਅਕਾਲੀ ਸੋਚ ਵਾਲੇ ਲੋਕ ਇਕੱਠੇ ਹੋਏ, ਉਨ੍ਹਾਂ ਦਾ ਮੂਲ ਪ੍ਰਸ਼ਨ ਲਾਜ਼ਮੀ ਤੌਰ 'ਤੇ ਇਹੋ ਹੀ ਸੀ ਕਿ ਮੁਸਲਮਾਨ ਲੈ ਗਏ ਪਾਕਿਸਤਾਨ, ਹਿੰਦੂ ਲੈ ਗਏ ਹਿੰਦੋਸਤਾਨ ਤੇ ਸਿੱਖਾਂ ਨੂੰ ਕੀ ਮਿਲਿਆ, ਛੁਣਛੁਣਾ? ਇਸੇ ਮਾਨਸਿਕਤਾ 'ਚੋਂ ਅੱਗੋਂ ਸਮੇਂ-ਸਮੇਂ ਤੇ "ਪੰਥ ਖਤਰੇ 'ਚ" ਜਾਂ ਸਿੱਖ ਹੋਮਲੈਂਡ ਵਰਗੇ ਨਾਅਰੇ ਨਿਕਲਦੇ ਰਹੇ।

ਮਾਸਟਰ ਜੀ, ਜਥੇਦਾਰ ਟੌਹੜਾ, ਸੰਤ ਲੌਂਗੋਵਾਲ-ਗੱਲ ਕੀ ਸਾਰੇ ਅਕਾਲੀ ਆਗੂ ਸਿਆਸੀ ਤਾਕਤ ਹਥਿਆਉਣ ਲਈ ਇਸੇ ਰੱਟ ਦੇ ਆਸਰੇ ਆਮ ਸਿੱਖ ਆਵਾਮ ਦੀਆਂ ਭਾਵਨਾਵਾਂ ਨੂੰ ਤਾਅ ਦਿੰਦੇ ਰਹੇ। ਨਿਰਸੰਦੇਹ ਬਰਤਾਨਵੀ ਹਾਕਮਾਂ ਦੀ ਰਾਏ ਮਰਜ਼ੀ ਨਾਲ 20ਵੀਂ ਸਦੀ ਦੀਆਂ ਵਿਸ਼ੇਸ਼ ਹਾਲਤਾਂ ਵਿਚ ਉਭਰ ਕੇ ਸਾਹਮਣੇ ਆਇਆ ਇਹੋ ਸਿਆਸੀ ਪ੍ਰਵਚਨ ਹੀ ਸੀ, ਜੋ ਅੰਤਿਮ ਨਤੀਜੇ ਦੇ ਤੌਰ 'ਤੇ ਰਾਜਸੀ ਤਾਕਤ ਤੋਂ ਵਾਂਝੇ ਹੋਏ ਬੈਠੇ ਅਕਾਲੀਆਂ ਨੂੰ ਸਾਲ 1982 ਵਿਚ ਪਵਿੱਤਰ ਸ੍ਰੀ ਹਰਿਮੰਦਰ ਸਾਹਿਬ ਦੀ ਹਦੂਦ ਵਿਚ ਧਰਮ ਯੁੱਧ ਮੋਰਚਾ ਲਾਉਣ ਵਰਗੇ ਵਿਵਾਦਤ ਕਦਮ ਵੱਲ ਖਿਚ ਕੇ ਲੈ ਗਿਆ। ਇਸ ਪ੍ਰਵਚਨ ਦੀ ਗ੍ਰਿਫਤ ਇਕੱਲੇ ਅਕਾਲੀ ਸਿਆਸੀ ਆਗੂ ਹੀ ਨਹੀਂ ਸਨ ਸਗੋਂ ਇਸੇ ਪ੍ਰਵਚਨ ਨੇ ਸਿਰਦਾਰ ਕਪੂਰ ਸਿੰਘ, ਡਾ. ਕੇਹਰ ਸਿੰਘ, ਡਾ. ਹਰਿੰਦਰ ਸਿੰਘ ਮਹਿਬੂਬ, ਡਾ. ਕੁਲਵੰਤ ਸਿੰਘ ਗਰੇਵਾਲ ਅਤੇ ਕਰਮਜੀਤ ਭਾਅ ਜੀ, ਹਰਸਿਮਰਨ ਸਿੰਘ, ਗਜਿੰਦਰ ਸਿੰਘ ਵਰਗੇ ਅਨੇਕਾਂ ਸਿੱਖ ਬੁੱਧੀਜੀਵੀਆਂ ਦੇ ਮਨ ਮਸਤਕ ਵੀ ਵਿਹਤੇ ਹੋਏ ਹਨ।

***(ਬਾਕੀ ਅਗਲੇ ਅੰਕ ਵਿਚ)***

## ਡਾ. ਹਰਿਭਜਨ ਸਿੰਘ ਦੇ ਉਠਾਏ ਨੁਕਤੇ

**ਪ੍ਰਤੀਕਰਮ-ਦਰ-ਪ੍ਰਤੀਕਰਮ**

ਸੰਪਾਦਕ ਜੀ, ਮੈਂ ਆਪਣੇ ਮਿੱਤਰ ਡਾ. ਹਰਿਭਜਨ ਸਿੰਘ ਦਾ ਆਪਣੀ ਲਿਖਤ ਬਾਰੇ ਪ੍ਰਤੀਕਰਮ ਪੜ੍ਹਿਆ। ਮੈਂ ਆਪਣੀ ਲਿਖਤ ਵਿਚ ਵਲ ਵਿੰਗ ਨਹੀਂ ਪਾਉਂਦਾ, ਕਿਸੇ ਨੂੰ ਚੰਗੀ ਲੱਗੇ, ਕਿਸੇ ਨੂੰ ਮਾੜੀ। ਜਿਹੜੇ ਨੁਕਤੇ ਮੈਂ ਉਠਾਏ ਸਨ, ਉਨ੍ਹਾਂ ਦਾ ਜਵਾਬ ਦੇਣ ਦੀ ਥਾਂ ਡਾ. ਹਰਿਭਜਨ ਸਿੰਘ ਕਿਧਰੇ ਹੋਰ ਚਲੇ ਗਏ ਹਨ। ਸਭ ਤੋਂ ਪਹਿਲਾ ਤੇ ਅਹਿਮ ਨੁਕਤਾ ਇਹ ਸੀ ਕਿ ਅਧਿਆਪਕਾਂ ਦਾ ਕਾਰਵਾਂ ਸ਼ਮਸ਼ਾਨਘਾਟ ਨੂੰ ਜਾਂਦਾ ਤਾਂ ਡਾ. ਹਰਿਭਜਨ ਸਿੰਘ ਨੇ ਮੋੜਿਆ ਤੇ ਕਿਹਾ, ਕੇਂਦਰ ਵਿਚ ਆਉ, ਬੋਪਾਰਾਇ ਸਾਹਿਬ ਨਹੀਂ ਆਏ, ਉਹ ਆਉਣਗੇ ਤਦ ਤੁਰਾਂਗੇ। ਫਿਰ ਵਾਈਸ-ਚਾਂਸਲਰ ਕੋਲ ਸ਼ਿਕਾਇਤ ਲਾਈ ਕਿ ਪ੍ਰੋਫੈਸਰ ਇਥੇ ਗੇੜੀ ਜਿਹੀ ਮਾਰ ਕੇ ਵਾਪਸ ਪਰਤ ਗਏ, ਸ਼ਮਸ਼ਾਨਘਾਟ ਕਿਉਂ ਨਹੀਂ ਗਏ? ਵਾਈਸ-ਚਾਂਸਲਰ ਡਾ. ਜਸਪਾਲ ਸਿੰਘ ਚੁਗਲੀ ਪਸੰਦ ਨਹੀਂ ਕਰਦੇ, ਇਸ ਗੱਲ ਦਾ ਡਾ. ਹਰਿਭਜਨ ਸਿੰਘ ਨੂੰ ਪਤਾ ਹੋਣਾ ਚਾਹੀਦਾ ਸੀ।

ਦੂਜੇ, ਉਨ੍ਹਾਂ ਲਿਖਿਆ ਹੈ ਕਿ ਸੈਮੀਨਾਰਾਂ/ਸਮਾਗਮਾਂ ਤੇ ਆਪਣੇ ਕੁਝ ਦੋਸਤਾਂ ਦਾ ਵਿਰੋਧ/ਨਾਰਾਜ਼ਗੀ ਸਹੇੜ ਕੇ ਵੀ ਉਹ ਮੈਨੂੰ ਦੇਹਰਾਦੂਨ ਸੱਦਦੇ ਰਹੇ ਸਨ। ਪਾਠਕਾਂ ਦੀ ਜਾਣਕਾਰੀ ਹਿਤ ਦੱਸ ਦਿਆਂ ਕਿ ਬੀਬੀ ਮਹਿੰਦਰ ਕੌਰ ਮੈਨੂੰ ਵੱਖ ਤੇ ਮੇਰੀ ਸਰਦਾਰਨੀ ਨੂੰ ਵੱਖ ਫੋਨ ਕਰਕੇ ਆਖਿਆ ਕਰਦੇ ਸਨ ਕਿ ਆਉਣਾ ਪੈਣਾ ਹੈ ਤੇ ਇਕੱਲੇ ਪ੍ਰੋਫੈਸਰ ਸਾਹਿਬ ਨਾ ਆਉਣ, ਦੋਵਾਂ ਨੇ ਆਉਣਾ ਹੈ। ਡਾ. ਹਰਿਭਜਨ ਸਿੰਘ ਸੱਦਾ ਪੱਤਰ ਭੇਜਦੇ, ਲਿਖਤੀ ਖਤ ਭੇਜਦੇ। ਜੇ ਉਹ ਮੈਨੂੰ ਨਾ ਸੱਦਦੇ ਤਦ ਵੀ ਮੈਂ ਜਾਣਾ ਸੀ ਕਿਉਂਕਿ ਬੀਬੀ ਜੀ ਦੀ ਸ਼ਖਸੀਅਤ ਉਨ੍ਹਾਂ ਤੋਂ ਵੱਡੀ ਸੀ। ਹੁਣ ਡਾ. ਹਰਿਭਜਨ ਸਿੰਘ ਆਪਣੇ ਨਾਰਾਜ਼ ਮਿੱਤਰਾਂ ਨੂੰ ਸੱਦਿਆ ਕਰਨ, ਮੈਨੂੰ ਨਾ ਸੱਦਣ ਤਾਂ ਮੈਨੂੰ ਕੋਈ ਨਾਰਾਜ਼ਗੀ ਨਹੀਂ ਹੋਵੇਗੀ।

ਤੀਜੇ, ਡਾ. ਹਰਿਭਜਨ ਸਿੰਘ ਨੇ ਲਿਖਿਆ ਹੈ ਕਿ ਅਕਾਲ ਚਲਾਣੇ ਤੋਂ ਪਹਿਲਾਂ ਬੀਬੀ ਜੀ ਉਨ੍ਹਾਂ ਨੂੰ ਦੱਸ ਗਏ ਸਨ ਕਿ ਇਹ ਥਾਂ ਡਾ. ਬਲਬੀਰ ਸਿੰਘ ਨੇ ਪ੍ਰੋ. ਪੂਰਨ ਸਿੰਘ ਤੋਂ 12 ਹਜ਼ਾਰ ਰੁਪਏ ਵਿਚ ਖਰੀਦੀ ਸੀ। ਮੈਂ ਬੀਬੀ ਜੀ ਸਾਹਮਣੇ ਸਟੇਜ ਉਪਰ ਦੋ ਵਾਰ ਪ੍ਰੋ. ਪੂਰਨ ਸਿੰਘ ਵਲੋਂ ਗਿਫਟ ਵਿਚ ਕੋਠੀ ਦੇਣ ਦਾ ਜ਼ਿਕਰ ਕੀਤਾ, ਉਨ੍ਹਾਂ ਨੇ ਨਾ ਇਤਰਾਜ਼ ਕੀਤਾ, ਨਾ ਮੈਨੂੰ ਦਰੁਸਤ ਕੀਤਾ। ਉਨ੍ਹਾਂ ਦੇ ਰਿਸ਼ਤੇਦਾਰਾਂ ਦੀ ਅੱਖ ਜਾਇਦਾਦ ਉਪਰ ਸੀ, ਇਹ ਗੱਲ ਮੈਨੂੰ ਹਰਿਭਜਨ ਸਿੰਘ ਨੇ ਆਪ ਦੱਸੀ ਤੇ ਬਾਦ ਵਿਚ ਬੀਬੀ ਜੀ ਦੇ ਇਕ ਹੋਰ ਪਰਮ ਸਨੇਹੀ ਨੇ ਪੁਸ਼ਟੀ ਕੀਤੀ। ਇਸ ਸਨੇਹੀ ਦਾ ਨਾਮ ਲਿਖਣਾ ਵਾਜਬ ਨਹੀਂ ਹੋਵੇਗਾ, ਡਾ. ਹਰਿਭਜਨ ਸਿੰਘ ਨੂੰ ਪਤਾ ਹੈ।

ਡਾ. ਹਰਿਭਜਨ ਸਿੰਘ ਵੱਲੋਂ ਉਠਾਏ ਕਿੰਤੂ ਪ੍ਰੰਤੂ ਇਸ ਤਰ੍ਹਾਂ ਦੇ ਹਨ ਜਿਵੇਂ ਲਾਸ਼ ਨਜ਼ਦੀਕ ਬੈਠੀਆਂ ਰੋਂਦੀਆਂ ਔਰਤਾਂ ਉਪਰ ਟਿੱਪਣੀ ਕੀਤੀ ਜਾਵੇ ਕਿ ਇਹ ਸੁਰ ਵਿਚ ਕਿਉਂ ਨਹੀਂ ਰੋਂਦੀਆਂ। ਡਾ. ਹਰਿਭਜਨ ਸਿੰਘ ਕੋਲ ਸਾਨੂੰ ਅਜਿਹੇ ਸਬੂਤ ਪੇਸ਼ ਕਰਨ ਦੀ ਜ਼ਰੂਰਤ ਨਹੀਂ ਜਿਨ੍ਹਾਂ ਤੋਂ ਸਾਬਤ ਕਰ ਸਕੀਏ ਕਿ ਅਸੀਂ ਬੀਬੀ ਜੀ ਦਾ ਸਤਿਕਾਰ ਕਰਨ ਵਾਲਿਆਂ ਵਿਚੋਂ ਹਾਂ।

***-ਡਾ. ਹਰਪਾਲ ਸਿੰਘ ਪੰਨੂ***
***ਪ੍ਰੋਫੈਸਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ।***

# ਗੁਰੂ ਘਰਾਂ ਦੇ ਝਗੜੇ, ਖਾਲਸਾ ਪੰਥ ਦੇ ਨਾਂ ਖੁੱਲ੍ਹਾ ਖੱਤ

ਉਚੇ ਸੁੱਚੇ ਜੀਵਨ ਵਾਲੇ ਪ੍ਰਬੰਧਕਾਂ ਦੀ ਵੀ ਘਾਟ ਨਹੀਂ ਜੋ ਪੰਥ ਦੀ ਚੜਦੀ ਕਲਾ ਲਈ ਕੰਮ ਕਰ ਰਹੇ ਨੇ ਪਰ ਇਸ ਸਮੇਂ 90% ਗੁਰੂ ਘਰਾਂ ਵਿਚ ਕਾਨੂੰਨੀ ਜਾਂ ਖੂਨੀ ਲੜਾਈ ਚੱਲ ਰਹੀ ਹੈ ਜੋ ਸਿੱਖੀ ਸਿਧਾਂਤਾਂ ਨੂੰ ਅਪਨਾਉਣ ਜਾਂ ਪ੍ਰਚਾਰਨ ਲਈ ਨਹੀਂ, ਸਿਰਫ ਪ੍ਰਬੰਧ 'ਤੇ ਕਾਬਜ ਹੋਣ ਵਾਸਤੇ ਹੁੰਦੀ ਹੈ। ਇੱਕ ਧੜਾ ਦੂਜੇ ਨੂੰ ਗਲਤ ਸਾਬਤ ਕਰਨ ਲਈ ਲੱਖਾਂ ਡਾਲਰ ਵਕੀਲਾਂ ਨੂੰ ਦੇ ਰਿਹਾ ਹੈ।

ਲੜਨ ਵਾਲੇ ਵੀਰੋ, ਕਦੇ ਇਹ ਵੀ ਸੋਚਿਆ ਹੈ ਕਿ ਗੁਰੂ ਘਰ ਵਿਚ ਲੜਾਈ ਨਾਲ ਗੁਰੂ ਗ੍ਰੰਥ ਸਾਹਿਬ ਤੇ ਖਾਲਸਾ ਪੰਥ ਦਾ ਅਪਮਾਨ ਹੁੰਦਾ ਹੈ। ਸੰਗਤ ਅਤੇ ਪੁੰਗਰ ਰਹੀ ਸਿੱਖ ਪਨੀਰੀ ਦੀਆਂ ਭਾਵਨਾਵਾਂ ਦਾ ਕਤਲ ਹੰਦਾ ਹੈ। ਸਿੱਖੀ ਸਰੂਪ, ਦਸਤਾਰਾਂ ਅਤੇ ਸ਼ਰਧਾ ਨੂੰ ਰੋਲਦੇ ਹੋ। ਖਾਲਸੇ ਦਾ ਬੋਲ ਬਾਲਾ ਹੋਣ ਦੀ ਥਾਂ ਬਦਨਾਮੀ ਹੋ ਰਹੀ ਹੈ। ਆਗੂ ਸਿਧਾਂਤਾਂ ਦੀ ਰਾਖੀ ਵਾਸਤੇ ਹੁੰਦੇ ਹਨ ਨਾ ਕਿ ਇਨ੍ਹਾਂ ਨੂੰ ਰੋਲਣ ਵਾਸਤੇ। ਜਦੋਂ ਕੋਈ ਬਾਹਰਲਾ ਗੁਰੂ ਗ੍ਰੰਥ ਸਾਹਿਬ ਦਾ ਅਪਮਾਨ ਕਰਦਾ ਹੈ ਜਾਂ ਹਵਾਈ ਅੱਡਿਆਂ 'ਤੇ ਤਲਾਸ਼ੀ ਸਮੇਂ ਕਕਾਰਾਂ ਅਤੇ ਦਸਤਾਰਾਂ ਨੂੰ ਲਾਹੁੰਦਾ ਹੈ ਤਾਂ ਅਸੀਂ ਮਰਨ ਮਾਰਨ 'ਤੇ ਆ ਜਾਂਦੇ ਹਾਂ, ਮੁਜਾਹਰੇ ਕਰਦੇ ਹਾਂ ਅਤੇ ਅਦਾਲਤਾਂ ਵਿਚ ਕੇਸ ਕਰਦੇ ਹਾਂ। ਆਪਣੇ ਹੱਕਾਂ ਦੀ ਰਾਖੀ ਕਰਨੀ ਚਾਹੀਦੀ ਵੀ ਹੈ।

ਪ੍ਰਬੰਧਕ ਵੀਰਾਂ ਨੂੰ ਗੰਭੀਰਤਾ ਨਾਲ ਆਪਣੀ ਬੁੱਕਲ ਵਿਚ ਝਾਤ ਮਾਰਨ ਦੀ ਲੋੜ ਹੈ ਕਿ ਬੇਗਾਨਿਆਂ ਅਤੇ ਖੁਦ ਸਾਡੇ ਵਲੋਂ ਕੀਤੇ ਅਪਮਾਨ ਵਿਚ ਕੀ ਫ਼ਰਕ ਹੈ? ਵਿਰੋਧੀ ਅਤੇ ਕਾਬਜ਼ ਧਿਰ ਨੂੰ ਕਿਸ ਨੇ ਅਧਿਕਾਰ ਦਿੱਤਾ ਹੈ ਕਿ ਜਦੋਂ ਮਰਜੀ ਗੁਰੂ ਘਰ ਵਿਚ ਲੜਾਈ ਕਰਕੇ ਪੁਲਿਸ ਸੱਦ ਕੇ ਗੁਰੂ ਸਾਹਿਬ ਦਾ ਅਪਮਾਨ ਕਰਵਾ ਦਿੱਤਾ ਜਾਵੇ। ਕੀ ਆਗੂਆਂ ਦਾ ਫ਼ਰਜ ਨਹੀਂ ਬਣਦਾ ਕਿ ਆਪਣੀ ਜਾਨ ਨਾਲੋਂ ਗੁਰੂ ਦੇ ਸਤਿਕਾਰ ਨੂੰ ਵੱਧ ਅਹਿਮੀਅਤ ਦਿੱਤੀ ਜਾਵੇ? ਜੇ ਵਾੜ ਖੇਤ ਨੂੰ ਖਾਵੇ, ਬਾਗ ਦਾ ਮਾਲੀ ਬਾਗ ਉਜਾੜਨ 'ਤੇ ਆ ਜਾਵੇ, ਆਗੂ ਅੰਨੇ ਹੋ ਜਾਣ, "ਅੰਧਾ ਆਗੂ ਜੇ ਥੀਐ ਕਿਉ ਪਾਧਰੁ ਜਾਣੈ॥ ਆਪਿ ਮੁਸੈ ਮਤਿ ਹੋਛੀਐ ਕਿਉ ਰਾਹੁ ਪਛਾਣੈ॥" ਕਾਜ਼ੀ ਰਿਸ਼ਵਤੀ ਹੋ ਜਾਏ ਫਿਰ ਸਲਾਮਤੀ ਦੀ ਕਿੱਥੋਂ ਆਸ ਕੀਤੀ ਜਾ ਸਕਦੀ ਹੈ? ਭਾਈ ਗੁਰਦਾਸ ਜੀ ਦੇ ਬਚਨ ਪੂਰੇ ਢੁਕਦੇ ਹਨ,

ਜੇ ਮਾਉ ਪੁਤੈ ਵਿਸੁ ਦੇ
ਤਿਸ ਤੇ ਕਿਸੁ ਪਿਆਰਾ॥
ਜੇ ਘਰ ਭੰਨੈ ਪਾਹਰੂ
ਕਉਣੁ ਰਖਣ ਹਾਰਾ॥
ਬੇੜਾ ਡੋਬੈ ਪਾਤਣੀ
ਕਿਉ ਪਾਰਿ ਉਤਾਰਾ॥
ਆਗੂ ਲੈ ਉਝੜਿ ਪਵੇ
ਕਿਸੁ ਕਰੈ ਪੁਕਾਰਾ॥
ਜੇ ਕਰਿ ਖੇਤੈ ਖਾਇ
ਵਾੜਿ ਕੋ ਲਹੈ ਨ ਸਾਰਾ॥

ਗੁਰਦਵਾਰਾ ਸਹਿਬਾਨ ਵਿਚ ਇਹ ਘਟਨਾਵਾਂ ਇਸ ਲਈ ਵਾਪਰਦੀਆਂ ਹਨ ਕਿ ਪ੍ਰਬੰਧਕ ਕਿਸੇ ਨੂੰ ਵੀ ਜਵਾਬਦੇਹ ਨਹੀਂ ਹੁੰਦੇ। ਜੇ ਕੋਈ ਆਪਣੇ ਆਪ ਨੂੰ ਜ਼ੋਖਮ ਵਿਚ ਪਾ ਕੇ ਆਵਾਜ਼ ਉਠਾਉਂਦਾ ਹੈ, ਉਸ ਨੂੰ ਅਣਸੁਣਿਆ ਕਰ ਦਿੱਤਾ ਜਾਂਦਾ ਹੈ।

## ਪਾਠਕਾਂ ਦੀ ਗੱਲ

ਦਾਸ ਦੀ ਅਮੈਰਿਕਨ ਗੁਰਦੁਆਰਾ ਪ੍ਰਬੰਕ ਕਮੇਟੀ ਨੂੰ ਵੀ ਬੇਨਤੀ ਕਿ ਈਸਟ ਅਤੇ ਵੈਸਟ ਸਾਈਡ ਦੇ ਮੌਜੂਦਾ ਤੇ ਸਾਬਕਾ ਪ੍ਰਬੰਧਕਾਂ ਅਤੇ ਪੰਥਕ ਜਥੇਬੰਦੀਆਂ ਦੇ ਨੁਮਾਇੰਦਿਆਂ ਦੀਆਂ ਮੀਟਿੰਗਾਂ ਸੱਦੀਆਂ ਜਾਣ ਜਿਨ੍ਹਾਂ ਵਿਚ ਗੰਭੀਰਤਾ ਨਾਲ ਵਿਚਾਰ ਕਰਕੇ ਖਾਲਸਾ ਪੰਥ ਵਿਚ ਆ ਚੁੱਕੇ ਖਾਨਾ ਜੰਗੀ ਦੇ ਤੂਫਾਨ ਨੂੰ ਰੋਕਿਆ ਜਾਵੇ। ਆਪ ਮੁਹਾਰੇ ਚੱਲ ਰਹੇ ਵਿਵਾਦਾਂ ਨੂੰ ਗੁਰਮਤਿ ਦੇ ਨਿਯਮਾਂ ਨਾਲ ਹੀ ਰੋਕਿਆ ਜਾ ਸਕਦਾ ਹੈ। ਗੁਰੂ ਘਰਾਂ ਦੇ ਸੰਵਿਧਾਨ ਗੁਰਬਾਣੀ ਅਤੇ ਅਕਾਲ ਤਖ਼ਤ ਤੋਂ ਪ੍ਰਵਾਣਤ ਸਿੱਖ ਰਹਿਤ ਮਰਯਾਦਾ ਮੁਤਾਬਕ ਬਣਾਏ ਜਾਣ। ਹਰ ਗੁਰੂ ਘਰ ਅਤੇ ਹਰ ਸਿੱਖ ਜਥੇਬੰਦੀ ਦਾ ਪ੍ਰਬੰਧਕ ਸਿੱਖ ਰਹਿਤ ਮਰਯਾਦਾ ਦੀ ਪਾਲਣਾ ਕਰਨ ਦਾ ਪਾਬੰਦ ਹੈ। ਲੜਾਈ ਤੋਂ ਬਾਅਦ ਦੋਵੇਂ ਧੜੇ ਇੱਕ ਦੂਜੇ 'ਤੇ ਦੋਸ਼ ਲਾ ਕੇ ਅਦਾਲਤ ਵਿਚ ਜਾਂਦੇ ਹਨ। ਅਪਮਾਨ ਗੁਰੂ ਗ੍ਰੰਥ ਸਾਹਿਬ ਤੇ ਖਾਲਸਾ ਪੰਥ ਦਾ ਹੁੰਦਾ ਹੈ। ਤੀਜੀ ਧਿਰ ਵੀ ਹੋਣੀ ਚਾਹੀਦੀ ਹੈ ਜੋ ਅਪਮਾਨ ਕਰਨ ਵਾਲੀਆਂ ਧਿਰਾਂ ਨੂੰ ਅਦਾਲਤ ਵਿਚ ਲਿਜਾ ਸਕੇ। ਸਿੱਖਾਂ ਦੀ ਸਰਵਉਚ ਅਦਾਲਤ ਅਕਾਲ ਤਖ਼ਤ ਹੈ ਪਰ ਉਥੇ ਪਹਿਲੀ ਗੱਲ ਕੋਈ ਸ਼ਿਕਾਇਤ ਕਰਦਾ ਹੀ ਨਹੀਂ ਜੇ ਕੋਈ ਚਲੇ ਵੀ ਜਾਵੇ ਧਾਰਮਿਕ ਸਜ਼ਾ ਲਾਈ ਜਾਂਦੀ ਹੈ ਜੋ ਪੂਰੀ ਕਰਨ ਬਾਅਦ ਉਚੇ ਅਹੁਦਿਆਂ 'ਤੇ ਬਿਰਾਜਮਾਨ ਹੋ ਜਾਂਦੇ ਨੇ। ਇਸ ਤਰ੍ਹਾਂ ਨਹੀਂ ਹੋਣਾ ਚਾਹੀਦਾ।

ਜੇ ਕੋਈ ਸਿੱਖ ਧਰਮ ਤੋਂ ਅਣਜਾਣ ਵਿਅਕਤੀ ਵਧੀਕੀ ਕਰਦਾ ਹੈ ਤਾਂ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚਾਉਣ ਕਰਕੇ ਸਜ਼ਾ ਦਿੱਤੀ ਜਾਂਦੀ ਹੈ ਪਰ ਜੇ ਸਿੱਖ ਹੋਣ ਦੇ ਨਾਤੇ ਗੁਰੂ ਦੀ ਬੇਅਬਦੀ ਕਰੇ ਤਾਂ ਕੀ ਸਜ਼ਾ ਦੁੱਗਣੀ ਨਹੀਂ ਹੋਣੀ ਚਾਹੀਦੀ? ਜੇ ਕਿਸੇ ਗੁਰੂ ਘਰ ਦਾ ਪ੍ਰਬੰਧਕ ਧਰਮ ਦੇ ਅਪਮਾਨ ਅਤੇ ਬਦਨਾਮੀ ਦਾ ਕਾਰਨ ਬਣੇ ਉਸ ਲਈ ਸਜ਼ਾ ਵਾਸਤੇ ਫੈਸਲਾ ਖਾਲਸਾ ਪੰਥ ਨੂੰ ਜਰੂਰ ਕਰਨਾ ਚਾਹੀਦਾ ਹੈ। ਜੇ ਆਗੂ ਵੀਰ ਆਪ ਹੀ ਨਾਨਕ ਨਾਮ ਲੇਵਾ ਸਿੱਖਾਂ ਦੀਆਂ ਭਾਵਨਾਵਾਂ ਦੀ ਕਦਰ ਕਰਦੇ ਹੋਏ ਇਹ ਜਰੂਰੀ ਬਣਾਉਣ ਕਿ ਗੁਰੂ ਘਰ ਵਿਚ ਲੜਾਈ ਨਹੀਂ ਹੋਣੀ ਚਾਹੀਦੀ ਤਾਂ ਉਨ੍ਹਾਂ ਨੂੰ ਆਮ ਸੰਗਤ ਨਾਲੋ ਲੜਾਈ ਦੇ ਕਾਰਨਾਂ ਦਾ ਵੱਧ ਪਤਾ ਹੈ ਇਸ ਲਈ ਉਹ ਆਪ ਹੀ ਗੁਰੂ ਘਰਾਂ ਦੇ ਸੰਵਿਧਾਨਾਂ ਵਿਚ ਤਬਦੀਲੀਆਂ ਕਰਕੇ ਇਨ੍ਹਾਂ ਕਾਰਨਾਂ ਨੂੰ ਦੂਰ ਕਰਨ। ਲੜਾਈ ਦੇ ਹਾਲਾਤ ਪੈਦਾ ਕਰਨ ਵਾਲੇ ਅਤੇ ਲੜਾਈ ਕਰਨ ਵਾਲੇ ਵਾਸਤੇ ਸਜਾ ਨਿਯੁਕਤ ਕੀਤੀ ਜਾਵੇ।

ਦਾਸ ਨੇ ਜੋ ਵੀ ਲਿਖਿਆ ਹੈ ਕਿਸੇ ਦੇ ਜ਼ਾਤੀ ਵਿਰੋਧ ਵਿਚ ਨਹੀਂ ਲਿਖਿਆ। ਇਹ ਗੁਰੂ ਗ੍ਰੰਥ ਸਾਹਿਬ ਦੀ ਹੋ ਰਹੀ ਬੇਅਬਦੀ ਤੇ ਸਿੱਖਾਂ ਦੀ ਸੰਸਾਰ ਪੱਧਰ ਤੇ ਹੋ ਰਹੀ ਬਦਨਾਮੀ ਨਾਲ ਸ਼ਰਧਾਵਾਨ ਸੰਗਤਾਂ ਦੇ ਤੜਫ ਰਹੇ ਹਿਰਦਿਆਂ ਵਿਚੋਂ ਉਠੀ ਪੁਕਾਰ ਹੈ। ਕੋਈ ਵੀ ਜਥੇਬੰਦੀ ਜਾਂ ਗੁਰਸਿੱਖ ਇਸ ਮਸਲੇ ਦੇ ਹੱਲ ਲਈ ਆਪਣੀ ਸਮਰਥਾ ਅਨੁਸਾਰ ਯੋਗਦਾਨ ਪਾਏਗਾ ਦਾਸ ਸਦਾ ਲਈ ਰਿਣੀ ਰਹੇਗਾ। ਗੁਰੂ ਗ੍ਰੰਥ ਸਾਹਿਬ ਅਤੇ ਸਿੱਖੀ ਪਰੰਪਰਾਵਾਂ ਦਾ ਸਤਿਕਾਰ ਕਇਮ ਰੱਖਣਾ ਸਿੱਖ ਵਾਸਤੇ ਸੱਚੀ ਸੁੱਚੀ ਸੇਵਾ ਹੈ

***-ਜੋਗਾ ਸਿੰਘ ਨਿਊਜ਼ਰਸੀ***
***ਫੋਨ:201-376-4945***

# ਸੋ ਪ੍ਰਭ ਨੇਰੈ ਹੂ ਤੇ ਨੇਰੈ॥

ੴ ਸਤਿਗੁਰ ਪ੍ਰਸਾਦਿ॥
ਦੇਵ ਗੰਧਾਰੀ ਮਹੱਲਾ 5
ਸੋ ਪ੍ਰਭ ਨੇਰੈ ਹੂ ਤੇ ਨੇਰੈ॥
ਸਿਮਰਿ ਧਿਆਇ ਗਾਇ ਗੁਨ ਗੋਬਿੰਦ
ਦਿਨੁ ਰੈਨਿ ਸਾਂਝ ਸਵੇਰੈ॥ ਰਹਾਉ॥
ਉਧਰੁ ਦੇਹ ਦੁਲਭ ਸਾਧੂ ਸੰਗਿ
ਹਰਿ ਹਰਿ ਨਾਮੁ ਜਪੇਰੈ॥
ਘਰੀ ਨ ਮੁਹਤੁ ਨ ਚਸਾ ਬਿਲੰਭਰੁ
ਕਾਲ ਨਿਤਹਿ ਨਿਤ ਹੇਰੈ॥
ਅੰਧ ਬਿਲਾ ਤੇ ਕਾਢਹੁ ਕਰਤੇ
ਕਿਆ ਨਾਹੀ ਘਰਿ ਤੇਰੈ॥
ਨਾਮ ਅਧਾਰ ਦੀਜੈ ਨਾਨਕ ਕਉ
ਆਨਦ ਸੂਖ ਘਨੇਰੈ॥

ਧੁਰ ਕੀ ਬਾਣੀ ਦਾ ਇਹ ਰਹਿਮਤਾਂ ਭਰਿਆ ਸ਼ਬਦ ਗੁਰੂ ਅਰਜਨ ਦੇਵ ਜੀ ਦੀ ਬਖ਼ਸ਼ਿਸ਼ ਹੈ। ਗੁਰਦੇਵ ਪਿਤਾ ਉਸ ਪਰਮ ਪੁਰਖ ਪਰਮਾਤਮਾ ਦੀ ਅਰਾਧਨਾ ਲਈ ਸਾਨੂੰ ਕਲਜੁਗੀ ਜੀਵਾਂ ਨੂੰ ਉਪਦੇਸ਼ ਕਰਦੇ ਹਨ,

ਸਿਮਰਿ ਧਿਆਇ ਗਾਇ ਗੁਨ ਗੋਬਿੰਦ
ਦਿਨੁ ਰੈਨਿ ਸਾਂਝ ਸਵੇਰੈ॥

ਹੇ ਭਾਈ! ਉਹ ਸਰਬਵਿਆਪਕ ਪ੍ਰਭੂ ਪ੍ਰਮੇਸ਼ਵਰ ਤਾਂ ਨੇਰੈ ਹੂ ਤੇ ਨੇਰੈ ਭਾਵ ਹਰ ਸਮੇਂ ਸਾਡੇ ਨਾਲ ਹੀ ਰਹਿੰਦਾ ਹੈ, ਕਦੀ ਭੀ ਦੂਰ ਨਹੀਂ ਹੁੰਦਾ। ਸੋ, ਹੇ ਜੀਵ! ਦਿਨ ਰਾਤ, ਸ਼ਾਮ ਅਤੇ ਸਵੇਰੇ ਭਾਵ ਹਰ ਵੇਲੇ, ਹਰ ਵਕਤ ਹੀ ਸਵਾਸ ਸਵਾਸ ਉਸ ਮਾਲਕ ਪ੍ਰਭੂ ਜੀ ਦਾ ਸਿਮਰਨ ਕਰਦੇ ਰਹਿਣਾ ਚਾਹੀਏ, ਉਸ ਦੀ ਅਰਾਧਨਾ ਕਰਨੀ ਚਾਹੀਏ ਅਤੇ ਉਠਦੇ-ਬੈਠਦੇ ਉਸ ਦੇ ਗੁਣ ਗਾਇਨ ਕਰਨੇ ਚਾਹੀਏ।

ਉਧਰੁ ਦੇਹ ਦੁਲਭ ਸਾਧੂ ਸੰਗਿ
ਹਰਿ ਹਰਿ ਨਾਮੁ ਜਪੇਰੈ॥
ਘਰੀ ਨ ਮੁਹਤੁ ਨ ਚਸਾ ਬਿਲੰਭਰੁ
ਕਾਲ ਨਿਤਹਿ ਨਿਤ ਹੇਰੈ॥

ਹੇ ਭਾਈ! ਪੂਰੇ ਗੁਰੂ ਦੀ ਸੰਗੀਤ ਵਿਚ ਬੈਠ ਕੇ ਅਤੇ ਪ੍ਰਭੂ ਸਿਮਰਨ ਕਰਕੇ ਹੀ ਇਸ ਸਰੀਰ ਭਾਵ ਮਾਨਸ ਜਨਮ ਨੂੰ ਵਿਕਾਰਾਂ ਦੇ

## ਗੁਰਬਾਣੀ ਗਿਆਨ

ਸਮੁੰਦਰ ਵਿਚ ਡੁੱਬਣ ਤੋਂ ਬਚਾਇਆ ਜਾ ਸਕਦਾ ਹੈ। ਹੇ ਜੀਵ! ਕਾਲ ਭਾਵ ਮੌਤ ਤੈਨੂੰ ਹਰ ਵੇਲੇ ਦੇਖ ਰਹੀ ਹੈ, ਇਸ ਲਈ ਘੜੀ ਜਾਂ ਅੱਧੀ ਘੜੀ ਦੀ ਦੇਰੀ ਤਾਂ ਕੀ, ਇਕ ਪਲ ਲਈ ਵੀ ਸਮਾਂ ਵਿਅਰਥ ਨਾ ਗੰਵਾ ਅਤੇ ਪ੍ਰਭੂ ਸਿਮਰਨ ਵਿਚ ਆਪਣੇ ਮਨ ਨੂੰ ਜੋੜ ਲੈ,

ਅੰਧ ਬਿਲਾ ਤੇ ਕਾਢਹੁ ਕਰਤੇ
ਕਿਆ ਨਾਹੀ ਘਰਿ ਤੇਰੈ॥
ਨਾਮ ਅਧਾਰ ਦੀਜੈ ਨਾਨਕ ਕਉ
ਆਨਦ ਸੂਖ ਘਨੇਰੈ॥

ਹੇ ਇਸ ਸੰਸਾਰ ਦੇ ਰਚਨਹਾਰ ਕਰਤੇ! ਤੇਰੇ ਘਰ ਵਿਚ ਕਿਸੇ ਚੀਜ਼ ਦੀ ਭੀ ਥੋੜ ਨਹੀਂ ਹੈ, ਕਮੀ ਨਹੀਂ ਹੈ। ਆਪ ਆਪਣੀ ਕ੍ਰਿਪਾ ਦ੍ਰਿਸ਼ਟੀ ਕਰੋ ਅਤੇ ਅੰਧ ਬਿਲਾ ਤੇ, ਭਾਵ ਮੋਹ ਮਾਇਆ ਦੀ ਹਨੇਰੀ ਖੁੱਡ ਵਿਚੋਂ ਸਾਨੂੰ ਜੀਵਾਂ ਨੂੰ ਬਾਹਰ ਕੱਢ ਲਵੋ। ਹੇ ਮੇਰੇ ਪ੍ਰਭ ਜੀਉ! ਇਹ ਨਾਨਕ ਭੀ ਆਪ ਦੀ ਸ਼ਰਣ ਵਿਚ ਹੈ, ਇਸ ਨੂੰ ਆਪਣੇ ਨਾਮ ਦਾ ਆਸਰਾ ਦੇਵੋ। ਹੇ ਪ੍ਰਭੂ! ਆਪ ਦੇ ਸਿਮਰਨ ਵਿਚ ਹੀ ਸੁੱਖ ਅਤੇ ਅਨੰਦ ਭੀ ਪ੍ਰਾਪਤ ਹੋ ਜਾਂਦੇ ਹਨ।

ਆਉ ਗੁਰੂ ਦੀ ਸ਼ਰਣ ਵਿਚ ਚੱਲੀਏ।

***-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ***
***ਫੋਨ: 916-687-3536***

# ਦਮਦਮੀ ਟਕਸਾਲ ਦਾ ਮਹਾਨ ਇਤਿਹਾਸ

ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਨੇ ਦਮਦਮਾ ਸਾਹਿਬ ਵਿਚ ਦਮਦਮੀ ਟਕਸਾਲ ਦੀ ਸਥਾਪਨਾ ਕੀਤੀ। ਟਕਸਾਲ ਦਾ ਪੰਥਕ ਸੇਵਾ ਦਾ ਮਹਾਨ ਇਤਿਹਾਸ ਹੈ। ਦਮਦਮੀ ਟਕਸਾਲ ਦੇ ਸੇਵਾਦਾਰ ਬਾਬਾ ਦੀਪ ਸਿੰਘ ਨੇ ਸੀਸ ਤਲੀ 'ਤੇ ਧਰ ਕੇ ਮੁਗਲਾਂ ਨਾਲ ਟੱਕਰ ਲਈ ਅਤੇ ਸ੍ਰੀ ਹਰਿਮੰਦਰ ਸਾਹਿਬ ਨੂੰ ਆਜ਼ਾਦ ਕਰਾਇਆ। ਜਥੇਦਾਰ ਬਾਬਾ ਗੁਰਬਖ਼ਸ਼ ਸਿੰਘ ਨੇ 30 ਸਿੰਘਾਂ ਨੂੰ ਨਾਲ ਲੈ ਕੇ ਮੁਗਲਾਂ ਨਾਲ ਜ਼ਬਰਦਸਤ ਟੱਕਰ ਲਈ। ਟਕਸਾਲ ਦੇ 11ਵੇਂ ਜਥੇਦਾਰ ਬਾਬਾ ਸੁੰਦਰ ਸਿੰਘ ਨੇ ਜੈਤੋ ਦੇ ਮੋਰਚੇ ਵਿਚ ਪੰਥ ਦੀ ਮਹਾਨ ਸੇਵਾ ਕੀਤੀ। ਇਤਿਹਾਸ ਗਵਾਹ ਹੈ।

ਦਮਦਮੀ ਟਕਸਾਲ ਦੇ 13ਵੇਂ ਜਥੇਦਾਰ ਸੰਤ ਬਾਬਾ ਕਰਤਾਰ ਸਿੰਘ ਨੇ ਇੰਦਰਾ ਗਾਂਧੀ ਵਲੋਂ ਦੇਸ਼ ਵਿਚ ਲਾਈ ਐਮਰਜੈਂਸੀ ਦੇ ਖਿਲਾਫ ਮੋਰਚਾ ਲਾਇਆ। ਉਨ੍ਹਾਂ ਬਹੁਤ ਉਚੇ ਇਖਲਾਕ ਉਤੇ ਪਹਿਰਾ ਦਿੱਤਾ। ਖਡੂਰ ਸਾਹਿਬ ਦੀ ਗੱਲ ਹੈ, ਇਕ ਸਿੰਘ ਨੇ ਕਿਸੇ ਬੀਬੀ ਨਾਲ ਬਦਸਲੂਕੀ ਕਰਨ ਦੀ ਕੋਸ਼ਿਸ਼ ਕੀਤੀ। ਸੰਤਾਂ ਨੇ ਅੰਦਰ ਕਮਰੇ ਵਿਚ ਵਾੜ ਕੇ ਉਸ ਸਿੰਘ ਨੂੰ ਆਪਣੇ ਤੀਰ ਨਾਲ ਕੁੱਟਿਆ। (ਹਵਾਲਾ, ਪੁਸਤਕ "ਸੰਤਾਂ ਦਾ ਜੀਵਨ-ਚਿੱਟਾ ਚੋਲਾ")। ਦਮਦਮੀ ਟਕਸਾਲ ਦੇ 14ਵੇਂ ਜਥੇਦਾਰ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਨੇ ਧਰਮ ਯੁੱਧ ਮੋਰਚਾ ਲਾਇਆ। ਮੋਰਚੇ ਦੌਰਾਨ ਉਨ੍ਹਾਂ ਹਮੇਸ਼ਾ ਆਪਣੇ ਸਿੰਘਾਂ ਵਿਚ ਉਚੇ ਇਖਲਾਕ ਦੀ ਪੈਰਵਾਈ ਕੀਤੀ। ਭਾਈ ਮਹਿੰਦਰ ਸਿੰਘ ਸਾਈਆਂਵਾਲੇ ਦੀ ਡਿਊਟੀ ਲਾਈ ਅਤੇ ਜਲਾਲਾਬਾਦ ਵਿਚ ਹਿੰਦੂ ਬੀਬੀ ਨੂੰ ਛੁਡਾ ਕੇ ਲਿਆਂਦਾ।

ਦਮਦਮੀ ਟਕਸਾਲ ਦੇ ਵਿਦਿਆਰਥੀਆਂ ਨੇ ਵੀ ਸਿੱਖ ਕੌਮ ਦੀ ਸੇਵਾ ਵਿਚ ਹਮੇਸ਼ਾ ਵਧ ਚੜ੍ਹ ਕੇ ਹਿੱਸਾ ਪਾਇਆ। ਭਾਈ ਮਨਵੀਰ ਸਿੰਘ ਚਹੇੜੂ, ਭਾਈ ਰਸਾਲ ਸਿੰਘ, ਭਾਈ ਲਾਭ ਸਿੰਘ, ਭਾਈ ਸੁਰਿੰਦਰ ਸਿੰਘ ਸੋਢੀ, ਬਾਬਾ ਗੁਰਬਚਨ ਸਿੰਘ ਮਾਨੋਚਾਹਲ ਅਤੇ ਹੋਰ ਅਨੇਕਾਂ ਸਿੰਘਾਂ ਨੇ ਗੁਰੂ ਪੰਥ ਅਤੇ ਗੁਰੂ ਗ੍ਰੰਥ ਦੀ ਸੇਵਾ ਕੀਤੀ। ਭਾਈ ਸੁਰਿੰਦਰ ਸਿੰਘ ਸੋਢੀ ਨੇ ਨਿਰੰਕਾਰੀਆਂ ਵਿਰੁਧ ਟੱਕਰ ਦੌਰਾਨ ਸਿੱਖ ਕੌਮ ਦੀ ਆਨ ਸ਼ਾਨ ਲਈ ਵਧ ਚੜ੍ਹ ਕੇ ਹਿੱਸਾ ਪਾਇਆ। ਆਪਣੇ ਆਪ ਨੂੰ ਵੱਡਾ ਨਾਢੂ ਖਾਂ ਗਿਣਦੇ ਨਿਰੰਕਾਰੀ ਰੋਸ਼ਨ ਸਿਤਾਰੇ ਨੂੰ ਸੋਧਿਆ। ਦਮਦਮੀ ਟਕਸਾਲ ਦੇ ਸਿੰਘਾਂ ਨੇ ਭਾਈ ਸੁਰਿੰਦਰ ਸਿੰਘ ਸੋਢੀ ਦੇ ਕਾਤਲ ਅਤੇ ਨੀਵੇਂ ਇਖਲਾਕ ਦੇ ਮਾਲਕ ਛਿੰਦੇ ਦੇ ਸੱਤ ਟੋਟੇ ਕਰ ਕੇ ਮਾਨਾਂਵਾਲੇ ਪੁਲ 'ਤੇ ਸੋਢੀ ਦੇ ਕਤਲ ਦਾ ਬਦਲਾ ਲਿਆ। ਇਨ੍ਹਾਂ ਸਿੰਘਾਂ ਨੇ ਅੰਮ੍ਰਿਤਸਰ ਵਿਚ ਸਿੰਧੀ ਹੋਟਲ ਦੇ 17 ਨੰਬਰ ਕਮਰੇ ਵਿਚੋਂ ਬਲਾਤਕਾਰੀਆਂ ਨੂੰ ਕੱਢ ਕੇ ਕੁੱਤੇ ਦੀ ਮੌਤ ਮਾਰਿਆ।

ਜਿਥੇ ਮਾਲਵੇ ਅਤੇ ਮਾਝੇ ਵਿਚ ਦਮਦਮੀ ਟਕਸਾਲ ਦੇ ਜਥੇਦਾਰਾਂ ਅਤੇ ਵਿਦਿਆਰਥੀਆਂ ਨੇ ਮਹਾਨ ਕੁਰਬਾਨੀਆਂ ਕੀਤੀਆਂ, ਉਥੇ ਦੁਆਬੇ ਵਿਚ ਬੱਬਰ ਅਕਾਲੀ ਲਹਿਰ ਦੇ ਸਿੰਘਾਂ ਨੇ ਵੀ ਕਿਸੇ ਗੱਲੋਂ ਕੋਈ ਕਸਰ ਬਾਕੀ ਨਹੀਂ ਰਹਿਣ ਦਿੱਤੀ। ਭਾਈ ਲਛਮਣ ਸਿੰਘ ਧਾਰੋਵਾਲੀ ਅਤੇ ਉਨ੍ਹਾਂ ਦੇ ਸਾਥੀ ਸਿੰਘਾਂ ਨੇ ਸ਼ਹਾਦਤ ਦਾ ਜਾਮ ਪੀਤਾ। ਸ. ਕਿਸ਼ਨ ਸਿੰਘ ਗੜਗੱਜ ਨੇ ਮਹਾਨ ਇਖਲਾਕ ਉਤੇ ਪਹਿਰਾ ਦਿੱਤਾ ਅਤੇ ਪੰਥ ਲਈ ਕੁਰਬਾਨੀਆਂ ਕੀਤੀਆਂ। ਇਤਿਹਾਸ ਗਵਾਹ ਹੈ ਕਿ ਜਦੋਂ ਸਿੰਘਾਂ ਨੇ ਜਮਸ਼ੇਦ ਦੇ ਰੇਲਵੇ ਸਟੇਸ਼ਨ ਨੂੰ ਲੁੱਟਿਆ ਅਤੇ ਸਟੇਸ਼ਨ ਮਾਸਟਰ ਦੇ ਘਰ ਗਏ, ਉਦੋਂ ਇਕ ਸਿੰਘ ਨੇ ਸਟੇਸ਼ਨ ਮਾਸਟਰ ਦੀ ਘਰਵਾਲੀ ਨਾਲ ਬਲਾਤਕਾਰ ਕੀਤਾ। ਇਸ ਗੱਲ ਦਾ ਪਤਾ ਲੱਗਣ 'ਤੇ ਸ. ਕਿਸ਼ਨ ਸਿੰਘ ਗੜਗੱਜ ਨੇ ਆਪਣੇ ਹੱਥ ਵਾਲੀ ਗੰਡਾਸੀ ਮਾਰ ਕੇ ਉਸ ਸਿੰਘ ਦਾ ਕੰਮ ਉਥੇ ਹੀ ਤਮਾਮ ਕਰ ਦਿੱਤਾ। ਅਜੋਕੇ ਇਤਿਹਾਸ ਵਿਚ ਵੀ ਭਾਈ ਗੁਰਦੀਪ ਸਿੰਘ ਦੀਪਾ, ਭਾਈ ਮਨਵੀਰ ਸਿੰਘ ਚਹੇੜੂ, ਭਾਈ ਪਰਮਜੀਤ ਸਿੰਘ ਪੰਮਾ ਬੀਰ ਪਿੰਡ, ਭਾਈ ਓਂਕਾਰ ਸਿੰਘ ਕਾਰਾ, ਭਾਈ ਅਵਤਾਰ ਸਿੰਘ ਬਿਸਰਾਮਪੁਰ ਦੇ ਉਚੇ ਇਖਲਾਕ ਨੂੰ ਲੋਕ ਯਾਦ ਕਰਦੇ ਹਨ।

ਦਮਦਮੀ ਟਕਸਾਲ ਦੇ ਇੰਨੇ ਉਚੇ ਇਖਲਾਕ ਦੇ ਮਾਲਕ ਵਿਦਿਆਰਥੀਆਂ ਦੇ ਮੁਕਾਬਲੇ ਅਜੋਕੇ ਸਮੇਂ ਵਿਚ ਕਈ ਅਖੌਤੀ ਟਕਸਾਲੀਆਂ ਨੇ ਬੜੇ ਹੀ ਨੀਵੇਂ ਇਖਲਾਕ ਦਾ ਮੁਜਾਹਰਾ ਕੀਤਾ ਹੈ। ਸਿੱਖ ਕੌਮ ਦੀ ਇਹ ਬਦਕਿਸਮਤੀ ਹੈ ਕਿ ਦਸਵੇਂ ਪਾਤਸ਼ਾਹ ਦੀ ਚਲਾਈ ਦਮਦਮੀ ਟਕਸਾਲ ਦੇ ਕੁਝ ਵਿਦਿਆਰਥੀ ਹੀ ਬੀਬੀਆਂ ਨਾਲ ਬਲਾਤਕਾਰ ਕਰਦੇ ਸਮੇਂ ਨੇ ਵੇਖੇ ਹਨ।

ਇਤਿਹਾਸ ਗਵਾਹ ਹੈ ਕਿ ਗੁਰੂ ਦੇ ਸਿੰਘਾਂ ਨੇ ਹਮੇਸ਼ਾ ਉਚੇ ਇਖਲਾਕ ਉਤੇ ਪਹਿਰਾ ਦਿੱਤਾ। ਅੱਜ ਸਾਡੇ ਪ੍ਰਚਾਰਕਾਂ ਦਾ ਵੀ ਭੈੜਾ ਹਾਲ ਹੈ। ਗੁਰੂ ਘਰ ਦੀਆਂ ਸਟੇਜਾਂ ਤੋਂ ਪ੍ਰਚਾਰ ਕਰਦੇ ਹਨ ਕਿ ਪਰਾਈ ਔਰਤ ਦਾ ਸੰਗ ਸੁਪਨੇ ਵਿਚ ਵੀ ਨਹੀਂ ਕਰਨਾ ਪਰ ਇਹ ਹਕੀਕਤ ਕਈ ਗੁਰੂ ਘਰਾਂ ਵਿਚ ਸਾਹਮਣੇ ਆਈ ਹੈ ਕਿ ਉਹ ਜੋ ਕੁਝ ਕਹਿੰਦੇ ਹਨ, ਉਸ ਦੇ ਉਲਟ ਆਪ ਗੁਰੂ ਘਰਾਂ ਦੀ ਹਦੂਦ ਦੇ ਅੰਦਰ ਕਰੀ ਜਾਂਦੇ ਹਨ। ਸੈਕਰਾਮੈਂਟੋ ਵਿਚ ਇਕ ਬਾਬੇ ਵਲੋਂ ਬਲਾਤਕਾਰ ਕੀਤੇ ਜਾਣ ਦੀ ਘਟਨਾ ਸਾਹਮਣੇ ਆਈ। ਜਦੋਂ ਉਸ ਤੋਂ ਸੰਗਤਾਂ ਨੇ ਇਸ ਘਟਨਾ ਬਾਰੇ ਪੁੱਛਿਆ ਤਾਂ ਉਸ ਦਾ ਜਵਾਬ ਸੀ, ਸਬੂਤ ਲਿਆਓ। ਕਿਹੋ ਜਿਹਾ ਜ਼ਮਾਨਾ ਆ ਗਿਆ ਹੈ, ਅਸੀਂ ਗੁਰੂ ਪ੍ਰਤੀ ਜਵਾਬਦੇਹ ਹੋਣ ਦੀ ਥਾਂ ਦੁਨਿਆਵੀ ਸਬੂਤਾਂ ਦੀ ਗੱਲ ਕਰਨ ਤੁਰ ਪਏ ਹਾਂ। ਕਿਉਂ ਵਾਰ ਵਾਰ ਵੱਖ ਵੱਖ ਗੁਰੂ ਘਰਾਂ ਵਿਚ ਲੜਾਈ ਝਗੜਿਆਂ ਅਤੇ ਬਦਇਖਲਾਕੀ ਦੀ ਗੱਲ ਉਠਦੀ ਹੈ? ਇਹ ਸਿੱਖ ਕੌਮ ਲਈ ਬੜੀ ਗੰਭੀਰਤਾ ਨਾਲ ਸੋਚਣ ਵਾਲੀ ਗੱਲ ਹੈ। ਸ਼ਾਇਦ ਖੁਦ ਸਾਡੇ ਅੰਦਰ ਹੀ ਵੱਡੀਆਂ ਕਮੀਆਂ ਆ ਗਈਆਂ ਹਨ। ਅਸੀਂ ਗੁਰੂ ਪ੍ਰਤੀ ਜਵਾਬਦੇਹ ਹੋਣ ਦੀ ਥਾਂ ਆਪੋ ਆਪਣੀਆਂ ਧੜੇਬੰਦੀਆਂ ਹੀ ਪਾਲ ਰਹੇ ਹਾਂ। ਇਸੇ ਦਾ ਲਾਭ ਕੁਝ ਅਖੌਤੀ ਪ੍ਰਚਾਰਕ ਅਤੇ ਅਖੌਤੀ ਟਕਸਾਲੀਏ ਸਿੰਘ ਉਠਾ ਰਹੇ ਹਨ।

***-ਅਮਰੀਕ ਸਿੰਘ, ਮਨਟੀਕਾ।***
***ਫੋਨ:209-321-1893***

# ਕਿਹੋ ਜਿਹੇ ਹੋਣ ਪੰਜ ਪਿਆਰੇ?

ਖਾਲਸੇ ਦਾ ਸਿਰਜਣਾ ਦਿਵਸ ਵਿਸਾਖੀ ਹਾਲ ਹੀ ਵਿਚ ਲੰਘਿਆ ਹੈ। ਦੇਸ਼ ਵਿਦੇਸ਼ ਵਿਚ ਜਗ੍ਹਾ ਜਗ੍ਹਾ ਵਿਸਾਖੀ ਨੂੰ ਸਮਰਪਿਤ ਨਗਰ ਕੀਰਤਨ ਸਜਾਏ ਗਏ ਹਨ ਅਤੇ ਸਜਾਏ ਜਾ ਰਹੇ ਹਨ ਜਿਨ੍ਹਾਂ ਦੀ ਅਗਵਾਈ ਪੰਜ ਪਿਆਰੇ ਕਰਦੇ ਹਨ। ਸਵਾਲ ਹੈ ਕਿ ਦਸਮ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਵਲੋਂ ਸਾਜੇ ਗਏ ਪੰਜ ਪਿਆਰਿਆਂ ਦੇ ਨਾਂ ਕਿੰਨੇ ਕੁ ਲੋਕਾਂ ਨੂੰ ਯਾਦ ਹਨ? ਸਵਾਲ ਇਹ ਵੀ ਹੈ ਕਿ ਨਗਰ ਕੀਰਤਨਾਂ ਦੀ ਅਗਵਾਈ ਕਰਨ ਵਾਲੇ ਇਹ ਪੰਜ ਪਿਆਰੇ ਕਿਹੋ ਜਿਹੇ ਹੋਣ?

ਦਸਮ ਪਾਤਸ਼ਾਹ ਨੇ ਜਦੋਂ ਪੰਜ ਪਿਆਰੇ ਸਾਜੇ ਤਾਂ ਉਨ੍ਹਾਂ ਨੇ ਚੁਣੇ ਗਏ ਵਿਅਕਤੀਆਂ ਦੇ ਨਾਂ ਬਦਲ ਕੇ ਰੱਖੇ। ਇਸ ਇਤਿਹਾਸ ਤੋਂ ਅਸੀਂ ਸਾਰੇ ਵਾਕਿਫ ਹਾਂ। ਸਵਾਲ ਹੈ ਕਿ ਕੀ ਦਸਮ ਪਾਤਸ਼ਾਹ ਨੇ ਇਨ੍ਹਾਂ ਪੰਜ ਪਿਆਰਿਆਂ ਦੇ ਨਾਂ ਕਿਸੇ ਖਾਸ ਮਕਸਦ ਨਾਲ ਚੁਣੇ ਜਾਂ ਫਿਰ ਜੋ ਨਾਂ ਸਾਹਮਣੇ ਆਇਆ, ਰੱਖ ਲਿਆ? ਇਹ ਹਕੀਕਤ ਹੈ ਕਿ ਗੁਰੂ ਸਾਹਿਬ ਨੇ ਇਹ ਨਾਂ ਇਸ ਆਧਾਰ ਉਤੇ ਰੱਖੇ ਕਿ ਕਿਸੇ ਸਿੰਘ ਵਿਚ ਕਿਹੜੇ ਗੁਣ ਹੋਣੇ ਚਾਹੀਦੇ ਹਨ।

ਦਸਮ ਪਾਤਸ਼ਾਹ ਨੇ ਪੰਜਾਂ ਪਿਆਰਿਆਂ ਵਿਚੋਂ ਪਹਿਲਾ ਨਾਂ ਰੱਖਿਆ, ਭਾਈ ਦਿਆ ਸਿੰਘ। ਸੁਨੇਹਾ ਸੀ ਮੇਰਾ ਸਿੱਖ ਦਿਆਵਾਨ ਹੋਵੇ, ਗਰੀਬਾਂ ਅਤੇ ਨਿਰਮਾਣਾਂ ਲਈ ਤਰਸਵਾਨ ਅਤੇ ਦਾਨੀ ਹੋਵੇ। ਦੂਜਾ ਨਾਂ ਸੀ, ਭਾਈ ਧਰਮ ਸਿੰਘ। ਭਾਵ ਮੇਰਾ ਸਿੱਖ ਧਰਮੀ ਹੋਵੇ, ਧਰਮ ਵਿਚ ਪੱਕਾ, ਉਚਾ ਤੇ ਸੁੱਚਾ। ਧਰਮੀ ਬੰਦਾ ਹੀ ਦਿਆਵਾਨ ਹੋ ਸਕਦਾ ਹੈ। ਅਗਲਾ ਨਾਂ ਸੀ, ਭਾਈ ਹਿੰਮਤ ਸਿੰਘ। ਉਨ੍ਹਾਂ ਦਾ ਮਕਸਦ ਸੀ ਕਿ ਮੇਰਾ ਸਿੰਘ ਹਿੰਮਤ ਵਾਲਾ ਹੋਵੇ, ਆਲਸੀ ਜਾਂ ਦੂਜਿਆਂ ਦੀ ਕਮਾਈ 'ਤੇ ਜੀਣ ਵਾਲਾ ਨਹੀਂ। ਹੱਥੀਂ ਕਿਰਤ ਕਰੇ। ਚੌਥਾ ਨਾਂ ਸੀ, ਭਾਈ ਮੋਹਕਮ ਸਿੰਘ। ਅਰਥਾਤ ਘਾਲ ਕਮਾਈ ਕਰਨ ਵਾਲਾ, ਨਿਡਰ ਅਤੇ ਯੋਧਾ। ਜਿਸ ਵਿਚ ਚਾਰ ਗੁਣ ਆ ਜਾਣ ਉਹ ਪੰਜਵਾਂ ਨਾਂ ਭਾਈ ਸਾਹਿਬ ਸਿੰਘ ਰੱਖਿਆ। ਭਾਈ ਸਾਹਿਬ ਸਿੰਘ ਇੰਨਾ ਉਚਾ ਨਾਂ ਕਿ ਪਰਮਾਤਮਾ ਵਿਚ ਅਭੇਦ ਹੋ ਜਾਵੇ। ਗੁਰਬਾਣੀ ਵਿਚ ਬਹੁਤ ਥਾਂਈਂ ਸਾਹਿਬ ਸ਼ਬਦ ਦੀ ਵਰਤੋਂ ਪਰਮਾਤਮਾ ਲਈ ਕੀਤੀ ਗਈ ਹੈ, ਜਿਵੇਂ "ਵਡੇ ਮੇਰੇ ਸਾਹਿਬਾ ਗਹਿਰ ਗੰਭੀਰਾ॥" ਜਾਂ "ਸਾਚੇ ਸਾਹਿਬਾ ਕਿਆ ਨਾਹੀ ਘਰਿ ਤੇਰੈ॥"

ਅੱਜ ਨਗਰ ਕੀਰਤਨ ਪੰਜ ਪਿਆਰਿਆਂ ਦੀ ਅਗਵਾਈ ਹੇਠ ਕੱਢੇ ਜਾਂਦੇ ਹਨ, ਬਹੁਤ ਚੰਗਾ ਲੱਗਦਾ ਹੈ। ਸਿੱਖਾਂ ਵਿਚ ਸਖਤ ਮਨਾਹੀ ਹੈ ਕਿ ਕੋਈ ਗੁਰੂਆਂ ਜਾਂ ਸਾਹਿਬਜ਼ਾਦਿਆਂ ਦਾ ਰੋਲ ਨਹੀਂ ਨਿਭਾ ਸਕਦਾ। ਸਾਨੂੰ ਇਹ ਗੱਲ ਵੀ ਸੋਚਣੀ ਚਾਹੀਦੀ ਹੈ ਕਿ ਕੀ ਪੰਜ ਪਿਆਰਿਆਂ ਦਾ ਰੋਲ ਨਿਭਾਉਣ ਵਾਲੇ ਵਿਅਕਤੀਆਂ ਵਿਚ ਉਹ ਗੁਣ ਹਨ ਜੋ ਗੁਰੂ ਸਾਹਿਬ ਨੇ ਦੱਸੇ ਸਨ, ਜੇ ਨਹੀਂ ਤਾਂ ਕੀ ਉਨ੍ਹਾਂ ਨੂੰ ਪੰਜ ਪਿਆਰਿਆਂ ਦਾ ਰੋਲ ਨਿਭਾਉਣਾ ਚਾਹੀਦਾ ਹੈ? ਇਥੇ ਤਾਂ ਸਥਿਤੀ ਇਹ ਹੈ ਕਿ ਜੇ ਕੋਈ ਖਾਸ ਸੇਵਾਦਾਰ ਜਾਂ ਕਮੇਟੀ ਮੈਂਬਰ ਪੰਜ ਪਿਆਰਿਆਂ ਵਿਚ ਆਉਣਾ ਚਾਹੁੰਦਾ ਹੋਵੇ ਤੇ ਉਸ ਨੂੰ ਮਨ੍ਹਾਂ ਕੀਤਾ ਜਾਵੇ ਤਾਂ ਉਹ ਬਹੁਤ ਨਾਰਾਜ਼ ਹੋ ਜਾਂਦਾ ਹੈ। ਗੁਰੂ ਦੇ ਹੁਕਮ ਅਨੁਸਾਰ ਸਿੰਘ ਨੂੰ ਦਿਆਵਾਨ, ਧਰਮੀ, ਹਿੰਮਤੀ, ਸਬਰ ਸੰਤੋਖੀ ਹੋਣਾ ਚਾਹੀਦਾ ਹੈ। ਜੇਕਰ ਇਹ ਗੁਣ ਇਨਸਾਨ ਵਿਚ ਨਹੀਂ ਹਨ ਤਾਂ ਉਸ ਨੂੰ ਆਪੇ ਹੀ ਮਨ੍ਹਾਂ ਕਰ ਦੇਣਾ ਚਾਹੀਦਾ ਹੈ ਕਿ ਮੈਂ ਪੰਜਾਂ ਪਿਆਰਿਆਂ ਵਿਚ ਸ਼ਾਮਲ ਹੋਣ ਦੇ ਯੋਗ ਨਹੀਂ, ਤਾਂ ਜੋ ਉਹ ਗੁਰੂ ਪਿਤਾ ਤੋਂ ਝੂਠਾ ਨਾ ਪਵੇ।

***-ਹਰਜਿੰਦਰ ਗਿੱਲ***
***ਮਿਸ਼ੀਗਨ।***

## .ਗਜ਼ਲ

ਜੀਣ ਦਾ ਨਾਟਕ ਹਾਂ ਭਾਵੇਂ ਕਰ ਰਿਹਾ।
ਅੰਦਰੋਂ ਪਰ ਹਰ ਘੜੀ ਹਾਂ ਮਰ ਰਿਹਾ।

ਛਲ ਰਿਹਾ ਹਾਂ ਖੁਦ ਨੂੰ ਹੀ ਕਹਿ ਕੇ ਨਿਡਰ,
ਪਰ ਹਾਂ ਆਪਣੇ ਆਪ ਕੋਲੋਂ ਡਰ ਰਿਹਾ।

ਇਸ ਤਰ੍ਹਾਂ ਭੋਗੀ ਮੈਂ ਦੂਹਰੀ ਜ਼ਿੰਦਗੀ,
ਘਰ 'ਚ ਰਹਿ ਕੇ ਵੀ ਹਾਂ ਮੈਂ ਬੇਘਰ ਰਿਹਾ।

ਖੁਦ ਹੀ ਜੋ ਕਾਤਿਲ ਹੈ ਆਪਣੀ ਸੋਚ ਦਾ,
ਫਿਰ ਕਿਉਂ ਹੈ ਕਾਤਿਲ ਕਹਾਉਣੋ ਡਰ ਰਿਹਾ।

ਰੱਬ ਜਾਣੇ ਅੱਗ ਨੂੰ ਕੀ ਹੋ ਗਿਆ,
ਉਠਦੀਆਂ ਲਾਟਾਂ 'ਚ ਵੀ ਹਾਂ ਠਰ ਰਿਹਾ।

ਮੈਂ ਗੁਜ਼ਾਰੀ ਨਰਕ ਵਰਗੀ ਜ਼ਿੰਦਗੀ,
ਨਰਕ ਦਾ ਮੈਨੂੰ ਨਾ ਕੋਈ ਡਰ ਰਿਹਾ।

***-ਇੰਦਰਜੀਤ ਪੁਰੇਵਾਲ, ਨਿਊ ਯਾਰਕ***
***ਫੋਨ:845-702-1886***

# ‘ਪਾਪੀ ਬੰਦਾ’ ਰਾਜਿੰਦਰ ਸਿੰਘ ਬੇਦੀ

**ਸਫ਼ਰ ਜ਼ਿੰਦਗੀ ਦਾ**

***ਸ. ਰਾਜਿੰਦਰ ਸਿੰਘ ਬੇਦੀ ਉਰਦੂ ਦੇ ਅਹਿਮ ਅਫ਼ਸਾਨਾਨਿਗਾਰ ਸਨ। ਉਰਦੂ ਅਦਬ ਵਿਚ ਉਨ੍ਹਾਂ ਦਾ ਮੁਕਾਮ ਵੱਖਰਾ ਹੀ ਹੈ ਅਤੇ ਕੋਈ ਵੀ ਅਦੀਬ ਉਨ੍ਹਾਂ ਦਾ ਸਾਨੀ ਨਹੀਂ। ਡਾਕਖ਼ਾਨੇ ਵਿਚ ਕੰਮ ਕਰਦਿਆਂ ਹੀ ਉਹ ਅਫ਼ਸਾਨੇ ਲਿਖਣ ਲੱਗ ਪਏ ਸਨ। ਪਹਿਲਾ ਸੰਗ੍ਰਿਹ ‘ਦਾਨਾਦਾਮ’ 1939 ਵਿਚ ਛਪਿਆ। ਇਸ ਤੋਂ ਬਾਅਦ ਕੋਖ ਜਲੀ, ਅਪਨੇ ਦੁੱਖ ਮੁਝੇ ਦੇ ਦੋ, ਹਾਥ ਹਮਾਰੇ ਕਲਮ ਹੂਏ, ਮੁਕਤੀ ਬੋਧ, ਗਰਮ ਕੋਟ, ਲੰਬੀ ਲੜਕੀ, ਜੋਗੀਆ, ਮਹਿਮਾਨ ਤੇ ਕੁੰਦਨ ਸੰਗ੍ਰਿਹ ਛਪੇ। ਉਹ ਸੋਚ-ਸੋਚ ਕੇ, ਰੁਕ-ਰੁਕ ਕੇ ਲਿਖਣ ਦੇ ਆਦੀ ਸਨ। ਬਹੁਤ ਘੱਟ ਲੋਕਾਂ ਨੂੰ ਇਲਮ ਹੈ ਕਿ ਉਨ੍ਹਾਂ ਬਸੰਤ ਬਹਾਰ, ਮਿਰਜ਼ਾ ਗ਼ਾਲਿਬ, ਮੁਸਾਫ਼ਿਰ, ਦੇਵਦਾਸ, ਮਧੂਮਤੀ, ਅਨੁਰਾਧਾ, ਸਤਿਯਾਕਾਮ, ਅਨੁਪਮਾ, ਬੰਧਨ, ਅਭਿਮਾਨ ਤੇ ਪਿਆਰ ਕੀ ਜੀਤ ਵਰਗੀਆਂ ਮਿਸਾਲੀ ਫ਼ਿਲਮਾਂ ਸਣੇ ਤਕਰੀਬਨ ਸੱਤਰ ਫ਼ਿਲਮਾਂ ਦੇ ਡਾਇਲਾਗ ਲਿਖੇ। ਇਸ ਲੇਖ ਵਿਚ ਬੇਦੀ ਸਾਹਿਬ ਦੇ ਇਹ ਬਹੁ-ਰੰਗ ਉਭਰ ਕੇ, ਤੁਹਾਡੇ ਸਾਹਮਣੇ ਕੋਈ ਨਾ ਕੋਈ ਚਿੱਤਰ ਬਣਨ ਲਗਦੇ ਹਨ। -ਸੰਪਾਦਕ***



*ਰਾਜਿੰਦਰ ਸਿੰਘ ਬੇਦੀ*

**ਕੇ. ਜਗਜੀਤ ਸਿੰਘ**

ਰਾਜਿੰਦਰ ਸਿੰਘ ਬੇਦੀ ਬਾਰੇ ਮੈਨੂੰ 1951 ਤੋਂ ਵੀ ਪਹਿਲਾਂ ਜਾਣਕਾਰੀ ਸੀ ਪਰ 1951 ਵਿਚ ਜਦੋਂ ਮੈਂ ਖ਼ਾਲਸਾ ਕਾਲਜ ਵਿਚ ਦਾਖ਼ਲਾ ਲਿਆ ਤਾਂ ਉਸ ਨੂੰ ਦੂਰੋਂ-ਨੇੜਿਓਂ ਵੇਖਣ ਦੇ ਕਈ ਮੌਕੇ ਮਿਲਦੇ ਰਹੇ। ਫਿਰ ਜਦੋਂ 1957 ਵਿਚ ਮੈਂ ਕਾਲਜ ਵਿਚ ਬਤੌਰ ਲੈਕਚਰਾਰ ਕੰਮ ਕਰਨ ਲੱਗ ਪਿਆ ਤਾਂ ਇਹ ਜਾਣਕਾਰੀ ਨੇੜਤਾ ਵਿਚ ਬਦਲਣ ਲੱਗ ਪਈ। ਬੇਦੀ ਸਾਹਿਬ ਦੇ ਚਾਰੇ ਬੱਚੇ-ਪੁੱਤਰ ਨਰਿੰਦਰ (1936), ਬੇਟੀ ਸੁਰਿੰਦਰ (1939), ਪੁੱਤਰ ਜੈਤਿੰਦਰ (1942) ਤੇ ਬੇਟੀ ਪਰਮਿੰਦਰ ਸਾਡੇ ਕਾਲਜ ਵਿਚ ਪੜ੍ਹਦੇ ਸਨ। ਇਸ ਕਰਕੇ ਸਾਡਾ ਇਕ-ਦੂਜੇ ਦੇ ਘਰ ਆਉਣ-ਜਾਣ ਦਾ ਸਿਲਸਿਲਾ ਵੀ ਸ਼ੁਰੂ ਹੋ ਗਿਆ।

1958 ਵਿਚ ਮੈਂ ਕਾਲਜ ਦੇ ਕੁਆਰਟਰਾਂ ਵਿਚ ਰਹਿਣ ਆ ਗਿਆ। ਬੇਦੀ ਸਾਹਿਬ ਕਾਲਜ ਦੇ ਨੇੜੇ ਪਹਿਲਾਂ ਆਰ.ਪੀ. ਮਸਾਣੀ ਰੋਡ ‘ਤੇ ਕਿਰਾਏ ‘ਤੇ ਰਹਿੰਦੇ ਸਨ। ਬਾਅਦ ਵਿਚ ਉਹ ਕਾਲਜ ਦੇ ਸਾਹਮਣੇ ਡਾਨ ਬਾਸਕੋ ਸਕੂਲ ਨਾਲ ਲੱਗਦੀ ਬਿਲਡਿੰਗ ਦੇ ਗਰਾਊਂਡ ਫ਼ਲੋਰ ‘ਤੇ ਫ਼ਲੈਟ ਵਿਚ ਰਹਿਣ ਚਲੇ ਗਏ। ਉਨ੍ਹਾਂ ਦੀ ਪਤਨੀ ਸਤਵੰਤ ਕੌਰ, ਜਿਨ੍ਹਾਂ ਨੂੰ ਹੁਣ ਮੈਂ ‘ਭਰਜਾਈ ਜੀ’ ਕਹਿ ਕੇ ਮੁਖ਼ਾਤਿਬ ਹੁੰਦਾ ਸੀ, ਹਰ ਮੰਗਲਵਾਰ ਕਾਲਜ ਦੇ ਗੁਰਦੁਆਰੇ ਆ ਕੇ ਇਸਤਰੀ ਸਤਿਸੰਗ ਵਿਚ ਸ਼ਾਮਲ ਹੁੰਦੇ ਬਿਲਾ ਨਾਗਾ, ਤੇ ਕਈ ਵਾਰੀ ਬੇਦੀ ਜੀ ਕਹਿੰਦੇ, “ਮੈਂ ਤਾਂ ਪਾਪੀ ਬੰਦਾ ਹਾਂ ਪਰ ਮੇਰੀ ਪਤਨੀ ਰੱਬ ਦੇ ਇਤਨੀ ਜ਼ਿਆਦਾ ਨੇੜੇ ਹੈ ਕਿ ਰੱਬ ਮੇਰੇ ਸਾਰੇ ਗੁਨਾਹ ਮੁਆਫ਼ ਕਰ ਦੇਵੇਗਾ। ਵਕੀਲ ਚੰਗਾ ਹੋਵੇ ਤਾਂ ਮੁਕੱਦਮਾ ਜਿੱਤਣ ਲਈ ਆਤਮ-ਵਿਸ਼ਵਾਸ ਪੈਦਾ ਹੋ ਹੀ ਜਾਂਦਾ ਹੈ...।”

ਉਹ ਬਿਨਾ ਝਿਜਕ ਪਾਪ ਕਰਨ ਅਤੇ ਗੁਨਾਹ ਕਰਨ ਤੋਂ ਕਦੇ ਵੀ ਨਾ ਡਰਦੇ ਪਰ ‘ਪਾਪ’ ਤੇ ‘ਗੁਨਾਹ’ ਦੀ ਪਰਿਭਾਸ਼ਾ ਘੜਨ ਵਿਚ ਵੀ ਉਨ੍ਹਾਂ ਦਾ ਆਪਣਾ ਵੱਖਰਾ ਹੀ ਅੰਦਾਜ਼ ਹੁੰਦਾ। ਪਾਪ ਤੇ ਗੁਨਾਹ ਤੋਂ ਉਪਰ ਉਠ ਕੇ ਜਿਉਣਾ ਹੀ ਉਨ੍ਹਾਂ ਦੀ ਜ਼ਿੰਦਗੀ ਦਾ ਫਲਸਫ਼ਾ ਸੀ। ਕਈ ਵਾਰੀ ਗੱਲਾਂ ਕਰਦਿਆਂ ਕਹਿੰਦੇ, “ਜਗਜੀਤ ਜੀ, ਤੁਸੀਂ ਜਾਣਦੇ ਹੋ ਕਿ ਬਰਾਤ ਲੈ ਜਾਣ ਵੇਲੇ ਲਾੜੇ ਨੂੰ ਘੋੜੀ ’ਤੇ ਕਿਉਂ ਬਿਠਾਇਆ ਜਾਂਦਾ ਹੈ! ਘੋੜੇ ’ਤੇ ਕਿਉਂ ਨਹੀਂ?”

ਮੈਂ ਕਹਿੰਦਾ, “ਨਹੀਂ?”

ਤਾਂ ਉਹ ਕਹਿੰਦੇ, “ਬੱਸ, ਪੂਰੀ ਸ੍ਰਿਸ਼ਟੀ ਦੀ ਰਚਨਾ ਅਤੇ ਵਿਕਸਤ ਹੋਣ ਵਿਚ ਇਸ ਰਹੱਸ ਨੂੰ ਪਛਾਣਨਾ ਹੀ ਰੱਬ ਤਕ ਪਹੁੰਚਣ ਦਾ ਇਕੋ-ਇਕ ਰਸਤਾ ਹੈ। ਜੋ ਜਾਣਦੇ ਹਨ, ਦੱਸਦੇ ਨਹੀਂ। ਜੋ ਜਾਣਦੇ ਹਨ, ਉਹ ਬੋਲਦੇ ਨਹੀਂ।”

ਉਹ ਜਿਸ ਪੱਧਰ ‘ਤੇ ਪੁੱਜ ਕੇ ਗੱਲਾਂ ਕਰਦੇ, ਮੈਨੂੰ ਕੁਝ ਸਮਝ ਨਾ ਆਉਂਦੀ ਪਰ ਫਿਰ ਵੀ ਉਨ੍ਹਾਂ ਦੀਆਂ ਗੱਲਾਂ ਸੋਚਣ ‘ਤੇ ਮਜਬੂਰ ਜ਼ਰੂਰ ਕਰ ਦਿੰਦੀਆਂ।

ਇਕ ਵਾਰੀ ਮਿਲੇ ਤਾਂ ਆਪਣੀ ਕਿਸੇ ਕਹਾਣੀ ਦਾ ਜ਼ਿਕਰ ਕਰ ਕੇ ਕਹਿਣ ਲੱਗੇ, “ਮੈਂ ਇਕ ਕਹਾਣੀ ਲਿਖੀ ਹੈ-ਮੈਥੁਨ।”

ਮੈਂ ਪੁੱਛਿਆ, “ਇਸ ਮੈਥੁਨ ਸ਼ਬਦ ਦੇ ਅਰਥ ਕੀ ਹਨ?” ਤਾਂ ਕਹਿਣ ਲੱਗੇ, “ਸੈਕਸੂਅਲ ਇੰਟਰਕੋਰਸ।”

ਗੱਲ ਨੂੰ ਜਾਰੀ ਰੱਖਦਿਆਂ ਬੋਲੇ, “ਤੁਹਾਨੂੰ ਪਤਾ ਹੀ ਹੋਵੇਗਾ ਕਿ ਜਦੋਂ ਕਿਸੇ ਵੀ ਮਰਦ, ਜਾਨਵਰ ਜਾਂ ਪੰਛੀ ਦਾ ਵੀਰਜ ਖਾਰਜ ਹੁੰਦਾ ਹੈ ਤਾਂ ਉਨ੍ਹਾਂ ਦੇ ‘ਵੀਰਜ’ ਵਿਚ ਲੱਖਾਂ-ਕਰੋੜਾਂ ਜੀਵਾਂ ਨੂੰ ਜੀਵਨ ਦੇਣ ਦੀ ਸ਼ਕਤੀ ਹੁੰਦੀ ਹੈ ਪਰ ਔਰਤ ਜਾਂ ਮਾਦਾ ਜਾਨਵਰ ਜਾਂ ਪੰਛੀ ਦੇ ਜੀਵਨ ਵਿਚ ਨਿਰਧਾਰਤ ਸਮੇਂ ’ਤੇ ਅਜਿਹਾ ਸਿਰਫ਼ ਇਕ ਵਾਰੀ ਹੀ ਵਾਪਰਦਾ ਹੈ, ਤੇ ਹਰ ਮਾਦਾ ਪ੍ਰਾਣੀ ਵਿਚ ਨਰ ਵਾਂਗ ਇਤਨੀ ਅਪਾਰ ਸ਼ਕਤੀ ਨਹੀਂ ਹੁੰਦੀ।”

ਬੇਦੀ ਸਾਹਿਬ ਤਾਂ ਹੁਣ ਨਹੀਂ ਰਹੇ ਪਰ ਇਹ ਰੇਖਾ-ਚਿੱਤਰ ਲਿਖਣ ਵੇਲੇ ਉਨ੍ਹਾਂ ਦੀਆਂ ਇਹ ਸਭ ਗੱਲਾਂ ਯਾਦ ਕਰ ਕੇ ਸੋਚ ਰਿਹਾ ਹਾਂ ਕਿ ਕਿੰਨੀ ਸੱਚਾਈ ਸੀ ਉਨ੍ਹਾਂ ਦੀਆਂ ਗੱਲਾਂ ਵਿਚ। ਕਿਵੇਂ ਖੁੱਲ੍ਹ ਕੇ ਉਹ ਮੇਰੇ ਨਾਲ ਅਜਿਹੀਆਂ ਗੱਲਾਂ ਕਰਦੇ ਸਨ, ਇਸ ਗੱਲ ਦੀ ਹੈਰਾਨਗੀ ਜ਼ਰੂਰ ਹੁੰਦੀ ਕਿਉਂਕਿ ਮੈਂ ਤਾਂ ਉਨ੍ਹਾਂ ਦੇ ਬੱਚਿਆਂ ਦਾ ਟੀਚਰ ਵੀ ਸਾਂ। ਇਕ ਹਿਸਾਬ ਨਾਲ ਉਹ ਇਹ ਗੱਲ ਕਹਿਣਾ ਚਾਹੁੰਦੇ ਸਨ ਕਿ ਮਰਦ ਕੁਦਰਤੀ ਤੌਰ ‘ਤੇ ਉਤਪਤੀ ਦੀ ਖੇਡ ਵਿਚ ਕਈ ਔਰਤਾਂ ਨਾਲ ਭੋਗ ਕਰ ਸਕਦਾ ਹੈ ਪਰ ਔਰਤ ਕਿਉਂਕਿ ਮਹੀਨੇ ਵਿਚ ਸਿਰਫ਼ ਇਕੋ ਹੀ ਆਂਡੇ ਨੂੰ ਬਣਾ ਸਕਦੀ ਹੈ, ਇਸ ਲਈ ਉਸ ਵਿਚ ਬਹੁਤ ਹੀ ਘੱਟ ਕਾਮ ਵਾਸਨਾ ਹੁੰਦੀ ਹੈ। ਇਹ ਕੁਦਰਤੀ ਕ੍ਰਿਸ਼ਮਾ ਹੈ ਆਪਣੇ ਆਪ ਵਿਚ!

ਬੇਦੀ ਸਾਹਿਬ ਭਾਵੇਂ ਕਹਾਣੀਕਾਰਾਂ ਵਿਚ ਉਚ ਕੋਟੀ ਦੇ ਲਿਖਾਰੀ ਸਨ ਤੇ ਉਨ੍ਹਾਂ ਦਾ ਕੱਦ ਕੁਤਬ ਮੀਨਾਰ ਤੋਂ ਵੀ ਉਚਾ ਸੀ ਪਰ ਸਰੀਰਕ ਤੌਰ ‘ਤੇ ਉਹ ਦਰਮਿਆਨੇ ਕੱਦ ਦੇ ਹੀ ਸਨ। ਗੱਠਿਆ ਹੋਇਆ ਸਰੀਰ, ਚਿਹਰੇ ‘ਤੇ ਹਰ ਵੇਲੇ ਮੁਸਕਰਾਹਟ, ਦਾੜ੍ਹੀ ਤੇ ਮੁੱਛਾਂ ਬੜੇ ਸੁਚੱਜੇ ਢੰਗ ਨਾਲ ਤਰਾਸ਼ੀਆਂ ਹੋਈਆਂ, ਸਿਰ ‘ਤੇ ਘੋਟਵੀਂ ਪੱਗ ਜੋ ਹਮੇਸ਼ਾ ਮੱਥੇ ‘ਤੇ ਥੱਲੇ ਵੱਲ ਜ਼ਿਆਦਾ ਹੀ ਦੱਬੀ ਰਹਿੰਦੀ। ਲੱਗਦਾ ਕਿ ਉਨ੍ਹਾਂ ਨੇ ਸਿਰ ‘ਤੇ ਕੋਈ ਬਹੁਤ ਭਾਰੀ ਪੰਡ ਚੁੱਕੀ ਹੋਈ ਹੋਵੇ। ਜਦੋਂ ਵੀ ਮਿਲਦੇ, ਜਿਸ ਕਿਸੇ ਨੂੰ ਵੀ ਮਿਲਦੇ; ਹਾਸੇ, ਮਜ਼ਾਕ, ਚੁਟਕਲੇ ਤੇ ਲਤੀਫ਼ਿਆਂ ਦਾ ਜਵਾਲਾਮੁਖੀ ਫੁੱਟ ਪੈਂਦਾ। ਕਹਿੰਦੇ ਹਨ ਕਿ ਬਹੁਤਾ ਹੱਸਣ ਵਾਲਾ ਮਨੁੱਖ ਅੰਦਰੋਂ ਬਹੁਤ ਦੁਖੀ ਹੁੰਦਾ ਹੈ। ਬੇਦੀ ਸਾਹਿਬ ਦੀ ਇਕ ਕਿਤਾਬ ਦਾ ਨਾਂ ਹੈ ‘ਆਪਣੇ ਦੁਖ ਮੁਝੇ ਦੇ ਦੋ’। ਇਹ ਕਿਤਾਬ ਉਨ੍ਹਾਂ ਆਪਣੇ ਦਸਤਖ਼ਤ ਕਰ ਕੇ 1965 ਵਿਚ ਮੈਨੂੰ ਵੀ ਦਿੱਤੀ ਸੀ ਜਿਸ ਵਿਚ ਨੌਂ ਕਹਾਣੀਆਂ ਸਨ। ਕਿਤਾਬ ਪੜ੍ਹ ਕੇ ਲੱਗਿਆ, ਸ਼ਾਇਦ ਦੁਨੀਆਂ ਭਰ ਦੇ ਲੋਕਾਂ ਦੇ ਦੁੱਖ ਬੇਦੀ ਸਾਹਿਬ ਆਪ ਸਮੇਟੀ ਬੈਠੇ ਹਨ।

ਉਨ੍ਹਾਂ ਦੀਆਂ ਕਹਾਣੀਆਂ ਦੇ ਕਈ ਸੰਗ੍ਰਿਹ ਛਪੇ ਜਿਨ੍ਹਾਂ ਵਿਚ ਕੋਖ ਜਲੀ (1949), ਅਪਨੇ ਦੁਖ ਮੁਝੇ ਦੇ ਦੋ (1965, 69), ਹਾਥ ਹਮਾਰੇ ਕਲਮ ਹੂਏ (1974), ਮੁਕਤੀ ਬੋਧ (1982), ਗਰਮ ਕੋਟ, ਲੰਬੀ ਲੜਕੀ, ਜੋਗੀਆ, ਮਹਿਮਾਨ ਤੇ ‘ਕੁੰਦਨ’ ਸ਼ਾਮਲ ਹਨ। ਉਹ ਸੋਚ-ਸੋਚ ਕੇ, ਰੁਕ-ਰੁਕ ਕੇ ਲਿਖਣ ਦੇ ਆਦੀ ਸਨ। ਸੋਚ ਦੇ ਘੇਰਿਆ ਵਿਚ ਪੈ ਕੇ ਉਹ ਆਪਣੀ ਲਿਖਤ ਨੂੰ ਅੱਗੇ ਤੋਰਨ ਤੋਂ ਪਹਿਲਾਂ ਕਈ-ਕਈ ਵਾਰੀ ਪੜ੍ਹਦੇ ਸਨ। ਤਾਹੀਓਂ ਤਾਂ ਆਪਣੇ ਨਾਵਲ ‘ਏਕ ਚਾਦਰ ਮੈਲੀ ਸੀ’ ਵਿਚ ਉਹ ਅਜਿਹੀਆਂ ਉਚੀਆਂ-ਸੁੱਚੀਆਂ ਗੱਲਾਂ ਕਹਿ ਸਕੇ ਜਿਨ੍ਹਾਂ ਨੂੰ ਸਮਝਣ ਲਈ ਕਈ-ਕਈ ਵਾਰੀ ਸੋਚ ਕੇ ਅਤੇ ਰੁਕ-ਰੁਕ ਕੇ ਅੱਗੇ ਵਧਣਾ ਪੈਂਦਾ ਹੈ। ਉਹ ਕਹਿੰਦੇ ਹਨ:

> ਨਾਚਤੀ ਹੂਈ ਔਰਤੋਂ ਕੀ ਨਿਗਾਹੋਂ ਮੇਂ  
> ਦੁਨੀਆ ਏਕ ਵਸੀਹ-ਵ-ਅਰੀਜ਼  
> ਦਾਇਰਾ ਬਨ ਗਈ  
> ਜਿਨ ਕੇ ਬੀਚ...  
> ਮਰਦ ਔਰਤੇਂ ਬੱਚੇਂ-ਬੂੜ੍ਹੇ ਸਿਰਫ਼ ਖਾਕੇ ਥੇ  
> ਫਿਰ ਵੋਹ ਰੰਗ ਭੀ  
> ਬੜੇ-ਬੜੇ ਛੀਟੋਂ ਔਰ ਧੱਬੋਂ ਮੇਂ  
> ਬਦਲ ਗਏ...  
> ਆਖ਼ਰ ਏਕ ਹੀ ਰੰਗ ਰਹਿ ਗਿਆ...  
> ਸੂਰਜ ਕੀ ਕਿਰਨੋਂ ਕਾ ਰੰਗ  
> ਜਿਸ ਮੇਂ ਸਭ ਹੀ ਰੰਗ ਛਿਪੇ ਰਹਤੇ ਹੈਂ  
> ਔਰ  
> ਅਲੱਗ ਅਲੱਗ ਪਹਿਚਾਨੇ ਜਾਨੇ ਕੇ ਲੀਏ  
> ਇਨਸਾਨ ਕੇ ਦਿਮਾਗ਼ੀ ਮਨਸ਼ਵਰ ਕੇ  
> ਮੋਹਰਾਜ ਵਾ ਮੁੰਤਜ਼ਿਰ  
> (ਏਕ ਚਾਦਰ ਮੈਲੀ ਸੀ)

1960 ਦਾ ਕੋਈ ਐਤਵਾਰ ਸੀ। ਕਾਲਜ ਛੁੱਟੀ ਸੀ। ਸਾਡੇ ਘਰ ਟੈਲੀਫ਼ੋਨ ਦੀ ਘੰਟੀ ਵੱਜੀ। ਮੈਂ ਫ਼ੋਨ ਚੁੱਕਿਆ। ਦੂਜੇ ਪਾਸੇ ਬੇਦੀ ਹੁਰੀਂ ਸਨ। ਕਹਿਣ ਲੱਗੇ, “ਜਗਜੀਤ ਜੀ, ਮੈਂ ਆ ਸਕਦਾ ਹਾਂ? ਤੁਹਾਡੇ ਕੋਲ ਖੁੱਲ੍ਹਾ ਟਾਈਮ ਹੋਵੇਗਾ? ਮੈਨੂੰ ਬਹੁਤ ਜ਼ਰੂਰੀ ਕੰਮ ਪੈ ਗਿਆ ਹੈ!! ਜੇ ਪ੍ਰੀਤਮ ਬੇਲੀ ਤੇ ਰਾਜਿੰਦਰ ਵੀ ਹੋਣ ਤਾਂ ਉਨ੍ਹਾਂ ਨੂੰ ਵੀ ਕਹਿਣਾ, ਕਿਧਰੇ ਨਾ ਜਾਣ। ਮੈਂ ਉਨ੍ਹਾਂ ਨਾਲ ਵੀ ਗੱਲ ਕਰਨੀ ਹੈ।”

ਮੈਂ ਕਿਹਾ, “ਜੰਮ ਜੰਮ ਆਓ। ਸਾਡੇ ਕੋਲ ਟਾਈਮ ਹੀ ਟਾਈਮ ਹੈ। ਅਸੀਂ ਤੁਹਾਨੂੰ ਉਡੀਕਾਂਗੇ...।”

ਥੋੜ੍ਹੀ ਦੇਰ ਬਾਅਦ ਹੀ ਬੇਦੀ ਹੁਰੀਂ ਸਾਡੇ ਕੁਆਰਟਰ ਦੇ ਬੂਹੇ ‘ਤੇ ਖੜ੍ਹੇ ਸਨ, ਹੱਥ ਵਿਚ ਫ਼ਾਈਲ ਲੈ ਕੇ।

ਦਰਅਸਲ ਬੇਦੀ ਹੁਰਾਂ ਉਸ ਦਿਨ ਆਪਣਾ ਨਾਵਲ ‘ਏਕ ਚਾਦਰ ਮੈਲੀ ਸੀ’ ਪੂਰਾ ਕੀਤਾ ਸੀ ਤੇ ਉਹ ਸਾਨੂੰ ਤਿੰਨਾਂ ਨੂੰ ਸੁਣਾਉਣਾ ਚਾਹੁੰਦੇ ਸਨ। ਉਨ੍ਹਾਂ ਦੀ ਹਾਲਤ ਉਸ ਗਰਭਵਤੀ ਔਰਤ ਵਾਂਗ ਸੀ ਜੋ ਛੇਤੀ ਤੋਂ ਛੇਤੀ ਕਿਸੇ ਮੈਟਰਨਿਟੀ ਹਾਊਸ ਵਿਚ ਜਾ ਕੇ ਆਪਣੇ ਬੱਚੇ ਨੂੰ ਜਨਮ ਦੇਣਾ ਚਾਹੁੰਦੀ ਹੋਵੇ।

ਅਸੀਂ ਚਾਹ ਪੀ ਕੇ ਕਾਲਜ ਦੇ ਸਟਾਫ਼ ਰੂਮ ਵਿਚ ਜਾ ਬੈਠੇ ਤਾਂ ਜੋ ਨਾਵਲ ਸੁਣਦਿਆਂ ਸਾਨੂੰ ਕੋਈ ਡਿਸਟਰਬ ਨਾ ਕਰੇ।

ਇਕ ਗਲਾਸ ਤੇ ਜੱਗ ਪਾਣੀ ਦਾ ਭਰ ਕੇ ਕੋਲ ਰੱਖ ਲਿਆ। ਬੱਸ ਫਿਰ ਕੀ ਸੀ? ਸਵੇਰ ਦੇ ਦਸ ਵੱਜ ਚੁੱਕੇ ਸਨ। ਨਾਵਲ ਦਾ ਪਾਠ ਸ਼ੁਰੂ ਹੋ ਗਿਆ। ਨਾਵਲ ਦਾ ਪਹਿਲਾ ਪੈਰਾ ਕੁਝ ਇਸ ਤਰ੍ਹਾਂ ਸੀ:

ਆਜ ਸ਼ਾਮ ਸੂਰਜ ਕੀ ਟਿਕੀਆ ਬਹੁਤ ਲਾਲ ਥੀ...ਆਜ ਆਸਮਾਨ ਕੇ ਕੋਟਲੇ ਮੇਂ ਕਿਸੀ ਬੇਗੁਨਾਹ ਕਾ ਕਤਲ ਹੋ ਗਯਾ ਥਾ ਔਰ ਉਸ ਕੇ ਖ਼ੂਨ ਕੇ ਛੀਂਟੇ ਨੀਚੇ ਬਕਾਇਨ ਪਰ ਪੜ੍ਹੇ ਹੂਏ ਤਲੋਕੇ ਕੇ ਸੇਹਨ ਮੇਂ ਟਪਕ ਰਹੇ ਥੇ। ਟੂਟੀ-ਫੂਟੀ ਕੱਚੀ ਦੀਵਾਰ ਕੇ ਪਾਸ ਜਹਾਂ ਘਰ ਕੇ ਲੋਗ ਕੂੜਾ ਫੈਂਕਤੇ ਥੇ, ਡੱਬੂ ਮੂੰਹ ਉਠਾ ਉਠਾ ਕਰ ਰੋ ਰਹਾ ਥਾ...

**_ਨਾਵਲ (ਏਕ ਚਾਦਰ ਮੈਲੀ ਸੀ) ਦਾ ਪਾਠ ਕਰਦਿਆਂ ਬੇਦੀ ਸਾਹਿਬ ਕਈ ਵਾਰੀ ਰੋਏ ਵੀ, ਜ਼ਾਰੋ ਜ਼ਾਰ। ਕਈ ਵਾਰੀ ਤਾਂ ਹਿਚਕੀਆਂ ਵੀ ਭਰਦੇ ਰਹੇ। ਵਿਚੇ ਜੱਗ ਵਿਚੋਂ ਪਾਣੀ ਖ਼ਤਮ ਹੋ ਗਿਆ। ਅਸੀਂ ਫਿਰ ਭਰਵਾ ਲਿਆ। ਸ਼ਾਇਦ ਜਿੰਨਾ ਪਾਣੀ ਬੇਦੀ ਸਾਹਿਬ ਨੇ ਨਾਵਲ ਪੜ੍ਹਦਿਆਂ ਪੜ੍ਹਦਿਆਂ ਪੀਤਾ, ਉਸ ਤੋਂ ਜ਼ਿਆਦਾ ਪਾਣੀ ਉਨ੍ਹਾਂ ਦੀ ਅੱਖਾਂ ਵਿਚੋਂ ਵਹਿੰਦੇ ਹੰਝੂਆਂ ਵਿਚ ਬਾਹਰ ਡੁੱਲ੍ਹ ਚੁੱਕਾ ਸੀ।_**

ਇਕ ਵਾਰੀ ਬੇਦੀ ਸਾਹਿਬ ਸ਼ੁਰੂ ਹੋਏ ਤਾਂ ਸ਼ਾਮੀਂ ਸਾਢੇ ਵਜੇ ਤਕ ਨਾਵਲ ਦਾ ਪਾਠ ਕਰਦੇ ਰਹੇ ਅਤੇ ਜਦੋਂ ਨਾਵਲ ਅੰਤ ‘ਤੇ ਪੁੱਜਿਆ ਤਾਂ ਨਾਵਲ ਦੀ ਨਾਇਕਾ ਰਾਣੋ ਨੂੰ ਉਸ ਦਾ ਸਹੁਰਾ ਹਜ਼ੂਰ ਸਿੰਘ ਸਮਝਾ ਰਿਹਾ ਸੀ, “ਬੇਟਾ, ਯੇਹ ਸਭ ਕਿਆ ਹੋ ਰਹਾ ਹੈ? ਕਿਉਂ ਹੋ ਰਹਾ ਹੈ-ਇਸੇ ਤੂੰ ਨਹੀਂ ਜਾਨਤੀ, ਨਾ ਮੈਂ ਜਾਨਤਾ ਹੂੰ, ਨਾ ਯੇਹ ਲੋਗ ਜਾਨਤੇ ਹੈਂ...ਇਸੇ ਸਮਝਨੇ ਕੀ ਕੋਸ਼ਿਸ਼ ਭੀ ਮਤ ਕਰ...ਏਕ ਚੁਪ, ਯਹਾਂ ਤੋ ਦਮ ਮਾਰਨੇ ਕੀ ਜਗਹ ਨਹੀਂ।”

ਨਾਵਲ ਦੇ ਅੰਤ ਵਿਚ ਰਾਣੋ ਦੀ ਬੇਟੀ ‘ਬੜੀ’ ਦਾ ਵਿਆਹ ਰਾਣੋ ਦੇ ਪਤੀ ਦੇ ਕਾਤਲ ਨਾਲ ਹੋ ਰਿਹਾ ਸੀ-ਪਤੀ ਤਲੋਕਾ ਜੋ ‘ਬੜੀ’ ਦਾ ਪਿਉ ਵੀ ਸੀ। ਨਾਵਲ ਦਾ ਅੰਤਿਮ ਵਾਕ ਸੀ:

ਰਾਣੀ ਨੇ ਅਪਨੇ ਸਸੁਰ ਕੇ ਕਾਂਧੇ ਪਰ ਸੇ ਸਿਰ ਉਠਾਇਆ ਔਰ ਜ਼ਿੰਦਗੀ ਕੇ ਭਲੇ ਬੁਰੇ ਮੇਂ ਬੁਲੰਦ ਹੋ ਕਰ ਬੋਲੀ, “ਅੱਛਾ ਬਾਪੂ, ਅੱਛਾ!”

ਨਾਵਲ ਦਾ ਪਾਠ ਕਰਦਿਆਂ ਬੇਦੀ ਸਾਹਿਬ ਕਈ ਵਾਰੀ ਰੋਏ ਵੀ, ਜ਼ਾਰੋ ਜ਼ਾਰ। ਕਈ ਵਾਰੀ ਤਾਂ ਹਿਚਕੀਆਂ ਵੀ ਭਰਦੇ ਰਹੇ। ਵਿਚੇ ਜੱਗ ਵਿਚੋਂ ਪਾਣੀ ਖ਼ਤਮ ਹੋ ਗਿਆ। ਅਸੀਂ ਫਿਰ ਭਰਵਾ ਲਿਆ। ਸ਼ਾਇਦ ਜਿੰਨਾ ਪਾਣੀ ਬੇਦੀ ਸਾਹਿਬ ਨੇ ਨਾਵਲ ਪੜ੍ਹਦਿਆਂ ਪੜ੍ਹਦਿਆਂ ਪੀਤਾ, ਉਸ ਤੋਂ ਜ਼ਿਆਦਾ ਪਾਣੀ ਉਨ੍ਹਾਂ ਦੀ ਅੱਖਾਂ ਵਿਚੋਂ ਵਹਿੰਦੇ ਹੰਝੂਆਂ ਵਿਚ ਬਾਹਰ ਡੁੱਲ੍ਹ ਚੁੱਕਾ ਸੀ।

ਉਹ ਆਪਣੇ ਪਾਤਰਾਂ ਨਾਲ ਇਕਮੁਕ ਹੋ ਜਾਂਦੇ ਸਨ, ਕਦੇ ਉਹ ਤਲੋਕਾ ਬਣ ਜਾਂਦੇ, ਕਦੇ ਉਸ ਦਾ ਛੋਟਾ ਭਰਾ ਮੰਗਲ ਤੇ ਕਦੇ ਰਾਣੋ। ਤਲੋਕੇ ਦੀ ਲਾਸ਼ ਵੇਖ ਕੇ ਜੋ ਵੈਣ ਰਾਣੋ ਨੇ ਪਾਏ, ਉਸ ਦੀ ਮੌਤ ਦਾ ਦੁੱਖ ਬੇਦੀ ਹੁਰੀਂ ਵੀ ਬੜੀ ਤੀਬਰਤਾ ਨਾਲ ਭੋਗ ਰਹੇ ਸਨ। ਜਦੋਂ ਮੰਗਲ ਨੂੰ ਮਾਰ-ਕੁੱਟ ਕੇ ਅਤੇ ਅਧਮੋਇਆ ਕਰ ਕੇ ਕਪਾਹ ਦੇ ਖੇਤਾਂ ਵਿਚੋਂ ਘਰ ਲਿਆਂਦਾ ਗਿਆ ਤਾਂ ਇੰਜ ਲਗਦਾ ਸੀ ਕਿ ਇਹ ਮਾਰ ਮੰਗਲ ਨੇ ਨਹੀਂ; ਬੇਦੀ ਸਾਹਿਬ ਨੇ ਖਾਧੀ ਹੈ ਤੇ ਰਾਣੋ ਜਿਸ ਦੀ ਪੁੱਤਰ ਵਰਗੇ ਦਿਓਰ ਮੰਗਲ ਨਾਲ ਚਾਦਰ ਪਵਾ ਕੇ ਜ਼ਬਰਦਸਤੀ ਸ਼ਾਦੀ ਕੀਤੀ ਜਾ ਰਹੀ ਸੀ ਤਾਂ ਉਸ ਨੂੰ ਗਸ਼ ਪੈ ਗਿਆ-ਲੱਗਦਾ ਸੀ, ਰਾਣੋ ਦੀ ਰੂਹ ਵਿਚ ਬੇਦੀ ਸਾਹਿਬ ਦੀ ਰੂਹ ਕੰਮ ਕਰ ਰਹੀ ਸੀ।

ਇਸ ਨਾਵਲ ਨੂੰ ਸਾਹਿਤ ਅਕੈਡਮੀ ਵੱਲੋਂ ਐਵਾਰਡ ਮਿਲਿਆ ਸੀ। ਗੀਤਾ ਬਾਲੀ ਨੇ ‘ਰਾਣੋ’ ਨਾਂ ਦੀ ਇਕ ਫ਼ਿਲਮ ਵੀ ਇਸ ਨਾਵਲ ਦੀ ਕਹਾਣੀ ’ਤੇ ਬਣਾਉਣੀ ਸ਼ੁਰੂ ਕੀਤੀ। ਕੁਝ ਰੀਲਾਂ ਬਣ ਵੀ ਗਈਆਂ ਪਰ ਫ਼ਿਲਮ ਪੂਰੀ ਹੋਣ ਤੋਂ ਪਹਿਲਾਂ ਉਹ ਆਪ ਹੀ ਪੂਰੀ ਹੋ ਗਈ।

ਬੇਦੀ ਹੁਰੀਂ ਹਾਸਿਆਂ ਦੇ ਬੇਤਾਜ ਬਾਦਸ਼ਾਹ ਸਨ। ਜਿਸ ਮਹਿਫ਼ਲ ਵਿਚ ਜਾ ਬੈਠਦੇ, ਉਨ੍ਹਾਂ ਦੇ ਲਤੀਫ਼ੇ ਤੇ ਮਜ਼ਾਕ ਸੁਣ ਕੇ ਲੋਕ ਲੋਟਪੋਟ ਹੋ ਜਾਂਦੇ। ਕਈ ਵਾਰੀ ਤਾਂ ਅੱਖਾਂ ਵਿਚੋਂ ਪਾਣੀ ਵੀ ਨਿਕਲ ਪੈਂਦਾ-ਹੱਸ ਹੱਸ ਕੇ। ਨਿੱਤ ਨਵੇਂ ਲਤੀਫ਼ੇ ਘੜਨ ਦੀ ਵਿਉਂਤ ਵਿਚ ਵੀ ਕਿਸੇ ਤੋਂ ਪਿੱਛੇ ਨਹੀਂ ਸਨ। ਹਾਜ਼ਰਜਵਾਬੀ ਵਿਚ ਉਹ ਲਾਜਵਾਬ ਸਨ। ਉਹ ਮਜ਼ਾਕ ਉਡਾਉਣ ਵੇਲੇ ਸਾਹਮਣੇ ਵਾਲੇ ਨੂੰ ਕਦੇ ਵੀ ਛੁਟਿਆਉਣ ਤੋਂ ਗੁਰੇਜ਼ ਨਾ ਕਰਦੇ। ਹਾਸਾ ਉਨ੍ਹਾਂ ਨੂੰ ਆਪਣੇ ਆਪ ‘ਤੇ ਵੀ ਆਉਂਦਾ ਤੇ ਹੋਰਨਾਂ ‘ਤੇ ਵੀ।

ਇਕ ਵਾਰੀ ਕਹਿਣ ਲੱਗੇ, “ਜਗਜੀਤ ਜੀ! ਤੁਹਾਨੂੰ ਪਤਾ ਹੈ ਕਿ ਇਕ ਵਾਰੀ ਮੈਨੂੰ ਹੈਦਰਾਬਾਦ ਵਿਚ ਮਜ਼ਾਕ ’ਤੇ ਲਿਖਣ ਵਾਲੇ ਲੇਖਕਾਂ ਦੇ ਸੈਮੀਨਾਰ ਦੀ ਪ੍ਰਧਾਨਗੀ ਲਈ ਬੁਲਾਇਆ ਗਿਆ। ਮੈਂ ਪ੍ਰਧਾਨਗੀ ਭਾਸ਼ਣ ਦੇਣਾ ਸੀ। ਸੋਚਾਂ ਵਿਚ ਪੈ ਗਿਆ। ਕੀ ਲਿਖਾਂ? ਕਿੱਥੋਂ ਸ਼ੁਰੂ ਕਰਾਂ? ਫਿਰ ਮੈਂ ਸ਼ੀਸ਼ੇ ਵਿਚ ਜਾ ਕੇ ਆਪਣੀ ਸ਼ਕਲ ਦੇਖੀ ਅਤੇ ਗੱਲ ਬਣ ਗਈ। ਮੈਂ ਸਮਝ ਗਿਆ ਕਿ ਪ੍ਰਬੰਧਕਾਂ ਨੇ ਮੇਰੀ ਸ਼ਕਲ ਵੇਖ ਕੇ ਹੀ ਮੈਨੂੰ ਉਸ ਸੈਮੀਨਾਰ ਦੀ ਪ੍ਰਧਾਨਗੀ ਦੇ ਕਾਬਲ ਸਮਝਿਆ ਹੋਵੇਗਾ।”

ਇਕ ਵਾਰੀ ਪਾਨ ਖ਼ਰੀਦਣ ਆਏ ਤੇ ਸਬੱਬ ਨਾਲ ਮੇਰੇ ਨਾਲ ਮੇਲ ਹੋ ਗਿਆ। ਕਹਿਣ ਲੱਗੇ, “ਇਹ ਜੋ ਮਜਰੂਹ ਸੁਲਤਾਨਪੁਰੀ ਹੈ ਨਾ, ਇਕ ਦਿਨ ਮੈਨੂੰ ਪੁੱਛਣ ਲੱਗਾ, ਬੇਦੀ ਜੀ, ਦੱਸੋ। ਤੁਹਾਡੇ ਬਾਰਾਂ ਦਿਨ ਵੇਲੇ ਵੱਜਦੇ ਹਨ ਜਾਂ ਰਾਤੀਂ? ਮੈਂ ਕਿਹਾ, ਮੇਰੇ ਤਾਂ ਦਿਨੇ ਹੀ ਵਜਦੇ ਹਨ। ਉਹ ਕਹਿਣ ਲੱਗਾ, ਤੁਹਾਡੇ ਵਰਗਾ ਇਕ ਬੰਦਾ ਮੇਰੀ ਬਿਲਡਿੰਗ ਵਿਚ ਰਹਿੰਦਾ ਹੈ-ਉਹ ਤਾਂ ਰਾਤੀਂ ਬਾਰਾਂ ਵਜੇ ਆਪਣਾ ਮਿਊਜ਼ਿਕ ਸਿਸਟਮ ਇਤਨੀ ਉਚੀ ਆਵਾਜ਼ ਵਿਚ ਚਲਾਉਣ ਲੱਗ ਪੈਂਦਾ ਹੈ ਕਿ ਮੈਂ ਕੋਈ ਗੀਤ ਲਿਖਣਾ ਹੋਵੇ ਤਾਂ ਲਿਖ ਹੀ ਨਹੀਂ ਪਾਉਂਦਾ। ਭਲਾ ਉਸ ਦੇ ਬਾਰਾਂ ਰਾਤ ਨੂੰ ਕਿਉਂ ਵਜਦੇ ਹਨ? ਮੈਂ ਕਿਹਾ ਮਜਰੂਹ ਸਾਹਿਬ, ਉਹ ਜ਼ਰੂਰ ਮੁਸਲਮਾਨੋਂ ਸਿੱਖ ਸਜਿਆ ਹੋਵੇਗਾ।”

ਬੇਦੀ ਹੁਰਾਂ ਲਗਪਗ ਸੱਤਰ ਫ਼ਿਲਮਾਂ ਦੇ ਡਾਇਲਾਗ ਲਿਖੇ ਜਿਨ੍ਹਾਂ ਵਿਚ ਬਸੰਤ ਬਹਾਰ, ਮਿਰਜ਼ਾ ਗ਼ਾਲਿਬ, ਮੁਸਾਫ਼ਿਰ, ਦੇਵਦਾਸ, ਬੜੀ ਬਹਨ, ਮਧੂਮਤੀ, ਅਨੁਰਾਧਾ, ਸਤਿਯਾਕਾਮ, ਅਨੁਪਮਾ, ਬੰਧਨ, ਅਭਿਮਾਨ ਤੇ ਪਿਆਰ ਕੀ ਜੀਤ ਸ਼ਾਮਲ ਹਨ।

ਉਨ੍ਹਾਂ ਨੇ ਕੁਝ ਫ਼ਿਲਮਾਂ ਆਪ ਵੀ ਬਣਾਈਆਂ ਜਿਨ੍ਹਾਂ ਵਿਚ ਗਰਮ ਕੋਟ, ਰੰਗੋਲੀ, ਦਸਤਕ ਤੇ ਫਾਗੁਨ ਸ਼ਾਮਲ ਹਨ। ਸੁਤੰਤਰਤਾ ਸੰਗਰਾਮ ਨਾਲ ਜੁੜੀ ‘ਆਂਖਨ ਦੇਖੀ’ ਉਨ੍ਹਾਂ ਸ਼ੁਰੂ ਤਾਂ ਕੀਤੀ ਪਰ ਪੂਰੀ ਨਾ ਹੋ ਸਕੀ। ਇਸ ਫ਼ਿਲਮ ਨਾਲ ਮੇਰਾ ਵੱਡਾ ਭਰਾ ਪ੍ਰੋ. ਪ੍ਰੀਤਮ ਬੇਦੀ ਬਤੌਰ ਕਲਾਕਾਰ ਵੀ ਜੁੜਿਆ ਰਿਹਾ।

ਉਨ੍ਹਾਂ ਨੂੰ ਮੈਂ ਇਕ ਵਾਰੀ ਪੁੱਛਿਆ, “ਤੁਸੀਂ ਤਾਂ ਕਹਾਣੀਕਾਰ ਹੋ। ਫਿਰ ਫ਼ਿਲਮਾਂ ਦੇ ਚੱਕਰ ਵਿਚ ਕਿਵੇਂ ਪੈ ਗਏ? ਕਹਿਣ ਲੱਗੇ, “ਕਹਾਣੀ ਕਲਮ ਨਾਲ ਲਿਖਣੀ ਹੁੰਦੀ ਹੈ ਅਤੇ ਫ਼ਿਲਮ ਕੈਮਰੇ ਨਾਲ।” ਗੱਲ ਠੀਕ ਹੀ ਤਾਂ ਸੀ। ਉਨ੍ਹਾਂ ਨੂੰ ਪਤਾ ਸੀ ਕਿ ਮੈਂ ਵੀ ਆਪਣੇ ਜ਼ਿੰਦਗੀ ਦੇ ਚਾਰ-ਪੰਜ ਸਾਲ ਫ਼ਿਲਮ ਲਾਈਨ ਵਿਚ ਗਾਲ ਦਿੱਤੇ ਸਨ। ਪਹਿਲਾਂ ਨੌਕਰੀ, ਫਿਰ ਡਿਸਟਰੀਬਿਊਸ਼ਨ ਤੇ ਬਾਅਦ ਵਿਚ ਫ਼ਾਈਨੈਂਸ ਕਰਦਾ ਰਿਹਾ। ਜਦੋਂ ‘ਦਸਤਕ’ ਬਣ ਰਹੀ ਸੀ ਤਾਂ ਉਨ੍ਹਾਂ ਨੂੰ ਫ਼ਾਈਨੈਂਸਰ ਦੀ ਲੋੜ ਪਈ। ਮੈਂ ਉਨ੍ਹਾਂ ਨੂੰ ਨਾਲ ਕੇ ਕਈ ਫ਼ਾਈਨੈਂਸਰਾਂ ਦੇ ਬੂਹੇ ’ਤੇ ਦਸਤਕ ਦਿੱਤੀ ਪਰ ਕੰਮ ਬਣਿਆ ਨਹੀਂ।

ਉਨ੍ਹਾਂ ਦਾ ਪੁੱਤਰ ਨਰਿੰਦਰ ਵੀ ਫ਼ਿਲਮਾਂ ਬਣਾਉਣ ਲੱਗਾ। ਉਨ੍ਹਾਂ ਦਾ ਕਹਿਣਾ ਸੀ ਕਿ ਬੇਦੀ ਸਾਹਿਬ ਨੂੰ ਫ਼ਿਲਮ ਬਣਾਉਣ ਦੇ ਫ਼ਾਰਮੂਲੇ ਦੀ ਸਮਝ ਨਹੀਂ। ਉਹ ਸਫ਼ਲ ਫ਼ਿਲਮਾਂ ਬਣਾ ਤਾਂ ਸਕਿਆ ਪਰ ਉਸ ਦੀ ਰਾਜੇਸ਼ ਖੰਨਾ ਨਾਲ ਦੋਸਤੀ ਤੇ ਉਸ ਨਾਲ ਬੈਠ ਕੇ ਖਾਣਾ-ਪੀਣਾ ਉਸ ਨੂੰ ਕਾਫ਼ੀ ਮਹਿੰਗਾ ਪਿਆ। ਆਖ਼ਰ ਉਹ ਆਪਣੇ ਪਿਤਾ ਜੀ ਦੀ ਸ਼ਰਨ ਵਿਚ ਆਇਆ ਤੇ ਇਸ ਧਰਮ ਸੰਕਟ ਵਿਚੋਂ ਬਾਹਰ ਨਿਕਲ ਸਕਿਆ ਪਰ ਛੇਤੀ ਹੀ ਉਸ ਦੀ ਮੌਤ ਹੋ ਗਈ। ਹਾਂ, ਖਾਰ ਦੇ ਇਲਾਕੇ ਵਿਚ ਲਿੰਕ ਰੋਡ ‘ਤੇ ਉਸ ਨੇ ਫ਼ਿਲਮਾਂ ਦੀ ਕਮਾਈ ਨਾਲ ਬੰਗਲਾ ਜ਼ਰੂਰ ਖ਼ਰੀਦ ਲਿਆ ਸੀ।

ਸ਼ਰਤ ਚੰਦਰ ਨੇ ‘ਦੇਵਦਾਸ’ ਨਾਵਲ ਜ਼ਰੂਰ ਲਿਖਿਆ ਪਰ ਉਸ ਦੇ ਇਸ ਨਾਵਲ ਵਿਚ ਵਿਚਰਦੇ ਪਾਤਰ ਦੇਵਦਾਸ, ਪਾਰੋ, ਚੰਦਰਮੁਖੀ, ਧਰਮ ਦਾਸ ਦੀ ਪੇਸ਼ਕਾਰੀ ਵਿਚ ਜਿਥੇ ਬਿਮਲ ਰਾਏ ਦਾ ਵੱਡਾ ਹੱਥ ਸੀ, ਉਥੇ ਬੇਦੀ ਜੀ ਦੀ ਦੇਣ ਸੋਨੇ ’ਤੇ ਸੁਹਾਗੇ ਦਾ ਕੰਮ ਕਰਨ ਲੱਗ ਪਈ। ਉਨ੍ਹਾਂ ਦੀ ਰੂਹ ‘ਗੀਅਰ’ ਬਦਲ-ਬਦਲ ਕੇ ਇਨ੍ਹਾਂ ਕਿਰਦਾਰਾਂ ਦੇ ਧੁਰ ਅੰਦਰ ਵੜ ਜਾਂਦੀ। ਬੱਸ ਫਿਰ ਕੀ ਸੀ? ਨਾਵਲ ਦੇ ਸਾਰੇ ਪਾਤਰ ਸਾਡੀਆਂ ਅੱਖਾਂ ਸਾਹਮਣੇ ਜਿਉਂਦੇ ਜਾਗਦੇ ਨਜ਼ਰੀਂ ਪੈਣ ਲੱਗ ਪਏ। ਪਾਤਰਾਂ ਦੇ ਸਾਹ ਫ਼ਿਲਮ ਵੇਖਣ ਵਾਲਿਆਂ ਦੇ ਨਾਲ ਰਲ ਗਏ ਤੇ ਉਨ੍ਹਾਂ ਦੇ ਦਿਲ ਦੀਆਂ ਧੜਕਣਾਂ ਨਾਲ ਸਿਨੇਮਾਘਰਾਂ ਵਿਚ ਬੈਠੇ ਲੋਕਾਂ ਦੀਆਂ ਧੜਕਣਾਂ ਸਮਾ ਗਈਆਂ। ਅਜਿਹਾ ਜਾਦੂ ਸਿਰਫ਼ ਬੇਦੀ ਹੁਰੀਂ ਹੀ ਧੂੜ ਸਕਦੇ ਸਨ।

ਬੇਦੀ ਹੁਰਾਂ ਦੇ ਫ਼ਿਲਮੀ ਅਨੁਭਵ ਨੇ ਉਨ੍ਹਾਂ ਦੇ ਦ੍ਰਿਸ਼ਟੀਕੋਣ ‘ਤੇ ਬੜਾ ਵੱਡਾ ਅਸਰ ਪਾਇਆ। ਇਕ ਸੀਨ ਨੂੰ ਉਸ ਦੀ ਵਿਸ਼ਾਲਤਾ ਨੂੰ ਕੈਮਰੇ ਦੀ ਅੱਖ ਨਾਲ ਵੇਖਣਾ ਤੇ ਦੂਜਿਆਂ ਨੂੰ ਦਿਖਾ ਪਾਉਣਾ ਆਪਣੇ ਆਪ ਵਿਚ ਬਹੁਤ ਵੱਡੀ ਗੱਲ ਹੈ। ਇਸੇ ਤਰ੍ਹਾਂ ਘੱਟੋ-ਘੱਟ ਸ਼ਬਦਾਂ ਵਿਚ ਵੱਧ ਤੋਂ ਵੱਧ ਮਤਲਬ ਕੱਢਣਾ ਵੀ ਆਪਣੇ ਆਪ ਵਿਚ ਬਹੁਤ ਵੱਡਾ ਹੁਨਰ ਹੈ। ਉਨ੍ਹਾਂ ਨੂੰ ਪਤਾ ਸੀ ਕਿ ਵਾਕ ਬੋਲਦਿਆਂ-ਬੋਲਦਿਆਂ ਸੌ ਫੁੱਟ ਫ਼ਿਲਮ ਦੇ ਨੈਗੇਟਿਵ ਖ਼ਰਚ ਹੋ ਜਾਂਦੇ ਹਨ ਤੇ ਸ਼ਾਟ ਦੀ ਕੀਮਤ ਇਕ ਹਜ਼ਾਰ ਤੋਂ ਇਕ ਲੱਖ ਰੁਪਏ ਵਿਚਕਾਰ ਵੀ ਹੋ ਸਕਦੀ ਹੈ।

ਉਨ੍ਹਾਂ ਨੇ ਆਪਣੇ ਨਾਟਕਾਂ ਦੇ ਦੋ ਸੰਗ੍ਰਿਹ ਛਪਵਾਏ। ਇਕ ਦਾ ਨਾਂ ਹੈ ‘ਬੇਜਾਨ ਚੀਜ਼’ ਜਿਸ ਵਿਚ ਛੇ ਡਰਾਮੇ ਸਨ ਅਤੇ ਦੂਜੇ ਦਾ ਨਾਂ ਹੈ ‘ਸਾਤ ਖੇਲ’ ਜਿਸ ਵਿਚ ਸੱਤ ਡਰਾਮੇ ਹਨ। ਇਹ ਸਾਰੇ ਡਰਾਮੇ ਉਨ੍ਹਾਂ ਨੇ ਆਲ ਇੰਡੀਆ ਰੇਡੀਓ ’ਤੇ ਨੌਕਰੀ ਕਰਦਿਆਂ ਲਿਖੇ। ਇਨ੍ਹਾਂ ਨਾਟਕਾਂ ਦੇ ਪਾਤਰ ਚੱਕੀ ਦੇ ਦੋ ਪੁੜਾਂ ਵਿਚ ਫਸ ਕੇ ਜਿਉਣ ਲਈ ਮਜਬੂਰ ਲੋਕ ਹਨ। ਇਸ ਨਾਟਕ ਵਿਚ ਮੌਤ ਦੀ ਸਜ਼ਾ ਕੱਟ ਰਹੇ, ਜੇਲ੍ਹ ਦੀ ਕੋਠੜੀ ਵਿਚ ਕੈਦ ਕੱਟ ਰਹੇ ਕੈਦੀਆਂ ਦਾ ਉਹ ਮਸਲਾ ਤੇ ਉਲਝਣ ਹੈ ਜੋ ਕਾਲ ਕੋਠੜੀ ਦੇ ਸਾਹਮਣੇ ਲੱਗੀ ਘੜੀ ਤੇ ਕੈਲੰਡਰ ਲੱਗਾ ਹੋਣ ਕਰਕੇ ਮੁਜਰਮਾਂ ਨੂੰ ਵਾਰ-ਵਾਰ ਵਕਤ ਦਾ ਅਹਿਸਾਸ ਦਿਵਾਉਂਦਾ ਹੈ। ਬੇਦੀ ਸਾਹਿਬ ਦੀ ਨਜ਼ਰ ਵਿਚ ਬੇਜਾਨ ਚੀਜ਼ ਵਿਚ ਵੀ ਮਨੁੱਖ ਦੀ ਰੂਹ ਨੂੰ ਝੰਜੋੜਨ ਦੀ ਸ਼ਕਤੀ ਹੈ। ਅਦਾ-ਪ੍ਰਸਤੀ ਕਿਵੇਂ ਸਾਡੀ ਰੂਹ ਨੂੰ ਪ੍ਰਭਾਵਤ ਕਰਦੀ ਹੈ, ਇਸ ਬੁਨਿਆਦੀ ਮੁੱਦੇ ਨੂੰ ਲੈ ਕੇ ‘ਬੇਜਾਨ ਚੀਜ਼’ ਵਿਚ ਕਈ ਪ੍ਰਸ਼ਨ ਉਠਾਏ ਗਏ ਹਨ। ਉਨ੍ਹਾਂ ਦੀ ਰਾਇ ਵਿਚ ਔਰਤ ਤੇ ਮਰਦ ਦੀ ਮੁਹੱਬਤ ਵਿਚ ਵੀ ਤੇ

ਉਨ੍ਹਾਂ ਦੀ ਕਾਮ-ਵਾਸਨਾ ਦੀ ਪੂਰਤੀ ਵਿਚ ਵੀ ਦੌਲਤ ਤੇ ਸਰਮਾਏ ਜੋ ਬੇਜਾਨ ਹੁੰਦੇ ਹਨ, ਉਨ੍ਹਾਂ ਦੀ ਬੜੀ ਅਹਿਮ ਭੂਮਿਕਾ ਹੁੰਦੀ ਹੈ।

ਬੇਦੀ ਸਾਹਿਬ ਦੇ ਨਾਟਕ 'ਨਕਲੇ ਮਕਾਨੀ' ਅਤੇ ਉਨ੍ਹਾਂ ਨੇ 'ਦਸਤਕ' ਨਾਂ ਦੀ ਸਫ਼ਲ ਫ਼ਿਲਮ ਬਣਾਈ ਜਿਸ ਵਿਚ ਰੇਹਾਨਾ ਸੁਲਤਾਨ ਨੇ ਬਤੌਰ ਹੀਰੋਇਨ ਕੰਮ ਕੀਤਾ। ਆਪਣੇ ਆਪ ਵਿਚ ਇਹ ਫ਼ਿਲਮ ਕਵਿਤਾ ਹੀ ਹੈ। ਇਸ ਨਾਟਕ ਵਿਚ ਉਹ ਕਹਿੰਦੇ ਹਨ ਕਿ ਗ਼ਰੀਬੀ ਵੀ ਆਪਣੇ ਆਪ ਵਿਚ ਸੌ ਗੁਨਾਹਾਂ ਵਿਚੋਂ ਇਕ ਗੁਨਾਹ ਹੈ। ਗੁਨਾਹਾਂ ਵਿਚ ਰਿਸ਼ਵਤਖ਼ੋਰੀ ਦੇ ਮਸਲੇ ਨੂੰ ਲੈ ਕੇ ਇਕ ਪਤੀ ਜੋ ਰਿਸ਼ਵਤ ਲੈਂਦਾ ਆਪਣੀ ਪਤਨੀ ਨੂੰ ਤਵਾਇਫ਼ ਬਣਾਉਣ ਲਈ ਪ੍ਰੇਰਿਤ ਕਰਦਾ ਹੈ। ਇਸ ਮਸਲੇ ਨੂੰ ਲੈ ਕੇ ਬੇਦੀ ਹੁਰਾਂ ਪਤੀ-ਪਤਨੀ ਦੇ ਰਿਸ਼ਤੇ, ਉਨ੍ਹਾਂ ਦੀਆਂ ਮਜਬੂਰੀਆਂ ਦੇ ਪ੍ਰਸੰਗ ਵਿਚ ਮੂਲ ਪ੍ਰਸ਼ਨ ਨੂੰ ਛੋਹਿਆ ਹੈ। ਇਹ ਪ੍ਰਸ਼ਨ ਨਾ ਤਾਂ ਨਿਜ ਦੀ ਪਕੜ ਵਿਚ ਆਉਂਦਾ ਹੈ, ਨਾ ਸਮੇਂ ਦੀ ਕੈਦ ਵਿਚ ਤੇ ਨਾ ਹੀ ਕਿਸੇ ਦੇਸ਼ ਦੀ ਹੱਦ ਵਿਚ।

ਮਹਿਮਾਨ ਨਵਾਜ਼ੀ ਵਿਚ ਬੇਦੀ ਸਾਹਿਬ ਦਾ ਕੋਈ ਜਵਾਬ ਨਹੀਂ ਸੀ। ਜਦ ਕਦੇ ਪੰਜਾਬ, ਦਿੱਲੀ ਜਾਂ ਵਿਦੇਸ਼ ਤੋਂ ਕੋਈ ਵੱਡਾ ਲੇਖਕ ਮੁੰਬਈ ਮਹਾਂਨਗਰ ਆਉਂਦਾ, ਆਪਣੇ ਤੌਰ 'ਤੇ ਉਹ ਸਮਝਦਾ ਜਿਵੇਂ ਮੱਕਾ ਜਾ ਕੇ ਹੱਜ ਕਰਨਾ ਜ਼ਰੂਰੀ ਹੈ, ਇਸੇ ਤਰ੍ਹਾਂ ਮੁੰਬਈ ਆ ਕੇ ਬੇਦੀ ਹੁਰਾਂ ਨੂੰ ਮੱਥਾ ਟੇਕਣਾ ਵੀ ਜ਼ਰੂਰੀ ਹੈ। ਬੇਦੀ ਸਾਹਿਬ ਵੀ ਉਨ੍ਹਾਂ ਨੂੰ ਘਰ ਬੁਲਾ ਕੇ ਖਿਲਾਂਦੇ-ਪਿਲਾਂਦੇ ਤੇ ਆਪਣੇ ਨਜ਼ਦੀਕੀ ਹੋਰ ਮਿੱਤਰਾਂ ਨੂੰ ਵੀ ਬੁਲਾ ਲੈਂਦੇ। ਮਹਿਫ਼ਿਲਾਂ ਸਜ ਜਾਂਦੀਆਂ। ਗੱਲਾਂ-ਬਾਤਾਂ ਦੇ ਨਾਲ ਨਾਲ ਸਾਹਿਤਕ ਗੋਸ਼ਟੀ ਵੀ ਚੱਲ ਪੈਂਦੀ। ਅੰਮ੍ਰਿਤਾ ਪ੍ਰੀਤਮ, ਇਮਰੋਜ਼, ਦੇਵਿੰਦਰ ਸਤਿਆਰਥੀ, ਖ਼ੁਸ਼ਵੰਤ ਸਿੰਘ, ਕਮਲੇਸ਼ਵਰ, ਸੰਤ ਸਿੰਘ ਸੇਖੋਂ, ਨਵਤੇਜ, ਜਗਜੀਤ ਸਿੰਘ ਆਨੰਦ, ਸ਼ਾਮ ਲਾਲ, ਸ਼ੋਭਾ ਸਿੰਘ ਤੇ ਮਜਰੂਹ ਸੁਲਤਾਨਪੁਰੀ ਨਾਲ ਬੈਠ ਕੇ ਉਨ੍ਹਾਂ ਦੀ ਸੰਗਤ ਦਾ ਆਨੰਦ ਮਾਣਨ ਦਾ ਮੌਕਾ ਮੈਨੂੰ ਬੇਦੀ ਸਾਹਿਬ ਦੇ ਘਰ ਹੀ ਮਿਲਿਆ। ਪ੍ਰਿੰ. ਗੁਰਬਚਨ ਸਿੰਘ ਤਾਲਿਬ ਨਾਲ ਤਾਂ ਅਜਿਹੇ ਕਈ ਮੌਕੇ ਮਿਲੇ।

ਇਕ ਵਾਰੀ ਅਮਰੀਕਾ ਤੋਂ ਕੋਈ ਪੰਝੀ-ਤੀਹ ਬੁੱਧੀਜੀਵੀ ਮੁੰਬਈ ਆਏ। ਉਹ ਸਿੱਖਾਂ ਦੇ ਰੀਤੀ-ਰਿਵਾਜ ਤੇ ਖਾਣ-ਪੀਣ ਬਾਰੇ ਜਾਣਨਾ ਚਾਹੁੰਦੇ ਸਨ। ਅਮਰੀਕਨ ਕੌਂਸਲੇਟ ਵਾਲਿਆਂ ਮੇਰੇ ਨਾਲ ਸੰਪਰਕ ਸਾਧਿਆ। ਮੈਂ ਪ੍ਰੋਗਰਾਮ ਉਲੀਕਿਆ। ਤਾਜ ਮਹੱਲ ਹੋਟਲ ਤੋਂ ਮੈਂ ਉਨ੍ਹਾਂ ਨੂੰ ਏ.ਸੀ. ਬੱਸ ਵਿਚ ਬਿਠਾ ਕੇ ਗੇਟ-ਵੇਅ, ਚੋਪਾਟੀ ਤੋਂ ਹੁੰਦਿਆਂ ਸ਼ਿਵਾਜੀ ਪਾਰਕ ਦੀ ਸ਼ਮਸ਼ਾਨ ਭੂਮੀ ਵਿਚ ਜਲਦੀਆਂ ਚਿਤਾਵਾਂ ਵਿਖਾ ਕੇ, ਖ਼ਾਲਸਾ ਕਾਲਜ ਦੇ ਗੁਰਦੁਆਰੇ ਵਿਚ ਕਿਸੇ ਦੇ ਵਿਆਹ ਵਿਚ ਹੋ ਰਹੀਆਂ ਲਾਂਵਾਂ ਦਿਖਾਈਆਂ ਤੇ ਪਹਿਲਾਂ ਮਿਲਣੀ ਹੁੰਦੀ ਵੀ ਵਿਖਾਈ। ਬਾਅਦ ਵਿਚ ਉਥੇ ਹੀ ਲੰਚ ਕਰਵਾਇਆ। ਫਿਰ ਅਸੀਂ ਸਾਰੇ ਬੇਦੀ ਸਾਹਿਬ ਦੇ ਘਰ ਜਾ ਕੇ ਕਈ ਘੰਟੇ ਗੱਲਬਾਤ ਕਰਦੇ ਰਹੇ। ਬੇਦੀ ਸਾਹਿਬ ਨੇ ਵੀ ਉਨ੍ਹਾਂ ਦੀ ਖ਼ੂਬ ਆਓ-ਭਗਤ ਕੀਤੀ। ਉਨ੍ਹਾਂ ਲੋਕਾਂ ਕੋਲ ਮੂਵੀ ਕੈਮਰੇ ਸਨ ਤੇ ਉਨ੍ਹਾਂ ਨੇ ਬੇਦੀ ਹੁਰਾਂ ਨਾਲ ਹੋਈ ਮੁਲਾਕਾਤ ਦੀਆਂ ਫ਼ਿਲਮਾਂ ਵੀ ਬਣਾਈਆਂ।

ਮੁਸਲਮਾਨ ਲੇਖਕ ਉਨ੍ਹਾਂ ਦਾ ਉਰਦੂ ਵਿਚ ਲਿਖਣਾ ਪਸੰਦ ਨਹੀਂ ਸਨ ਕਰਦੇ। ਉਹ ਸਮਝਦੇ ਸਨ ਕਿ ਇਹ ਭਾਸ਼ਾ ਉਨ੍ਹਾਂ ਦੀ ਹੈ ਅਤੇ ਬੇਦੀ ਹੁਰੀਂ ਇਸ ਜ਼ਬਾਨ ਵਿਚ ਲਿਖ ਕੇ ਉਨ੍ਹਾਂ ਦੇ ਖੇਤਰ ਵਿਚ ਦਖ਼ਲਅੰਦਾਜ਼ੀ ਕਰਦੇ ਹਨ। ਬੇਦੀ ਸਾਹਿਬ ਬੜੀ ਸ਼ਾਨ ਨਾਲ ਕਹਿੰਦੇ, "ਜੇ ਉਹ ਸੜਦੇ ਹਨ ਤਾਂ ਸੜੀ ਜਾਣ; ਮੈਂ ਤਾਂ ਉਨ੍ਹਾਂ ਦੇ ਜਮਰੌਦ ਦੇ ਕਿਲੇ ਵਿਚ ਆਪਣਾ ਝੰਡਾ ਗੱਡ ਦਿੱਤਾ ਹੈ। ਉਨ੍ਹਾਂ ਦੇ ਕਿਲੇ ਵਿਚ ਆਪਣਾ ਕਿੱਲਾ ਠੋਕ ਦਿੱਤਾ ਹੈ।" ਮੈਂ ਵੀ ਭੁੱਲ-ਭੁਲੇਖੇ ਕਦੇ-ਕਦਾਈਂ ਬੇਕਾਈ ਹੋ ਕੇ ਕੁਝ ਨਾ ਕੁਝ ਲਿਖਦਾ ਰਹਿੰਦਾ। ਭਾਵੇਂ ਮੇਰੀਆਂ ਕਹਾਣੀਆਂ ਪੰਜ ਦਰਿਆ, ਆਰਸੀ ਤੇ ਨਾਗਮਣੀ ਵਿਚ ਛਪਦੀਆਂ ਰਹੀਆਂ ਪਰ ਇਸ ਝੱਸ ਨੂੰ ਮੈਂ ਕਦੇ ਵੀ ਪੂਰੀ ਸੰਜੀਦਗੀ ਨਾਲ ਨਹੀਂ ਸੀ ਲਿਆ। 1962-63 ਵਿਚ ਮੈਂ ਸੋਚਿਆ ਕਿਉਂ ਨਾ ਆਪਣੀਆਂ ਹਿੰਦੀ ਵਿਚ ਛਪੀਆਂ ਕਹਾਣੀਆਂ ਦਾ ਸੰਗ੍ਰਿਹ ਛਪਵਾ ਲਵਾਂ। 1952 ਵਿਚ ਮੇਰੀ ਪਹਿਲੀ ਕਹਾਣੀ 'ਰਕਤ ਦਾਨ' ਤੇ 'ਕਾਲਾ ਬਾਜ਼ਾਰ' ਪੰਜ ਦਰਿਆ ਵਿਚ ਛਪੀ ਸੀ। ਮੈਂ ਇਸ ਕਹਾਣੀ ਦਾ ਹਿੰਦੀ ਵਿਚ ਅਨੁਵਾਦ ਕਰ ਕੇ ਬਾਕੀ ਹੋਰ ਕਹਾਣੀਆਂ ਫ਼ਾਈਲ ਵਿਚ ਪਾ ਕੇ ਬੇਦੀ ਸਾਹਿਬ ਕੋਲ ਚਲਾ ਗਿਆ। ਉਨ੍ਹਾਂ ਨੂੰ ਬੇਨਤੀ ਕੀਤੀ ਕਿ ਮੇਰੀਆਂ ਕਹਾਣੀਆਂ ਬਾਰੇ ਉਹ ਆਪਣੀ ਰਾਇ ਲਿਖਤ ਰੂਪ ਵਿਚ ਦੇਣ ਤਾਂ ਜੋ ਮੈਂ ਉਸ ਨੂੰ ਪੁਸਤਕ ਦੀ ਭੂਮਿਕਾ ਦੇ ਰੂਪ ਵਿਚ ਛਪਵਾ ਸਕਾਂ।

ਉਨ੍ਹਾਂ ਦਿਨਾਂ ਵਿਚ ਉਨ੍ਹਾਂ ਕੋਲ ਸਿਰ ਖੁਰਕਣ ਦੀ ਵਿਹਲ ਨਹੀਂ ਸੀ। ਉਂਜ, ਉਨ੍ਹਾਂ ਨੇ ਮੈਨੂੰ ਇਕ ਮਹੀਨੇ ਵਿਚ ਆਪਣੀ ਰਾਇ ਦੇਣੀ ਸੀ ਪਰ ਜਦੋਂ ਦੋ ਮਹੀਨੇ ਬੀਤ ਗਏ ਤਾਂ ਇਕ ਦਿਨ ਮੈਂ ਆਪ ਉਨ੍ਹਾਂ ਦੇ ਸਿਲਵਰ ਸੈਂਡ ਬਿਲਡਿੰਗ ਵਾਲੇ ਆਫ਼ਿਸ ਵਿਚ ਚਲਾ ਗਿਆ ਤੇ ਉਨ੍ਹਾਂ ਨੂੰ ਕਿਹਾ ਕਿ ਜੇ ਉਨ੍ਹਾਂ ਕੋਲ ਬਹੁਤਾ ਸਮਾਂ ਨਹੀਂ ਤਾਂ ਮੈਂ ਉਨ੍ਹਾਂ ਨੂੰ ਕਹਾਣੀਆਂ ਦੇ ਤੱਤਸਾਰ ਬਾਰੇ ਦੱਸ ਦਿੰਦਾ ਹਾਂ। ਇਸ ਤਰ੍ਹਾਂ ਉਨ੍ਹਾਂ ਦਾ ਕੰਮ ਆਸਾਨ ਹੋ ਜਾਵੇਗਾ। ਉਹ ਹੱਸ ਪਏ ਤੇ ਬੋਲੇ, "ਹਰ ਲਿਖਤ ਆਪ ਹੀ ਬੋਲਦੀ ਹੈ, ਤੁਸੀਂ ਤਾਂ ਕੁਝ ਵੀ ਬੋਲ ਸਕਦੇ ਹੋ ਪਰ ਜੇ ਲਿਖਤ ਵਿਚ ਜਾਨ ਹੋਵੇ ਤਾਂ ਲੇਖਕ ਨੂੰ ਮੂੰਹੋਂ ਕੁਝ ਵੀ ਕਹਿਣ ਦੀ ਲੋੜ ਨਹੀਂ ਪੈਂਦੀ।"

ਅੱਜ ਇੰਨੇ ਸਾਲਾਂ ਬਾਅਦ ਮੈਨੂੰ ਲੱਗਦਾ ਹੈ ਕਿ ਬੇਦੀ ਹੁਰਾਂ ਜੋ ਕੁਝ ਕਿਹਾ, ਉਹ ਆਪਣੇ ਆਪ ਵਿਚ ਵੱਡੀ ਗੱਲ ਹੈ। ਮੈਨੂੰ ਮਾਣ ਹੈ ਕਿ ਉਸ ਦਿਨ ਤੋਂ ਉਨ੍ਹਾਂ ਹਫ਼ਤੇ ਬਾਅਦ ਹੀ ਮੇਰੀਆਂ ਕਹਾਣੀਆਂ ਪੜ੍ਹ ਕੇ ਆਪਣੀ ਰਾਇ ਲਿਖ ਦਿੱਤੀ ਤੇ ਉਹ ਮੇਰੇ ਕਹਾਣੀ ਸੰਗ੍ਰਿਹ ਵਿਚ ਛਪ ਵੀ ਗਈ। ਉਨ੍ਹਾਂ ਨੂੰ ਮੇਰੀਆਂ ਲਿਖਤਾਂ ਵਿਚ ਸਾਦਗੀ ਤੇ ਸਪਸ਼ਟਤਾ ਪਸੰਦ ਆਈ। ਉਨ੍ਹਾਂ ਦੀ ਰਾਇ ਮੇਰੇ ਲਈ ਬਹੁਤ ਵੱਡਾ ਪ੍ਰਮਾਣ ਪੱਤਰ ਬਣ ਗਿਆ ਜਿਸ 'ਤੇ ਮੈਨੂੰ ਅੱਜ ਵੀ ਨਾਜ਼ ਹੈ।

ਬੇਦੀ ਸਾਹਿਬ ਦੀਆਂ ਬਹੁਤੀਆਂ ਕਹਾਣੀਆਂ ਔਰਤ-ਮਰਦ ਦੇ ਆਪਸੀ ਰਿਸ਼ਤਿਆਂ ਨਾਲ ਜੁੜੀਆਂ ਹੋਈਆਂ ਹਨ। ਇਨਸਾਨੀ ਰਿਸ਼ਤੇ ਸਾਨੂੰ ਤਾਕਤ ਵੀ ਬਖ਼ਸ਼ਦੇ ਹਨ ਤੇ ਮਹਾਨਤਾ ਵੀ। ਔਰਤ ਤੇ ਮਰਦ ਅੱਜ ਤੋਂ ਨਹੀਂ, ਲੱਖਾਂ ਕਰੋੜਾਂ ਸਾਲਾਂ ਤੋਂ ਇਸ ਧਰਤੀ 'ਤੇ ਆਪਣੇ-ਆਪਣੇ ਕਸ਼ਟਾਂ ਦਾ ਭਾਰ ਢੋਂਦੇ ਦਿੱਸਦੇ ਹਨ ਤੇ ਨਾਲ ਹੀ ਰੱਬੀ ਦਾਤਾਂ ਦਾ ਆਨੰਦ ਵੀ ਭੋਗਦੇ ਦਿਖਾਈ ਪੈਂਦੇ ਹਨ। ਪਿਆਰ ਤੇ ਨਫ਼ਰਤ, ਖ਼ੁਸ਼ੀਆਂ-ਗ਼ਮੀਆਂ, ਦੁੱਖ-ਸੁਖ, ਆਸਾ-ਨਿਰਾਸ਼ਾ, ਮੂਲ ਭਾਵਨਾਵਾਂ ਤੇ ਘਟਨਾਵਾਂ ਵਿਚ ਉਨ੍ਹਾਂ ਦੀ ਸਾਂਝ ਤੇ ਟਕਰਾਓ ਬਣਿਆ ਰਹਿੰਦਾ ਹੈ। ਦਰਅਸਲ, ਉਨ੍ਹਾਂ ਦੀ ਨਜ਼ਰ ਵਿਚ ਔਰਤ ਮਰਦ ਦਾ ਸਿੱਧਾ ਸਬੰਧ ਇਨ੍ਹਾਂ ਦੋਵਾਂ ਵਿਚ ਆਪਸੀ ਪਿਆਰ ਨਾਲ ਹੈ ਤੇ ਵੈਸੇ ਔਰਤ ਦਾ ਦੂਜਾ ਨਾਂ ਹੀ ਪਿਆਰ ਹੈ। ਔਰਤ ਮਾਂ ਵੀ ਹੈ, ਬੀਵੀ ਵੀ ਤੇ ਭੈਣ ਵੀ। ਔਰਤ ਦੀ ਹੋਂਦ ਤੋਂ ਹੀ ਸਾਰੇ ਰਿਸ਼ਤੇ ਪੈਦਾ ਹੁੰਦੇ ਹਨ। ਔਰਤ ਸਾਡੇ ਸਮਾਜ ਦੀ ਰੀੜ੍ਹ ਦੀ ਹੱਡੀ ਹੈ, ਸਾਡੀਆਂ ਸਾਰੀਆਂ ਸਰਗਰਮੀਆਂ ਦਾ ਕੇਂਦਰ ਔਰਤ ਦੇ ਆਲੇ-ਦੁਆਲੇ ਹੀ ਘੁੰਮਦਾ ਹੈ। ਔਰਤ ਦਾ ਦਿਲ ਪਿਆਰ ਦਾ ਅਥਾਹ ਸਾਗਰ ਹੈ। ਔਰਤ ਮਾਂ-ਬਾਪ, ਭਰਾ-ਭੈਣ, ਬੱਚੇ ਸਭ ਨਾਲ ਬਹੁਤ ਪਿਆਰ ਕਰਦੀ ਹੈ। ਇਤਨਾ ਕੁਝ ਕਰ ਕੇ ਵੀ ਉਸ ਦਾ ਪਿਆਰ ਖ਼ਤਮ ਨਹੀਂ ਹੁੰਦਾ। ਇਕ ਦਿਲ ਦੇ ਹੁੰਦਿਆਂ ਹੋਇਆਂ ਵੀ ਉਹ ਸਭ ਨੂੰ ਆਪਣਾ ਦਿਲ ਦੇ ਬੈਠਦੀ ਹੈ। ਉਹ ਸਮਾਜ ਵਿਚ ਕਿਵੇਂ ਵਿਚਰਦੀ ਹੈ, ਇਸ ਦਾ ਪਤਾ ਉਸ ਦੇ ਆਲੇ-ਦੁਆਲੇ ਦੇ ਵਾਤਾਵਰਨ ਤੋਂ ਲਗਦਾ ਹੈ। ਔਰਤ ਦੀ ਦੁਨੀਆਂ ਨੂੰ ਉਨ੍ਹਾਂ ਕਈ ਵੱਖੋ-ਵੱਖ ਕੋਨਾਂ ਤੋਂ ਤੱਕਿਆ ਹੈ। ਕਿਧਰੇ ਬਾਪ ਬਣ ਕੇ, ਕਿਧਰੇ ਆਸ਼ਕ ਬਣ ਕੇ, ਕਿਧਰੇ ਸ਼ੌਹਰ ਬਣ ਕੇ। ਕਈ ਖ਼ਾਨਿਆਂ ਵਿਚ ਵੱਖੋ-ਵੱਖ ਰੰਗ ਭਰ ਕੇ, ਔਰਤ ਦੇ ਬਹੁਤ ਸਾਰੇ ਰੂਪ ਦਿਖਾਈ ਪੈਂਦੇ ਹਨ ਉਨ੍ਹਾਂ ਦੀ ਕਹਾਣੀਆਂ ਵਿਚ। ਮਰਦ ਨੂੰ ਚਾਹੇ ਕਿਸੇ ਵੀ ਰਿਸ਼ਤੇ ਦਾ ਨਾਂ ਦੇ ਦਿੱਤਾ ਜਾਵੇ ਪਰ ਇਹ ਸੱਚਾਈ ਹੈ ਕਿ ਔਰਤ ਲਈ ਭਰਾ, ਪਿਓ, ਬੇਟਾ, ਪ੍ਰੇਮੀ ਤੇ ਪਤੀ ਹਰ ਹਾਲਤ ਵਿਚ ਮਰਦ ਹੀ ਰਹਿੰਦਾ ਹੈ। ਮਰਦ ਨੂੰ ਹੀ ਔਰਤ ਅਪਨਾਉਂਦੀ ਹੈ, ਮਰਦ ਲਈ ਮਰ ਜਾਂਦੀ ਹੈ। ਔਰਤ ਦੇ ਨਜ਼ਦੀਕ ਬਾਕੀ ਸਾਰੇ ਸਬੰਧ ਸ਼ੌਹਰ-ਮਰਦ ਦੇ ਸਾਹਮਣੇ ਘੱਟਦੇ ਦਿਖਾਈ ਪੈਂਦੇ ਹਨ। ਮਰਦ ਦੀ ਸਭ ਤੋਂ ਵੱਡੀ ਜ਼ਿੰਮੇਵਾਰੀ ਹੈ ਔਲਾਦ ਪੈਦਾ ਕਰਨਾ। ਮਰਦ ਸ਼ੌਹਰ ਤੋਂ ਬਾਅਦ ਬੇਟਾ ਹੀ ਉਸ ਦਾ ਰਖਸ਼ਕ ਤੇ ਸਭ ਤੋਂ ਪਿਆਰਾ ਅੰਸ਼ ਹੁੰਦਾ ਹੈ। ਔਰਤ ਹਮੇਸ਼ਾ ਆਉਣ ਵਾਲੀ ਪੀੜ੍ਹੀ ਵਿਚ ਆਪਣੀ ਹੋਂਦ ਦੇ ਕਿਸੇ ਅੰਸ਼ ਦੀ ਭਾਲ ਵਿਚ ਰਹਿੰਦੀ ਹੈ। ਔਰਤ ਆਪਣੇ ਅਧਿਕਾਰਾਂ ਦੀ ਪੂਰਤੀ ਮਰਦ ਰਾਹੀਂ ਹੀ ਕਰਦੀ ਹੈ। ਉਹ ਆਪਣੀ ਮਨਚਾਹੀ ਮੰਜ਼ਿਲ 'ਤੇ ਪਹੁੰਚਣ ਲਈ ਮਰਦ ਦਾ ਸਹਾਰਾ ਲੈਂਦੀ ਹੈ।

ਉਨ੍ਹਾਂ ਦੇ ਸ਼ਬਦਾਂ ਵਿਚ ਟੈਗੋਰ ਦਾ ਇਕ ਕਥਨ ਹੈ ਕਿ ਦੁਨੀਆਂ ਵਿਚ ਹਰ ਰੋਜ਼ ਜੋ ਇਤਨੇ ਇਨਸਾਨ ਪੈਦਾ ਹੁੰਦੇ ਹਨ, ਇਹ ਗੱਲ ਇਸ ਹਕੀਕਤ ਦਾ ਸਬੂਤ ਹਨ ਕਿ ਭਗਵਾਨ ਅਜੇ ਇਨਸਾਨ ਬਣਾਉਣ ਦੇ ਕੰਮ ਤੋਂ ਮਾਯੂਸ ਨਹੀਂ ਹੋਇਆ। ਬੇਦੀ ਸਾਹਿਬ ਆਪਣੀ ਟਿੱਪਣੀ ਵਿਚ ਕਹਿੰਦੇ ਹਨ, "ਭਗਵਾਨ ਵੀ ਹਾਸੇ-ਹਾਸੇ ਵਿਚ ਕਿੰਨਾ ਜ਼ੁਲਮ ਕਰ ਰਿਹਾ ਹੈ। ਜੇ ਭਗਵਾਨ ਇਨਸਾਨ ਬਣਾਉਣ ਦੀ ਹਿਮਾਕਤ ਕਰ ਸਕਦਾ ਹੈ ਤਾਂ ਮੈਂ ਇਨਸਾਨ ਹੋ ਕੇ ਭਗਵਾਨ ਬਣ ਕੇ ਰਹਿਣ ਦੀ ਬੇਵਕੂਫ਼ੀ ਕਿਉਂ ਕਰਾਂ? ਜੇ ਹਕੀਕਤ ਨੂੰ ਮੇਰੀ ਲੋੜ ਹੈ ਤਾਂ ਮੈਨੂੰ ਉਹ ਆਪ ਹੀ ਢੂੰਡ ਲਵੇਗੀ। ਮੈਂ ਤਾਂ ਕਿਸੇ ਸਿੱਧੇ-ਸਾਦੇ ਇਨਸਾਨ ਵਾਂਗ ਜਿਉਣਾ ਲੋਚਦਾ ਹਾਂ। ਮੇਰੀ ਇੱਛਾ ਹੈ ਕਿ ਮੈਂ ਉਸ ਮੁਕਾਮ 'ਤੇ ਪਹੁੰਚ ਜਾਵਾਂ ਜਿਸ ਨੂੰ ਸਹਿਜ ਅਵਸਥਾ ਕਿਹਾ ਜਾਂਦਾ ਹੈ। ਇਹ ਅਵਸਥਾ ਜਾਣਨ ਤੋਂ ਬਾਅਦ ਹੀ ਮਿਲਦੀ ਹੈ।" (ਆਇਨੇ ਦੇ ਸਾਹਮਣੇ)



ਬੇਦੀ ਦੇ ਨਾਵਲ 'ਏਕ ਚਾਦਰ ਮੈਲੀ ਸੀ' 'ਤੇ ਬਣੀ ਫ਼ਿਲਮ ਵਿਚ ਹੇਮਾ ਮਾਲਿਨੀ

ਰਾਜਿੰਦਰ ਸਿੰਘ ਬੇਦੀ ਦਾ ਜਨਮ ਲਾਹੌਰ ਸ਼ਹਿਰ ਵਿਚ 1915 ਵਿਚ ਹੋਇਆ। ਉਹ ਬੀਮਾਰ ਮਾਂ ਦੇ ਬੀਮਾਰ ਬੇਟੇ ਸਨ। ਬਚਪਨ ਵਿਚ ਹੀ ਉਨ੍ਹਾਂ ਕਈ ਵਾਰ ਉਹ ਅੱਥਰੂ ਵਗਾਏ ਜੋ ਨਾ ਤਾਂ ਨਮਕੀਨ ਸਨ ਤੇ ਨਾ ਹੀ ਮਿੱਠੇ। ਅੱਥਰੂ ਜਿਨ੍ਹਾਂ ਦਾ ਕੋਈ ਸਵਾਦ ਨਹੀਂ ਹੁੰਦਾ। ਅੱਥਰੂ ਜਿਨ੍ਹਾਂ ਨੂੰ ਪਿਆਰ ਕਰਨ ਵਾਲੇ ਮਾਂ-ਪਿਓ, ਭਰਾ-ਭੈਣ ਜਾਂ ਮਹਿਬੂਬਾ ਵੀ ਪੂੰਝ ਨਹੀਂ ਸਕਦੇ। ਉਹ ਕਹਿੰਦੇ ਹਨ ਕਿ ਉਹ ਬਚਪਨ ਵਿਚ ਹੀ ਕਈ ਵਾਰੀ ਮਰੇ ਅਤੇ ਕਈ ਵਾਰੀ ਜਿਓ ਪਏ। ਉਨ੍ਹਾਂ ਨੂੰ ਅੰਤੜੀਆਂ ਦੀ ਬੀਮਾਰੀ ਸੀ। ਉਨ੍ਹਾਂ ਦੀ ਮਾਂ ਸੇਵਾ ਦੇਵੀ ਹਿੰਦੂ ਬ੍ਰਾਹਮਣ ਪਰਿਵਾਰ ਵਿਚੋਂ ਸੀ ਅਤੇ ਪਿਤਾ ਦਾ ਨਾਂ ਸੀ ਬਾਬਾ ਹੀਰਾ ਸਿੰਘ ਜੋ ਗੁਰੂ ਨਾਨਕ ਦੀ ਬੇਦੀ ਕੁੱਲ ਵਿਚੋਂ ਸਨ। ਘਰ ਵਿਚ ਧਾਰਮਿਕ ਮਾਹੌਲ ਬਣਿਆ ਰਹਿੰਦਾ। ਗੁਰੂ ਗ੍ਰੰਥ ਸਾਹਿਬ ਤੇ ਗੀਤਾ ਦਾ ਪਾਠ ਹੁੰਦਾ ਰਹਿੰਦਾ। ਅਜਿਹੇ ਵਾਤਾਵਰਨ ਵਿਚ ਉਨ੍ਹਾਂ ਨੂੰ ਬਚਪਨ ਵਿਚ ਹੀ ਕਈ ਤਰ੍ਹਾਂ ਦੇ ਸਵਾਲ ਪੁੱਛਣ ਦੀ ਆਦਤ ਪੈ ਗਈ ਤੇ ਜਵਾਬ ਠੀਕ ਨਾ ਮਿਲਦਾ ਤਾਂ ਬੜੀ ਪ੍ਰੇਸ਼ਾਨੀ ਹੁੰਦੀ।

ਮਾਂ ਅਕਸਰ ਬੀਮਾਰ ਰਹਿੰਦੀ। ਪਿਤਾ ਜੀ ਇਕ ਪੈਸੇ ਰੋਜ਼ ਦੇ ਕਿਰਾਏ 'ਤੇ ਕੋਈ ਵੀ ਕਿਤਾਬ ਲੈ ਆਂਦੇ। ਬੱਸ ਪੜ੍ਹਨ ਦੀ ਲਤ ਲੱਗ ਗਈ। ਉਨ੍ਹਾਂ ਦੇ ਚਾਚੇ ਨੇ ਲਾਹੌਰ ਸ਼ਹਿਰ ਵਿਚ ਸਟੀਮ ਪ੍ਰੈਸ ਖ਼ਰੀਦ ਲਈ। ਦਾਜ ਵਿਚ ਪੰਜ-ਛੇ ਹਜ਼ਾਰ ਕਿਤਾਬਾਂ ਵੀ ਮਿਲ ਗਈਆਂ। ਬੇਦੀ ਹੁਰਾਂ ਇਕ-ਇਕ ਕਰ ਕੇ ਸਾਰੀਆਂ ਚਟਮ ਕਰ ਲਈਆਂ।

ਬੇਦੀ ਸਾਹਿਬ ਦੇ ਪਿਤਾ ਸਦਰ ਬਾਜ਼ਾਰ ਦੇ ਡਾਕਖ਼ਾਨੇ ਵਿਚ ਪੋਸਟ ਮਾਸਟਰ ਸਨ। ਉਨ੍ਹਾਂ ਦੀ ਉਮਰ ਢਾਈ ਸਾਲ ਦੀ ਹੀ ਸੀ ਕਿ ਉਨ੍ਹਾਂ ਦੇ ਭਰਾ ਤੇ ਵੱਡੀ ਭੈਣ ਚਲ ਵਸੇ। ਉਨ੍ਹਾਂ ਤੋਂ ਬਾਅਦ ਉਨ੍ਹਾਂ ਦੇ ਦੋ ਭਰਾਵਾਂ ਤੇ ਇਕ ਭੈਣ ਦੀ ਵੀ ਪੈਦਾਇਸ਼ ਹੋਈ। 1931 ਵਿਚ ਉਨ੍ਹਾਂ ਖ਼ਾਲਸਾ ਹਾਈ ਸਕੂਲ ਤੋਂ ਮੈਟ੍ਰਿਕ ਪਾਸ ਕੀਤੀ ਤੇ ਫਿਰ ਕਾਲਜ ਵਿਚ ਦਾਖ਼ਲਾ ਵੀ ਲੈ ਲਿਆ। ਉਨ੍ਹਾਂ ਦੇ ਪਿਤਾ ਜੀ ਸਵਰਗਵਾਸ ਹੋ ਗਏ। ਘਰ ਦਾ ਸਾਰਾ ਬੋਝ ਉਨ੍ਹਾਂ ਦੇ ਮੋਢਿਆਂ 'ਤੇ ਪੈ ਗਿਆ। ਕਾਲਜ ਦੀ ਪੜ੍ਹਾਈ ਕਰਦਿਆਂ ਬੇਦੀ ਹੁਰੀਂ ਗੀਤ, ਗ਼ਜ਼ਲਾਂ ਵੀ ਗਾਉਂਦੇ ਰਹੇ। ਇਕ ਡਰਾਮੇ ਵਿਚ ਲੈਲਾ ਦਾ ਰੋਲ ਵੀ ਕੀਤਾ। ਸੰਗੀਤ ਵਿਚ ਵੀ ਮੂੰਹ ਮਾਰਿਆ ਪਰ ਸੱਤ ਸੁਰਾਂ ਤੋਂ ਅੱਗੇ ਅੱਠਵਾਂ ਸੁਰ ਸ਼ਾਮਲ ਕਰਨ ਦੀ ਆਜ਼ਾਦੀ ਨਾ ਹੋਣ ਕਰਕੇ ਸੰਗੀਤ ਨੂੰ ਤਿਲਾਂਜਲੀ ਦੇ ਦਿੱਤੀ। ਪੇਂਟਿੰਗ ਦਾ ਸ਼ੌਕ ਵੀ ਜਾਗ ਪਿਆ। ਗ਼ਲਤੀ ਨਾਲ ਅਜਿਹੀ ਸੁੰਦਰ ਇਸਤਰੀ ਦੀ ਪੇਂਟਿੰਗ ਬਣਾ ਬੈਠੇ ਕਿ ਖ਼ੁਦ ਹੀ ਉਸ 'ਤੇ ਆਸ਼ਕ ਹੋ ਗਏ ਅਤੇ ਉਸ ਨੂੰ ਢੂੰਡਣ ਨਿਕਲ ਪਏ। ਜੋ ਪੇਂਟਿੰਗ ਬਣਾਈ, ਉਹ ਤਾਂ ਵਕਤ ਪਾ ਕੇ ਅੱਖਾਂ ਤੋਂ ਓਹਲੇ ਹੋ ਗਈ ਪਰ ਬੇਦੀ ਹੁਰੀਂ ਸਾਰੀ ਉਮਰ ਉਸ ਔਰਤ ਦੀ ਤਲਾਸ਼ ਵਿਚ ਲੱਗੇ ਰਹੇ। ਉਹ ਅਜਿਹੀ ਔਰਤ ਸੀ ਜੋ ਉਨ੍ਹਾਂ ਦੇ ਦਿਮਾਗ਼ ਵਿਚ ਬੇਪਨਾਹ ਫ਼ਤੂਰ ਪਾਈ ਰੱਖਦੀ।

ਡਾਕਖ਼ਾਨੇ ਵਿਚ ਕੰਮ ਕਰਦਿਆਂ ਹੀ ਉਹ ਕਹਾਣੀਆਂ ਲਿਖਣ ਲੱਗ ਪਏ। ਪਹਿਲਾ ਸੰਗ੍ਰਿਹ 'ਦਾਨਾਦਾਮ' 1939 ਵਿਚ ਛਪਿਆ। ਕ੍ਰਿਸ਼ਨ ਚੰਦਰ ਨੇ ਇਸ ਪੁਸਤਕ ਦੀ ਭੂਮਿਕਾ ਲਿਖੀ। ਕ੍ਰਿਸ਼ਨ ਚੰਦਰ ਦੀ ਨਜ਼ਰ ਵਿਚ ਬੇਦੀ ਹੁਰੀਂ ਉਚ ਕੋਟੀ ਦੇ ਕਹਾਣੀਕਾਰ ਸਨ ਅਤੇ ਉਨ੍ਹਾਂ ਨੂੰ ਇਸ ਗੱਲ ਦਾ ਦੁੱਖ ਸੀ ਕਿ ਇੰਨੇ ਵਧੀਆ ਕਹਾਣੀਕਾਰ ਹੋ ਕੇ ਵੀ ਬੇਦੀ ਹੁਰਾਂ ਨੂੰ ਡਾਕਖ਼ਾਨੇ ਦੀ ਨੌਕਰੀ ਕਰਨੀ ਪੈ ਰਹੀ ਹੈ। ਬੇਦੀ ਹੁਰੀਂ ਨੌਕਰੀ ਛੱਡ ਕੇ ਕਰਦੇ ਵੀ ਕੀ? ਗਰੈਜੂਏਸ਼ਨ ਕੀਤੀ ਨਹੀਂ ਸੀ, ਹੋਰ ਕੋਈ ਚੰਗੀ ਨੌਕਰੀ ਮਿਲ ਨਹੀਂ ਸੀ ਸਕਦੀ। 1944 ਵਿਚ ਬਤੌਰ ਸਕ੍ਰਿਪਟ ਰਾਈਟਰ ਰੇਡੀਓ ਸਟੇਸ਼ਨ 'ਤੇ ਕੰਮ ਕਰਨ ਲੱਗ ਪਏ। ਉਥੇ ਪਹਿਲਾਂ ਹੀ ਉਪਿੰਦਰ ਨਾਥ ਅਸ਼ਕ, ਮੰਟੋ, ਕ੍ਰਿਸ਼ਨ ਚੰਦਰ, ਫ਼ੈਜ਼ ਅਹਿਮਦ ਫ਼ੈਜ਼ ਵਰਗੀਆਂ ਹਸਤੀਆਂ ਮੌਜੂਦ ਸਨ। ਜਦੋਂ ਦੂਜੀ ਵੱਡੀ ਜੰਗ ਲੱਗੀ ਤਾਂ ਬੇਦੀ ਹੁਰੀਂ ਸੂਬਾ ਸਰਹੱਦ ਦੇ ਰੇਡੀਓ ਸਟੇਸ਼ਨ 'ਤੇ ਪੰਜ ਸੌ ਰੁਪਏ ਮਾਹਵਾਰ 'ਤੇ ਨੌਕਰੀ ਕਰਦੇ ਰਹੇ। ਲੜਾਈ ਖ਼ਤਮ ਹੋਈ ਤਾਂ ਵਾਪਸ ਲਾਹੌਰ ਆ ਕੇ ਮਹੇਸ਼ਵਰੀ ਫ਼ਿਲਮ ਸਟੂਡੀਓ ਵਿਚ ਨੌਕਰੀ ਕਰਨ ਲੱਗ ਪਏ। 1946 ਵਿਚ ਆਪਣਾ ਪਬਲਿਸ਼ਿੰਗ ਹਾਊਸ ਖੋਲ੍ਹਿਆ। ਆਪਣੀ ਪੁਸਤਕ 'ਸਾਤ ਖੇਲ' ਛਾਪੀ ਤੇ ਕੁਝ ਹੋਰ ਕਿਤਾਬਾਂ ਵੀ। ਕੰਮ ਨਾ ਬਣਿਆ। ਲਾਹੌਰ ਤੋਂ ਦਿੱਲੀ ਆਉਣਾ ਪੈ ਗਿਆ ਕਿਉਂਕਿ ਪਬਲਿਸ਼ਿੰਗ ਦਾ ਕੰਮ ਵੀ ਨਾ ਚਲਿਆ। ਦਿੱਲੀ ਤੋਂ ਸ਼ਿਮਲਾ ਆ ਗਏ ਤੇ ਫਿਰ ਸ਼ੇਖ਼ ਅਬਦੁੱਲਾ ਉਨ੍ਹਾਂ ਨੂੰ ਪਹਿਲਾ ਜੰਮੂ ਅਤੇ ਬਾਅਦ ਵਿਚ ਸ੍ਰੀਨਗਰ ਦੇ ਰੇਡੀਓ ਸਟੇਸ਼ਨ 'ਤੇ ਬਤੌਰ ਡਾਇਰੈਕਟਰ ਕੰਮ ਕਰਨ ਲਈ ਲੈ ਗਿਆ।

ਲਾਹੌਰ ਰਹਿੰਦਿਆਂ ਅਮਰ ਕੁਮਾਰ ਸੂਦ ਨਾਲ ਦੋਸਤੀ ਹੋ ਗਈ। ਉਹ ਮੁੰਬਈ ਮਹਾਨਗਰ ਵਿਚ ਬਤੌਰ ਫ਼ਿਲਮ ਡਾਇਰੈਕਟਰ ਹੱਥ-ਪੈਰ ਮਾਰ ਰਿਹਾ ਸੀ। ਉਸ ਨੇ ਬੇਦੀ ਹੁਰਾਂ ਨੂੰ ਵੀ ਮੁੰਬਈ ਬੁਲਾ ਲਿਆ। ਉਹ ਡੀ.ਡੀ. ਕਸ਼ਿਅਪ ਨਾਲ ਜੁੜ ਗਏ। ਉਸ ਦੇ ਫੇਮਸ ਪਿਕਚਰ ਦੇ ਬੈਨਰ ਹੇਠ ਕੰਮ ਕਰਨ ਲੱਗ ਪਏ। ਇਕ ਤੋਂ ਬਾਅਦ ਇਕ ਹਿੱਟ ਪਿਕਚਰਾਂ ਆਉਂਦੀਆਂ ਗਈਆਂ। ਬੱਸ ਹੁਣ ਮੁੜ ਕੇ ਪਿਛੇ ਵੇਖਣ ਦੀ ਲੋੜ ਨਾ ਪਈ। ਉਹ ਆਪ ਆਜ਼ਾਦਾਨਾ ਸੁਭਾਅ ਵਾਲੇ ਬੰਦੇ ਸਨ। ਸਰੀਰਕ, ਜਾਤੀ, ਆਤਮਿਕ ਜਾਂ ਮੁਲਕੀ ਬੰਦਸ਼ਾਂ ਤੇ ਪਾਬੰਦੀਆਂ ਵਿਚ ਉਨ੍ਹਾਂ ਦਾ ਸਾਹ ਘੁੱਟਦਾ ਸੀ। ਉਹ ਕਿਹਾ ਕਰਦੇ ਸਨ:

ਬੰਦਗੀ ਮੇਂ ਘੁਟ ਕੇ ਰਹਿ ਜਾਤੀ ਹੈ ਜੂਏ ਕਮ ਆਬ

ਔਰ ਆਜ਼ਾਦੀ ਮੇਂ ਬਹਿਰੇ ਬੇ-ਕਰਾਂ ਹੈ ਜ਼ਿੰਦਗੀ

ਆਜ਼ਾਦੀ ਪਸੰਦ ਹੋਣ ਦੇ ਨਾਤੇ ਉਹ ਨਾ ਤਾਂ ਅੰਜੁਮਨ-ਇ-ਤਰੱਕੀ ਪਸੰਦ ਤੇ ਨਾ ਹੀ ਕਮਿਊਨਿਸਟ ਪਾਰਟੀ ਦੇ ਮੈਂਬਰ ਬਣੇ। ਇਕ ਵਾਰੀ ਕਿਸੇ ਲਿਖਾਰੀ ਨੇ ਉਨ੍ਹਾਂ ਸਾਹਮਣੇ ਕਹਿ ਦਿੱਤਾ, "ਕ੍ਰਿਸ਼ਨ ਚੰਦਰ ਆਪਣੀਆਂ ਕਹਾਣੀਆਂ ਵਿਚ ਜਾਦੂ ਜਗਾ ਦਿੰਦਾ ਹੈ।" ਉਹ ਫੱਟ ਬੋਲੇ, "ਉਹ ਜਾਦੂ ਹੀ ਜਗਾਉਂਦਾ ਰਹੇਗਾ ਯਾ ਕਦੇ ਕੋਈ ਚੰਗੀ ਕਹਾਣੀ ਵੀ ਲਿਖੇਗਾ?"

ਉਨ੍ਹਾਂ ਦੀ ਹਾਜ਼ਰ ਜਵਾਬੀ ਦਾ ਕੋਈ ਸਾਨੀ ਨਹੀਂ ਸੀ। ਉਨ੍ਹਾਂ ਨੂੰ ਦੇਖ ਕੇ ਕਿਸੇ ਭੋਲੇ-ਭਾਲੇ ਬੱਚੇ ਦਾ ਮਾਸੂਮ ਚਿਹਰਾ ਅੱਖਾਂ ਸਾਹਮਣੇ ਆ ਜਾਂਦਾ ਹੈ ਜੋ ਇਕੋ ਸਮੇਂ ਹੱਸ ਵੀ ਤੇ ਰੋਣ ਵੀ ਲੱਗ ਪੈਂਦਾ ਹੈ। ਉਹ ਹਮੇਸ਼ਾ ਭਾਵਨਾਵਾਂ ਦੀ ਸਰਹੱਦ 'ਤੇ ਟਿਕੇ ਰਹਿੰਦੇ। ਇਕ ਸਕਿੰਟ ਵਿਚ ਰੋ ਪੈਣਾ ਅਤੇ ਦੂਜੇ ਵਿਚ ਹੱਸ ਪੈਣਾ ਤਾਂ ਕੋਈ ਉਨ੍ਹਾਂ ਕੋਲੋਂ ਹੀ ਸਿਖ ਸਕਦਾ ਸੀ। ਉਨ੍ਹਾਂ ਜ਼ਿੰਦਗੀ ਵਿਚ ਫ਼ੈਸਲਾ ਕਰ ਲਿਆ ਕਿ ਉਹ ਹਰ ਕੀਮਤ 'ਤੇ ਇਨਸਾਨ ਤੇ ਕੇਵਲ ਇਨਸਾਨ ਬਣ ਕੇ ਜਿਉਣ ਦੀ ਕੋਸ਼ਿਸ਼ ਕਰਨਗੇ। ਮਨੁੱਖਤਾ ਤੇ ਸ਼ਰਾਫ਼ਤ ਉਨ੍ਹਾਂ ਦੇ ਕਿਰਦਾਰ ਦੇ ਮੁੱਖ ਅੰਗ ਬਣ ਗਏ। ਇਨਸਾਨ ਬਣੇ ਰਹਿਣ ਲਈ ਉਹ ਜ਼ਿੰਦਗੀ ਭਰ ਕੋਸ਼ਿਸ਼ ਕਰਦੇ ਰਹੇ। ਉਨ੍ਹਾਂ ਦੀ ਸੰਗਤ ਵਿਚ ਹਮੇਸ਼ਾ ਪਾਕ ਤੇ ਪਵਿੱਤਰ ਭਾਵਨਾ ਜਾਗ ਪੈਂਦੀ ਤੇ ਪਿਆਰ ਤੇ ਸ਼ਰਧਾ ਨਾਲ ਅੱਖਾਂ ਨੀਵੀਆਂ ਪੈ ਜਾਂਦੀਆਂ-ਝੁਕ ਜਾਂਦੀਆਂ। ਪ੍ਰਕਾਸ਼ ਪੰਡਤ ਹੁਰਾਂ ਦਾ ਕਹਿਣਾ ਹੈ, "ਬੇਦੀ ਦੇ ਸੀਨੇ ਵਿਚ ਹਰ ਵਕਤ ਪਵਿੱਤਰ ਅੱਗ ਦੀ ਚਿੰਗਾਰੀ ਮੌਜੂਦ ਰਹਿੰਦੀ ਹੈ। ਇਹ ਅੱਗ ਇਸ ਦੁਨੀਆਂ ਦੀ ਚੀਜ਼ ਨਹੀਂ ਹੈ। ਜਦੋਂ ਦੁਨੀਆਂ ਦੀ ਹਰ ਚੀਜ਼ ਤਿਆਰ ਹੋ ਗਈ ਤਾਂ ਫਿਰ ਖ਼ਾਸ ਤੌਰ 'ਤੇ ਆਕਾਸ਼ ਤੋਂ ਅੱਗ ਲਿਆਂਦੀ ਗਈ।"

5 ਸਤੰਬਰ, 1978 ਵਾਲੇ ਦਿਨ ਉਨ੍ਹਾਂ ਦੇ ਖੱਬੇ ਪਾਸੇ ਲਕਵੇ ਦਾ ਅਟੈਕ ਹੋ ਗਿਆ। ਸਰੀਰਕ ਤੇ ਮਾਨਸਿਕ ਸ਼ਕਤੀਆਂ ਪੂਰੀ ਤਰ੍ਹਾਂ ਕੰਮ ਕਰਨੋਂ ਰਹਿ ਗਈਆਂ। ਲਿਖਣਾ-ਪੜ੍ਹਨਾ ਛੁੱਟ ਗਿਆ। ਮਾਟੁੰਗੇ ਵਾਲੇ ਘਰ ਨੂੰ ਛੱਡ ਕੇ ਪੁੱਤਰ ਨਰਿੰਦਰ ਬੇਦੀ ਕੋਲ ਖ਼ਾਰ ਆ ਕੇ ਰਹਿਣਾ ਪੈ ਗਿਆ। ਨਾਨਾਵਤੀ ਹਸਪਤਾਲ ਵਿਚ ਇਲਾਜ ਹੁੰਦਾ ਰਿਹਾ। ਸੱਜੇ ਹੱਥ ਵਿਚ ਕਲਮ ਤਾਂ ਫੜ ਲੈਂਦੇ ਪਰ ਦਿਮਾਗ਼ ਸਾਥ ਨਾ ਦਿੰਦਾ। ਹਾਲਤ ਇਹ ਸੀ:

ਗਰ ਹਾਥ ਮੇਂ ਜੁੰਬਿਸ ਨਹੀਂ
ਆਖੋਂ ਮੇਂ ਤੋ ਦਮ ਹੈ
ਰਹਿਨੇ ਦੋ ਸਾਗਰੋ
ਮੀਨਾ ਮੇਰੇ ਆਗੇ

ਬੱਸ ਫਿਰ ਹੋਣਾ ਕੀ ਸੀ! ਉਹੀ ਜੋ ਸਭ ਨਾਲ ਹੁੰਦਾ ਆਇਆ ਹੈ। ਅਖ਼ੀਰ 11 ਨਵੰਬਰ 1984 ਵਾਲੇ ਦਿਨ ਉਹ ਅਦਬੀ ਦੁਨੀਆਂ ਨੂੰ ਸਦੀਵੀ ਵਿਛੋੜਾ ਦੇ ਕੇ ਚਲੇ ਗਏ। ਇਕ ਚਿੰਗਾਰੀ ਜੋ ਜ਼ਿੰਦਗੀ ਭਰ ਭਾਂਬੜ ਬਣ ਕੇ ਮੱਚਦੀ ਰਹੀ, ਹਵਾ ਦਾ ਇਕ ਬੁੱਲਾ ਜੋ ਹਨ੍ਹੇਰੀਆਂ ਬਣ ਕੇ ਝੁੱਲਦਾ ਰਿਹਾ, ਪਾਣੀ ਦੀ ਇਕ ਬੂੰਦ ਜੋ ਰਾਵੀ ਦਰਿਆ ਤੋਂ ਚਲੀ...ਤੇ ਕਿਸੇ ਮਹਾਂਸਾਗਰ ਦਾ ਹਿੱਸਾ ਬਣ ਗਈ...ਤੇ ਪਿੱਛੇ ਰਹਿ ਗਈਆਂ ਕੁਝ ਯਾਦਾਂ...ਮਿੱਠੀਆਂ...ਮਿੱਠੀਆਂ ਤੇ ਦੁੱਖ ਭਰੀਆਂ ਵੀ।

ਕਿਸੇ ਸੱਚ ਕਿਹਾ ਹੈ:

ਸਰ-ਇ-ਰਾਹ ਜ਼ਿੰਦਗੀ ਸੇ
ਯਾਰੋ ਗੁਜ਼ਰੇ ਤੋ ਯੂੰ ਗੁਜ਼ਰੇ
ਦੇਖਨੇ ਵਾਲੇ ਤੁਮਹਾਰੇ
ਨਕਸ਼-ਇ-ਪਾ ਦੇਖਾ ਕਰੇਂ।

ਉਨ੍ਹਾਂ ਦੀ ਮੌਤ ਤੋਂ ਤਿੰਨ ਚਾਰ ਸਾਲ ਬਾਅਦ ਉਨ੍ਹਾਂ ਦੀ ਬੇਟੀ ਸੁਰਿੰਦਰ ਦੇ ਪੁੱਤਰ ਦਾ ਵਿਆਹ ਸੀ। ਜਿਸ ਲੜਕੀ ਨਾਲ ਵਿਆਹ ਸੀ, ਉਹ ਮੇਰੇ ਇਕ ਵਿਦਿਆਰਥੀ ਭਗਤ ਸਿੰਘ ਕਲਸੀ ਦੀ ਬੇਟੀ ਸੀ ਅਤੇ ਕਿਸੇ ਕਾਲਜ ਵਿਚ ਲੈਕਚਰਾਰ ਲੱਗੀ ਹੋਈ ਸੀ। ਮੈਨੂੰ ਦੋਵਾਂ ਧਿਰਾਂ ਵੱਲੋਂ ਸੱਦਾ ਪੱਤਰ ਆਏ। ਜਦੋਂ ਬਰਾਤ ਪਹੁੰਚੀ ਤੇ ਮਿਲਣੀ ਦੀ ਰਸਮ ਹੋਣ ਲੱਗੀ ਤਾਂ ਸੁਰਿੰਦਰ ਕਹਿਣ ਲੱਗੀ, "ਸਰ! ਅੱਗੇ ਆਓ। ਬੇਦੀ ਸਾਹਿਬ ਤੇ ਨਰਿੰਦਰ ਭਾ'ਜੀ ਤਾਂ ਹੁਣ ਰਹੇ ਨਹੀਂ... ਮਾਮੇ ਤੇ ਨਾਨੇ ਦੀ ਮਿਲਣੀ ਤੁਹਾਨੂੰ ਹੀ ਕਰਨੀ ਪਵੇਗੀ...।"

ਇਹ ਕਹਿੰਦਿਆਂ-ਕਹਿੰਦਿਆਂ ਸੁਰਿੰਦਰ ਦੀਆਂ ਅੱਖਾਂ ਭਿੱਜ ਗਈਆਂ, ਤੇ ਮੇਰੀਆਂ ਵੀ। ਉਸ ਰਾਤ ਮੈਨੂੰ ਨੀਂਦ ਨਹੀਂ ਸੀ ਆਈ। ਵਾਰ-ਵਾਰ ਬੇਦੀ ਸਾਹਿਬ ਦਾ ਚਿਹਰਾ ਅੱਖਾਂ ਸਾਹਮਣੇ ਆਉਂਦਾ ਰਿਹਾ।

---

# ਨੈਣ-ਨਕਸ਼

*(ਸਫਾ 29 ਦੀ ਬਾਕੀ*

ਕਰਕੇ, ਇਹ ਤਾਂ ਵਿਚਾਰ ਭੈਂਗਾ ਆ।...ਬਾਈ ਸਾਡੀਆਂ ਬੱਖੀਆਂ ਟੁੱਟ 'ਗੀਆਂ ਹੱਸਦੀਆਂ ਦੀਆਂ।'

'ਚੰਗਾ ਭੂਆ ਬਾਕੀ ਹਿੱਸਾ ਕਦੇ ਫੇਰ ਸਹੀ।'

'ਵੇ ਡੁੱਬ ਜਾਣਿਆ ਸਾਰੀ ਮਹਾਂ ਭਾਰਤ ਸੁਣ ਲੀ, ਮਿੱਠੀਆਂ-ਮਿੱਠੀਆਂ ਮਾਰ ਕੇ। ਤੂੰ ਤਾਂ ਦੱਸ ਹੈਂ ਕੀਹਦਾ?'

'ਮੈਂ ਭੂਆ ਬਾਰੀ ਆਲੇ ਫੱਤੂ ਦਾ ਮੱਦੀ।'

'ਠਹਿਰ ਜਾਹ ਪੈ ਜਾਏ ਤੈਨੂੰ ਦੁਗਾੜਾ। ਤੇਰਾ ਪੇ ਤਾਂ ਲਿਆਇਆ ਤੀ ਤਿੰਨ ਸੌ ਨੂੰ ਮੁੱਲਦੀ ਤੇਰੀ ਮਾਂ ਕ੍ਰਿਸ਼ਨਾ, ਤੇ ਨਾਲ ਆਇਆ ਤੀ ਮੱਝ ਦੇ ਕੱਟੂ ਆਂਙੂੰ ਤੂੰ...ਗੱਲਾਂ ਮਾਰਦੈ ਟਕੇ ਟਕੇ ਦੀਆਂ। ਹੁਣ ਤੇਰੇ ਦਿੰਨੀ ਆਂ ਢਿੱਡ 'ਚ ਦਾਣੇ ਭੁੰਨਣ ਵਾਲੀ ਗਰਮ-ਗਰਮ ਦਾਤੀ...।'

ਤੇ ਮੱਦੀ ਪੈਰ ਸਿਰ 'ਤੇ ਰੱਖ ਕੇ ਵਰੋਲਾ ਬਣ ਗਿਆ।

**ਅੰਤਿਕਾ:**

ਭੁੱਖੇ ਨੰਗੇ ਸਾਧ ਬੂਬਨੇ
ਗੁਣ ਜੱਟੀਏ ਜਿਨ੍ਹਾਂ ਦੇ ਨਿੱਤ ਗਾਉਂਦੀ।
ਦੇਵ ਨੀ ਸ਼ਰੀਕੇ ਵਾਲੇ ਤੋਂ
ਕਾਹਤੋਂ ਸਾਧ ਦਾ ਤੂੰ ਜਾਪ ਕਰਾਉਂਦੀ
ਤੜਕੇ ਨੂੰ ਲੱਤ ਵੱਢ ਕੇ
ਸੁਭਾ ਚੜ੍ਹ ਜਊਂ ਬਠਿੰਡੇ ਵਾਲੀ ਰੇਲੇ
ਜੱਟੀਏ ਜੇ ਹੋ ਗਈ ਸਾਧਣੀ
ਪੱਟੇ ਜਾਣਗੇ ਸਾਧਾਂ ਦੇ ਚੇਲੇ...।

ਤੇ ਜੇ ਕਿਤੇ ਵੋਟਾਂ ਪਾਉਣ ਵਾਲੇ ਅੱਖ ਪੱਟ ਲੈਣ ਤਾਂ ਸਾਧਾਂ ਦੀ ਥਾਂ ਖਾਲੀ ਕਰਕੇ ਵੋਟਾਂ ਪੁਆਉਣ ਵਾਲਿਆਂ ਦਾ ਨਾਂ ਭਰ ਦਿੱਤਾ ਜਾਵੇ ਤਾਂ ਬੁਰਾ ਤਾਂ ਨੀਂ ਲੱਗੇਗਾ?

## ਕਹਾਣੀ

# ਸ਼ੱਕ

***ਸੁਕੀਰਤ ਦੀ ਇਹ ਕਹਾਣੀ 'ਸ਼ੱਕ' ਅਸਲ ਵਿਚ ਅਮੀਰ-ਗਰੀਬ ਦੇ ਵਧ ਰਹੇ ਪਾੜੇ ਦੀ ਮਾਰਮਿਕ ਕਥਾ ਬਿਆਨ ਕਰਦੀ ਹੈ। ਇਕ ਪਾਸੇ ਹਰ ਸਹੂਲਤ ਨਾਲ ਲੈਸ ਤਬਕਾ ਹੈ ਅਤੇ ਦੂਜੇ ਬੰਨ੍ਹੇ ਉਹ ਲੋਕ ਹਨ ਜਿਨ੍ਹਾਂ ਕੋਲ ਸਾਰੇ ਦਿਨ ਦੀ ਹੱਡ ਤੋੜਵੀਂ ਮੁਸ਼ੱਕਤ ਤੋਂ ਬਾਅਦ ਵੀ ਆਰਾਮ ਨਾਲ ਖੜ੍ਹਨ-ਬੈਠਣ ਲਈ ਕੋਈ ਠੀਹਾ ਤੱਕ ਵੀ ਨਹੀਂ ਹੈ। ਅਸਾਵੇਂ ਵਿਕਾਸ ਨਾਲ ਜ਼ਖ਼ਮੀ ਹੋਈਆਂ ਜਿੰਦੜੀਆਂ ਦੀ ਇਹ ਕੋਈ ਦਰਦਨਾਕ ਚੀਕ ਹੈ। -ਸੰਪਾਦਕ***

**ਸੁਕੀਰਤ**

ਸਿਮਰਨ ਭਾਟੀਆ ਨਾਇਰ ਨੂੰ ਫ਼ਿਕਰ ਜਿਹਾ ਚੰਬੜ ਗਿਆ ਹੈ।

ਫ਼ਿਕਰ ਵੀ ਕੀ, ਫ਼ਿਕਰ ਦਾ ਝਾਉਲਾ ਜਿਹਾ ਹੈ। ਜਦੋਂ ਤੀਕ ਨਜਮਾ ਸਿਮਰਨ ਦੇ ਘਰ ਦੀਆਂ ਵਲਗਣਾਂ ਵਿਚ ਪੋਚੇ ਲਾਉਂਦੀ, ਸਬਜ਼ੀਆਂ ਕੱਟਦੀ, ਰੋਟੀ ਪਕਾਉਂਦੀ, ਭਾਂਡੇ ਧੋਂਦੀ, ਐਧਰੋਂ-ਉਧਰ ਹੁੰਦੀ ਰਹੇਗੀ, ਸਿਮਰਨ ਦਾ ਫ਼ਿਕਰ ਵੀ ਕਮਰਾ ਦਰ ਕਮਰਾ ਝੂਲਦਾ ਰਹੇਗਾ। ਸਿਮਰਨ ਕੁਰਸੀ 'ਤੇ ਬੈਠੀ ਕਿਤਾਬ ਪੜ੍ਹ ਰਹੀ ਹੋਵੇਗੀ ਪਰ ਕੰਨ ਨਜਮਾ ਦੇ ਪੈਰਾਂ ਦੀ ਬਿੜਕ ਲੈ ਰਹੇ ਹੋਣਗੇ। ਭਲਾ ਇੰਜ ਵੀ ਕੋਈ ਇਕਾਗਰ ਹੋ ਕੇ ਪੜ੍ਹ ਸਕਦਾ ਹੈ? ਕਦੋਂ ਨਜਮਾ ਕੰਮ ਮੁਕਾ ਕੇ ਘਰੋਂ ਨਿਕਲੇ, ਸਿਮਰਨ ਅੰਦਰੋਂ ਚਿਟਕਣੀ ਲਾਵੇ, ਤਾਂ ਕਿਤੇ ਜਾ ਕੇ ਇਤਮਿਨਾਨ ਨਾਲ ਕਿਤਾਬ ਪੜ੍ਹ ਸਕੇਗੀ, ਇਕ-ਅੱਧ ਠੌਂਕਾ ਲਾ ਸਕੇਗੀ।

ਉਂਜ ਸਿਮਰਨ ਉਨ੍ਹਾਂ ਔਰਤਾਂ ਵਿਚੋਂ ਨਹੀਂ ਜੋ ਗਾਹੇ-ਬਗਾਹੇ ਨੌਕਰਾਂ 'ਤੇ ਬੇਮਤਲਬ ਸ਼ੱਕ ਕਰਦੀਆਂ ਉਨ੍ਹਾਂ ਦੇ ਅੱਗੇ-ਪਿੱਛੇ ਘੁੰਮਦੀਆਂ ਰਹਿੰਦੀਆਂ ਹਨ। ਆਖ਼ਰਕਾਰ ਨੌਕਰ ਵੀ ਤਾਂ ਇਨਸਾਨ ਹਨ, ਸਾਡੇ ਤੁਹਾਡੇ ਵਰਗੇ। ਤੁਸੀਂ ਉਨ੍ਹਾਂ ਨੂੰ ਬੇਮਤਲਬ ਛੁਟਿਆਉਂਦੇ ਰਹੋਗੇ ਤਾਂ ਉਹ ਵੀ ਤੁਹਾਨੂੰ ਬਖ਼ਸ਼ਣਗੇ ਨਹੀਂ। ਤੁਹਾਡੇ ਮੂੰਹ 'ਤੇ ਭਾਵੇਂ 'ਹਾਂ ਜੀ, ਬੀਬੀ ਜੀ' ਕਰਦੇ ਰਹਿਣ ਪਰ ਹੇਠਾਂ ਪਾਰਕ ਵਿਚ ਜਾ ਕੇ, ਹੋਰ ਨੌਕਰਾਂ ਨਾਲ ਬਹਿ ਕੇ ਉਹ ਵੀ ਤੁਹਾਡੇ ਘਰ ਦੇ ਪੋਤੜੇ ਫੋਲਣਗੇ। ਆਖ਼ਰਕਾਰ ਉਨ੍ਹਾਂ ਵੀ ਤਾਂ ਆਪਣੇ ਮਨ ਦੀ ਭੜਾਸ ਕਿਸੇ ਤਰ੍ਹਾਂ ਕੱਢਣੀ ਹੁੰਦੀ ਹੈ।

ਜਾਨਵਰ ਕੋਲੋਂ ਵੀ ਵਫ਼ਾਦਾਰੀ ਦੀ ਉਮੀਦ ਰੱਖਣੀ ਹੋਵੇ ਤਾਂ ਉਸ ਨੂੰ ਪਿਆਰਨਾ-ਪੁਚਕਾਰਨਾ ਪੈਂਦਾ ਹੈ, ਤੇ ਨੌਕਰ ਤਾਂ ਸਾਡੇ ਤੁਹਾਡੇ ਵਾਂਗ ਸੱਧਰਾਂ-ਉਮੰਗਾਂ ਵਾਲੇ ਹਨ, ਹੱਡ ਮਾਸ ਦੇ ਪੁਤਲੇ। ਤੁਹਾਡੀ ਇੱਜ਼ਤ ਉਹ ਤਾਂ ਹੀ ਕਰਨਗੇ ਜੇਕਰ ਤੁਸੀਂ ਵੀ ਉਨ੍ਹਾਂ ਨਾਲ ਠੀਕ ਤਰ੍ਹਾਂ ਪੇਸ਼ ਆਉਗੇ। ਦਰਅਸਲ ਕਸੂਰ ਨੌਕਰਾਂ ਦਾ ਨਹੀਂ, ਮਾਲਕਾਂ ਦਾ ਹੁੰਦਾ ਹੈ।

ਹੇਠਲੀ ਮੰਜ਼ਲ ਵਾਲੀ ਕਪੂਰਨੀ ਨੂੰ ਹੀ ਲਓ। ਬੱਚੇ ਅਮਰੀਕਾ ਹਨ। ਕਪੂਰ ਸਾਹਿਬ ਦੀ ਚੋਖੀ ਪੈਨਸ਼ਨ ਆਉਂਦੀ ਹੈ। ਕਿਸੇ ਗੱਲ ਦਾ ਘਾਟਾ ਨਹੀਂ ਪਰ ਨੌਕਰਾਂ ਨੂੰ ਕਪੂਰਨੀ ਹਮੇਸ਼ਾ ਬਚਿਆ-ਖੁਚਿਆ ਹੀ ਦੇ ਕੇ ਰਾਜ਼ੀ ਹੈ। ਰੋਟੀ ਹਮੇਸ਼ਾ ਆਪ ਪਾ ਕੇ ਦੇਵੇਗੀ। ਮਜਾਲ ਹੈ, ਢਾਈ ਚਮਚ ਤੋਂ ਵੱਧ ਦਾਲ ਤੇ ਦੋ ਚਮਚ ਤੋਂ ਵੱਧ ਸਬਜ਼ੀ ਕਦੇ ਉਸ ਨੇ ਕਿਸੇ ਨੌਕਰ ਦੀ ਥਾਲੀ ਵਿਚ ਰੱਖੀ ਹੋਵੇ। ਤੇ ਜੇ ਕਦੇ ਮੀਟ-ਮੁਰਗਾ ਬਣਿਆ ਹੋਵੇ ਤਾਂ ਫਿਰ ਉਨ੍ਹਾਂ ਲਈ ਚੁਣ-ਚੁਣ ਕੇ ਉਹ ਟੁਕੜੇ ਕੱਢੇਗੀ ਜਿਹੜੇ ਜਾਂ ਤਾਂ ਨਿਰੇ ਛਿੱਛੜੇ ਹੋਣ, ਤੇ ਜਾਂ ਫਿਰ ਨਿਰੀਆਂ ਹੱਡੀਆਂ। ਨਾ ਚਗਲੀਆਂ ਜਾਣ, ਨਾ ਨਿਗਲੀਆਂ ਜਾਣ ਪਰ ਕੰਮ ਉਨ੍ਹਾਂ ਕੋਲੋਂ ਵੱਧ ਤੋਂ ਵੱਧ ਲਵੇਗੀ। ਚਾਰ-ਚਾਰ ਵਾਰ ਪੋਚੇ ਮਰਵਾਏਗੀ, ਭਾਂਡਿਆਂ ਦੇ ਢੇਰ ਮੰਜਵਾਏਗੀ। ਉਤੋਂ ਨੁਕਸ ਕੱਢੇਗੀ, ਵੱਖਰੇ। ਹੁਣ ਦੱਸੋ ਭਲਾ, ਮੌਕਾ ਮਿਲਦਿਆਂ ਹੀ ਨੌਕਰ ਬਾਹਰ ਜਾ ਕੇ ਉਸ ਦੇ ਘਰ ਦੇ ਪੋਤੜੇ ਕਿਉਂ ਨਾ ਫੋਲਣ?


ਸਿਮਰਨ, ਕਪੂਰਨੀ ਵਰਗੇ ਲੋਕਾਂ ਨਾਲ ਬਹੁਤਾ ਮੇਲ-ਜੋਲ ਨਹੀਂ ਰੱਖਦੀ। ਹੇਠਲੇ ਫਲੈਟ ਵਿਚ ਰਹਿੰਦੀ ਹੈ, ਆਉਣ-ਜਾਣ ਵਾਲੀਆਂ ਪੌੜੀਆਂ ਸਾਂਝੀਆਂ ਹਨ। ਸੋ ਮੇਲ-ਟਾਕਰਾ ਤਾਂ ਹੋ ਹੀ ਜਾਂਦਾ ਹੈ। ਬਸ, ਸਰਸਰੀ ਜਿਹੀ ਦੁਆ-ਸਲਾਮ, ਏਦੂੰ ਵੱਧ ਸ਼ਹਿ ਸਿਮਰਨ ਨੇ ਕਦੇ ਕਪੂਰਨੀ ਨੂੰ ਦਿੱਤੀ ਹੀ ਨਹੀਂ। ਨਹੀਂ ਤਾਂ ਉਸ ਨੂੰ ਜੇ ਉਂਗਲ ਵੀ ਫੜਾ ਦਿੱਤੀ, ਉਹ ਤੇ ਪੂਰੀ ਬਾਂਹ ਹੀ ਨਿਗਲ ਜਾਵੇਗੀ। ਵਿਹਲੀ ਔਰਤ। ਸਾਰਾ ਦਿਨ ਜਾਂ ਤਾਂ ਟੀ.ਵੀ. ਦੇਖਦੀ ਰਹਿੰਦੀ ਹੈ, ਤੇ ਜਾਂ ਫਿਰ ਬਾਲਕੋਨੀ ਵਿਚ ਖੜ੍ਹੀ-ਖੜ੍ਹੀ ਆਂਢ-ਗੁਆਂਢ ਦੀਆਂ ਹੋਰ ਵਿਹਲੜਾਂ ਨਾਲ ਗੱਪਾਂ ਮਾਰਦੀ ਰਹਿੰਦੀ ਹੈ। ਸਿਮਰਨ ਦੇ ਘਰ ਆਉਣ-ਜਾਣ ਵਾਲਿਆਂ ਦੀ ਬਿੜਕ ਲੈਂਦੀ ਰਹਿੰਦੀ ਹੈ। ਕੌਣ ਕਿਹੜੇ ਵੇਲੇ ਆਇਆ, ਕਿਹੜਾ ਕਦੋਂ ਮੁੜਿਆ।

ਸ਼ੁਕਰ ਇਸ ਗੱਲ ਦਾ ਹੈ ਕਿ ਸਾਲ ਵਿਚੋਂ ਛੇ ਮਹੀਨੇ ਕਪੂਰਨੀ ਦਿੱਲੀਓਂ ਬਾਹਰ ਹੀ ਰਹਿੰਦੀ ਹੈ। ਹਵਾ ਵਿਚ ਰਤਾ ਜਿੰਨੀ ਗਰਮੀ ਆਈ ਨਹੀਂ ਕਿ ਕਪੂਰਨੀ ਤਰੇਲ ਵਾਂਗੂ ਲੋਪ ਹੋਈ ਨਹੀਂ। ਵੈਸੇ ਐਸੀ ਔਰਤ ਨੂੰ ਤਰੇਲ ਨਾਲ ਮੇਚਣਾ ਹੀ ਗਲਤ ਹੈ ਪਰ ਤੁਸੀਂ ਇਹ ਵੀ ਤੇ ਨਹੀਂ ਨਾ ਕਹਿ ਸਕਦੇ ਕਿ ਉਹ ਕੰਡੇ ਵਾਂਗ ਜਾਂ ਗਲੇ ਵਿਚ ਫਸੀ ਹੱਡੀ ਵਾਂਗ, ਜਾਂ ਫਿਰ ਕਿਸੇ ਹੋਰ ਚੀਜ਼ ਵਾਂਗ ਲੋਪ ਹੋ ਜਾਂਦੀ ਹੈ। ਕਹਿਣਾ ਤਾਂ ਤਰੇਲ ਹੀ ਪਵੇਗਾ ਕਿਉਂਕਿ ਦਿੱਲੀ ਵਿਚ ਪਹਿਲੀਆਂ ਲੂਆਂ ਚੱਲਣ ਤੋਂ ਪਹਿਲਾਂ ਹੀ ਕਪੂਰਨੀ ਤੇ ਕਪੂਰ ਸਾਹਿਬ ਛੜੱਪ ਗਾਇਬ ਹੋ ਜਾਂਦੇ ਹਨ ਤੇ ਫੇਰ ਸਾਰੀਆਂ ਗਰਮੀਆਂ ਨੈਨੀਤਾਲ ਹੀ ਕੱਟਦੇ ਹਨ।

ਵੀਹ ਵਰ੍ਹਿਆਂ ਤੋਂ ਉਨ੍ਹਾਂ ਕਿਸੇ ਦਾ ਮਕਾਨ ਇਕ ਸੌ ਪੰਜਾਹ ਰੁਪਏ ਕਿਰਾਏ 'ਤੇ ਮੱਲਿਆ ਹੋਇਆ ਹੈ। ਮਾਲਕ ਮਕਾਨ ਵਿਚਾਰਾ ਲੱਖ ਕੋਸ਼ਿਸ਼ਾਂ ਕਰ ਚੁੱਕਿਆ ਹੈ ਕਿ ਕਿਸੇ ਤਰ੍ਹਾਂ ਉਸ ਦੀ 'ਕਾਟੇਜ' ਖਾਲੀ ਹੋ ਜਾਵੇ ਪਰ ਕਪੂਰਨੀ 'ਤੇ ਨਾ ਉਸ ਦੇ ਤਰਲਿਆਂ ਦਾ ਅਸਰ ਹੋਇਆ, ਨਾ ਮੁਕੱਦਮਿਆਂ ਦੀਆਂ ਧਮਕੀਆਂ ਦਾ। ਜਿਹੜੀ ਔਰਤ ਨੌਕਰ ਨੂੰ ਇਕ ਵਾਧੂ ਰੋਟੀ ਦੇ ਕੇ ਰਾਜ਼ੀ ਨਹੀਂ, ਭਲਾ ਇੰਨੀ ਸਸਤੀ ਰਿਹਾਇਸ਼, ਉਹ ਵੀ ਨੈਨੀਤਾਲ ਵਿਚ ਹੱਥੋਂ ਜਾਣ ਦੇਵੇਗੀ?

ਅਪਰੈਲ ਤੀਕ, ਜਦੋਂ ਤੀਕ ਕਪੂਰਨੀ ਨੇ ਨੈਨੀਤਾਲ ਵੱਲ ਚਾਲੇ ਨਹੀਂ ਸਨ ਪਾਏ, ਨਜਮਾ ਬਹੁਤਾ ਕੰਮ ਕਪੂਰਨੀ ਦਾ ਹੀ ਕਰਦੀ ਸੀ। ਸਿਮਰਨ ਦੇ ਘਰ ਤਾਂ ਸਿਰਫ਼ ਸਵੇਰੇ-ਸਵੇਰੇ ਉਸ ਦੇ ਕਾਲਜ ਲਈ ਨਿਕਲਣ ਤੋਂ ਪਹਿਲਾਂ, ਆ ਕੇ ਝਾੜੂ ਪੋਚਾ ਤੇ ਰਾਤ ਦੇ ਭਾਂਡੇ ਹੀ ਕਰਦੀ ਸੀ। ਉਸ ਤੋਂ ਬਾਅਦ ਕਪੂਰਨੀ ਦੇ ਘਰ ਦਾ ਸਾਰਾ ਕੰਮ ਸਾਂਭਦੀ ਸੀ: ਝਾੜੂ ਪੋਚਾ, ਭਾਂਡੇ-ਟੀਂਡੇ, ਰੋਟੀ-ਟੁੱਕ। ਉਂਜ, ਇਹ ਆਖ਼ਰੀ ਕੰਮ ਕਪੂਰਨੀ ਨੂੰ ਮਜਬੂਰੀ ਵਿਚ ਹੀ ਕਰਾਉਣਾ ਪੈ ਰਿਹਾ ਸੀ। ਇਕ ਦਿਨ ਬਾਲਕੋਨੀ ਵਿਚ ਖੜ੍ਹੀ ਸਾਹਮਣੇ ਵਾਲਿਆਂ ਨੂੰ ਦੱਸ ਰਹੀ ਸੀ, "ਮਜਬੂਰੀ ਵਿਚ ਮੁਸਲਮਾਨ ਦੇ ਹੱਥਾਂ ਦੀ ਰੋਟੀ ਖਾਣੀ ਪੈ ਰਹੀ ਹੈ ਪਰ ਕੀ ਕਰੀਏ। ਨੌਕਰ ਸੌਖੇ ਲੱਭਦੇ ਨਹੀਂ ਤੇ ਇਹੋ ਜਿਹੇ ਕੰਮ ਹੁਣ ਮੇਰੇ ਕੋਲੋਂ ਤਾਂ ਹੁੰਦੇ ਨਹੀਂ। ਸੋ ਨਾ ਹੋਣ ਨਾਲੋਂ ਤਾਂ ਇਹ ਬੰਗਲਾਦੇਸਣ ਹੀ ਭਲੀ। ਵੈਸੇ, ਰੋਜ਼ ਇਸ ਦੇ ਹੱਥ ਚੰਗੀ ਤਰ੍ਹਾਂ ਧੁਆਉਂਦੀ ਹਾਂ, ਇਸ ਲਈ ਰਸੋਈ ਵਿਚ ਵੱਖਰਾ ਸਾਬਣ ਵੀ ਰੱਖਿਆ ਹੋਇਆ ਹੈ।"

ਹੂੰਹ! ਕਿਹੋ ਜਿਹੀ ਦਕੀਆਨੂਸ ਔਰਤ ਹੈ ਕਪੂਰਨੀ। ਉਂਜ ਬੁੱਢੇ-ਵਾਰੇ ਬਿਨਾਂ ਬਾਹਾਂ ਦੇ ਬਲਾਊਜ਼ ਪਾਉਂਦੀ ਹੈ, ਕੱਛਾਂ ਮੁੰਨਦੀ ਹੈ, ਬੜੀ ਮਾਡਰਨ ਬਣਦੀ ਹੈ ਪਰ ਖ਼ਿਆਲ ਬਿਲਕੁਲ ਅਨਪੜ੍ਹਾਂ ਵਾਲੇ। ਅੱਜਕੱਲ੍ਹ ਹਿੰਦੂ ਮੁਸਲਮਾਨ ਕੌਣ



ਦੇਖਦਾ ਹੈ? ਲੋਕੀਂ ਜਦੋਂ ਰੈਸਟੋਰੈਂਟਾਂ ਵਿਚ ਜਾ-ਜਾ ਕੇ ਮੁਰਗੇ ਪਾੜਦੇ ਹਨ ਤਾਂ ਭਲਾ ਪਹਿਲੋਂ ਖਾਨਸਾਮਿਆਂ ਦੀ ਜਾਤ ਪੁੱਛਦੇ ਹਨ?

ਇਸੇ ਲਈ ਤਾਂ ਇਹੋ ਜਿਹੇ ਲੋਕਾਂ ਕੋਲੋਂ ਸਿਮਰਨ ਤ੍ਰਹਿੰਦੀ ਹੈ। ਖੂਹ ਵਿਚ ਵੱਸਦੇ, ਫੁਦਕਦੇ ਡੱਡੂਆਂ ਵਰਗੇ ਲੋਕ। ਜਾਤਾਂ-ਪਾਤਾਂ, ਵਹਿਮਾਂ-ਭਰਮਾਂ, ਕਿੱਸਿਆਂ-ਬਦਖੋਈਆਂ ਵਿਚ ਗ੍ਰਸੇ ਹੋਏ ਲੋਕ। ਸਿਮਰਨ ਅਤੇ ਇਨ੍ਹਾਂ ਦੀ ਦੁਨੀਆਂ ਵਿਚ ਬਹੁਤ ਫ਼ਰਕ ਹੈ।

ਸਿਮਰਨ ਕਾਲਜ ਵਿਚ ਪੜ੍ਹਾਉਂਦੀ ਹੈ, ਲੇਖਕਾਂ-ਕਲਾਕਾਰਾਂ ਵਿਚ ਵਿਚਰਦੀ ਹੈ। ਪੜ੍ਹੀ-ਗੁੜ੍ਹੀ ਸੁਹਜ-ਸਵਾਦ ਵਾਲੀ ਔਰਤ। ਜਿਸ ਵਿਚ ਸਵੈ-ਭਰੋਸਾ ਵੀ ਹੈ, ਸਵੈ-ਮਾਣ ਵੀ। ਤਾਂ ਹੀ ਤਾਂ ਰਮੇਸ਼ ਨਾਇਰ ਨਾਲ ਵਿਆਹ ਕਰਵਾਉਣ ਤੋਂ ਬਾਅਦ ਵੀ ਉਹ ਸਿਰਮਨ ਨਾਇਰ ਨਹੀਂ ਬਣੀ, ਸਿਮਰਨ ਭਾਟੀਆ ਨਾਇਰ ਅਖਵਾਉਂਦੀ ਹੈ।

ਭਾਟੀਆ ਨਾਇਰ ਜੋੜੀ ਦਾ ਘਰ ਅਸਲੀ ਅਰਥਾਂ ਵਿਚ ਆਧੁਨਿਕ ਹਿੰਦੁਸਤਾਨੀ ਘਰ ਹੈ। ਇਥੇ ਪੂਰੀਆਂ-ਛੋਲੇ ਵੀ ਪੱਕਦੇ ਹਨ। ਮਸਾਲੇ-ਡੋਸੇ ਵੀ ਬਣਦੇ ਹਨ ਤੇ ਕਦੇ ਕਦੇ 'ਮੈਕੇਰੋਨੀ' ਵੀ। ਦੋਸਤਾਂ ਦੀ ਗਿਣਤੀ ਵਿਚ ਸਿਰਫ ਪੰਜਾਬੀ ਤੇ ਕੇਰਲ ਦੇ ਲੋਕ ਹੀ ਨਹੀਂ; ਬੰਗਾਲੀ, ਗੁਜਰਾਤੀ ਤੇ ਮਦਰਾਸੀ ਵੀ ਸ਼ਾਮਲ ਹਨ। ਅਸਲੀ ਮਦਰਾਸੀ ਜਿਹੜੇ ਤਾਮਿਲ ਬੋਲਣ ਵਾਲੇ ਹੁੰਦੇ ਹਨ। ਇਹ ਨਹੀਂ ਕਿ ਜਿਵੇਂ ਆਮ ਪੰਜਾਬੀ ਕਰਦੇ ਹਨ, ਦੱਖਣ ਦੇ ਹਰ ਬਾਸ਼ਿੰਦੇ ਨੂੰ ਇਕੋ ਮਦਰਾਸੀ ਦੀ ਕੂਚੀ ਨਾਲ ਰੰਗ ਦਿੱਤਾ; ਜਿਵੇਂ ਆਂਧਰਾ, ਕੇਰਲ, ਕਰਨਾਟਕ ਵਾਲਿਆਂ ਦੀ ਕੋਈ ਵੱਖਰੀ ਹੋਂਦ ਹੀ ਨਾ ਹੋਵੇ!

ਰਮੇਸ਼ ਨਾਇਰ ਯੂ.ਐਨ.ਓ. ਨਾਲ ਸਬੰਧਤ ਅਦਾਰੇ ਵਿਚ ਨੌਕਰ ਹੈ। ਕਦੇ ਕਦਾਈਂ ਦੇਸੋਂ ਬਾਹਰ ਵੀ ਜਾਣਾ ਪੈਂਦਾ ਹੈ। ਬਾਹਰਲੀ ਦੁਨੀਆਂ ਦੇ ਚੰਗੇ-ਮੰਦੇ, ਰਸਮਾਂ ਰਿਵਾਜ਼ਾਂ ਨਾਲ ਦੋਵੇਂ ਜੀਅ ਚੰਗੀ ਤਰ੍ਹਾਂ ਵਾਕਫ਼ ਹਨ। ਨਾ ਹਰ ਹਿੰਦੁਸਤਾਨੀ ਤੌਰ ਤਰੀਕੇ ਨੂੰ ਅੱਖਾਂ ਮੀਟ ਕੇ ਸਵੀਕਾਰਦੇ ਹਨ, ਨਾ ਬਾਹਰਲੇ ਮੁਲਕਾਂ ਦੇ ਢੰਗ ਤਰੀਕਿਆਂ ਨੂੰ ਬਿਨਾਂ ਸੋਚੇ-ਸਮਝੇ ਤ੍ਰਿਸਕਾਰਦੇ ਹਨ। ਘਰ ਦੇ ਕੰਮ ਜਿਹੜੇ ਨੌਕਰਾਂ ਦੀ ਪਹੁੰਚ ਜਾਂ ਸਮਰੱਥਾ ਤੋਂ ਪਰ੍ਹੇ ਹਨ, ਇਨ੍ਹਾਂ ਨੇ ਆਪਸ ਵਿਚ ਵੰਡੇ ਹੋਏ ਹਨ। ਸਵੇਰ ਦੀ ਚਾਹ ਹਮੇਸ਼ਾ ਰਮੇਸ਼ ਬਣਾਉਂਦਾ ਹੈ ਕਿਉਂਕਿ ਉਸ ਨੂੰ ਮੂੰਹ ਝਾਖੜੇ ਜਾਗਣ ਦੀ ਆਦਤ ਹੈ। ਸਿਮਰਨ ਨੂੰ ਸਵੇਰੇ-ਸਵੇਰੇ ਉਠ ਕੇ ਚਾਹ-ਪੱਤੀ ਕਰਨਾ ਕਦੇ ਵੀ ਪਸੰਦ ਨਹੀਂ ਸੀ। 'ਕੱਲੀ ਹੋਵੇ ਤਾਂ ਆਪਣੇ ਲਈ ਚਾਹ ਬਣਾਉਂਦੀ ਹੀ ਨਹੀਂ। ਸੋ, ਰਮੇਸ਼ ਨੇ ਇਹ ਕੰਮ ਆਪਣੇ ਜ਼ਿੰਮੇ ਲਿਆ ਹੋਇਆ ਸੀ; ਸਗੋਂ ਪਾਰਟੀ-ਤਿਹਾਰ ਵਾਲੇ ਦਿਨ, ਜਦੋਂ 'ਡਰਿੰਕਸ' ਲਈ ਵਧੀਆ ਬਲੌਰੀ ਗਲਾਸ ਕੱਢੇ-ਵਰਤੇ ਜਾਂਦੇ ਹਨ, ਰਮੇਸ਼ ਸਿਮਰਨ ਨਾਲ ਰਲ਼ ਕੇ ਇਹੋ-ਜਿਹੇ ਨਾਜ਼ੁਕ ਭਾਂਡੇ ਧੋ ਵੀ ਦੇਂਦਾ ਹੈ। ਬੀਵੀ ਦਾ ਹੱਥ ਵਟਾਉਣ ਨੂੰ ਉਹ ਆਪਣੀ ਮਰਦਾਨਗੀ 'ਤੇ ਸੱਟ ਨਹੀਂ ਸਮਝਦਾ।

ਦੋਵੇਂ ਜੀਅ ਕੰਮ 'ਤੇ ਜਾਂਦੇ ਹਨ ਪਰ ਪੂਰੇ ਵਕਤ ਦਾ ਨੌਕਰ ਇਨ੍ਹਾਂ ਕੋਲ ਕੋਈ ਨਹੀਂ। ਇਕ ਤਾਂ ਅੱਜਕੱਲ੍ਹ ਇਤਬਾਰੀ ਨੌਕਰ ਸੌਖਿਆਂ ਲੱਭਦੇ ਨਹੀਂ। ਦੂਜੇ, ਦੋ ਤਾਂ ਇਹ ਜੀਅ ਹਨ। ਰਮੇਸ਼ ਕਾਫ਼ੀ ਬਾਹਰ ਵੀ ਰਹਿੰਦਾ ਹੈ। ਦੁਪਹਿਰ ਦੀ ਰੋਟੀ ਦੋਵੇਂ ਹੀ ਘਰ ਨਹੀਂ ਖਾਂਦੇ। ਸੋ, ਅੱਧ-ਵਕਤੀ (ਪਾਰਟ ਟਾਈਮ) ਮਦਦਗਾਰ ਨਾਲ ਕੰਮ ਚੱਲ ਜਾਂਦਾ ਹੈ।

ਹਾਂ, ਗਰਮੀਆਂ ਦੇ ਦੋ-ਤਿੰਨ ਮਹੀਨੇ ਜਦੋਂ ਕਾਲਜ ਵਿਚ ਛੁੱਟੀਆਂ ਹੋ ਜਾਂਦੀਆਂ ਹਨ, ਸਿਮਰਨ ਨੂੰ ਕੁਲਵਕਤੀ ਨੌਕਰ ਦਾ ਨਾ ਹੋਣਾ ਬਹੁਤ ਚੁਭਦਾ ਹੈ। ਨਾ ਗਰਮੀਆਂ ਵਿਚ ਚੁੱਲ੍ਹੇ-ਚੌਂਕੇ ਵੱਲ ਮੂੰਹ ਕਰਨ ਤੇ ਜੀਅ ਕਰਦਾ ਹੈ, ਨਾ ਕਿਸੇ ਨੂੰ ਘਰ ਬੁਲਾਉਣ ਤੇ, ਪਰ ਸਿਰਫ਼ ਦੋ-ਤਿੰਨ ਮਹੀਨੇ ਲਈ ਨੌਕਰ ਕਿੱਥੋਂ ਲੱਭੇ? ਹਰ ਕੋਈ ਆਪੋ-ਆਪਣੀ ਥਾਂ 'ਤੇ ਫਿੱਟ ਹੈ। ਇੰਨੇ ਥੋੜ੍ਹੇ ਚਿਰ ਲਈ ਕੰਮ ਲੱਗਣ ਨੂੰ ਕੌਣ ਰਾਜ਼ੀ ਹੋਵੇਗਾ?

ਪਰ ਐਤਕੀਂ ਇਹ ਸਮੱਸਿਆ ਆਪੇ ਹੀ ਹੱਲ ਹੋ ਗਈ। ਕਪੂਰਨੀ ਨੈਨੀਤਾਲ ਗਈ, ਤੇ ਨਜਮਾ ਵਿਹਲੀ ਹੋ ਗਈ। ਉਸ ਨੇ ਆਪਣੇ-ਆਪ ਹੀ ਪੁੱਛ ਲਿਆ, "ਬੀਬੀ ਜੀ, ਤੁਹਾਡਾ ਵੀ ਕਾਲਜ ਬੰਦ ਹੋ ਗਿਆ ਹੈ। ਮੈਂ ਸਵੇਰੇ-ਸਵੇਰੇ ਆਉਣ ਦੀ ਥਾਂ ਜੇਕਰ ਥੋੜ੍ਹਾ ਲੇਟ ਆ ਜਾਇਆ ਕਰਾਂ, ਤੇ ਤੁਹਾਡਾ ਬਾਕੀ ਦਾ ਕੰਮ ਵੀ ਸੰਭਾਲ ਲਵਾਂ।"

ਸਿਮਰਨ ਨੂੰ ਹੋਰ ਕੀ ਚਾਹੀਦਾ ਸੀ-ਝੱਟ ਹਾਂ ਕਰ ਦਿੱਤੀ। ਪਹਿਲੋਂ ਤਾਂ ਕਦੀ ਇੰਜ ਗੱਲ ਬਣੀ ਨਹੀਂ ਸੀ, ਕਿਉਂਕਿ ਕਪੂਰਨੀ ਤੇ ਸਿਮਰਨ ਨੇ ਕਦੇ ਸਾਂਝਾ ਨੌਕਰ ਰੱਖਿਆ ਹੀ ਨਹੀਂ ਸੀ। ਇਹ ਤਾਂ ਪਿਛਲੇ ਅਕਤੂਬਰ ਵਿਚ ਨਜਮਾ ਐਸੇ ਵੇਲੇ ਆਣ ਬਹੁੜੀ ਸੀ, ਜਦੋਂ ਸਿਮਰਨ ਦੀ ਪਿਛਲੀ ਮਾਈ ਪਿੰਡ ਚਲੀ ਗਈ ਸੀ, ਤੇ ਨੈਨੀਤਾਲੋਂ ਮੁੜੀ ਕਪੂਰਨੀ ਵੀ ਕਿਸੇ ਨਵੇਂ ਨੌਕਰ ਦੀ ਭਾਲ ਵਿਚ ਸੀ। ਸੋ, ਨਜਮਾ ਨੇ ਥੱਲੇ ਦੇ ਦੋਵੇਂ ਫਲੈਟਾਂ ਦਾ ਕੰਮ ਲੈ ਲਿਆ ਸੀ।

ਨਜਮਾ ਨਵੀਂ-ਨਵੀਂ ਬੰਗਲਾਦੇਸੋਂ ਆਈ ਸੀ। ਪਤੀ ਉਸ ਦਾ, ਅਸਲਮ, ਕਿਸੇ ਠੇਕੇਦਾਰ ਕੋਲ ਇੱਟਾਂ ਢੋਣ ਦਾ ਕੰਮ ਕਰ ਰਿਹਾ ਸੀ ਤੇ ਉਨ੍ਹਾਂ ਨੇ ਸਿਮਰਨ ਹੋਰਾਂ ਦੀ ਕਾਲੋਨੀ ਦੇ ਨੇੜੇ ਹੀ ਗੰਦੇ ਨਾਲੇ ਦੇ ਪਰਲੇ ਪਾਸੇ ਵੱਸੀਆਂ ਝੁੱਗੀਆਂ ਵਿਚ ਹੀ ਆਪਣੀ ਝੁੱਗੀ ਪਾ ਲਈ ਸੀ।

ਅਜੀਬ ਸ਼ਹਿਰ ਹੈ ਦਿੱਲੀ ਵੀ। ਉਂਜ, ਕਹਿਣ ਨੂੰ ਰਾਜਧਾਨੀ ਹੈ, ਸਰਕਾਰਾਂ ਦੀ ਸਰਕਾਰ ਇੱਥੇ ਵੱਸਦੀ ਹੈ। ਮੁਗਲਾਂ ਤੋਂ ਲੈ ਕੇ ਅੰਗਰੇਜ਼ਾਂ ਤੱਕ ਦੇ ਉਸਾਰੇ ਵੱਡੇ-ਵੱਡੇ ਮਹਿਲ ਹਨ ਇਥੇ। ਨਾਲ ਹੀ ਨਵ-ਧਨਾਢਾਂ ਦੀਆਂ ਬਣਾਈਆਂ, ਮਹਿਲਾਂ ਨੂੰ ਮਾਤ ਪਾਉਂਦੀਆਂ ਕੋਠੀਆਂ ਹਨ ਪਰ ਇਨ੍ਹਾਂ ਮਹਿਲਾਂ, ਇਨ੍ਹਾਂ ਕੋਠੀਆਂ ਤੋਂ ਜ਼ਰਾ ਕੁ ਸੱਜੇ, ਰਤਾ ਕੁ ਖੱਬੇ-ਕਿਧਰੇ ਵੀ ਚਲੇ ਜਾਓ, ਨਾਲ ਹੀ ਝੁੱਗੀਆਂ ਦੇ ਭੌਣ ਉਸਰੇ ਹੋਏ ਹਨ। ਰੇਲਵੇ ਲਾਈਨਾਂ ਦੇ ਨਾਲ ਲੱਗਦੇ, ਗੰਦੇ ਨਾਲਿਆਂ ਦੇ ਕੰਢੇ ਵੱਸਦੇ। ਖੌਰੇ ਜਿੰਨੀ ਦਿੱਲੀ ਕੋਠੀਆਂ-ਮਹਿਲਾਂ ਵਿਚ ਵੱਸਦੀ ਹੈ, ਉਸ ਤੋਂ ਕਿਧਰੇ ਵੱਧ ਇਨ੍ਹਾਂ ਭੌਣਾਂ ਵਿਚ ਦੜੀ ਹੋਈ ਹੈ। ਸਿਮਰਨ ਨੂੰ ਸੋਚ-ਸੋਚ ਕੇ ਖਿਝ ਆਉਂਦੀ ਹੈ। ਕਿਹੋ ਜਿਹਾ ਸ਼ਹਿਰ ਹੈ ਸਾਡਾ? ਤੇ ਕਿਹੋ ਜਿਹਾ ਦੇਸ਼?

ਪਤਾ ਨਹੀਂ ਕਿੰਨੀ ਘੋਰ ਗਰੀਬੀ ਹੋਵੇਗੀ ਬੰਗਲਾਦੇਸ ਵਿਚ, ਜਿਹੜੀ ਇਨ੍ਹਾਂ ਵਿਚਾਰਿਆਂ-ਨਜਮਾ ਤੇ ਅਸਲਮ, ਵਰਗਿਆਂ ਨੂੰ ਦਿੱਲੀ ਵਰਗੇ ਤਰੱਕੇ-ਬੁੱਸੇ, ਕੁਰਬਲ-ਕੁਰਬਲ ਕਰਦੇ ਸ਼ਹਿਰ ਵਿਚ ਖਿੱਚ ਲਿਆਈ ਹੈ। ਕਪੂਰਨੀ ਵਰਗੇ ਲੋਕ ਭਾਵੇਂ ਬੰਗਲਾਦੇਸ਼ੀਆਂ ਨੂੰ ਜਿੰਨੀਆਂ ਮਰਜ਼ੀ ਗਾਲ੍ਹਾਂ ਕੱਢਣ, ਸਿਮਰਨ ਜਾਣਦੀ ਹੈ ਕਿ ਕੋਈ ਡਾਢੀ ਮਜਬੂਰੀ ਹੀ ਕਿਸੇ ਨੂੰ ਵਤਨੋਂ ਬੇਵਤਨ ਕਰਦੀ ਹੈ। ਸਾਡੇ ਆਪਣੇ ਲੋਕ ਵੀ ਤਾਂ ਦੁਬਈ, ਯੂਰਪ ਵਿਚ ਧੱਕੇ ਖਾਂਦੇ ਫਿਰਦੇ ਹਨ।

ਕਪੂਰਨੀ ਦਰਅਸਲ ਹਿੰਦੂਤਵ ਦੇ ਢਹੇ ਚੜ੍ਹੀ ਹੋਈ ਹੈ। ਬੰਗਲਾਦੇਸ਼ੀਆਂ ਦੇ ਬਹਾਨੇ ਰੱਜ ਕੇ ਮੁਸਲਮਾਨਾਂ ਨੂੰ ਗਾਲ੍ਹਾਂ ਕੱਢਦੀ ਹੈ-ਅਖੇ ਇਨ੍ਹਾਂ ਸ਼ਰਨਾਰਥੀਆਂ ਨੇ ਹੀ ਦਿੱਲੀ ਦਾ ਸੱਤਿਆਨਾਸ ਕੀਤਾ ਹੋਇਆ ਹੈ ਪਰ ਫਿਰ ਜਦੋਂ ਹੋਰ ਕੋਈ ਨਹੀਂ ਲੱਭਦਾ ਤਾਂ ਇਨ੍ਹਾਂ ਮੁਸਲਮਾਨਾਂ ਕੋਲੋਂ ਹੀ ਰੋਟੀ-ਟੁੱਕ ਕਰਾਉਣ ਨੂੰ ਵੀ ਰਾਜ਼ੀ ਹੋ ਜਾਂਦੀ ਹੈ। ਕਪੂਰਨੀ ਤਾਂ ਸ਼ੁਕਰ ਕਰੇ ਕਿ ਕੋਈ ਨਜਮਾ ਵਰਗੀ ਹੈ ਅਸੀਲ ਗਊ, ਜਿਹੜੀ ਉਸ ਦੇ ਘਰ ਟਿਕ ਗਈ ਹੈ; ਵਰਨਾ ਉਸ ਦੇ ਘਰ ਤਾਂ ਕੋਈ ਨੌਕਰ ਤਿੰਨ ਮਹੀਨੇ ਵੀ ਨਹੀਂ ਕੱਟਦਾ।

ਵੈਸੇ ਨਜਮਾ ਦੀ ਪਿੱਠ ਸੁਣਦੀ ਹੈ, ਸਾਰਾ ਕੰਮ ਬੜਾ ਸਾਫ਼ ਕਰਦੀ ਹੈ। ਝਾੜੂ-ਪੋਚਾ ਕਰੇ ਤਾਂ ਫਰਸ਼ ਐਨ ਲਿਸ਼ਕਦਾ ਹੈ। ਭਾਂਡਿਆਂ 'ਤੇ ਕਦੇ ਥਿੰਦੇ ਦੀ ਕੋਈ ਲਕੀਰ ਨਹੀਂ ਰਹਿਣ ਦਿੰਦੀ। ਸਿਮਰਨ ਨੂੰ ਤਾਂ ਉਸ ਦੀ ਬਣਾਈ ਰੋਟੀ ਵੀ ਪਸੰਦ ਹੈ। ਮੀਟ-ਮੱਛੀ ਤਾਂ ਬਹੁਤ ਹੀ ਵਧੀਆ ਬਣਾਉਂਦੀ ਹੈ। ਮਿਸਰਨ ਨੇ ਕਦੇ ਨਜਮਾ ਨਾਲ ਕੋਈ ਵਿਤਕਰਾ ਨਹੀਂ ਕੀਤਾ। ਜੋ ਆਪ ਖਾਧਾ, ਜਿੰਨਾ ਆਪ ਖਾਧਾ, ਓਨਾ ਹੀ ਸਗੋਂ ਉਸ ਤੋਂ ਵੀ ਵੱਧ ਨਜਮਾ ਦੀ ਪਲੇਟ ਵਿਚ ਪਾਇਆ ਹੈ। ਦਿਨ-ਤਿਹਾਰ 'ਤੇ ਉਸ ਨੂੰ ਕੱਪੜਾ-ਲੱਤਾ ਵੀ ਦਿੱਤਾ ਹੈ।

ਪਰ ਹੁਣ ਕੁਝ ਦਿਨਾਂ ਤੋਂ ਸਿਮਰਨ ਨੂੰ ਫ਼ਿਕਰ ਜਿਹਾ ਚੰਬੜ ਗਿਆ ਹੈ। ਫ਼ਿਕਰ ਨਾ ਸਹੀ, ਫ਼ਿਕਰ ਦਾ ਝਾਉਲਾ ਹੀ ਸਹੀ ਪਰ ਕੋਈ ਗੱਲ ਤਾਂ ਜ਼ਰੂਰ ਹੈ।

ਸਿਮਰਨ ਨੇ ਦੇਖਿਆ ਹੈ, ਨਜਮਾ ਦੇ ਕੰਮ ਦੀ ਰਫ਼ਤਾਰ ਹੌਲੀ-ਹੌਲੀ ਸੁਸਤ ਹੁੰਦੀ ਜਾ ਰਹੀ ਹੈ। ਜਿਵੇਂ ਕੋਈ ਜਾਣਬੁੱਝ ਕੇ ਕੰਮ ਨੂੰ ਲਟਕਾ ਰਿਹਾ ਹੋਵੇ। ਕੰਮ ਓਨਾ ਹੀ ਹੈ, ਨਜਮਾ ਵੀ ਉਹੋ ਹੀ ਹੈ, ਪਰ ਹੌਲੀ-ਹੌਲੀ ਉਸ ਦੇ ਕੰਮ ਦੇ ਘੰਟੇ ਲੰਮੇ ਹੁੰਦੇ ਜਾ ਰਹੇ ਹਨ। ਰੋਟੀ-ਟੁੱਕ ਤਾਂ ਦੋ ਵਜੇ ਮੁੱਕ ਜਾਂਦਾ ਹੈ। ਉਸ ਤੋਂ ਬਾਅਦ ਚਾਰ ਭਾਂਡੇ ਹੀ ਧੋਣੇ ਹੁੰਦੇ ਹਨ; ਰਾਤ ਲਈ ਛੇ ਰੋਟੀਆਂ ਹੀ ਲਾਹ ਕੇ ਡੱਬੇ ਵਿਚ ਰੱਖਣੀਆਂ ਹੁੰਦੀਆਂ ਹਨ। ਇਹ ਕੰਮ ਤਾਂ ਅੱਧੇ ਘੰਟੇ ਦਾ ਵੀ ਨਹੀਂ ਪਰ ਹੁਣ ਨਜਮਾ ਇਹ ਕੰਮ ਐਸੀ ਰੀਂ-ਰੀਂ ਚਾਲੇ ਕਰਦੀ ਹੈ ਕਿ ਚਾਰ ਵਜਾ ਦਿੰਦੀ ਹੈ; ਸਗੋਂ ਪੁੱਛ ਲੈਂਦੀ ਹੈ, "ਬੀਬੀ ਜੀ, ਆਖੋ ਤਾਂ ਰਾਤ ਲਈ ਇਕ ਹੋਰ ਸਾਲਨ ਬਣਾ ਜਾਵਾਂ?"

ਪਹਿਲੋਂ ਪਹਿਲ ਤਾਂ ਸਿਮਰਨ ਨੂੰ ਚੰਗਾ ਹੀ ਲੱਗਾ। ਕਿਹੜਾ ਨੌਕਰ ਹੁੰਦਾ ਹੈ ਜਿਹੜਾ ਆਪਣੇ ਲਈ ਵਾਧੂ ਕੰਮ ਸਹੇੜ ਕੇ ਰਾਜ਼ੀ ਹੁੰਦਾ ਹੈ। ਤੇ ਕਿਹੜਾ ਮਾਲਕ ਹੁੰਦਾ ਹੈ ਜਿਹੜਾ ਬਿਨਾਂ ਤਰੱਦਦ ਬਹੁੜੀ ਨਿਆਮਤ ਨੂੰ ਨਾਂਹ ਕਰਦਾ ਹੈ।

ਪਰ ਹੁਣ ਸਿਮਰਨ ਨੂੰ ਕੁਝ ਫ਼ਿਕਰ ਜਿਹਾ ਲੱਗਣ ਲੱਗ ਪਿਆ ਹੈ। ਇਹ ਨਜਮਾ ਆਪਣੇ ਘਰ ਕਿਉਂ ਨਹੀਂ ਜਾਂਦੀ? ਇਥੇ ਹੀ ਕਿਉਂ ਲਟਕਦੀ ਰਹਿੰਦੀ ਹੈ? ਜਿਉਂ-ਜਿਉਂ ਗਰਮੀਆਂ ਵਧ ਰਹੀਆਂ ਹਨ, ਸਿਮਰਨ ਦਾ ਫ਼ਿਕਰ ਵੀ ਵਧ ਰਿਹਾ ਹੈ।

ਪਹਿਲੋਂ ਤਾਂ ਠੀਕ ਸੀ। ਨਜਮਾ ਰਸੋਈ ਵਿਚ ਆਪਣਾ ਕੰਮ ਕਰਦੀ ਰਹਿੰਦੀ ਸੀ। ਸਿਮਰਨ ਬੈਠਕ ਵਿਚ ਲੇਟੀ ਪੜ੍ਹਦੀ ਰਹਿੰਦੀ ਸੀ। ਸ਼ੱਕ ਸ਼ੁਬਹੇ ਵਾਲੀ ਕੋਈ ਗੱਲ ਹੀ ਨਹੀਂ ਸੀ ਪਰ ਹੁਣ ਪੱਖਾ ਤੱਤੀਆਂ ਹਵਾਵਾਂ ਛੱਡਣ ਲੱਗ ਪਿਆ ਹੈ। ਦੁਪਹਿਰੇ ਇੰਨੀ ਤਪਸ਼ ਹੋ ਜਾਂਦੀ ਹੈ ਕਿ ਸਿਮਰਨ ਆਪਣੇ ਸੌਣ ਕਮਰੇ ਵਿਚ ਏਅਰ ਕੰਡੀਸ਼ਨਰ ਲਾ ਕੇ, ਉਸ ਦੀ ਠੰਢਕ ਵਿਚ ਸੁੰਗੜ ਕੇ ਦੋ ਘੜੀਆਂ ਸੌਣਾ ਲੋਚਦੀ ਹੈ ਪਰ ਏ.ਸੀ. ਲਾਉਣ ਦਾ ਮਤਲਬ ਹੈ, ਕਮਰੇ ਦੇ ਦਰਵਾਜ਼ੇ ਵੀ ਬੰਦ ਕਰਨਾ।

ਘਰ ਵਿਚ ਨੌਕਰ ਘੁੰਮ ਰਿਹਾ ਹੋਵੇ, ਤਾਂ ਭਲਾ ਤੁਸੀਂ ਆਪਣੇ-ਆਪ ਨੂੰ ਇਕ ਕਮਰੇ ਵਿਚ ਡੱਕ ਕੇ ਕਿਵੇਂ ਸੌਂ ਸਕਦੇ ਹੋ? ਨਜਮਾ ਭੋਲੀ ਜਾਪਦੀ ਸਹੀ, ਜਾਤ ਦੀ ਔਰਤ ਸਹੀ, ਪਰ ਤੁਸੀਂ ਅੱਜਕੱਲ੍ਹ ਦੇ ਜ਼ਮਾਨੇ ਵਿਚ ਕਿਸੇ 'ਤੇ ਪੂਰਾ ਭਰੋਸਾ ਕਿਵੇਂ ਕਰ ਸਕਦੇ ਹੋ? ਸੋ, ਜਦੋਂ ਤਕ ਨਜਮਾ ਘਰੋਂ ਚਲੀ ਨਹੀਂ ਜਾਂਦੀ, ਸਿਮਰਨ ਅੰਦਰੋਂ ਕੁੰਡੀ ਲਾ ਨਹੀਂ ਲੈਂਦੀ, ਉਹ ਏ.ਸੀ. ਲਾ ਕੇ ਸੌਣ ਦਾ ਸੋਚ ਵੀ ਨਹੀਂ ਸਕਦੀ। ਨਜਮਾ ਐਧਰੋਂ-ਉਧਰ ਹੁੰਦੀ ਰਹਿੰਦੀ, ਸਿਮਰਨ ਦਾ ਫ਼ਿਕਰ ਕਮਰਾ ਦਰ ਕਮਰਾ ਝੂਲਦਾ ਰਹਿੰਦਾ ਹੈ।

ਜਿਉਂ-ਜਿਉਂ ਗਰਮੀਆਂ ਵਧ ਰਹੀਆਂ ਨੇ, ਇਹ ਕੁੜੀ ਇੰਨੀ ਸੁਸਤ ਕਿਉਂ ਹੋਈ ਜਾ ਰਹੀ ਹੈ? ਕੋਈ ਮਤਾ ਤੇ ਨਹੀਂ ਪਕਾ ਰਹੀ। ਕਿਧਰੇ ਅਸਲਮ ਨੇ ਇਸ ਨੂੰ ਕੁਝ ਸਿਖਾਇਆ ਤਾਂ ਨਹੀਂ? ਕੀ ਪਤਾ ਇਸੇ ਗੱਲ ਦੀ ਤਾੜ ਵਿਚ ਹੋਵੇ ਕਿ ਕਦੋਂ ਮੈਂ ਸੌਂਵਾਂ, ਤੇ ਕਦੋਂ ਇਹ ਕਿਸੇ ਅਲਮਾਰੀ 'ਤੇ ਹੱਥ ਸਾਫ਼ ਕਰੇ। ਸਿਮਰਨ ਨੂੰ ਹੁਣ ਘੜੀ-ਮੁੜੀ ਆਪਣੀਆਂ ਚਾਬੀਆਂ ਦਾ ਗੁੱਛਾ ਟੋਹਣ ਦੀ ਆਦਤ ਪੈਂਦੀ ਜਾ ਰਹੀ ਹੈ।

ਕਦੇ ਕਦਾਈਂ ਅਖ਼ਬਾਰ ਵਿਚ ਖ਼ਬਰ ਛਪਦੀ ਹੈ ਕਿ ਫਲਾਣੀ ਕਾਲੋਨੀ ਵਿਚ, ਫਲਾਣੇ ਦਾ ਨੌਕਰ ਮਾਲਕਾਂ ਨੂੰ ਮਾਰ ਕੇ, ਗਹਿਣਾ-ਗੱਟਾ ਲੈ ਕੇ ਭੱਜ ਗਿਆ। ਸਿਮਰਨ ਨੂੰ ਘਬਰਾਹਟ ਹੋਣ ਲੱਗ ਪੈਂਦੀ ਹੈ। ਉਸ ਦਿਨ ਉਹ ਨਜਮਾ ਨੂੰ ਘੂਰ-ਘੂਰ ਕੇ ਦੇਖਦੀ ਹੈ। ਨਜਮਾ ਦੇਖਣ ਨੂੰ ਤਾਂ ਇਹੋ-ਜਿਹੀ

*(ਬਾਕੀ ਅਗਲੇ ਸਫੇ 'ਤੇ)*

# ਫੰਬੇ ਦੀ ਪਰਵਾਜ਼

ਸ਼ਬਦ ਝਰੋਖਾ



ਬਲਜੀਤ ਬਾਸੀ
ਫੋਨ: 734-454-4958

ਪੰਜਾਬੀ ਦਾ ਇਕ ਵਿਚਾਰਾ ਜਿਹਾ ਸ਼ਬਦ ਹੈ ਫੰਬਾ। ਭਲਾ ਕੌਣ ਪੁਛਦਾ ਹੈ, ਅੱਕ ਦੀਆਂ ਕਕੜੀਆਂ 'ਚੋਂ ਆਵਾਰਾ ਉਡਦੇ ਇਨ੍ਹਾਂ ਫੰਬਿਆਂ ਨੂੰ। ਅੱਜ ਕਲ੍ਹ ਤਾਂ ਪੰਜਾਬ ਦੇ ਧਰਤ-ਦ੍ਰਿਸ਼ ਉਤੇ ਅੱਕ ਹੀ ਨਹੀਂ ਦਿਸਦੇ। ਰੂੰ ਦਾ ਫੰਬਾ ਜ਼ਖਮਾਂ ਨੂੰ ਠੰਡ ਪਾਉਣ ਜਾਂ ਕੰਨਾਂ ਦੀ ਮੈਲ ਕੱਢਣ ਜਿਹੇ ਨਿੱਕੇ ਮੋਟੇ ਕੰਮ ਹੀ ਸਾਰਦਾ ਹੈ। ਇਹ ਤਾਂ ਕੁਝ ਇਕ ਪੰਜਾਬੀ ਕਵੀ ਹੀ ਹਨ ਜਿਨ੍ਹਾਂ ਇਸ ਫੰਬੇ ਦੀ ਵਡਿਆਈ ਸਮਝੀ ਹੈ, ਇਸ ਦੀ ਮੌਜ ਵਿਚਲੇ ਭੇਦ ਨੂੰ ਜਾਣਿਆ ਹੈ ਤੇ ਇਸ ਉਤੇ ਕਲਮ ਚਲਾਈ ਹੈ। ਫੰਬੇ ਜਿਹਾ ਹੀ ਇਕ ਹਲਕਾ-ਫੁਲਕਾ ਜਾਪਾਨੀ ਕਾਵਿ-ਰੂਪ ਹਾਇਕੂ ਹੈ, ਫੰਬਾ ਅਜਿਹੀ ਕਵਿਤਾ ਦਾ ਵਿਸ਼ਾ ਬਣਨ ਤੋਂ ਕਿਵੇਂ ਬਚ ਸਕਦਾ ਸੀ:

ਅੰਬਰ ਉੜੇ ਜਹਾਜ਼...
ਟਿੱਬੇ ਉਤੇ ਉੱਡ ਰਿਹਾ
ਅੱਕ ਕਕੜੀ ਦਾ ਫੰਬਾ
ਇਹ ਹੈ ਦਰਬਾਰਾ ਸਿੰਘ।

ਇਕ ਜਾਪਾਨੀ ਅਨੁਵਾਦ ਵੀ ਦੇਖੋ:

ਮੇਰਾ ਸੁਨਹਿਰੀ ਕਕਰੌਂਦਾ
ਫੰਬਾ ਫੰਬਾ ਉੜਿਆ
ਸਾਰੀ ਦੁਨੀਆ ਅੰਦਰ

....

ਜੇਠ ਹਾੜ ਦੀ ਧੁਪੇ
ਤਪਦੇ ਹੋਏ ਮਾਰੂਥਲ ਅੰਦਰ
ਉਡਦਾ ਇਕ ਕਕੜੀ ਦਾ ਫੰਬਾ
ਪਲ ਭਰ ਲਈ ਛਾਂ ਕਰ ਜਾਵੇ

ਅੱਕ ਦੀ ਅੰਬੀ ਜਾਂ ਕਕੜੀ ਦੇ ਫੰਬੇ ਦੀ ਕਿੰਨੀ ਕੁ ਛਾਂ ਹੋ ਸਕਦੀ ਹੈ ਇਹ ਤਾਂ ਤਾਰਾ ਸਿੰਘ ਹੀ ਜਾਨਣ ਪਰ ਮੈਨੂੰ ਏਨਾ ਪਤਾ ਹੈ ਕਿ ਇਸ ਮਨਮੌਜੀ ਫੰਬੇ ਨੇ ਸਾਰਾ ਧਰਤੀ ਆਕਾਸ਼ ਆਪਣੇ ਰੇਸ਼ਿਆਂ ਵਿਚ ਵਲਿਆ ਪਿਆ ਹੈ। ਅੱਜ ਇਸ ਫੰਬੇ ਦੀ ਪਰਵਾਜ਼ ਨਾਪਣੀ ਹੈ। ਫੰਬਾ ਫਾਰਸੀ ਦੇ ਸ਼ਬਦ ਪੰਬਹ ਜਾਂ ਪੰਬਾ ਦਾ ਪੰਜਾਬੀ ਰੂਪ ਹੈ। ਇਸ ਦਾ ਫਾਰਸੀ ਵਿਚ ਅਰਥ ਕਪਾਹ ਜਾਂ ਰੂੰ ਹੈ। ਸਪਸ਼ਟ ਹੈ ਜਦ ਭਾਰਤ ਵਿਚ ਸਦੀਆਂ ਤੋਂ ਇਸ ਜਿਣਸ ਲਈ ਕਪਾਹ ਸ਼ਬਦ ਦਾ ਬੋਲਬਾਲਾ ਸੀ ਤਾਂ ਏਥੇ ਫੰਬੇ ਦੀ ਦਾਲ ਕਿਥੇ ਗਲਣੀ ਸੀ? ਕਪਾਹ ਦਾ ਉਤਪਾਦਨ ਭਾਰਤ ਵਿਚ ਚਿਰ ਕਾਲ ਤੋਂ ਹੁੰਦਾ ਰਿਹਾ ਹੈ। ਸ਼ਾਇਦ ਕਪਾਹ ਅਸੀਰੀਆ ਅਤੇ ਭਾਰਤ ਵਿਚ ਹੀ ਪਹਿਲੇ ਪਹਿਲ ਹੋਈ। ਅੰਗਰੇਜ਼ਾਂ ਨੇ ਜਿਸ ਤਰ੍ਹਾਂ ਭਾਰਤੀ ਕਪਾਹ ਨੂੰ ਲੁੱਟਿਆ ਉਸ ਦੀ ਇਕ ਵੱਖਰੀ ਕਹਾਣੀ ਹੈ। ਭਾਰਤੀ ਭਾਸ਼ਾਵਾਂ ਵਿਚ, ਖਾਸ ਤੌਰ 'ਤੇ ਪੰਜਾਬੀ ਵਿਚ ਇਹ ਸ਼ਬਦ ਇਕ ਸੀਮਿਤ ਅਤੇ ਨਿਗੂਣੇ ਜਿਹੇ ਅਰਥਾਂ ਵਾਲਾ ਹੋ ਕੇ ਰਹਿ ਗਿਆ। ਐਪਰ ਹੋਰ ਦੁਨੀਆਂ ਵਿਚ ਇਹ ਕਪਾਹ ਜਾਂ ਕੌਟਨ ਨਾਲ ਖਹਿ ਕੇ ਚਲਦਾ ਹੈ। ਫਾਰਸੀ ਵਿਚ ਤਾਂ ਪੰਬੇ ਤੋਂ ਬਹੁਤ ਸਾਰੇ ਸ਼ਬਦਾਂ ਮੁਹਾਵਰਿਆਂ ਦੀ ਉਤਪਤੀ ਹੋਈ ਹੈ। 'ਪੰਬਾ ਦਰ ਗੋਸ਼ ਕਰਦਨ' ਦਾ ਮਤਲਬ ਹੈ ਕੰਨਾਂ ਵਿਚ ਤੂੰਬੇ ਦੇ ਲੈਣਾ ਅਰਥਾਤ ਕੁਝ ਨਾ ਸੁਣਨਾ।' ਪੰਬਾਦਾਰ' ਦਾ ਅਰਥ ਰੂੰਦਾਰ ਜਾਂ ਸੂਤੀ ਹੈ, ਪੰਬਾਬਾਜ਼ ਜਾਂ ਪੰਬਾਦੋਜ਼ ਫਾਰਸੀ ਵਿਚ ਪੇਂਜੇ ਨੂੰ ਆਖਦੇ ਹਨ, ਪੰਬਾਦਾਨਾ ਵੜੇਵੇਂ ਨੂੰ ਆਖਦੇ ਹਨ, ਪੰਬਾ-ਦਰ-ਗੋਸ਼ ਬੋਲਾ ਹੈ, ਪੰਬਾਦਾਜ਼ ਕਪਾਹ ਦਾ ਖੇਤ ਹੈ।

ਅਮਰੀਕੀ ਇਤਿਹਾਸਕਾਰ ਅਤੇ ਭਾਸ਼ਾਵਿਗਿਆਨੀ ਲਿਓ ਵਿਅਨਰ ਨੇ ਆਪਣੀ ਪੁਸਤਕ 'ਅਫਰੀਕਾ ਅਤੇ ਅਮਰੀਕਾ ਦੀ ਖੋਜ' ਵਿਚ ਇਸ ਸ਼ਬਦ ਦਾ ਖੁਰਾ ਲੱਭਣ ਦੀ ਕੋਸ਼ਿਸ਼ ਕੀਤੀ ਹੈ। ਉਸ ਅਨੁਸਾਰ ਇਸ ਸ਼ਬਦ ਦੇ ਮੁਢਲੇ ਰੂਪ ਦੋ ਹਜ਼ਾਰ ਸਾਲ ਪਹਿਲਾਂ ਮਿਸਰ ਵਿਚ ਮੌਜੂਦ ਸਨ। ਉਥੇ ਦੀ ਕੌਪਟਿਕ ਭਾਸ਼ਾ ਵਿਚ ਇਸ ਸ਼ਬਦ ਦਾ ਰੂਪ ਸੀ 'ਮੇਨੀ' ਜਿਸ ਦਾ ਅਰਥ ਲਿਨਨ (ਅਲਸੀ ਦੇ ਰੇਸ਼ਿਆਂ ਤੋਂ ਬਣਦੇ ਕਪੜੇ) ਸੀ। ਚੀਨੀ ਭਾਸ਼ਾ ਵਿਚ ਇਸ ਦਾ ਰੂਪ ਹੋਇਆ ਮੀਅਨ



*ਤੁਰਕੀ ਦਾ ਧਰਤ-ਅਜੂਬਾ ਕਪਾਹ ਦਾ ਕਿਲਾ ਪਾਮੁਕੱਲੇ*

ਜਿਸ ਦਾ ਮਤਲਬ ਹੈ ਮੁਲਾਇਮ ਰੂੰ। ਪਰ ਲਿਨਨ ਜਾਂ ਅਲਸੀ ਦੇ ਅਰਥਾਂ ਵਿਚ ਇਸ ਸ਼ਬਦ ਦੇ ਹੋਰ ਰੂਪਾਂ ਮਾਹ, ਮਹੀ, ਮੇਹੀ ਆਦਿ ਦਾ ਵਿਕਾਸ ਬੜਾ ਦਿਲਚਸਪ ਹੈ। ਕੌਪਟਿਕ ਭਾਸ਼ਾ ਦੀ ਬਾਈਬਲ ਵਿਚ ਤਕਲੇ ਦੇ ਅਰਥਾਂ ਵਿਚ ਇਸ ਦਾ ਸਕਾ ਇਕ ਸ਼ਬਦ ਮਿਲਦਾ ਹੈ, ਮਬਾਈ। ਇਸੇ ਬਾਈਬਲ ਵਿਚ ਲਿਨਨ ਦੇ ਅਰਥਾਂ ਵਿਚ ਮਪਾਈ, ਇੰਪਾਈ, ਪੈਂਪਾਈ ਜਿਹੇ ਸ਼ਬਦ ਵੀ ਮਿਲਦੇ ਹਨ। ਇਥੋਂ ਹੀ ਇਹ ਸ਼ਬਦ ਫਾਰਸੀ ਵਿਚ ਪੰਬਕ ਦੇ ਰੂਪ ਵਿਚ ਗਿਆ ਜਿਸ ਨੇ ਬਾਅਦ ਵਿਚ ਪੰਬਾ ਦਾ ਰੂਪ ਧਾਰਿਆ। ਇਹੀ ਸ਼ਬਦ ਅੱਗੋਂ ਭਾਰਤ ਆਇਆ। ਅਫਰੀਕਾ ਦੇ ਪੂਰਬੀ ਤਟਾਂ ਵਿਚ ਫਾਰਸੀਆਂ ਦੀਆਂ ਵਿਸ਼ਾਲਤਰ ਬਸਤੀਆਂ ਹੋਇਆ ਕਰਦੀਆਂ ਸਨ।

ਫਾਰਸ ਦੇ ਸੌਦਾਗਰਾਂ ਨੇ ਇਹ ਸ਼ਬਦ ਇਨ੍ਹਾਂ ਤਟਵਰਤੀ ਪ੍ਰਦੇਸ਼ਾ ਤੋਂ ਚੁਕਿਆ ਤੇ ਆਪਣੇ ਦੇਸ਼ ਵਿਚ ਲਿਆ ਸੁਟਿਆ। ਜ਼ੰਜ਼ੀਬਾਰ ਵਿਚ ਇਸ ਸ਼ਬਦ ਦਾ ਰੂਪ ਪੰਬਾ ਹੈ ਤੇ ਅਰਥ ਹੈ ਕਪਾਹ। ਇਸੇ ਤੋਂ ਬਣੇ ਮਪੰਬਾ ਦਾ ਉਥੇ ਅਰਥ ਹੈ ਕਪਾਹ ਦਾ ਬੂਟਾ। ਇਸ ਤੋਂ ਇਕ ਹੋਰ ਸ਼ਬਦ ਹੋਂਦ ਵਿਚ ਆਇਆ, ਪੋਂਬਾ ਜਿਸ ਦਾ ਅਰਥ ਹੈ ਸਜਣਾ-ਧਜਣਾ, ਪਹਿਨਣਾ-ਪਚਰਨਾ। ਮਪੰਬਾ ਨੇ ਇਕ ਹੋਰ ਅਰਥ ਧਾਰਨ ਕੀਤਾ, ਮੁਰਦੇ ਦੇ ਨੱਕ ਵਿਚ ਤੂੰਬਾ ਦੇਣਾ। ਪੁਸ਼ਾਕ ਦੇ ਅਰਥਾਂ ਵਿਚ ਪੋਂਬੋ ਸ਼ਬਦ ਵੀ ਸਾਹਮਣੇ ਆਇਆ। ਅਫਰੀਕਾ ਦੀਆਂ ਬਾਂਟੂ ਭਾਸ਼ਾਵਾਂ ਵਿਚ ਵੀ ਇਸ ਸ਼ਬਦ ਦੇ ਰੂਪ ਮਿਲਦੇ ਹਨ ਜਿਵੇਂ ਸੋਥੋ:ਫ਼ਪਾ (ਲਪੇਟਣਾ); ਸਹੇਲੀ:ਪੰਪਜਾ (ਜੱਫੀ ਪਾਉਣਾ); ਬੌਂਦੇਈ:ਹੰਬਾ (ਸਜਾਉਣਾ, ਸ਼ਿੰਗਾਰਨਾ); ਹਰੈਰੋ:ਪੰਬਾ (ਬੁਣਨਾ) ਆਦਿ। ਨੌਵੀਂ ਸਦੀ ਵਿਚ ਇਹ ਸ਼ਬਦ ਬੌਂਬਾਕਸ ਦੇ ਰੂਪ ਵਿਚ ਗਰੀਕ ਭਾਸ਼ਾ ਵਿਚ ਚਲੇ ਗਿਆ ਤੇ ਅੱਗੋਂ ਹੋਰ ਢੇਰ ਸਾਰੀਆਂ ਯੂਰਪੀ ਭਾਸ਼ਾਵਾਂ ਨੇ ਇਸ ਨੂੰ ਗਲੇ ਲਾ ਲਿਆ। ਫਾਰਸੀ ਦੇ ਦਸਵੀਂ ਸਦੀ ਦੇ ਸ਼ਾਇਰ ਫਿਰਦੌਸੀ ਦੇ ਸ਼ਾਹਨਾਮੇ ਵਿਚ ਇਹ ਸ਼ਬਦ ਮਿਲਦਾ ਹੈ। ਫਾਰਸੀ ਤੋਂ ਹੀ ਤੁਰਕ ਭਾਸ਼ਾ ਵਿਚ ਇਹ ਸ਼ਬਦ ਪਾਮਕ ਜਾਂ ਪਾਮੁਕ ਰੂਪ ਧਾਰ ਕੇ ਆਇਆ। ਤੁਰਕੀ ਵਿਚ ਇਸ ਦੇ ਅਰਥ ਕਪਾਹ, ਸੂਤੀ ਕਪੜਾ ਹੈ ਅਤੇ ਇਸ ਸ਼ਬਦ ਦੀ ਵਿਆਪਕ ਵਰਤੋਂ ਹੁੰਦੀ ਹੈ। ਉਥੇ ਇਕ ਜਗ੍ਹਾ ਦਾ ਨਾਂ ਹੈ ਪਾਮੁਕੱਲੇ ਜਿਸ ਨੂੰ ਪੰਜਾਬੀ ਵਿਚ ਅਸੀਂ ਕਪਾਹ ਦਾ ਕਿਲਾ ਆਖ ਸਕਦੇ ਹਾਂ। ਇਹ ਸਾਡੀ ਧਰਤੀ ਉਤੇ ਆਪਣੀ ਹੀ ਕਿਸਮ ਦਾ ਅਜੂਬਾ ਹੈ। ਇਸ ਜਗ੍ਹਾ ਪਾਣੀ ਵਿਚ ਕੈਲਸ਼ੀਅਮ ਕਾਰਬੋਨੇਟ (ਚਾਕ) ਦੀਆਂ ਨਿਰੰਤਰ ਬੇਸ਼ੁਮਾਰ ਧਾਰਾਵਾਂ ਵਗਦੀਆਂ ਹਨ। ਚਾਕ ਰੂੰ ਦੇ ਗੋਹੜਿਆਂ ਵਾਂਗ ਜੰਮਦਾ ਤੇ ਬਹਿੰਦਾ ਜਾਂਦਾ ਹੈ। ਦੁਨੀਆਂ ਭਰ ਦੇ ਸੈਲਾਨੀ ਕੁਦਰਤ ਦਾ ਇਹ ਜਲਵਾ ਦੇਖਣ ਆਉਂਦੇ ਹਨ। ਤੁਰਕੀ ਦੇ ਇਕ ਨਾਵਲਕਾਰ ਦਾ ਨਾਂ ਹੈ ਓਰਹਨ ਪਾਮੁਕ। ਤੁਰਕੀ ਵਿਚ ਇਕ ਕਪੜੇ ਦਾ ਨਾਂ ਪੰਬੂਜ਼ੀ ਹੈ।

ਸੰਸਾਰ ਦੀਆਂ ਬੇਸ਼ੁਮਾਰ ਭਾਸ਼ਾਵਾਂ ਵਿਚ ਇਸ ਸ਼ਬਦ ਨੇ ਆਪਣੀ ਛਾਪ ਛੱਡੀ ਹੈ। ਕਰੋਸ਼ੀਅਨ, ਗਰੀਕ, ਬੁਲਗਾਰੀਅਨ, ਹਿਬਰੂ, ਸਲੋਵੇਨੀਅਨ, ਯੂਕਰੇਨੀਅਨ, ਸਰਬੀਅਨ, ਪਸ਼ਤੋ, ਉਜ਼ਬੇਕੀ, ਤੁਰਕਮੈਨੀਅਨ, ਤਾਜਿਕ ਆਦਿ ਵਿਚ ਇਸ ਸ਼ਬਦ ਦੇ ਵਿਭਿੰਨ ਰੂਪ ਕਪਾਹ ਜਾਂ ਸੂਤੀ ਕਪੜੇ ਦੇ ਅਰਥਾਂ ਵਿਚ ਮਿਲਦੇ ਹਨ। ਐਸਤੋਨੀਅਨ, ਡੈਨਿਸ਼, ਕਰੋਸ਼ੀਅਨ, ਆਈਸਲੈਂਡਿਕ, ਸਵੀਡਿਸ਼, ਚੈਕ, ਸਲੋਵਾਕ ਆਦਿ ਭਾਸ਼ਾਵਾਂ ਵਿਚ ਇਸ ਦਾ ਹੁਲੀਆ ਹੋਰ ਬਦਲ ਗਿਆ। ਇਨ੍ਹਾਂ ਭਾਸ਼ਵਾਂ ਵਿਚ ਬੌਮੂਲ ਜਿਹੇ ਸ਼ਬਦ ਨਾਲ ਮਿਲਦੇ-ਜੁਲਦੇ ਹਰ ਭਾਸ਼ਾ ਦੇ ਆਪਣੇ ਸ਼ਬਦ ਹਨ ਪਰ ਸਾਰਿਆਂ ਦਾ ਸ੍ਰੋਤ ਇਹੋ ਇਕੋ ਹੈ। ਸਾਰੇ ਸ਼ਬਦਾਂ ਨੂੰ ਗਿਣਾਉਣ ਦਾ ਕੋਈ ਲਾਭ ਨਹੀਂ, ਤੁਸੀਂ ਕਿਹੜਾ ਘੋਟਾ ਲਾਉਣਾ ਹੈ। ਜਰਮਨ ਭਾਸ਼ਾ ਵਿਚ ਇਸ ਦਾ ਰੂਪ ਹੈ ਬੌਮਵੋਲ। ਲੋਕਾਂ ਨੇ ਆਪਣੀ ਕਲਪਨਾ ਅਨੁਸਾਰ ਇਸ ਦਾ ਇਹ ਰੂਪ ਢਾਲਿਆ। ਆਪਣੇ ਇਸ ਰੂਪ ਵਿਚ ਇਹ ਸ਼ਬਦ ਭੁਲੇਖਾ ਪਾਉਂਦਾ ਹੈ ਜਿਵੇਂ ਇਹ ਉਨ ਦਾ ਦਰਖਤ ਹੋਵੇ: ਬੌਮ (ਦਰਖਤ)+ਵੌਲ (ਉਨ)।

ਅੰਗਰੇਜ਼ੀ ਵਿਚ ਇਸ ਸ਼ਬਦ ਤੋਂ ਵਿਕਸਿਤ ਕੁਝ ਜਾਣੇ-ਪਛਾਣੇ ਸ਼ਬਦ ਮਿਲਦੇ ਹਨ। ਸਭ ਤੋਂ ਪਹਿਲਾਂ ਅਸੀਂ ਸ਼ਬਦ ਲੈਂਦੇ ਹਾਂ ਬੰਬਾਸਟ ਜਿਸ ਦਾ ਵਿਸ਼ੇਸ਼ਣ ਹੈ ਬੰਬਾਸਟਿਕ bombastic. ਇਹ ਆਧੁਨਿਕ ਫਾਰਸੀ ਦੇ ਪੰਬਹ ਦੇ ਪੁਰਾਣੇ ਰੂਪ ਪੰਬਕ ਤੋਂ ਚਲਿਆ ਤੇ ਫਿਰ ਗਰੀਕ ਤੇ ਲਾਤੀਨੀ ਵਿਚ ਬੰਬਿਕਸ (ਰੇਸ਼ਮ), ਪੁਰਾਣੀ ਫਰਾਂਸੀਸੀ ਬੰਬੇਸ (ਕਪਾਹ, ਫਹਿਆ) ਦਾ ਰੂਪ ਧਾਰਦਾ ਸੋਲ੍ਹਵੀਂ ਸਦੀ ਦੇ ਸ਼ੁਰੂ ਵਿਚ ਅੰਗਰੇਜ਼ੀ ਵਿਚ ਆਇਆ ਜਿਥੇ ਇਸ ਦਾ ਅਰਥ ਬਣਿਆ ਕਪਾਹ ਦੀ ਭਰਾਈ ਅਰਥਾਤ ਲੋਗੜ। ਕਪਾਹ ਜਾਂ ਰੂੰ ਦੀ ਇਕ ਵੱਡੀ ਖਾਸੀਅਤ ਹੈ ਕਿ ਇਸ ਦਾ ਵਜ਼ਨ ਭਾਵੇਂ ਘੱਟ ਹੋਵੇ ਪਰ ਇਹ ਫੈਲਵੀਂ ਜਾਂ ਫੁਲਵੀਂ ਬਹੁਤ ਹੁੰਦੀ ਹੈ। ਇਸੇ ਲਈ ਇਸ ਤੋਂ ਬਣੇ ਸ਼ਬਦ ਦਾ ਲਾਖਣਿਕ ਅਰਥ ਬਣਿਆ ਸ਼ਬਦ ਆਡੰਬਰਪੂਰਨ। ਅਰਥਾਤ ਅਜਿਹੀ ਗੱਲ ਜਿਸ ਵਿਚ ਮੋਟੇ ਭਾਰੀ ਭਰਕਮ ਸ਼ਬਦ ਬੋਲੇ ਗਏ ਹੋਣ ਪਰ ਵਿਚੋਂ ਅਰਥ ਫੋਕਾ ਹੋਵੇ। ਪੰਜਾਬੀ ਦਾ ਸ਼ਬਦ ਲਿਫਾਫੇਬਾਜ਼ ਸ਼ਾਇਦ ਅਜਿਹੇ ਹੀ ਅਰਥ ਦਿੰਦਾ ਹੈ। ਇਸ ਤੋਂ ਅਗਲਾ ਸ਼ਬਦ ਹੈ beige. ਤੁਹਾਡੇ ਵਿਚੋਂ ਕਈਆਂ ਕੋਲ ਬੇਜ ਰੰਗ ਦੀਆਂ ਕਾਰਾਂ ਹੋਣਗੀਆਂ। ਇਹ ਹਲਕਾ ਭੂਰਾ ਰੰਗ ਹੈ। ਅਣਰੰਗੀ ਉਨ ਅਤੇ ਇਕ ਕਿਸਮ ਦੀ ਕਪਾਹ ਦੇ ਫੁੱਟਾਂ ਦਾ ਇਹੋ ਰੰਗ ਹੁੰਦਾ ਹੈ। ਇਹ ਸ਼ਬਦ ਵੀ ਇਸੇ ਸ੍ਰੋਤ ਤੋਂ ਗਰੀਕ, ਲਾਤੀਨੀ, ਫਰਾਂਸੀਸੀ ਅਤੇ ਇਤਾਲਵੀ ਤੋਂ ਹੁੰਦਾ ਹੋਇਆ ਅੰਗਰੇਜ਼ੀ ਵਿਚ ਦਾਖਲ ਹੋਇਆ। ਕਈ ਲੋਕਾਂ ਨੂੰ ਰੂੰ ਤੋਂ ਬੇਵਜ੍ਹਾ ਭੈਅ ਆਉਂਦਾ ਹੈ, ਉਹ ਇਸ ਨੂੰ ਛੂਹਣ ਤੋਂ ਵੀ ਡਰਦੇ ਹਨ।

ਇਸ ਮਨੋ-ਲੱਛਣ ਨੂੰ ਅੰਗਰੇਜ਼ੀ 'ਚ bambakophobia ਕਿਹਾ ਜਾਂਦਾ ਹੈ। ਇਸ ਵਿਚ ਪੰਬਕ ਪ੍ਰਤਖ ਝਾਕਦਾ ਹੈ। ਪੰਜਾਬੀ ਵਿਚ ਇਸ ਵਹਿਮ ਨੂੰ ਕਪਾਹ-ਤ੍ਰਾਸ ਦਾ ਨਾਂ ਦਿੱਤਾ ਜਾ ਸਕਦਾ ਹੈ। ਧਿਆਨਯੋਗ ਹੈ ਕਿ ਪੰਬਾ ਦੇ ਕੁਝ ਰੂਪਾਂ ਦਾ ਪੁਰਾਣੀ ਗਰੀਕ ਅਤੇ ਲਾਤੀਨੀ 'ਚ ਅਰਥ ਰੇਸ਼ਮ, ਰੇਸ਼ਮ ਦਾ ਕੀੜਾ ਅਤੇ ਉਨ ਵੀ ਹੈ। ਇਸ ਦੀ ਵਜ੍ਹਾ ਹੈ ਕਿ ਇਹ ਸਾਰੇ ਕਪੜੇ ਦੀ ਜਿਣਸ ਹੀ ਹਨ।

ਅਸੀਂ ਸਾਰੀ ਦੁਨੀਆਂ ਦਾ ਚੱਕਰ ਮਾਰ ਲਿਆ ਤੇ ਦੇਖ ਲਿਆ ਕਿ ਇਸ ਸ਼ਬਦ ਨੇ ਖਾਣ ਤੋਂ ਬਾਅਦ ਮਨੁਖ ਦੀ ਸਭ ਤੋਂ ਅਹਿਮ ਸਰਗਰਮੀ, ਪਹਿਰਾਵੇ ਤੇ ਇਸ ਤੋਂ ਅੱਗੇ ਸ਼ਿੰਗਾਰ ਦੇ ਅਰਥ ਗ੍ਰਹਿਣ ਕਰ ਲਏ ਪਰ ਪੰਜਾਬੀ ਦੇ ਪੱਲੇ ਆਵਾਰਾ ਉਡਦਾ ਫੰਬਾ ਹੀ ਰਿਹਾ। ਲਗਦਾ ਹੈ ਪੰਜਾਬ ਤੋਂ ਅੱਗੇ ਹੋਰ ਪੂਰਬੀ ਭਾਰਤ ਵੱਲ ਇਸ ਦਾ ਪਰਵਾਸ ਰੁਕ ਗਿਆ। ਹਿੰਦੀ ਵਿਚ ਮੈਨੂੰ ਇਸ ਸ਼ਬਦ ਦੀ ਹੋਂਦ ਨਹੀਂ ਰੜਕੀ। ਇਕ ਹਿੰਦੀ ਕੋਸ਼ ਵਿਚ ਪੰਬਾ ਸ਼ਬਦ ਦਰਜ ਮਿਲਦਾ ਹੈ ਪਰ ਉਥੇ ਵੀ ਨਾਲ ਦੱਸਿਆ ਗਿਆ ਹੈ ਕਿ ਇਹ ਪੱਛਮੀ ਭਾਰਤ ਦਾ ਸ਼ਬਦ ਹੈ। ਉਥੇ ਇਸ ਦਾ ਅਰਥ ਉਨ ਨੂੰ ਰੰਗਣ ਵਾਲਾ ਪੀਲਾ ਰੰਗ ਦੱਸਿਆ ਗਿਆ ਹੈ। ਉਰਦੂ ਵਿਚ ਰੂੰ ਜਾਂ ਲੋਗੜ ਦੇ ਅਰਥਾਂ ਵਿਚ ਇਹ ਸ਼ਬਦ ਜ਼ਰੂਰ ਮਿਲਦਾ ਹੈ। ਗ਼ਾਲਿਬ ਦੀ ਫਾਰਸੀ ਨਾਲ ਲੱਦੀ ਇਕ ਗ਼ਜ਼ਲ ਦਾ ਸ਼ਿਅਰ ਹੈ:

ਵਾਂ ਕਰਮ ਕੋ ਉਜ਼ਰ-ਏ-ਬਾਰਿਸ਼,
ਥਾ ਅਨਾਗੀਰ-ਏ-ਖਰਾਮ।
ਗਿਰਿਆਸੇ ਯਾਂ ਪੰਬਾ-ਏ-ਬਾਲਿਸ਼
ਕਫ਼-ਏ-ਸੈਲਾਬ ਥਾ।

ਅਰਥਾਤ ਉਧਰ ਉਨ੍ਹਾਂ ਨੂੰ ਮੇਰੇ ਘਰ ਤਸ਼ਰੀਫ ਲਿਆਉਣ ਲਈ ਬਾਰਸ਼ ਦਾ ਬਹਾਨਾ ਸੀ। ਇਧਰ ਮੇਰੀ ਹਾਲਤ ਇਹ ਸੀ ਕਿ ਇੰਤਜ਼ਾਰ ਵਿਚ ਸਿਰਹਾਣੇ ਤੇ ਸਿਰ ਪਟਕ ਪਟਕ ਕੇ ਇਸ ਤਰ੍ਹਾਂ ਹੰਝੂਆਂ ਦੀ ਝੜੀ ਲਾ ਰਿਹਾ ਸਾਂ ਕਿ ਅੱਖਾਂ ਵਿਚ ਹੰਝੂਆਂ ਦੇ ਦਰਿਆ ਵਗ ਗਏ ਅਤੇ ਸਿਰਹਾਣਾ ਫਟ ਜਾਣ ਨਾਲ ਇਸ ਦਾ ਰੂੰ ਹੰਝੂਆਂ ਨਾਲ ਭਰ ਗਿਆ। ਸੈਲਾਬ ਦੀ ਝੱਗ ਵੀ ਰੂੰ ਹੀ ਜਾਪਦੀ ਸੀ।

# ਸ਼ੱਕ

ਨਹੀਂ ਜਾਪਦੀ।

ਪਰ ਅੱਜਕੱਲ੍ਹ ਕਿਸੇ ਦਾ ਕੀ ਭਰੋਸਾ। ਸਿਮਰਨ ਨੂੰ ਕਪੂਰਨੀ ਦੀ ਕਹੀ ਹੋਈ ਗੱਲ ਚੇਤੇ ਆਉਂਦੀ ਹੈ, "ਅੱਜਕੱਲ੍ਹ ਮਰਦ ਨੌਕਰ ਤਾਂ ਘਰ ਬਿਲਕੁਲ ਨਾ ਰੱਖੋ, ਨੇਪਾਲੀ ਤਾਂ ਕਿਸੇ ਹਾਲਤ ਵਿਚ ਵੀ ਨਹੀਂ। ਕੋਈ ਪਤਾ ਨਹੀਂ, ਕਦੋਂ ਤੁਹਾਨੂੰ ਵੱਢ-ਟੁੱਕ ਕੇ ਆਪ ਸਰਹੱਦੋਂ ਪਾਰ ਹੋ ਜਾਣ। ਇੰਨੀਆਂ ਵਾਰਦਾਤਾਂ ਹੋ ਚੁੱਕੀਆਂ ਹਨ।"

ਜਦੋਂ ਸਿਮਰਨ ਨੇ ਕਪੂਰਨੀ ਨੂੰ ਇਹ ਕਹਿੰਦਿਆਂ ਸੁਣਿਆ ਸੀ ਤਾਂ ਉਸ ਨੂੰ ਉਸ 'ਤੇ ਖਿਝ ਵੀ ਆਈ ਸੀ, ਹਾਸਾ ਵੀ। ਬੇਵਕੂਫ਼ ਔਰਤ, ਇਹ ਕਿਉਂ ਨਹੀਂ ਸੋਚਦੀ ਕਿ ਜਦੋਂ ਕੋਈ ਇੱਕਾ-ਦੁੱਕਾ ਨੌਕਰ ਅਜਿਹੀ ਹੱਦ ਤੀਕ ਪਹੁੰਚ ਵੀ ਜਾਂਦਾ ਹੈ ਤਾਂ ਉਸ ਪਿੱਛੇ ਵੀ ਉਸ ਦੇ ਮਾਲਕਾਂ ਦਾ ਕੁਝ ਕਸੂਰ ਜ਼ਰੂਰ ਹੁੰਦਾ ਹੈ। ਮਾਲਕ, ਜਿਹੜੇ ਲੱਖਾਂ ਦਾ ਕੈਸ਼ ਨੌਕਰਾਂ ਦੇ ਸਾਹਮਣੇ ਅਲਮਾਰੀਆਂ ਵਿਚੋਂ ਕੱਢਦੇ-ਰੱਖਦੇ ਹਨ, ਪਰ ਉਨ੍ਹਾਂ ਦੀਆਂ ਨਿਗੂਣੀਆਂ ਤਨਖ਼ਾਹਾਂ ਮਹੀਨਾ-ਮਹੀਨਾ ਰੋਕੀ ਰੱਖਦੇ ਹਨ। ਮਾਲਕ, ਜਿਹੜੇ ਆਪਣੇ ਕੁੱਤਿਆਂ ਲਈ ਤਾਂ ਮਹਿੰਗੇ ਟਰੇਨਰ ਰੱਖਦੇ ਹਨ ਪਰ ਨੌਕਰਾਂ ਨੂੰ ਨਵਾਂ ਕੱਪੜਾ ਵੀ ਦੇ ਕੇ ਰਾਜ਼ੀ ਨਹੀਂ। ਕਿਸੇ ਦਿਨ ਤਾਂ ਅਜਿਹੇ ਮਾਲਕਾਂ ਦੇ ਖਿਲਾਫ਼ ਕਿਸੇ ਨੌਕਰ ਦਾ ਵਿਦਰੋਹ ਉਭਰੇਗਾ ਹੀ।

ਪਰ ਹੁਣ ਸਿਮਰਨ ਸੋਚਦੀ ਹੈ, ਕੀ ਪਤਾ ਕਪੂਰਨੀ ਠੀਕ ਹੀ ਆਖਦੀ ਹੋਵੇ। ਇਹ ਵੀ ਤਾਂ ਹੋ ਸਕਦਾ ਹੈ ਕਿ ਕਿਸੇ ਹੋਰ ਦੇ ਕੀਤੇ ਅਨਿਆਂ ਦਾ ਮੁੱਲ ਤੁਹਾਨੂੰ ਚੁਕਾਉਣਾ ਪੈ ਜਾਵੇ। ਨਾਲੇ ਗਰੀਬੀ, ਆਦਮੀ ਕੋਲੋਂ ਕੀ ਨਹੀਂ ਕਰਾਉਂਦੀ। ਜੇ ਸੱਚਮੁੱਚ ਨਜਮਾ ਇੰਨੀ ਭੋਲੀ ਨਾ ਹੋਈ, ਜਿੰਨੀ ਜਾਪਦੀ ਹੈ; ਜੇ ਕਿਸੇ ਦਿਨ ਵਾਕਈ ਇਹ ਕੋਈ ਅਲਮਾਰੀ ਭੰਨ ਕੇ ਬੰਗਲਾਦੇਸ਼ ਵਾਪਸ ਚਲੀ ਗਈ ਤਾਂ ਸਿਮਰਨ ਤੇ ਰਮੇਸ਼ ਕੀ ਕਰ ਲੈਣਗੇ? ਅਲਮਾਰੀਆਂ ਵਿਚੋਂ ਭਾਵੇਂ ਕੁਝ ਨਿਕਲੇ, ਨਾ ਨਿਕਲੇ ਪਰ ਇਸ ਦਾ ਇਹ ਮਤਲਬ ਵੀ ਤਾਂ ਨਹੀਂ ਕਿ ਤੁਸੀਂ ਆਪਣੀਆਂ ਅੱਖਾਂ ਸਾਹਵੇਂ ਹੀ ਅਪਣਾ ਘਰ ਲੁੱਟਿਆ ਜਾਂਦਾ ਦੇਖੋ। ਸਿਮਰਨ ਨੂੰ ਅਜੀਬ-ਅਜੀਬ ਖ਼ਿਆਲ ਆਉਂਦੇ ਹਨ, ਉਸ ਦਾ ਫਿਕਰ ਦਿਨੋਂ-ਦਿਨ ਵਧਦਾ ਜਾਂਦਾ ਹੈ।

ਸਿਮਰਨ ਸੌਣਾ ਚਾਹੁੰਦੀ ਹੈ ਪਰ ਨਜਮਾ ਹਾਲੇ ਵੀ ਭਾਂਡੇ ਖੜਕਾਈ ਜਾਂਦੀ ਹੈ। ਇਹ ਕਰੀ ਕੀ ਜਾਂਦੀ ਹੈ ਦੋ ਘੰਟਿਆਂ ਦੀ? ਚਾਰ ਵੱਜ ਚੱਲੇ ਹਨ। ਹੁਣ ਤੇ ਦੁਪਹਿਰੇ ਸੌਣ ਦਾ ਵੇਲਾ ਵੀ ਲੰਘ ਗਿਆ ਹੈ। ਸਿਮਰਨ ਖਿਝ ਕੇ ਖਾਣ-ਕਮਰੇ ਵਿਚ ਆਉਂਦੀ ਹੈ।

ਨਜਮਾ ਸਾਰੀਆਂ ਪਲੇਟਾਂ, ਡੌਂਗੇ ਬਾਹਰ ਕੱਢ ਕੇ ਬੈਠੀ ਹੈ। ਸਿਮਰਨ ਦੀ ਮਾਂ ਦੇ ਵਿਆਹ ਵੇਲੇ ਦੇ ਸਾਂਭੇ ਹੋਏ ਵਲੈਤੀ ਡਿਨਰ ਸੈਟ, ਰਮੇਸ਼ ਦੀ ਭੈਣ ਦਾ ਅਮਰੀਕਾ ਤੋਂ ਭੇਜਿਆ 'ਪਾਇਰੈਕਸ' ਦਾ ਟੀ-ਸੈਟ। ਸਾਰਾ ਕੁਝ ਅਲਮਾਰੀ ਵਿਚੋਂ ਬਾਹਰ ਹੈ।

"ਇਹ ਕੀ ਖੜਖੜ ਲਾਈ ਹੋਈ ਹੈ? ਕਿਸ ਨੇ ਕਿਹਾ ਹੈ ਤੈਨੂੰ ਸਾਰੇ ਭਾਂਡੇ ਬਾਹਰ ਕੱਢ ਕੇ ਰੱਖਣ ਲਈ?" ਸਿਮਰਨ ਕੜਕਦੀ ਹੈ।

"ਬੀਬੀ ਜੀ, ਅਲਮਾਰੀ ਵਿਚ ਵਿਛੇ ਸਾਰੇ ਕਾਗ਼ਜ਼ ਪੀਲੇ ਪੈ ਗਏ ਹਨ। ਮੈਂ ਸੋਚਿਆ ਬਦਲ ਦੇਵਾਂ।" ਸਹਿਮੀ ਜਿਹੀ ਨਜਮਾ ਜਵਾਬ ਦਿੰਦੀ ਹੈ।

"ਮੈਂ ਤੈਨੂੰ ਕਿਹਾ ਸੀ ਕਿ ਕਾਗਜ਼ ਬਦਲ ਦੇ? ਫਿਰ ਤੈਨੂੰ ਆਪੇ ਹੀ ਖ਼ਿਆਲ ਕਿਵੇਂ ਆ ਗਿਆ? ਜਾਂ ਅੱਜਕੱਲ੍ਹ ਇਸ ਤਾਕ ਵਿਚ ਬੈਠੀ ਰਹਿੰਦੀ ਹੈਂ ਕਿ ਕਦੋਂ ਮੈਂ ਸੌਂਵਾਂ ਤੇ ਕਦੋਂ ਤੂੰ ਕਿਸੇ ਚੀਜ਼ 'ਤੇ ਹੱਥ ਸਾਫ਼ ਕਰੇ?"

ਨਜਮਾ ਚੁੱਪ।

ਸਿਮਰਨ ਦਾ ਪਾਰਾ ਹੋਰ ਚੜ੍ਹ ਜਾਂਦਾ ਹੈ। ਕਈ ਦਿਨਾਂ ਤੋਂ ਕੁੰਡਲੀ ਮਾਰੀ ਬੈਠਾ ਫ਼ਿਕਰ ਆਪਣਾ ਫਨ ਫੈਲਾ ਲੈਂਦਾ ਹੈ, "ਬੋਲਦੀ ਕਿਉਂ ਨਹੀਂ ਹੁਣ। ਮੈਂ ਕੋਈ ਬੇਵਕੂਫ਼ ਨਹੀਂ ਹਾਂ। ਕਈ ਦਿਨਾਂ ਤੋਂ ਦੇਖ ਰਹੀ ਹਾਂ, ਤੇਰਾ ਕੰਮ ਰੋਜ਼ ਲਟਕਦਾ ਹੀ ਜਾਂਦਾ ਹੈ। ਕਦੀ ਇਸ ਬਹਾਨੇ, ਕਦੀ ਓਸ ਬਹਾਨੇ। ਇਕ ਵਾਰੀ ਵੜ ਆਏਂ ਤਾਂ ਫੇਰ ਇਥੋਂ ਨਿਕਲਣ ਦਾ ਨਾਂ ਹੀ ਨਹੀਂ ਲੈਂਦੀ। ਕਿਸ ਤਾਕ ਵਿਚ ਬੈਠੀ ਰਹਿੰਨੀ ਏਂ? ਬੋਲ? ਬੋਲਦੀ ਕਿਉਂ ਨਹੀਂ ਹੁਣ?"

"ਨਾ, ਐਂਜ ਨਾ ਆਖੋ ਬੀਬੀ ਜੀ। ਅੱਲਾ ਕਸਮ, ਜੇ ਇਹੋ ਜਿਹਾ ਖਿਆਲ ਮੇਰੇ ਕੋਲੋਂ ਦੀ ਲੰਘਿਆ ਹੋਵੇ, ਇਥੇ ਹੀ ਤੁਹਾਡੇ ਸਾਹਮਣੇ ਗਰਕ ਹੋ ਜਾਵਾਂ। ਇਥੋਂ ਨਿਕਲ ਕੇ ਮੈਂ ਕਿੱਥੇ ਜਾਵਾਂ... ਨਾ ਉਥੇ ਬੱਤੀ, ਨਾ ਪਾਣੀ। ਕੋਲੋਂ ਗੰਦੇ ਨਾਲੇ ਦੀ ਮੁਸ਼ਕ ਆਉਂਦੀ ਹੈ। ਮੱਛਰ ਤੇ ਮੱਖੀਆਂ। ਅਸਲਮ ਸ਼ਾਮੀਂ ਸੱਤ ਵਜੇ ਤੀਕ ਘਰ ਨਹੀਂ ਮੁੜਦਾ। ਮੈਂ ਝੁੱਗੀ ਵਿਚ ਜਾ ਕੇ ਕਰਨਾ ਵੀ ਕੀ ਹੁੰਦਾ ਹੈ। ਇਥੇ ਬੈਠੀ ਰਹਿਨੀ ਹਾਂ। ਸੋਚਦੀ ਹਾਂ, ਤੁਹਾਡਾ ਹੀ ਕੋਈ ਕੰਮ ਸਵਾਰ ਦੇਵਾਂ। ਮੇਰੀ ਵੀ ਦੁਪਹਿਰ ਲੰਘ ਜਾਵੇਗੀ ਪਰ ਜੇ ਤੁਹਾਨੂੰ ਬੁਰਾ ਲੱਗਦਾ ਹੈ, ਮਨ ਵਿਚ ਸ਼ੱਕ ਆਉਂਦਾ ਹੈ ਤਾਂ ਮੈਂ ਹੁਣੇ ਚਲੀ ਜਾਂਦੀ ਹਾਂ।" ਬੋਲਦਿਆਂ-ਬੋਲਦਿਆਂ ਉਠਦੀ ਨਜਮਾ ਰੋਣਹਾਕੀ ਹੋ ਗਈ ਹੈ।

ਤੇ ਸਿਮਰਨ ਭਾਟੀਆ ਨਾਇਰ ਪਾਣੀ-ਪਾਣੀ।

***ਜਾਨਵਰ ਕੋਲੋਂ ਵੀ ਵਫ਼ਾਦਾਰੀ ਦੀ ਉਮੀਦ ਰੱਖਣੀ ਹੋਵੇ ਤਾਂ ਉਸ ਨੂੰ ਪਿਆਰਨਾ-ਪੁਚਕਾਰਨਾ ਪੈਂਦਾ ਹੈ, ਤੇ ਨੌਕਰ ਤਾਂ ਸਾਡੇ ਤੁਹਾਡੇ ਵਾਂਗ ਸੱਧਰਾਂ-ਉਮੰਗਾਂ ਵਾਲੇ ਹਨ, ਹੱਡ ਮਾਸ ਦੇ ਪੁਤਲੇ। ਤੁਹਾਡੀ ਇੱਜ਼ਤ ਉਹ ਤਾਂ ਹੀ ਕਰਨਗੇ ਜੇਕਰ ਤੁਸੀਂ ਵੀ ਉਨ੍ਹਾਂ ਨਾਲ ਠੀਕ ਤਰ੍ਹਾਂ ਪੇਸ਼ ਆਉਗੇ। ਦਰਅਸਲ ਕਸੂਰ ਨੌਕਰਾਂ ਦਾ ਨਹੀਂ, ਮਾਲਕਾਂ ਦਾ ਹੁੰਦਾ ਹੈ।***

## ਹਕੀਕਤ

ਉਹ ਹਕੀਕਤ ਸੀ ਜਾਂ ਸੀ ਮਿੱਠਾ ਖਾਬ ਕੋਈ।
ਪਹਿਲੀ ਆਪਣੀ ਦੋਹਾਂ ਦੀ ਮੁਲਕਾਤ ਹੋਈ।
ਉਹ ਹਕੀਕਤ ਸੀ...

ਕਿੰਨਾ ਦਿਨ ਸੀ ਸੋਹਣਾ, ਕਿੰਨੀ ਮਿੱਠੀ ਪੌਣ ਸੀ।
ਖੌਰੇ ਪੌਣਾਂ 'ਚ ਇਤਰ, ਡੋਲ ਗਿਆ ਕੌਣ ਸੀ।
ਲੈ ਕੇ ਕਲੀਆਂ ਤੋਂ ਜਿਵੇਂ ਬੇ-ਹਿਸਾਬ ਕੋਈ...
ਉਹ ਹਕੀਕਤ ਸੀ...

ਤੇਰੇ ਚਿਹਰੇ 'ਤੇ ਵੱਖਰਾ ਸੀ ਨੂਰ ਕੋਈ।
ਤਾਜ਼ਾ ਅਰਸ਼ਾਂ ਤੋਂ ਉਤਰੀ, ਜਿਉਂ ਹੂਰ ਕੋਈ।
ਜਿਵੇਂ ਬਾਗਾਂ 'ਚ ਖਿੜਿਆ ਗੁਲਾਬ ਕੋਈ...
ਉਹ ਹਕੀਕਤ ਸੀ...

ਨੈਣ ਤੱਕਿਆ ਨੈਣਾਂ ਨੂੰ ਜਦੋਂ ਜੀਅ ਭਰਕੇ।
ਦਿਲ ਬੋਲਦੇ ਰਹੇ, ਨਾ ਭੋਰਾ ਬੁੱਲ੍ਹ ਫਰਕੇ।
ਮੁੱਖ ਸੰਗਾਂ 'ਚ ਧੋਤਾ ਸੀ ਲਾਜਵਾਬ ਕੋਈ...
ਉਹ ਹਕੀਕਤ ਸੀ...

ਸੂਹੇ ਸਾਲੂ ਦੀ ਆਈ ਜਾਂ ਬੁੱਕਲ ਮਾਰ ਕੇ।
ਮੇਰੀ ਅੰਮੀ ਨੇ ਪੀਤਾ, ਪਾਣੀ ਸਿਰੋਂ ਵਾਰ ਕੇ।
ਇੰਦਰਜੀਤ ਸੀ ਥਰੀਕੇ, ਜਿਉਂ ਨਵਾਬ ਕੋਈ...
ਉਹ ਹਕੀਕਤ ਸੀ...

ਉਹ ਹਕੀਕਤ ਸੀ ਜਾਂ ਸੀ ਮਿੱਠਾ ਖਾਬ ਕੋਈ।
ਪਹਿਲੀ ਆਪਣੀ ਦੋਹਾਂ ਦੀ ਮੁਲਕਾਤ ਹੋਈ।

*-ਇੰਦਰਜੀਤ ਸਿੰਘ ਗਰੇਵਾਲ*
*ਥਰੀਕਿਆਂ ਵਾਲਾ*
*ਫੋਨ: 916-276-8231*

# ਦੇਵ ਆਨੰਦ ਦਾ ਜਵਾਬ ਨਹੀਂ !



ਲਾਹੌਰ ਤੋਂ ਮੁੰਬਈ ਤਕ ਦਾ ਸਫਲ ਸਫਰ ਤੈਅ ਕਰਨ ਵਾਲੇ ਪੂਰੀ ਤਰ੍ਹਾਂ ਪ੍ਰੋਫੈਸ਼ਨਲ ਅਦਾਕਾਰ ਦੇਵ ਆਨੰਦ ਦੀ ਇਸ ਉਮਰ 'ਚ ਸਰਗਰਮੀ ਚੰਗਿਆਂ-ਚੰਗਿਆਂ ਨੂੰ ਹੈਰਾਨ ਕਰ ਦਿੰਦੀ ਹੈ। ਪੁਰਾਣੀ ਪੀੜ੍ਹੀ ਤੋਂ ਨਵੀਂ ਪੀੜ੍ਹੀ ਨਾਲ ਤਾਲ ਨਾਲ ਤਾਲ ਮਿਲਾ ਕੇ ਆਪਣੇ ਸੁਪਨਿਆਂ ਨੂੰ ਪਰਦੇ 'ਤੇ ਉਤਾਰਨ ਲਈ ਉਨ੍ਹਾਂ ਦੀ ਪ੍ਰਤੀਬੱਧਤਾ ਕਾਬਿਲ-ਏ-ਤਾਰੀਫ ਹੈ। ਦੇਵ ਆਨੰਦ ਦੀਆਂ ਫ਼ਿਲਮਾਂ ਸਚਾਈ ਤੋਂ ਦੂਰ ਵੀ ਹਨ ਤੇ ਸਚਾਈ ਦਾ ਸ਼ੀਸ਼ਾ ਵੀ ਹਨ। ਇਨ੍ਹਾਂ ਫ਼ਿਲਮਾਂ ਨੇ ਫ਼ਿਲਮ 'ਚ ਨਵੇਂ ਤੇ ਵੰਨ-ਸੁਵੰਨੇ ਲਿਬਾਸ ਪਹਿਨਣ ਦੀ ਸ਼ੈਲੀ ਈਜਾਦ ਕਰਕੇ ਫ਼ਿਲਮੀ ਇਤਿਹਾਸ 'ਚ ਇਕ ਹੋਰ ਪੰਨਾ ਜੋੜਿਆ ਹੈ। ਦੇਵ ਆਨੰਦ ਦੀ ਰੋਮਾਂਟਿਕ ਤੇ ਖਾਸ ਅਦਾਕਾਰੀ ਕਾਰਨ ਉਨ੍ਹਾਂ ਦੀਆਂ ਫ਼ਿਲਮਾਂ ਦਰਸ਼ਕਾਂ ਵਿਚਾਲੇ ਲੋਕਪ੍ਰਿਯਤਾ ਦੀ ਸਿਖਰ ਨੂੰ ਛੂੰਹਦੀਆਂ ਨਜ਼ਰ ਆਈਆਂ ਤੇ ਉਨ੍ਹਾਂ ਨੂੰ ਫ਼ਿਲਮ ਨਗਰੀ ਦੇ ਅੰਦਰ ਤੇ ਬਾਹਰ ਦਮਦਾਰ ਅਦਾਕਾਰ ਦੇ ਰੂਪ 'ਚ ਸਵੀਕਾਰ ਕਰਨ 'ਚ ਕੋਈ ਕੁਤਾਹੀ ਨਹੀਂ ਵਰਤੀ ਗਈ।

ਹਿੰਦੀ ਫ਼ਿਲਮਾਂ ਦੇ ਇਤਿਹਾਸ 'ਚ ਆਨੰਦ ਭਰਾਵਾਂ ਦਾ ਇਹ ਇਕ ਵੱਖਰਾ ਅਧਿਆਏ ਹੈ। ਦੇਵ ਆਨੰਦ ਦੀਆਂ ਦਸ ਸਰਵੋਤਮ ਫ਼ਿਲਮਾਂ 'ਚ 'ਆਂਧੀਆਂ', 'ਜਾਲ', 'ਪਤਿਤਾ', 'ਟੈਕਸੀ ਡਰਾਈਵਰ', 'ਮੁਨੀਮ ਜੀ', 'ਦੁਸ਼ਮਨ', 'ਪੇਇੰਗ ਗੈਸਟ', 'ਸੋਲ੍ਹਵਾਂ ਸਾਲ', 'ਬੰਬਈ ਕਾ ਬਾਬੂ', 'ਤੇਰੇ ਘਰ ਕੇ ਸਾਮਨੇ', 'ਗਾਈਡ', 'ਫੰਟੂਸ਼', 'ਤੀਨ ਦੇਵੀਆਂ', 'ਜਵੈਲ ਥੀਫ', 'ਹਰੇ ਰਾਮਾ ਹਰੇ ਕ੍ਰਿਸ਼ਨਾ', 'ਜਾਨੀ ਮੇਰਾ ਨਾਮ', 'ਪ੍ਰੇਮ ਪੁਜਾਰੀ' ਨਾਲ ਦੇਵ ਦੀ ਵੱਖਰੀ ਤਸਵੀਰ ਉੱਭਰ ਕੇ ਸਾਹਮਣੇ ਆਉਂਦੀ ਹੈ। ਉਨ੍ਹਾਂ ਦੀ ਅਦਾਕਾਰੀ 'ਚ ਜ਼ਿੰਦਗੀ ਦੀ ਸਾਰੀ ਖੂਬਸੂਰਤੀ, ਆਨੰਦ ਤੇ ਮਾਣ ਦੇ ਫਲਸਫੇ ਦਾ ਸਟਾਈਲ ਉਨ੍ਹਾਂ ਨੂੰ ਆਪਣੇ ਵੱਖਰੇ ਮੁਕਾਮ 'ਤੇ ਲਿਜਾਂਦਾ ਹੈ। ,ਆਰ.ਕੇ. ਨਾਰਾਇਣ ਦੇ ਨਾਵਲ 'ਤੇ ਅਧਾਰਿਤ ਫ਼ਿਲਮ 'ਗਾਈਡ' ਆਲ ਟਾਈਮ ਗ੍ਰੇਟ ਸ਼੍ਰੇਣੀ ਦੀ ਫ਼ਿਲਮ ਹੈ। ਦੇਵ ਆਨੰਦ ਨੇ ਵਹੀਦਾ ਰਹਿਮਾਨ ਨਾਲ ਇਸ ਫ਼ਿਲਮ 'ਚ ਇੰਨੀ ਵਧੀਆ ਅਦਾਕਾਰੀ ਕੀਤੀ ਕਿ ਉਨ੍ਹਾਂ ਦੀਆਂ ਸਾਰੀਆਂ ਫ਼ਿਲਮਾਂ ਨੂੰ ਵੀ ਛੱਡ ਦਿੱਤਾ ਜਾਏ ਤਾਂ ਵੀ ਇਕੱਲੀ ਇਹੀ ਫ਼ਿਲਮ ਦੇਵ ਆਨੰਦ ਨੂੰ ਵਿਸ਼ਵ ਪੱਧਰ ਦਾ ਅਦਾਕਾਰ ਸਿੱਧ ਕਰਨ ਲਈ ਕਾਫੀ ਹੈ। ਸਾਲ 2003 'ਚ ਦਾਦਾ ਸਾਹਿਬ ਫਾਲਕੇ ਐਵਾਰਡ ਨਾਲ ਸਨਮਾਨਿਤ ਹੋਣ ਪਿੱਛੋਂ ਦੇਵ ਆਨੰਦ ਅਰਾਮ ਕਰਨ ਦੀ ਥਾਂ ਫ਼ਿਲਮਾਂ ਦੇ ਨਵੇਂ ਫਲਸਫੇ ਬਣਾਉਣ 'ਚ ਹੋਰ ਵੀ ਵਧੇਰੇ ਊਰਜਾ ਨਾਲ ਜੁਟੇ ਹਨ। ਲਗਾਤਾਰ ਇਕ ਤੋਂ ਬਾਅਦ ਇਕ ਫ਼ਿਲਮਾਂ ਦੀ ਅਸਫਲਤਾ ਦੇ ਬਾਵਜੂਦ ਅਗਾਂਹ ਵਧਣ ਦਾ ਨਾਂ ਹੀ ਦੇਵ ਹੈ। ਉਹ ਕਹਿੰਦੇ ਹੈ ਕਿ ਉਹ ਫ਼ਿਲਮਾਂ ਤੋਂ ਵੱਖ ਹੋ ਹੀ ਨਹੀਂ ਸਕਦਾ। ਨਵੇਂ ਲੋਕਾਂ ਨੂੰ ਮੌਕਾ ਦੇਣਾ ਹੀ ਟੀਚਾ ਹੈ। ਉਸ ਨੇ ਹਮੇਸ਼ਾ ਨਵੇਂ ਲੋਕਾਂ ਨੂੰ ਅਗਾਂਹ ਲਿਆਉਣ ਦਾ ਉਪਰਾਲਾ ਕੀਤਾ। ਆਪਣੇ ਪ੍ਰੋਡਕਸ਼ਨ ਹਾਊਸ 'ਨਵਕੇਤਨ' ਦੀ ਸਥਾਪਨਾ ਪਿੱਛੋਂ ਦੂਜੀ ਹੀ ਫ਼ਿਲਮ 'ਬਾਜ਼ੀ' ਦਾ ਨਿਰਦੇਸ਼ਨ ਨੌਜਵਾਨ ਗੁਰੂਦੱਤ ਨੂੰ ਸੌਂਪ ਕੇ ਉਨ੍ਹਾਂ ਨੇ ਜੋ ਸਫਲਤਾ ਹਾਸਲ ਕੀਤੀ ਸੀ, ਉਸ ਨੇ ਉਨ੍ਹਾਂ ਦਾ ਵਿਸ਼ਵਾਸ ਪੱਕਾ ਕਰ ਦਿੱਤਾ ਸੀ ਕਿ ਫ਼ਿਲਮ ਨਿਰਮਾਣ 'ਚ ਨਵੀਨਤਾ ਹੀ ਸਫਲਤਾ ਦਾ ਮੰਤਰ ਹੈ, ਭਾਵੇਂ ਉਹ ਵਿਚਾਰ ਹੋਣ ਜਾਂ ਲੋਕ। 'ਬਾਜ਼ੀ' ਪਿੱਛੋਂ ਨਵਕੇਤਨ 'ਚ ਲੋਕ ਆਉਂਦੇ ਗਏ ਤੇ ਕੰਮ ਸਿੱਖ-ਸਿੱਖ ਕੇ ਅਗਾਂਹ ਵਧਦੇ ਗਏ। ਉਹ ਅੱਜ ਦੇ ਹਿੱਟ ਨਿਰਦੇਸ਼ਕ ਕਰਨ ਜੌਹਰ ਦਾ ਪਿਤਾ ਨਿਰਦੇਸ਼ਕ ਯਸ਼ ਜੌਹਰ ਹੋਵੇ ਜਾਂ ਪ੍ਰਤਿਭਾਸ਼ਾਲੀ ਨਿਰਦੇਸ਼ਕ ਰਾਜ ਖੋਸਲਾ, ਸੰਗੀਤਕਾਰ ਐਸ.ਡੀ. ਬਰਮਨ ਹੋਵੇ ਜਾਂ ਰਾਜੇਸ਼ ਰੋਸ਼ਨ, ਗੀਤਕਾਰ ਸਾਹਿਰ ਹੋਵੇ ਜਾਂ ਸ਼ੈਲੇਂਦਰ, ਅਦਾਕਾਰਾ ਜ਼ੀਨਤ ਅਮਾਨ ਹੋਵੇ ਜਾਂ ਟੀਨਾ ਮੁਨੀਮ, ਅਮਿਤ ਖੰਨਾ ਹੋਵੇ ਜਾਂ ਸ਼ੇਖਰ ਕਪੂਰ, ਇਕ ਤੋਂ ਵਧ ਕੇ ਇਕ ਪ੍ਰਤਿਭਾਸ਼ਾਲੀ ਲੋਕ 'ਨਵਕੇਤਨ' ਨਾਲ ਜੁੜਦੇ ਗਏ।

ਦੇਵ ਆਨੰਦ ਦੇ ਕੰਮ ਕਰਨ ਦੇ ਤਰੀਕੇ ਦੇ ਮੁਰੀਦ ਹੋ ਕੇ ਆਪੋ-ਆਪਣੀ ਖਾਸ ਪਛਾਣ ਬਣਾਉਂਦੇ ਗਏ। ਫ਼ਿਲਮ ਨਗਰੀ ਲਈ ਦੇਵ ਆਨੰਦ ਤੇ ਉਨ੍ਹਾਂ ਦੇ ਪ੍ਰੋਡਕਸ਼ਨ ਹਾਊਸ ਨੇ ਇਕ 'ਫ਼ਿਲਮ ਇੰਸਟੀਚਿਊਟ' ਦੀ ਭੂਮਿਕਾ ਨਿਭਾਈ ਹੈ ਤੇ ਦੇਵ ਸਾਹਿਬ ਦਾ ਲੋਕਾਂ ਨੂੰ ਕੁਝ ਸਿਖਾਉਣ ਤੇ ਦੇਣ ਦਾ ਇਹ ਜਜ਼ਬਾ ਹੀ ਉਨ੍ਹਾਂ ਨੂੰ ਅਗਾਂਹ ਦੀ ਅਗਾਂਹ ਚਲਦੇ ਜਾਣ ਦਾ ਹੌਸਲਾ ਦਿੰਦਾ ਹੈ। 'ਦੇਸ਼-ਪ੍ਰਦੇਸ਼' ਤੋਂ ਬਾਅਦ ਤੋਂ ਦੇਵ ਆਨੰਦ ਨੇ ਨਵਕੇਤਨ ਦੇ ਬੈਨਰ ਹੇਠ ਦਰਜਨ ਫ਼ਿਲਮਾਂ ਹੋਰ ਬਣਾਈਆਂ ਪਰ ਕੋਈ ਵੀ ਕਮਰਸ਼ੀਅਲ ਹਿੱਟ ਨਹੀਂ ਹੋਈ। ਦੇਵ ਸਾਹਿਬ ਦੀ ਨਜ਼ਰ 'ਚ ਉਨ੍ਹਾਂ ਦੀ ਕੋਈ ਵੀ ਫ਼ਿਲਮ ਫਲਾਪ ਨਹੀਂ ਹੈ। ਉਹ ਕਹਿੰਦੇ ਹਨ ਕਿ ਉਸ ਲਈ ਹਰ ਫ਼ਿਲਮ ਹਿੱਟ ਹੈ।

ਮੈਨੂੰ ਚੇਤੇ ਹੈ ਸ਼ੁਰੂਆਤ 'ਚ 'ਗਾਈਡ' ਵੀ ਵਿਕ ਨਹੀਂ ਰਹੀ ਸੀ। ਲੋਕਾਂ ਦਾ ਕਹਿਣਾ ਸੀ ਕਿ ਰੋਮਾਂਟਿਕ ਇਮੇਜ ਦੇ ਦੇਵ ਨੂੰ ਇਸ 'ਚ ਇਕ ਸਾਧੂ ਬਣਾ ਦਿੱਤਾ ਹੈ ਤੇ ਪਿੱਛੋਂ ਮਾਰ ਵੀ ਦਿੱਤਾ ਹੈ। ਫ਼ਿਲਮ ਕਿਵੇਂ ਚੱਲੇਗੀ? ਪਰ ਅੱਜ ਉਹੀ 'ਗਾਈਡ' ਮੀਲ ਪੱਥਰ ਮੰਨੀ ਜਾਂਦੀ ਹੈ। 'ਨਵਕੇਤਨ' ਨਾਲ ਜੁੜੇ ਹੋਏ ਲੋਕ ਦੱਸਦੇ ਹਨ ਕਿ ਦੇਵ ਸਾਹਿਬ ਨੂੰ ਘੱਟ ਖਰਚੇ ਨਾਲ ਫ਼ਿਲਮਾਂ ਬਣਾਉਣੀਆਂ ਆਉਂਦੀਆਂ ਹਨ ਪਰ ਕੁਝ ਆਲੋਚਕਾਂ ਦਾ ਇਹ ਵੀ ਕਹਿਣਾ ਹੈ ਕਿ ਦੇਵ ਸਾਹਿਬ ਨਵੇਂ-ਨਵੇਂ ਮੁੰਡੇ-ਕੁੜੀਆਂ ਨੂੰ ਲਾਂਚ ਕਰਦੇ ਹਨ ਜਿਨ੍ਹਾਂ ਲਈ 'ਨਵਕੇਤਨ' 'ਚ ਬ੍ਰੇਕ ਮਿਲਣੀ ਹੀ ਬੜੀ ਵੱਡੀ ਗੱਲ ਹੁੰਦੀ ਹੈ। ਨਵਕੇਤਨ ਨੇ ਰੋਮਾਂਟਿਕ ਫ਼ਿਲਮਾਂ ਦੇ ਨਾਲ-ਨਾਲ ਫਿਲਮੀ ਸੰਗੀਤ ਨੂੰ ਨਵਾਂ ਰੂਪ ਦਿੱਤਾ ਹੈ।





## ਰਾਣੀ ਮੁਖਰਜੀ ਬਣੇਗੀ ਨਿਰਮਾਤਾ

'ਰਾਜਾ ਕੀ ਆਏਗੀ ਬਾਰਾਤ' ਫ਼ਿਲਮ ਨਾਲ ਕੈਰੀਅਰ ਸ਼ੁਰੂ ਕਰਨ ਵਾਲੀ ਰਾਣੀ ਮੁਖਰਜੀ ਪਹਿਲੀ ਫ਼ਿਲਮ ਤੋਂ ਹੀ ਅਭਿਨੈ ਦੀ ਰਾਣੀ ਕਹਾਉਣ ਲੱਗੀ ਸੀ।

ਹਾਲਾਂਕਿ ਉਸ ਦੀ ਖਰਖਰੀ ਆਵਾਜ਼ 'ਤੇ ਪਹਿਲਾਂ ਕਾਫ਼ੀ ਉਂਗਲੀ ਉਠੀ ਪਰ ਉਸ ਦੇ ਵਧੀਆ ਕੀਤੇ ਜਾ ਰਹੇ ਅਭਿਨੈ ਨੇ ਇਹ ਖਰਖਰੀ ਆਵਾਜ਼ ਹੀ ਦਰਸ਼ਕਾਂ ਦੀ ਪਸੰਦ ਬਣਾ ਦਿੱਤੀ। ਰਾਣੀ ਮੁਖਰਜੀ ਦੀਆਂ ਢੇਰ ਸਾਰੀਆਂ ਫ਼ਿਲਮਾਂ ਹਿੱਟ ਰਹੀਆਂ ਹਨ ਪਰ ਅੱਜਕਲ੍ਹ ਉਸ ਦੇ ਕੈਰੀਅਰ ਦਾ ਬਹੁਤ ਵੱਡਾ ਇਮਤਿਹਾਨ ਚਲ ਰਿਹਾ ਹੈ।

'ਨੋ ਵਨ ਕਿਲਡ ਜੈਸਿਕਾ' ਕਾਫ਼ੀ ਦੇਰ ਬਾਅਦ ਫ਼ਿਲਮ ਆਈ ਪਰ ਇਸ ਫ਼ਿਲਮ ਦੀ ਰਿਲੀਜ਼ ਨੇ ਵੀ ਰਾਣੀ ਦੇ ਫ਼ਿਲਮੀ ਕੈਰੀਅਰ 'ਤੇ ਸਵਾਲੀਆ ਨਿਸ਼ਾਨ ਲਾ ਦਿੱਤਾ ਪਰ ਰਾਣੀ ਨੇ ਹੌਸਲਾ ਨਹੀਂ ਹਾਰਿਆ ਕਿਉਂਕਿ ਉਸ ਨੂੰ ਯਸ਼ ਚੋਪੜਾ ਦੇ ਬੇਟੇ ਅਦਿੱਤਿਆ ਚੋਪੜਾ ਦਾ ਬੜਾ ਚੰਗਾ ਸਾਥ ਮਿਲਦਾ ਆ ਰਿਹਾ ਹੈ। ਸੰਘਰਸ਼ ਦੀ ਨਗਰੀ ਮੁੰਬਈ 'ਚ ਵੱਡੇ-ਵੱਡੇ ਕਲਾਕਾਰ ਘਬਰਾ ਜਾਂਦੇ ਹਨ ਪਰ ਰਾਣੀ ਨੇ ਦਿਲ ਨਹੀਂ ਛੱਡਿਆ।

ਰਾਣੀ ਮੁਖਰਜੀ ਨੇ ਬੀਤੇ ਦਿਨੀਂ ਆਮਿਰ ਖਾਨ ਨਾਲ ਫ਼ਿਲਮ ਸਾਈਨ ਕੀਤੀ ਹੈ ਜਿਸ ਦੀ ਸ਼ੂਟਿੰਗ ਸ਼ੁਰੂ ਹੋਣ ਵਾਲੀ ਹੈ।

ਐਕਮਲ ਇੰਟਰਟੇਨਮੈਂਟ, ਨਿਰਦੇਸ਼ਕ ਰੀਮਾ ਕਾਗਰੀ ਦੀਆਂ ਫ਼ਿਲਮਾਂ ਵੀ ਕਰ ਰਹੀ ਹੈ। ਨਿਰਦੇਸ਼ਕ ਰਾਜ ਕੁਮਾਰ ਗੁਪਤਾ ਦੀ ਫ਼ਿਲਮ 'ਰੋਪਚਿਕ ਰੋਮਾਂਸ' ਵੀ ਰਾਣੀ ਕਰ ਰਹੀ ਹੈ। ਕਰੀਨਾ ਕਪੂਰ, ਅਕਸ਼ੈ ਕੁਮਾਰ ਤੇ ਸਲਮਾਨ ਖਾਨ ਨਾਲ ਟੀ. ਸੀਰੀਜ਼, ਟਿਪਸ ਦੀਆਂ ਫ਼ਿਲਮਾਂ ਹਨ ਜਿਨ੍ਹਾਂ ਬਾਰੇ ਬੜੀ ਜਲਦੀ ਦੱਸਿਆ ਜਾਵੇਗਾ ਕਿ ਇਨ੍ਹਾਂ ਫ਼ਿਲਮਾਂ ਦੇ ਨਿਰਦੇਸ਼ਕ ਕਿਹੜੇ-ਕਿਹੜੇ ਹਨ। ਰਾਣੀ ਮੁਖਰਜੀ ਕੋਲ ਛੋਟੇ ਪਰਦੇ ਦਾ ਇਕ ਵੱਡਾ ਸ਼ੋਅ ਵੀ ਆ ਰਿਹਾ ਹੈ ਜੋ ਅਮਰੀਕਾ ਦੇ ਹਿੱਟ ਸ਼ੋਅ ਦਾ ਹਿੰਦੀ ਰੂਪ ਹੈ।

ਵੈਸੇ ਰਾਣੀ ਮੁਖਰਜੀ ਆਪਣੇ ਭਰਾ ਰਾਜਾ ਮੁਖਰਜੀ ਦੇ ਕਈ ਸੀਰੀਅਲਾਂ 'ਚ ਕਾਫ਼ੀ ਮਦਦ ਵੀ ਕਰ ਰਹੀ ਹੈ। ਫ਼ਿਲਮ ਨਿਰਮਾਣ ਕਰਨਾ ਰਾਣੀ ਦਾ ਅਗਲਾ ਕਦਮ ਹੈ।

## ਕਰੀਨਾ ਦੀ ਮਸਤ ਚਾਲ

ਫਿਲਮਾਂ ਚੱਲਣ ਜਾਂ ਉੱਡਣ ਕਪੂਰ ਖਾਨਦਾਨ ਦੀ ਲਾਡਲੀ ਬੇਬੋ ਨੂੰ ਕੋਈ ਫਰਕ ਨਹੀਂ ਪੈਂਦਾ ਕਿਉਂਕਿ ਉਸ ਦੀ ਹਰਮਨ ਪਿਆਰਤਾ ਬਰਕਰਾਰ ਹੈ। ਬਾਲੀਵੁੱਡ 'ਚ ਮਜ਼ਬੂਤ ਟਿਕਾਣਾ ਬੇਬੋ ਬਣਾ ਚੁੱਕੀ ਹੈ। ਵੈਸੇ ਕਰੀਨਾ ਕਪੂਰ ਇਕ ਅਣਬੁੱਝੀ ਬੁਝਾਰਤ ਹੈ ਜਿਸ ਨੂੰ ਹੱਲ ਕਰਨ ਲਈ ਕਾਫੀ ਸਿਰ ਖਪਾਉਣਾ ਪਵੇਗਾ। ਇਸ ਦੇ ਬਾਵਜੂਦ ਦਰਸ਼ਕ ਕਰੀਨਾ ਨੂੰ ਪਿਆਰ ਕਰਦੇ ਹਨ। 'ਸ਼ਾਰਟ ਟਰਮ ਸ਼ਾਦੀ' ਇਹ ਹੈ ਕਿ ਕਰੀਨਾ ਦੀ ਨਵੀਂ ਫਿਲਮ ਜਿਸ 'ਤੇ ਉਹ ਪੂਰਾ ਜ਼ੋਰ ਲਾ ਰਹੀ ਹੈ। ਕਰੀਨਾ ਮਨ ਚਾਹੇ ਪੈਸੇ ਪ੍ਰਾਪਤ ਕਰ ਰਹੀ ਹੈ। ਉਸ ਨੂੰ ਨਹੀਂ ਪਤਾ ਕਿ ਉਸ ਦੀਆਂ ਹਾਨਣਾਂ ਇਸ ਸਮੇਂ ਕਿਸ ਕੀਮਤ 'ਤੇ ਕੰਮ ਕਰ ਰਹੀਆਂ ਹਨ? ਸਭ ਕੁਝ ਛੱਡ ਕੇ ਜ਼ਬਰਦਸਤ ਮਿਹਨਤ ਤੇ ਇਮਾਨਦਾਰੀ ਦਾ ਪੱਲਾ ਉਸ ਫੜਿਆ ਹੈ। ਸ਼ਕੁਨ ਬੱਤਰਾ ਕਰੀਨਾ ਨੂੰ 'ਸ਼ਾਰਟ ਟਰਮ ਸ਼ਾਦੀ' ਦਾ ਵਿਕਾਊ ਪਹਿਲੂ ਮੰਨ ਕੇ ਚੱਲ ਰਿਹਾ ਹੈ।



## ਸੋਨਮ ਤੇ ਭੰਸਾਲੀ ਵਿਚਾਲੇ ਖੜਕੀ



ਨਿਰਮਾਤਾ-ਨਿਰਦੇਸ਼ਕ ਸੰਜੇ ਲੀਲਾ ਭੰਸਾਲੀ ਨੇ ਕਰਨ ਜੌਹਰ ਤੇ ਸੋਨਮ ਕਪੂਰ ਖ਼ਿਲਾਫ਼ ਮੋਰਚਾ ਖੋਲ੍ਹ ਦਿੱਤਾ ਹੈ। ਅਸਲ 'ਚ ਭੰਸਾਲੀ ਕਰਨ ਦੇ ਸ਼ੋਅ 'ਕੌਫੀ ਵਿਦ ਕਰਨ' 'ਚ ਸੋਨਮ ਵੱਲੋਂ ਭੰਸਾਲੀ ਦੀ ਬੇਇੱਜ਼ਤੀ ਕੀਤੇ ਜਾਣ ਕਾਰਨ ਕਾਫੀ ਦੁਖੀ ਹੈ। 'ਕੌਫੀ ਵਿਦ ਕਰਨ' ਦੀ ਇਕ ਕਿਸ਼ਤ 'ਚ ਸਵਾਲ-ਜਵਾਬ ਦੌਰਾਨ ਕਰਨ ਜੌਹਰ ਨੇ ਸੋਨਮ ਤੋਂ ਪੁੱਛਿਆ ਕਿ ਜੇਕਰ ਤੁਸੀਂ ਇਕ ਸਵੇਰ ਸੌਂਅ ਕੇ ਉਠੋ ਤੇ ਤੁਸੀਂ ਸੰਜੇ ਲੀਲਾ ਭੰਸਾਲੀ ਬਣ ਜਾਓ ਤਾਂ ਸਭ ਤੋਂ ਪਹਿਲਾ ਕੰਮ ਕਿਹੜਾ ਕਰੋਗੇ? ਇਸ ਦੇ ਜਵਾਬ 'ਚ ਸੋਨਮ ਨੇ ਕਿਹਾ ਕਿ ਮੈਂ ਆਪਣੀ ਜ਼ਿੰਦਗੀ 'ਚੋਂ 'ਬਲੈਕ' ਤੇ 'ਬਲਿਊ' ਰੰਗ ਹਟਾਉਣੇ ਚਾਹਾਂਗੀ। ਯਾਦ ਰਹੇ ਕਿ ਸੰਜੇ ਲੀਲਾ ਭੰਸਾਲੀ ਦੀ 'ਬਲੈਕ' ਤੇ 'ਸਾਂਵਰੀਆ' ਦੋਹਾਂ ਫਿਲਮਾਂ ਨੂੰ ਬਾਕਸ ਆਫਿਸ 'ਤੇ ਕੋਈ ਸਫਲਤਾ ਨਹੀਂ ਮਿਲੀ ਸੀ। ਅਜਿਹੇ 'ਚ ਜਦੋਂ ਸੋਨਮ ਨੇ ਭੰਸਾਲੀ ਦੀਆਂ ਫਿਲਮਾਂ ਦਾ ਮਜ਼ਾਕ ਉਡਾਇਆ ਤਾਂ ਉਹ ਦੁਖੀ ਹੋ ਗਏ। ਇਕ ਇੰਟਵਿਊ 'ਚ ਭੰਸਾਲੀ ਨੇ ਆਪਣੇ ਦਿਲ ਦੀ ਭੜਾਸ ਕੱਢੀ। ਉਸ ਨੇ ਸੋਨਮ ਤੇ ਕਰਨ ਨੂੰ ਖੂਬ ਤਾੜਿਆ। ਭੰਸਾਲੀ ਨੇ ਕਿਹਾ, "ਮੈਨੂੰ ਨਹੀਂ ਲੱਗਦੈ ਮੇਰੇ ਤੋਂ ਇਲਾਵਾ ਭਾਰਤ ਦਾ ਕੋਈ ਹੋਰ ਫਿਲਮਕਾਰ ਆਪਣੀਆਂ ਫਿਲਮਾਂ 'ਚ ਰੰਗਾਂ ਦੀ ਵਰਤੋਂ ਕਰਦਾ ਹੈ। 'ਸਾਂਵਰੀਆ' ਕਲਾ ਦਾ ਇਕ ਸ਼ਾਨਦਾਰ ਨਮੂਨਾ ਹੈ ਤੇ ਜੇਕਰ ਕਰਨ ਨੂੰ ਇਹ ਸਮਝ ਨਹੀਂ ਆਉਂਦਾ ਤਾਂ ਇਹ ਉਸ ਦੀ ਪ੍ਰੇਸ਼ਾਨੀ ਹੈ। ਮੈਂ ਇਸ 'ਚ ਕੁਝ ਨਹੀਂ ਕਰ ਸਕਦਾ। ਜੇਕਰ ਉਸ ਨੂੰ 'ਸਾਂਵਰੀਆ' ਇਕ ਬਲਿਊ ਫਿਲਮ ਲੱਗਦੀ ਹੈ ਤਾਂ ਇਹ ਉਸ ਦਾ ਬਚਪਨਾ ਹੈ। ਕਰਨ ਤੋਂ ਬਾਅਦ ਭੰਸਾਲੀ ਨੇ ਸੋਨਮ 'ਤੇ ਨਿਸ਼ਾਨਾ ਸਾਧਦਿਆਂ ਕਿਹਾ ਕਿ ਪਤਾ ਨਹੀਂ ਸੋਨਮ ਨੇ ਇਸ ਸਵਾਲ ਦਾ ਜਵਾਬ ਕਿਉਂ ਦਿੱਤਾ। ਉਸ ਨੂੰ ਇਹ ਸਮਝਣਾ ਚਾਹੀਦਾ ਹੈ ਕਿ ਉਹ ਉਸ ਇਨਸਾਨ ਬਾਰੇ ਗੱਲ ਕਰ ਰਹੀ ਹੈ ਜਿਸ ਨੇ ਉਸ ਨੂੰ ਅੱਜ ਇਸ ਮੁਕਾਮ 'ਤੇ ਪਹੁੰਚਾਇਆ ਹੈ।


PUNJABI AMERICAN HERITAGE SOCIETY (PAHS) YUBA CITY PRESENTS...
17th Annual
Punjabi American
FESTIVAL ਮੇਲਾ
RDB
rhythm dhol bass
NINDY KAUR
SIKH FILM FESTIVAL - YUBA CITY
SUNDAY MAY 29TH, 2011
featuring the following movies, and join us to talk to the film makers..
AAO JI (Music Video)
By King Gurcharan Mall
THE REUNION
By Angad Bhai
WAGAH
By Supriyo Sen
RIDING THE TIGER
By Michael Singh
THE PRISONER'S SONG
By Michael Singh
The Sikh Arts & Film Festival
Sikhlens.com & PAHS
KAMAL
Winner of SAREGAMAPA
NINDY KAUR
MANJ
MAY 29th 2011 • 11AM TO 8PM
PTC PUNJABI
Yuba Sutter Fairgrounds
442 Franklin Ave, Yuba City, CA 95991
OVER 50 BOOTHS
Featuring: Arts & Crafts, Traditional Clothing, Children's Games, Punjabi Cuisine, Mehndi Jewelry, Henna Tatoos and More!
MR. & MISS PUNJABI TALENT CONTEST
Competition will be aired on PTC Punjabi & Crossing TV throughout North America.
Top North American Bhangra & Giddha Teams
Documentaries, Ethnic Dancers, comedy skits and much more...
Tickets: General Admission & VIP $100 chairs near stage & photo opportunity with artist
Avaliable at local Punjabi Stores | Children under 5 Free
Information / Booths / Participation / Sponsorship: 530.844.0247
www.PUNJABIHERITAGE.ORG
PAHS can't guarantee performance of advertised artists in case of circumstances beyond our control.

ਘਰਾਂ ਦੀ ਵਧੀਆ ਡੀਲ ਅਤੇ ਘਟ ਤੋਂ ਘਟ ਵਿਆਜ ਦਰਾਂ ਉਤੇ ਲੋਨ ਲੈ ਕੇ ਦੇਣ ਲਈ ਮਸ਼ਹੂਰ

# Golden State Realty

## Real Estate and Loans Under One Roof

ਜੱਸੀ ਗਿੱਲ, ਸੁਖਵੀਰ ਕੌਰ ਗਿੱਲ ਅਤੇ ਟੀਮ ਵਲੋਂ ਪਿਛਲੇ 24 ਸਾਲ ਵਿਚ ਮਿਲੇ ਭਰਵੇਂ ਸਹਿਯੋਗ ਲਈ ਸਭਨਾਂ ਦਾ ਧੰਨਵਾਦ

**Refinance Now**

15 & 30 Yr Fixed Rates Are Still Better!!!
5/1, 7/1 ARM are also attractive
Refinance Now At Zero Cost

**Call Sukhi Gill @ 510-207-9067**
CA DRE Lic.#01180969,
NMLS# 352095

Selling new and old Homes from San Jose to Sacramento

*2004 to 2006 Award Winner
Top 1% Listing Realtor in Bay Area



Jaswinder Gill M.Sc (PAU)
CA DRE# 00966763
Broker/Owner/Notary

Fremont Office:
86 Pilgrim Loop
Fremont CA 94539
Tel:510-440-9292, Fax:510-656-8941

Sacramento Office:
8695 Territorial Way,
Elk Grove CA 95624
Tel:916-612-5773, Fax:916-393-2586

Cell: 510-304-9292
Cell:408-666-8279

E-mail: jassi@jassigill.com or
Visit us @ www.jassigill.com
for hot listings

# Short Sale Specialist

## We can sell your house in short sale at no cost to you.

If your house is in foreclosure due to not making payments and you have received trustee sale date, even than we can sell your house in short sale. Selling house in short sale damages your credit less than if you let it go to foreclosure. We can also sell your house in short sale even if you are making mortgage payments on time with difficulty and your house value is a lot less than the loan.

## JUST SOLD

1. 3648 Kirk Rd. San Jose CA 95124
2. 2101 Cezanne In. Stockton CA 95206
3. 3340 Ripplerock In. Stockton CA 95206
4. 30664 Granger Ave Union City CA 94587
5. 3308 Landess Ave #A San Jose CA 95133
6. 304 Pennyhill Dr., San Jose, CA 95127
7. 234 Pamela Ave 6plex San Jose CA 95116
8. 2530 Sierra Meadow Ct. San Jose CA 95116
9. 6400 Christie Ave #5322 Emeryville, CA 94608
10. 2728 Jackson Ave Tracy CA 95377
11. 1027 Boardwalk Dr Stockton CA 95206
12. 2975 Winwood Way San jose CA 95148

**Market is getting hot. Do not wait any more to buy home of your dreams. There are multiple offer situations on all under market homes. Act now before it is too late. Master of winners in multiple offer situation is waiting for your call.**



Sam Chahal
916-612-5773



Ginni Jaspal
510-579-6259



Kamaljit Sidhu
510-541-2253



Rakesh Pabla
408-531-5464